**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage

**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet Mon to Sat. 11am to 3pm Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455 Raj Shergill
rajsshergill@yahoo.com Associate Broker

Twenty First Year of Publication
ਮਿਡਵੈਸਟ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 47, November 21, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388

# ਭਾਜਪਾ ਨੇ ਹੁਣ ਪੰਜਾਬ ਉਤੇ ਨਜ਼ਰਾਂ ਟਿਕਾਈਆਂ

## ਮਿਸ਼ਨ 2022 ਲਈ ਤਿਆਰੀ ਵਿੱਢੀ; ਨਿਗਮ ਚੋਣਾਂ ਵਿਚ ਲੱਗੇਗਾ ਜ਼ੋਰ

**ਚੰਡੀਗੜ੍ਹ:** ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਸਫਲ ਸਿਆਸੀ ਜੋੜ-ਤੋੜ ਤੋਂ ਬਾਅਦ ਭਾਜਪਾ ਨੇ ਹੁਣ ਪੰਜਾਬ ਉਤੇ ਨਜ਼ਰਾਂ ਟਿਕਾ ਲਈਆਂ ਹਨ। ਆਪਣੇ ਪੁਰਾਣੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨਾਲੋਂ ਤੋੜ-ਵਿਛੋੜੇ ਤੋਂ ਬਾਅਦ ਭਾਜਪਾ ਦੀਆਂ ਮੌਜੂਦਾ ਸਰਗਰਮੀਆਂ ਤੋਂ ਜਾਪ ਰਿਹਾ ਹੈ ਕਿ ਮਿਸ਼ਨ 2022 ਫਤਹਿ ਕਰਨ ਲਈ ਭਗਵਾ ਧਿਰ ਪੂਰੀ ਵਾਹ ਲਾ ਦੇਵੇਗੀ।

ਪੰਜਾਬ ਭਾਜਪਾ ਦੇ ਆਗੂਆਂ ਨੇ ਦਾਅਵਾ ਕਰ ਦਿੱਤਾ ਹੈ ਕਿ ਕੇਂਦਰੀ ਹਾਈਕਮਾਨ ਦੇ ਹੁਕਮਾਂ ਉਤੇ ਪਾਰਟੀ ਨੇ ਪੰਜਾਬ ਵਿਧਾਨ ਸਭਾ ਦੀਆਂ 2022 'ਚ ਹੋਣ ਵਾਲੀਆਂ ਚੋਣਾਂ ਲਈ ਸਾਰੀਆਂ 117 ਸੀਟਾਂ ਉਤੇ ਚੋਣ ਲੜਨ ਵਾਸਤੇ ਜੰਗੀ ਪੱਧਰ 'ਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਭਾਜਪਾ ਇਸ ਮਿਸ਼ਨ ਦੀ ਸ਼ੁਰੂਆਤ ਨਗਰ ਨਿਗਮ ਚੋਣਾਂ ਤੋਂ ਕਰੇਗੀ। ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਨਗਰ ਨਿਗਮ ਚੋਣਾਂ ਵਿਚ ਚੋਣ ਪ੍ਰਬੰਧਨ ਲਈ ਨਿਗਮ ਚੋਣ ਅਧਿਕਾਰੀਆਂ ਦੀ ਨਿਯੁਕਤੀ ਕਰ ਦਿੱਤੀ ਹੈ। ਨਿਗਮ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਸੂਬੇ ਦੀਆਂ ਸਾਰੀਆਂ ਨਿਗਮ ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗੀ ਜਿਸ ਲਈ ਚੋਣ ਇੰਚਾਰਜਾਂ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ।

ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਪਾਰਟੀ ਵਰਕਰਾਂ ਵਿਚ ਜੋਸ਼ ਭਰਨ ਲਈ 3 ਦਿਨਾਂ ਪੰਜਾਬ ਦੌਰੇ ਉਤੇ ਆ ਰਹੇ ਹਨ। ਭਾਜਪਾ ਦੇ ਜਨਰਲ ਸਕੱਤਰ ਤਰੁਣ ਚੁੱਘ ਨੇ ਦਾਅਵਾ ਕੀਤਾ ਹੈ ਕਿ ਜ਼ਮੀਨੀ ਪੱਧਰ 'ਤੇ ਭਾਜਪਾ ਵਰਕਰਾਂ ਨੂੰ ਲਾਮਬੰਦ ਕਰ ਕੇ ਸੂਬੇ ਦੇ 23 ਹਜ਼ਾਰ ਪੋਲਿੰਗ ਬੂਥਾਂ 'ਤੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਭਾਜਪਾ ਆਗੂ ਪੰਜਾਬ 'ਚ ਨਰਿੰਦਰ ਮੋਦੀ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਗਈਆਂ 160 ਜਨ ਭਲਾਈ ਯੋਜਨਾਵਾਂ ਦਾ ਪ੍ਰਚਾਰ ਕਰਨਗੇ ਅਤੇ ਸੂਬੇ 'ਚ ਇਨ੍ਹਾਂ ਨੂੰ ਲਾਗੂ ਕੀਤੇ ਜਾਣ ਬਾਰੇ ਲੋਕਾਂ ਨੂੰ ਜਾਣੂ ਕਰਵਾਉਣਗੇ। ਪੰਜਾਬ ਦੇ ਭਾਜਪਾ ਆਗੂ ਇਸ ਗੱਲ ਤੋਂ ਵੀ ਜੋਸ਼ ਵਿਚ ਹਨ ਕਿ ਇਸ ਵਾਰ ਚੋਣਾਂ ਵਿਚ ਸੂਬੇ ਦੀਆਂ ਸਾਰੀਆਂ (117) ਵਿਧਾਨ ਸਭਾ ਸੀਟਾਂ ਉਤੇ ਚੋਣ ਲੜਨ ਦਾ ਮੌਕਾ ਮਿਲੇਗਾ। ਜਦੋਂ ਕਿ ਭਾਜਪਾ ਪਹਿਲਾਂ ਅਕਾਲੀ ਦਲ ਨਾਲ ਮਿਲ ਕੇ ਵਿਧਾਨ ਸਭਾ ਚੋਣਾਂ ਸਮੇਂ ਆਪਣੇ 23 ਉਮੀਦਵਾਰ ਅਤੇ ਲੋਕ ਸਭਾ ਦੀਆਂ 13 'ਚੋਂ ਤਿੰਨ ਸੀਟਾਂ ਉਤੇ ਉਮੀਦਵਾਰ ਮੈਦਾਨ 'ਚ ਉਤਾਰਦੀ ਆਈ ਹੈ।



ਹਾਲਾਂਕਿ ਸਿਆਸੀ ਮਾਹਰ ਪੰਜਾਬ ਬਾਰੇ ਭਾਜਪਾ ਦੀਆਂ ਤਾਜ਼ਾ ਰਣਨੀਤੀਆਂ ਤੋਂ ਹੈਰਾਨ ਹਨ ਪਰ ਭਾਜਪਾ, ਸੂਬੇ ਵਿਚ ਉਸ ਵੇਲੇ ਅਜਿਹੀਆਂ ਸਰਗਰਮੀਆਂ ਵਧਾ ਰਹੀ ਹੈ ਜਦੋਂ ਖੇਤੀ ਕਾਨੂੰਨਾਂ ਤੇ ਕੇਂਦਰ ਵੱਲੋਂ ਪੰਜਾਬ ਦੀ ਆਰਥਿਕ ਘੇਰਾਬੰਦੀ ਕਾਰਨ ਇਸ ਭਗਵਾ ਧਿਰ ਖਿਲਾਫ ਸਮੁੱਚੇ ਪੰਜਾਬ ਵਿਚ ਰੋਹ ਭਖਿਆ ਹੋਇਆ ਹੈ। ਭਾਜਪਾ ਦੇ ਵੱਡੇ ਆਗੂਆਂ ਦੇ ਘਰਾਂ ਅੱਗੇ ਕਿਸਾਨਾਂ ਨੇ ਮੋਰਚੇ ਸੰਭਾਲੇ ਹੋਏ ਹਨ ਤੇ ਪਿਛਲੇ ਡੇਢ ਮਹੀਨੇ ਤੋਂ ਜ਼ਿਆਦਾਤਰ ਆਗੂ ਘਰਾਂ ਵਿਚ ਬੰਦ ਹਨ।

ਯਾਦ ਰਹੇ ਕਿ ਕੇਂਦਰ ਵਿਚ ਸੱਤਾ ਮਿਲਣ ਤੇ ਗੁਆਂਢੀ ਸੂਬੇ ਹਰਿਆਣਾ ਵਿਚ ਸਰਕਾਰ ਬਣਨ ਪਿੱਛੋਂ ਭਾਜਪਾ ਦੇ ਪੰਜਾਬ ਆਗੂ ਲਗਾਤਾਰ ਇਸੇ ਕੋਸ਼ਿਸ਼ ਵਿਚ ਜੁਟੇ ਹੋਏ ਸਨ ਕਿ ਭਾਈਵਾਲ ਅਕਾਲੀ ਦਲ ਤੋਂ ਖਹਿੜਾ ਛੁਡਾ ਕੇ ਸੂਬੇ ਦੀਆਂ ਸਾਰੀਆਂ ਸੀਟਾਂ ਉਤੇ ਜ਼ੋਰ-ਅਜ਼ਮਾਈ ਕੀਤੀ ਜਾਵੇ। ਇਸ ਲਈ ਹਾਈਕਮਾਨ ਕੋਲ ਪਹੁੰਚ ਵੀ ਕੀਤੀ ਗਈ ਪਰ ਕੇਂਦਰੀ ਆਗੂਆਂ ਨੇ ਹਰ ਵਾਰ ਭਾਈਵਾਲਾਂ ਨਾਲ ਨਹੁੰ-ਮਾਸ ਵਾਲੇ ਰਿਸ਼ਤੇ ਦੀ ਦੁਹਾਈ ਪਾ ਕੇ ਮਾਮਲਾ ਠੰਢਾ ਕਰ ਦਿੱਤਾ ਅਤੇ ਪਿੱਠ ਪਿੱਛੇ ਅਜਿਹੇ ਮਨਸ਼ੇ ਦੀ ਪੂਰਤੀ ਲਈ ਤਿਆਰੀਆਂ ਵੀ ਹੁੰਦੀਆਂ ਰਹੀਆਂ। ਪਿਛਲੇ ਕੁਝ ਸਮੇਂ ਵਿਚ ਸ਼੍ਰੋਮਣੀ ਅਕਾਲੀ ਦਲ ਵਿਚ ਹੋ ਰਹੀ ਟੁੱਟ-ਭੱਜ ਨੂੰ ਭਾਜਪਾ ਆਸ ਦੀ ਕਿਰਨ ਵਜੋਂ ਵੇਖ ਰਹੀ ਸੀ। ਹੁਣ ਖੇਤੀ ਕਾਨੂੰਨਾਂ ਖਿਲਾਫ ਰੋਹ ਪਿੱਛੋਂ ਅਕਾਲੀ ਦਲ ਦੇ ਤੋੜ ਵਿਛੋੜੇ ਕਾਰਨ ਭਾਜਪਾ ਦੀਆਂ ਆਸਾਂ ਨੂੰ ਬੂਰ ਪੈਂਦਾ ਦਿੱਸ ਰਿਹਾ ਹੈ।

ਸਿਆਸੀ ਮਾਹਰ ਮੰਨਦੇ ਹਨ ਕਿ ਪੰਜਾਬ ਵਿਚ ਪੈਦਾ ਹੋਏ ਭਾਜਪਾ ਵਿਰੋਧੀ ਹਾਲਾਤ ਦੇ ਬਾਵਜੂਦ 117 ਸੀਟਾਂ ਉਤੇ ਚੋਣ ਲੜਨ ਦੇ ਦਾਅਵੇ ਪਿੱਛੇ ਭਗਵਾ ਧਿਰ ਦੀ ਖਾਸ ਰਣਨੀਤੀ ਜਾਪ ਰਹੀ ਹੈ। ਅਸਲ ਵਿਚ, ਭਾਜਪਾ ਹੁਣ ਭਾਈਵਾਲਾਂ ਦੀ ਟੁੱਟ-ਭੱਜ ਨੂੰ ਚੁਗਣ ਦੇ ਰਾਹ ਪਈ ਜਾਪਦੀ ਹੈ ਅਤੇ ਮੁੱਖ ਪਾਰਟੀ ਨਾਲੋਂ ਟੁੱਟ ਕੇ ਬਣੇ ਨਵੇਂ ਦਲਾਂ ਵਿਚੋਂ ਕਿਸੇ ਇਕ ਨਾਲ ਨਾਤਾ ਗੰਢੇਗੀ। ਅਸਲ ਵਿਚ, ਭਾਜਪਾ 2022 ਵਿਚ ਉਸ ਦੀ ਅਗਵਾਈ ਵਿਚ ਅਜਿਹਾ ਮੁਹਾਜ਼ ਬਣਾਉਣ ਦੀ ਰਣਨੀਤੀ ਉਤੇ ਚੱਲ ਰਹੀ ਹੈ ਜਿਸ ਵਿਚ ਉਹ ਵੱਡੀ ਪਾਰਟੀ ਹੋਵੇ ਅਤੇ ਬਾਕੀ ਪਾਰਟੀਆਂ ਉਸ ਤੋਂ ਘੱਟ ਸੀਟਾਂ ਉਤੇ ਉਮੀਦਵਾਰ ਖੜ੍ਹੇ ਕਰਨ। ਮਹਾਰਾਸ਼ਟਰ ਅਤੇ

*(ਬਾਕੀ ਸਫਾ 6 ਉਤੇ)*

# ਸ਼੍ਰੋਮਣੀ ਕਮੇਟੀ ਨੂੰ ਸਿਆਸਤ ਮੁਕਤ ਕਰਾਉਣ ਦਾ ਸੱਦਾ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 100ਵੀਂ ਵਰ੍ਹੇਗੰਢ ਮੌਕੇ ਇਸ ਸਿੱਖ ਸੰਸਥਾ ਨੂੰ ਸਿਆਸਤ ਮੁਕਤ ਕਰਵਾਉਣ ਦੀ ਮੰਗ ਉਠੀ ਹੈ। ਸਮੂਹ ਪੰਥਕ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ 100 ਵਰ੍ਹੇ ਪੂਰੇ ਹੋਣ 'ਤੇ ਕਰਵਾਏ ਗਏ ਵਿਸ਼ੇਸ਼ ਸੈਮੀਨਾਰ ਵਿਚ ਇਕਸੁਰ ਹੁੰਦਿਆਂ ਸਿੱਖ ਸੰਸਥਾ ਨੂੰ ਸਿਆਸਤ ਤੋਂ ਮੁਕਤ ਕਰਵਾਉਣ ਦਾ ਅਹਿਦ ਲਿਆ ਹੈ। ਉਧਰ, ਅਕਾਲੀ ਦਲ ਯੂਨਾਈਟਿਡ ਵੱਲੋਂ ਕੋਰ ਕਮੇਟੀ ਦੀ ਮੀਟਿੰਗ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਪੰਥਕ ਮੋਰਚਾ ਬਣਾ ਕੇ ਪੂਰੀ ਸ਼ਕਤੀ ਨਾਲ ਲੜਨ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਆਗੂਆਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਦਲ ਖਾਲਸਾ, ਪੰਥਕ ਸੇਵਾ ਲਹਿਰ ਸਣੇ ਹੋਰ ਧਾਰਮਿਕ ਜਥੇਬੰਦੀਆਂ ਅਤੇ ਦਲਿਤ ਜਥੇਬੰਦੀਆਂ ਨਾਲ ਗੱਲਬਾਤ ਹੋ ਚੁੱਕੀ ਹੈ। ਇਸ ਬਾਰੇ ਆਉਣ ਵਾਲੇ ਦਿਨਾਂ ਵਿਚ ਐਲਾਨ ਕਰ ਦਿੱਤਾ ਜਾਵੇਗਾ।

ਅਕਾਲੀ ਦਲ (ਡੀ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ 'ਚ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਦੇ ਸ਼ਤਾਬਦੀ ਸਮਾਗਮ ਵਿਚ ਸਿੱਖ ਬੁੱਧੀਜੀਵੀਆਂ ਨੇ ਕਮੇਟੀ ਦੀ ਦਸ਼ਾ ਤੇ ਦਿਸ਼ਾ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਨੂੰ

*(ਬਾਕੀ ਸਫਾ 6 ਉਤੇ)*

**India Palace Restaurant**
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
Restaurant-Fine Indian Cuisine
12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

**WorldWide Travel, Inc**
ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ
ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details

Find Us On
Etsy
www.RegalsKlub.com
ਸਭ ਤੋਂ ਪਹਿਲਾ ਸੋਨੇ ਦਾ ਔਨਲਾਈਨ ਆਊਟਲੈੱਟ ਸਟੋਰ
ਘੱਟ ਕੀਮਤ • ਜਿਆਦਾ ਸੋਨਾ • ਮੁਫ਼ਤ ਡਲਿਵਰੀ
First Ever Gold Online Outlet Store
Low Price • More Gold • Free Delivery
RAJVEER SINGH GILL
ਰਾਜਵੀਰ ਸਿੰਘ ਗਿੱਲ
REGALSKLUB@GMAIL.COM
847·907·1525

# ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਬੰਦੀ ਛੋੜ ਦਿਵਸ

**ਅੰਮ੍ਰਿਤਸਰ:** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਤਕਰੀਬਨ ਚਾਰ ਸਦੀਆਂ ਪਹਿਲਾਂ ਮੁਗਲ ਹਕੂਮਤ ਦੁਆਰਾ ਗਵਾਲੀਅਰ ਦੇ ਕਿਲ੍ਹੇ 'ਚ ਕੈਦ ਕੀਤੇ 52 ਰਾਜਿਆਂ ਨੂੰ ਮੁਕਤ ਕਰਾ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਰਤਣ ਦੀ ਖੁਸ਼ੀ ਵਿਚ ਸਿੱਖ ਜਗਤ ਵਲੋਂ ਮਨਾਇਆ ਜਾਂਦਾ ਬੰਦੀ ਛੋੜ ਦਿਵਸ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਅਤੇ ਸਿੱਖ ਸੰਗਤ ਵਲੋਂ ਅਥਾਹ ਸ਼ਰਧਾ ਤੇ ਉਤਸ਼ਾਹ ਸਹਿਤ ਮਨਾਇਆ।



ਲੱਖਾਂ ਦੀ ਗਿਣਤੀ 'ਚ ਦੂਰੋਂ ਨੇੜਿਓਂ ਸੰਗਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਇਸ਼ਨਾਨ ਕਰਨ ਅਤੇ ਇਸ ਪਾਵਨ ਅਸਥਾਨ 'ਤੇ ਦੀਪਮਾਲਾ ਕਰਨ ਪੁੱਜੀ। ਇਸ ਮੌਕੇ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਪੁਰਾਤਨ ਚਲੀ ਆਉਂਦੀ ਰਵਾਇਤ ਅਨੁਸਾਰ ਦਰਸ਼ਨੀ ਡਿਉਢੀ ਤੋਂ ਸਿੱਖ ਕੌਮ ਦੇ ਨਾਂ ਸੰਦੇਸ਼ ਦਿੱਤਾ ਗਿਆ।

ਜਿਥੇ ਸ੍ਰੀ ਅਕਾਲ ਤਖਤ ਸਾਹਿਬ ਤੇ ਸਮੁੱਚੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੀਆਂ ਇਮਾਰਤਾਂ ਵਿਖੇ ਆਧੁਨਿਕ ਰੌਸ਼ਨੀਆਂ ਨਾਲ ਸੁੰਦਰ ਦੀਪਮਾਲਾ ਕੀਤੀ ਗਈ, ਉਥੇ ਸੰਗਤ ਨੇ ਪੁਰਾਤਨ ਰਵਾਇਤ ਅਨੁਸਾਰ ਪਰਿਕਰਮਾ 'ਚ ਸਰੋਵਰ ਕਿਨਾਰੇ ਤੇ ਹੋਰਨਾਂ ਥਾਵਾਂ ਉਤੇ ਦੇਸੀ ਘਿਉ ਦੇ ਦੀਵੇ ਵੀ ਬਾਲ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਦੀਵੇ ਜਗਾਉਣ ਦੀ ਸ਼ੁਰੂਆਤ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਕੀਤੀ। ਰਹਿਰਾਸ ਸਾਹਿਬ ਦੇ ਪਾਠ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਦੀਆਂ ਛੱਤਾਂ ਤੋਂ ਮਾਹਿਰ ਆਤਿਸ਼ਬਾਜ਼ਾਂ ਵਲੋਂ ਚਲਾਈ ਰੰਗ-ਬਿਰੰਗੀਆਂ ਰੌਸ਼ਨੀਆਂ ਵਾਲੀ ਆਤਿਸ਼ਬਾਜ਼ੀ ਦਾ ਅਲੌਕਿਕ ਨਜ਼ਾਰਾ ਵੀ ਸੰਗਤ ਨੇ ਮਾਣਿਆ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਅਤੇ ਅਕਾਲ ਤਖਤ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਏ ਗਏ।

ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਬੰਦੀ ਛੋੜ ਦਿਵਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਤੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਕਿਹਾ ਕਿ ਅੱਜ ਦੇ ਦਿਹਾੜੇ ਮੌਕੇ ਇਸ ਵਿਲੱਖਣਤਾ ਦੇ ਇਤਿਹਾਸ ਦੀ ਪੜਚੋਲ ਕਰਨੀ ਸਾਡੇ ਸਭਨਾਂ ਲਈ ਅਹਿਮ ਅਤੇ ਲਾਜ਼ਮੀ ਹੈ ਕਿ ਅੱਜ ਖਾਲਸਾ ਪੰਥ ਕਿੱਥੇ ਖੜ੍ਹਾ ਹੈ। ਦੇਸ਼ ਦੇ ਮੌਜੂਦਾ ਹਾਲਾਤ ਦਾ ਅਸਿੱਧੇ ਢੰਗ ਨਾਲ ਜ਼ਿਕਰ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਫਲਸਫੇ ਅਨੁਸਾਰ ਬਦੀ ਦੇ ਰਸਤੇ 'ਤੇ ਤੁਰੇ ਹੁਕਮਰਾਨਾਂ ਨੂੰ ਨੇਕੀ ਦੇ ਰਸਤੇ ਉਤੇ ਲਿਆਉਣ ਲਈ ਹਰ ਸਿੱਖ, ਖਾਸ ਕਰਕੇ ਨੌਜਵਾਨ ਸਿੱਖ ਪੀੜ੍ਹੀ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੋਣਾ ਚਾਹੀਦਾ ਹੈ ਅਤੇ ਇਹ ਅਹਿਸਾਸ ਉਸ ਮੌਕੇ ਹੋਰ ਵੀ ਜ਼ਰੂਰੀ ਤੇ ਚੁਣੌਤੀਆਂ ਭਰਿਆ ਬਣ ਜਾਂਦਾ ਹੈ ਜਦੋਂ ਮੁੜ ਤੋਂ ਦੇਸ਼ ਅੰਦਰ ਧਰਮ, ਭਾਸ਼ਾ, ਰਾਜਨੀਤੀ, ਆਰਥਿਕਤਾ, ਸਿੱਖਿਆ ਅਤੇ ਸੱਭਿਆਚਾਰ ਵਾਲੀ ਕੁਦਰਤੀ ਵੰਨ ਸੁਵੰਨਤਾ ਨੂੰ ਖਤਮ ਕਰਕੇ ਇਕਸਾਰਤਾ ਲਿਆਉਣ ਦੇ ਨਾਂ ਹੇਠ ਜਬਰ ਜ਼ੁਲਮ ਤੇ ਵਿਤਕਰੇਬਾਜ਼ੀ ਦੀ ਲਹਿਰ ਤੇਜ਼ ਹੋਣ ਲੱਗੇ, ਅਸਹਿਮਤੀ ਦੀ ਆਵਾਜ਼ ਨੂੰ ਰਾਜਸੀ ਤਾਕਤ ਦੇ ਜ਼ੋਰ ਨਾਲ ਬੰਦ ਕਰਵਾਇਆ ਜਾ ਰਿਹਾ ਹੋਵੇ, ਨਵੇਂ ਕਾਲੇ ਕਾਨੂੰਨ ਲਿਆ ਕੇ ਬੁੱਧੀਜੀਵੀਆਂ ਸਮੇਤ ਆਮ ਨਾਗਰਿਕਾਂ ਨੂੰ ਜੇਲ੍ਹਾਂ 'ਚ ਬੰਦ ਕਰਨ ਦੀ ਪ੍ਰਕਿਰਿਆ ਵਿਚ ਵਾਧਾ ਹੋਣ ਦਾ ਚਿੰਤਾਜਨਕ ਵਰਤਾਰਾ ਵਾਪਰ ਰਿਹਾ ਹੋਵੇ, ਸਿੱਖ ਕੈਦੀਆਂ ਨੂੰ 35-35 ਸਾਲਾਂ ਤੋਂ ਜੇਲ੍ਹਾਂ 'ਚ ਬੰਦੀ ਬਣਾ ਕੇ ਰੱਖਿਆ ਹੋਇਆ ਹੋਵੇ।

ਆਪਣੇ ਸੰਦੇਸ਼ 'ਚ ਕਿਸਾਨ ਅੰਦੋਲਨ ਦਾ ਜ਼ਿਕਰ ਕਰਦਿਆਂ ਅਤੇ ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕਾਨਾ ਹੱਕ ਦੇਣ ਦਾ ਹਵਾਲਾ ਦਿੰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅਸੀਂ ਇਸ ਸਾਲ ਬੰਦੀ ਛੋੜ ਦਿਹਾੜਾ ਉਸ ਮੌਕੇ ਮਨਾ ਰਹੇ ਹਾਂ ਜਦੋਂ ਭਾਰਤ ਦੇ ਹਰ ਕਿਸਾਨ ਦੇ ਪਰਿਵਾਰਾਂ ਵਿਚੋਂ ਬਜ਼ੁਰਗ, ਬੱਚੇ, ਬੀਬੀਆਂ-ਭੈਣਾਂ ਅਤੇ ਨੌਜਵਾਨ ਆਪਣੇ ਵਿਰਾਸਤੀ ਹੱਕਾਂ ਦੀ ਲੜਾਈ ਲਈ ਰਣ ਮੈਦਾਨ 'ਚ ਉਤਰੇ ਹੋਏ ਹਨ। ਉਨ੍ਹਾਂ ਕਿਹਾ ਕਿ ਬੰਦੀ ਛੋੜ ਦਿਹਾੜੇ ਮੌਕੇ ਸਮੁੱਚਾ ਖਾਲਸਾ ਪੰਥ ਕਿਸਾਨਾਂ-ਮਜ਼ਦੂਰਾਂ ਸਮੇਤ ਹਰ ਪੀੜਤ ਧਿਰ ਨੂੰ ਕੇਵਲ ਇਹ ਵਿਸ਼ਵਾਸ ਨਾ ਦੁਆਏ ਕਿ ਪੰਥ ਦੀ ਸ਼ਕਤੀ ਉਨ੍ਹਾਂ ਨਾਲ ਖੜ੍ਹੀ ਹੈ, ਬਲਕਿ ਇਸ ਅੰਦੋਲਨ ਦੀ ਢਾਲ ਬਣ ਕੇ ਇਹ ਲੜਾਈ ਲੜਨ ਲਈ ਅੱਗੇ ਆਵੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸੰਗਤ ਨੂੰ ਮੌਜੂਦਾ ਸਮੇਂ 'ਚ ਫੈਲੀਆਂ ਸਮਾਜਿਕ ਕੁਰੀਤੀਆਂ ਵਿਰੁੱਧ ਸੰਘਰਸ਼ਸ਼ੀਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕੇਂਦਰ ਸਰਕਾਰ ਵਲੋਂ ਪਾਸ ਕੀਤੇ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦੀ ਵੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ। ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਆਦਿ ਨੇ ਵੀ ਸੰਬੋਧਨ ਕੀਤਾ।

## ਜਥੇਦਾਰ ਵੱਲੋਂ ਸਿੱਖਾਂ ਨੂੰ ਕਿਸਾਨੀ ਦੀ ਢਾਲ ਬਣਨ ਦਾ ਸੱਦਾ

**ਅੰਮ੍ਰਿਤਸਰ:** ਬੰਦੀ ਛੋੜ ਦਿਵਸ ਮੌਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਦੇ ਨਾਂ ਜਾਰੀ ਆਪਣੇ ਸੰਦੇਸ਼ ਵਿਚ ਆਖਿਆ ਕਿ ਉਹ ਕਿਸਾਨ ਅੰਦੋਲਨ ਦੇ ਹੱਕ ਵਿਚ ਢਾਲ ਬਣ ਕੇ ਅੱਗੇ ਆਵੇ। ਬੰਦੀ ਛੋੜ ਦਿਵਸ ਮੌਕੇ ਵੱਡੀ ਗਿਣਤੀ ਵਿਚ ਸੰਗਤ ਗੁਰੂ ਘਰ ਵਿਚ ਨਤਮਸਤਕ ਹੋਈ।

ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਤੋਂ ਸਿੱਖ ਕੌਮ ਨਾਂ ਦਿੱਤੇ ਆਪਣੇ ਸੰਦੇਸ਼ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਗੁਰੂਆਂ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਹਰ ਪੱਧਰ 'ਤੇ ਆਵਾਜ਼ ਉਠਾਈ ਅਤੇ ਲੋੜ ਪੈਣ ਉਤੇ ਸ਼ਹਾਦਤਾਂ ਵੀ ਦਿੱਤੀਆਂ। ਉਨ੍ਹਾਂ ਕਿਹਾ ਕਿ ਆਪਣੇ ਵਿਰਾਸਤੀ ਹੱਕਾਂ ਦੀ ਲੜਾਈ ਲਈ ਕਿਸਾਨ, ਬਜ਼ੁਰਗ, ਬੱਚੇ, ਬੀਬੀਆਂ ਤੇ ਨੌਜਵਾਨ ਸੰਘਰਸ਼ ਕਰ ਰਹੇ ਹਨ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕਾਨਾਂ ਹੱਕ ਦੇਣ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਵਰਤਮਾਨ ਹੁਕਮਰਾਨ ਸਰਮਾਏਦਾਰ ਧਿਰ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਹਨ, ਇਸ ਲਈ ਖਾਲਸਾ ਪੰਥ ਕਿਸਾਨ ਅੰਦੋਲਨ ਦੇ ਹੱਕ ਵਿਚ ਢਾਲ ਬਣ ਕੇ ਅੱਗੇ ਆਵੇ।

ਉਨ੍ਹਾਂ ਕਰੋਨਾ ਵਾਇਰਸ ਮਹਾਮਾਰੀ ਦੌਰਾਨ ਸਿੱਖ ਕੌਮ ਵੱਲੋਂ ਨਿਭਾਈਆਂ ਗਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਕੌਮ ਮੌਜੂਦਾ ਚੁਣੌਤੀਆਂ ਦਾ ਸਾਹਮਣਾ ਗੁਰਮਤਿ ਦੀ ਰੌਸ਼ਨੀ ਵਿਚ ਕਰੇ। ਉਨ੍ਹਾਂ ਘੱਟ ਗਿਣਤੀਆਂ, ਅਨੁਸੂਚਿਤ ਵਰਗਾਂ, ਆਦਿਵਾਸੀਆਂ ਸਣੇ ਹਰ ਆਮ ਨਾਗਰਿਕ ਦੇ ਅਧਿਕਾਰ ਖੋਹਣ ਉਤੇ ਫਿਕਰ ਦਾ ਪ੍ਰਗਟਾਵਾ ਕੀਤਾ।

### ਭਾਈ ਮੰਡ ਵੱਲੋਂ ਕੇਂਦਰ ਸਰਕਾਰ ਨੂੰ ਕਾਲੇ ਕਾਨੂੰਨ ਰੱਦ ਕਰਨ ਦੀ ਅਪੀਲ

ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵੀ ਸਿੱਖ ਕੌਮ ਦੇ ਨਾਂ ਸੰਦੇਸ਼ ਦੇਣ ਲਈ ਪੁੱਜੇ ਸਨ ਪਰ ਪੁਲਿਸ ਨੇ ਉਨ੍ਹਾਂ ਨੂੰ ਘੰਟਾ ਘਰ ਪਲਾਜ਼ਾ ਵਿਚ ਹੀ ਰੋਕ ਲਿਆ। ਭਾਈ ਮੰਡ ਨੇ ਇਸ ਮੌਕੇ ਮੀਡੀਆ ਰਾਹੀਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ।

ਉਨ੍ਹਾਂ ਪੰਥਕ ਸੰਸਥਾਵਾਂ ਦੇ ਪ੍ਰਬੰਧ ਵਿਚ ਵਿਗਾੜ ਨੂੰ ਖਤਮ ਕਰਨ, ਸੰਸਥਾਵਾਂ ਨੂੰ ਆਜ਼ਾਦ ਕਰਾਉਣ ਅਤੇ ਧੜੇਬੰਦੀਆਂ ਖਤਮ ਕਰਨ ਲਈ ਸੁਧਾਰ ਲਹਿਰ ਅਰੰਭਣ ਦਾ ਸੱਦਾ ਦਿੱਤਾ। ਉਨ੍ਹਾਂ ਕਿਸਾਨਾਂ ਲਈ ਅਰਦਾਸ ਕਰਦਿਆਂ ਕੇਂਦਰ ਸਰਕਾਰ ਨੂੰ ਕਾਲੇ ਕਾਨੂੰਨ ਰੱਦ ਕਰਨ ਦੀ ਅਪੀਲ ਕੀਤੀ।

MEHAR INSURANCE
Health Insurance
Qualified Health Plans Under Affordable Care Act
Hurry! Only 45 Days.
Open Enrollment From 11-01-2020 to 12-15-2020
We also have short term Medical, Dental & Vision plans.
We are licensed in Indiana, Ohio & Texas.
Contact:
Ph: 317-900-5151
Fax: 317-900-5152
E-Mail: health@meharinsurance.com
Office Address:
12574 Promise Creek Ln.
Suite# 114
Fishers, IN 46038
www.meharinsurance.com



Baljinder Singh Saini

## ਕੈਪਟਨ ਵੱਲੋਂ ਪੰਜਾਬ 'ਵਰਸਿਟੀ ਦੀਆਂ ਸੈਨੇਟ ਚੋਣਾਂ ਛੇਤੀ ਕਰਵਾਉਣ ਦੀ ਮੰਗ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਯੂਨੀਵਰਸਿਟੀ ਦੇ ਕੁਲਪਤੀ ਤੇ ਉਪ ਰਾਸ਼ਟਰਪਤੀ ਐਮ.ਵੈਂਕਈਆ ਨਾਇਡੂ ਨੂੰ ਪੱਤਰ ਲਿਖ ਕੇ ਯੂਨੀਵਰਸਿਟੀ ਸੈਨੇਟ ਦੀਆਂ ਚੋਣਾਂ ਜਲਦ ਕਰਵਾਉਣ ਦੀ ਮੰਗ ਕੀਤੀ ਹੈ। ਕੁਲਪਤੀ ਨੂੰ ਲਿਖੇ ਅਰਧ-ਸਰਕਾਰੀ ਪੱਤਰ ਵਿਚ ਮੁੱਖ ਮੰਤਰੀ ਨੇ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਯੂਨੀਵਰਸਿਟੀ ਸੈਨੇਟ ਦੀਆਂ ਚੋਣਾਂ ਸਮੇਂ ਸਿਰ ਅਤੇ ਸੁਚੱਜੇ ਢੰਗ ਨਾਲ ਕਰਵਾਉਣ ਸਬੰਧੀ ਸੁਝਾਅ ਦੇਣ ਦੀ ਅਪੀਲ ਕੀਤੀ। ਯੂਨੀਵਰਸਿਟੀ ਸੈਨੇਟ ਦੀ ਮੌਜੂਦਾ ਮਿਆਦ 31 ਅਕਤੂਬਰ ਨੂੰ ਖਤਮ ਹੋ ਗਈ ਹੈ।

ਉਨ੍ਹਾਂ ਕਿਹਾ ਕਿ ਇਹ ਚੋਣਾਂ ਕਰਵਾਉਣ ਵਿਚ ਨਾਕਾਮ ਰਹਿਣਾ ਨਾ ਸਿਰਫ ਗਲਤ ਹੈ ਸਗੋਂ ਕਾਨੂੰਨ ਤੇ ਨਿਯਮਾਂ ਦੇ ਵਿਰੁੱਧ ਹੈ। ਅਧਿਆਪਕਾਂ, ਪੇਸ਼ੇਵਰ, ਤਕਨੀਕੀ ਮੈਂਬਰ, ਯੂਨੀਵਰਸਿਟੀ ਦੇ ਗਰੈਜੂਏਟ ਅਤੇ ਸੈਨੇਟ ਚੋਣਾਂ ਲਈ ਵੱਖ-ਵੱਖ ਹਲਕਿਆਂ ਦੇ ਨੁਮਾਇੰਦਿਆਂ 'ਚ ਰੋਸ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਭਾਰਤ ਸਰਕਾਰ ਵੱਲੋਂ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਕੋਵਿਡ-19 ਮਹਾਮਾਰੀ ਕਾਰਨ ਚੋਣਾਂ ਕਰਾਉਣ ਲਈ ਸਥਿਤੀ ਢੁਕਵੀਂ ਨਹੀਂ ਸੀ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਸਥਿਤੀ ਵਿਚ ਸੁਧਾਰ ਹੋ ਗਿਆ ਹੈ ਅਤੇ ਦੇਸ਼ ਭਰ ਵਿਚ ਸੰਸਦ, ਵਿਧਾਨ ਸਭਾਵਾਂ ਅਤੇ ਹੋਰ ਸ਼ਹਿਰੀ ਅਤੇ ਪੇਂਡੂ ਸਥਾਨਕ ਇਕਾਈਆਂ ਦੀਆਂ ਚੋਣਾਂ ਕਰਵਾਈਆਂ ਗਈਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਹੈਰਾਨੀ ਦੀ ਗੱਲ ਹੈ ਕਿ ਸੈਨੇਟ ਦੀਆਂ ਚੋਣਾਂ ਨਹੀਂ ਕਰਵਾਈਆਂ ਗਈਆਂ, ਹਾਲਾਂਕਿ ਪਿਛਲੇ ਛੇ ਦਹਾਕਿਆਂ ਤੋਂ ਇਹ ਨਿਯਮਤ ਤੌਰ ਉਤੇ ਸਬੰਧਤ ਸਾਲ ਦੇ ਅਗਸਤ-ਸਤੰਬਰ ਦੇ ਮਹੀਨਿਆਂ ਵਿਚ ਕਰਵਾਈਆਂ ਜਾਂਦੀਆਂ ਰਹੀਆਂ ਹਨ। ਅਜਿਹੀ ਸਥਿਤੀ ਵਿਚ ਜਦੋਂ ਸੈਨੇਟ ਦਾ ਗਠਨ ਨਹੀਂ ਹੁੰਦਾ, ਯੂਨੀਵਰਸਿਟੀ ਦੇ ਸਿੰਡੀਕੇਟ ਦਾ ਗਠਨ ਵੀ ਨਹੀਂ ਕੀਤਾ ਜਾਵੇਗਾ ਕਿਉਂਕਿ ਇਸ ਦਾ ਕਾਰਜਕਾਲ 31 ਦਸੰਬਰ ਨੂੰ ਖਤਮ ਹੋ ਰਿਹਾ ਹੈ।

Moving to Indiana?
Contact Ray Dhaliwal @ 317-993-4987



Ray Dhaliwal
Real Estate Broker
for Free Consultation!!!
Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.
Helpful in Easy and Accessible Home Loans at low Interest Rates.
CENTURY 21 SCHEETZ RAYD@C21Scheetz.com

# ਦੀਵਾਲੀ ਮੌਕੇ ਕਿਸਾਨਾਂ ਨੇ ਬਾਲੀ ਸੰਘਰਸ਼ ਦੀ ਮਸ਼ਾਲ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਜਥੇਬੰਦੀਆਂ ਵੱਲੋਂ ਵਿੱਢੇ ਸੰਘਰਸ਼ ਦੌਰਾਨ ਦੀਵਾਲੀ ਦੇ ਦਿਨ ਅਤੇ ਰਾਤ ਵੀ ਕਿਸਾਨਾਂ ਨੇ ਮੋਰਚਿਆਂ 'ਚ ਅੰਦੋਲਨ ਨੂੰ ਮਘਦਾ ਰੱਖਣ ਦਾ ਅਹਿਦ ਕੀਤਾ। ਦੀਵਾਲੀ ਅਤੇ ਬੰਦੀ ਛੋੜ ਦਿਵਸ ਮੌਕੇ ਸਮੁੱਚੇ ਪੰਜਾਬ 'ਚ ਕਿਸਾਨ-ਮੋਰਚਿਆਂ ਅਤੇ ਪਿੰਡਾਂ 'ਚ ਵੱਡੀ ਗਿਣਤੀ ਕਿਸਾਨਾਂ ਵੱਲੋਂ ਮਸ਼ਾਲ ਮਾਰਚ ਕੱਢੇ ਗਏ। ਪੰਜਾਬ ਭਰ ਤੋਂ ਮਿਲੀਆਂ ਰਿਪੋਰਟਾਂ ਮੁਤਾਬਕ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਸੂਬੇ ਵਿਚ 100 ਤੋਂ ਵੱਧ ਥਾਵਾਂ ਉਤੇ ਚੱਲ ਰਹੇ ਸੰਘਰਸ਼ ਦੌਰਾਨ ਦੀਵਾਲੀ ਵਾਲੇ ਦਿਨ ਕਿਸਾਨਾਂ ਦੀ ਗਿਣਤੀ ਆਮ ਨਾਲੋਂ ਜ਼ਿਆਦਾ ਦੇਖੀ ਗਈ। ਕਿਸਾਨ ਜਥੇਬੰਦੀਆਂ ਦੇ ਸੀਨੀਅਰ ਆਗੂਆਂ ਨੇ ਵੀ ਮੋਰਚਿਆਂ 'ਚ ਪਹੁੰਚ ਕੇ ਡਟੇ ਰਹਿਣ ਦਾ ਨਾਅਰਾ ਦਿੱਤਾ।

ਕੇਂਦਰੀ ਖੇਤੀ ਮੰਤਰੀ ਨਰਿੰਦਰ ਤੋਮਰ ਅਤੇ ਰੇਲਵੇ ਮੰਤਰੀ ਪਿਯੂਸ਼ ਗੋਇਲ ਨਾਲ 13 ਨਵੰਬਰ ਨੂੰ ਕੌਮੀ ਰਾਜਧਾਨੀ 'ਚ ਹੋਈ ਮੀਟਿੰਗ ਦੌਰਾਨ ਗੱਲ ਕਿਸੇ ਤਣ ਪੱਤਣ ਨਾ ਲੱਗਣ ਉਤੇ ਕਿਸਾਨਾਂ ਨੇ ਕੇਂਦਰ ਸਰਕਾਰ ਦੀ ਨਿੰਦਾ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਮਾਲ ਗੱਡੀਆਂ ਦੀ ਆਵਾਜਾਈ ਠੱਪ ਕਰ ਕੇ ਮੋਦੀ ਸਰਕਾਰ ਨੇ ਸਾਬਤ



ਕਰ ਦਿੱਤਾ ਹੈ ਕਿ ਸੰਘੀ ਸਰਕਾਰ ਦੇ ਨਿਸ਼ਾਨੇ ਉਤੇ ਕਿਸਾਨ ਹੀ ਨਹੀਂ ਪੂਰਾ ਪੰਜਾਬ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਨੇ ਖੇਤੀ ਕਾਨੂੰਨ ਪਾਸ ਕਰ ਕੇ ਪਹਿਲਾਂ ਕਿਸਾਨੀ ਦੇ ਮੌਤ ਦੇ ਵਾਰੰਟਾਂ ਉਤੇ ਦਸਤਖਤ ਕੀਤੇ ਤੇ ਹੁਣ ਸਮੁੱਚੇ ਪੰਜਾਬ ਨੂੰ ਤਬਾਹ ਕਰਨ ਦੀਆਂ ਵਿਉਂਤਾਂ ਗੁੰਦੀਆਂ ਜਾ ਰਹੀਆਂ ਹਨ। ਉਨ੍ਹਾਂ ਐਲਾਨ ਕੀਤਾ ਕਿ ਖੇਤੀ ਕਾਨੂੰਨ ਵਾਪਸ ਕਰਾਉਣ ਲਈ ਹਰ ਪੱਧਰ ਉਤੇ ਲੜਾਈ ਲੜੀ ਜਾਵੇਗੀ। ਕਿਸਾਨ 45ਵੇਂ ਦਿਨ ਵੀ ਟੌਲ-ਪਲਾਜ਼ਿਆਂ, ਰਿਲਾਇੰਸ-ਪੰਪਾਂ, ਰੇਲਵੇ-ਪਾਰਕਾਂ ਅਤੇ ਭਾਜਪਾ ਆਗੂਆਂ ਦੀ ਰਿਹਾਇਸ਼ਾਂ ਅੱਗੇ ਡਟੇ ਰਹੇ। ਸੂਬੇ ਵਿਚ 30 ਕਿਸਾਨ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਉਤੇ ਜਦਕਿ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਵੱਖੋ-ਵੱਖਰੇ ਤੌਰ ਉਤੇ ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਚਲਾਇਆ ਜਾ ਰਿਹਾ ਹੈ। ਪੰਜਾਬ ਵਿਚ 24 ਸਤੰਬਰ ਤੋਂ ਰੇਲ ਆਵਾਜਾਈ ਠੱਪ ਹੈ ਜਦੋਂਕਿ 30 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਕਿਸਾਨ ਪਹਿਲੀ ਅਕਤੂਬਰ ਤੋਂ ਹੀ ਧਰਨੇ ਲਾ ਰਹੇ ਹਨ। ਕੇਂਦਰ ਸਰਕਾਰ ਨਾਲ ਕਿਸਾਨਾਂ ਦੀਆਂ ਹੁਣ ਤੱਕ ਦੋ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਕੋਈ ਸਿੱਟਾ ਨਹੀਂ ਨਿਕਲਿਆ। ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਦੱਸਿਆ ਕਿ 12 ਨਵੰਬਰ ਦੀ ਮੀਟਿੰਗ 'ਚ ਇਹ ਫੈਸਲਾ ਕੀਤਾ ਗਿਆ ਸੀ ਕਿ ਬੰਦੀ ਛੋੜ ਦਿਵਸ ਅਤੇ ਦੀਵਾਲੀ ਨੂੰ ਜੋਸ਼ੋ-ਖਰੋਸ਼ ਨਾਲ ਮਸ਼ਾਲਾਂ ਬਾਲਦਿਆਂ ਮਨਾਇਆ ਜਾਵੇ, ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰਾਂ ਲੋਕਾਂ ਵੱਲੋਂ ਪੈਦਾ ਕੀਤੇ ਹਾਲਾਤ ਕਾਰਨ ਕਿਸਾਨ ਵੱਡੇ ਸੰਕਟ 'ਚ ਹਨ, ਨਿਰਾਸ਼ ਵੀ ਹਨ। ਇਸ ਦੌਰਾਨ 30 ਕਿਸਾਨ-ਜਥੇਬੰਦੀਆਂ ਦੇ ਆਗੂਆਂ ਦੀ ਅਗਵਾਈ ਹੇਠ ਪੰਜਾਬ ਦੇ ਸੈਂਕੜੇ ਪਿੰਡਾਂ ਵਿਚ ਹੋਏ ਮਸ਼ਾਲ ਮਾਰਚਾਂ ਦੌਰਾਨ ਸੱਦਾ ਦਿੱਤਾ ਗਿਆ 26-27 ਨਵੰਬਰ ਤੋਂ ਪਾਬੰਦੀਆਂ ਦੇ ਬਾਵਜੂਦ ਦਿੱਲੀ ਪਹੁੰਚਿਆ ਜਾਵੇ। ਜਗਮੋਹਨ ਸਿੰਘ ਨੇ ਕਿਹਾ ਕਿ ਸੰਘਰਸਸ਼ੀਲ ਜਥੇਬੰਦੀਆਂ ਦਾ ਇਤਿਹਾਸ ਵੀ ਦਰਸਾਉਂਦਾ ਹੈ ਕਿ ਜੁਝਾਰੂ ਲੋਕ ਇਸ ਆਰਥਕ ਤੇ ਸਮਾਜਕ ਪਾੜੇ ਵਾਲੇ ਸਮਾਜ ਨੂੰ ਬਦਲਣ ਲਈ ਲੜਦੇ ਰਹਿਣਗੇ।

## ਦੁਸ਼ਯੰਤ ਗੌਤਮ ਬਣੇ ਪੰਜਾਬ ਭਾਜਪਾ ਦੇ ਇੰਚਾਰਜ

**ਨਵੀਂ ਦਿੱਲੀ:** ਭਾਜਪਾ ਵਲੋਂ ਸੂਬਿਆਂ ਦੇ ਨਵੇਂ ਇੰਚਾਰਜਾਂ ਦਾ ਐਲਾਨ ਕਰ ਦਿੱਤਾ ਗਿਆ। ਭਾਜਪਾ ਵਲੋਂ ਜਨਰਲ ਸਕੱਤਰ ਦੁਸ਼ਯੰਤ ਗੌਤਮ ਨੂੰ ਪੰਜਾਬ ਤੋਂ ਇਲਾਵਾ ਚੰਡੀਗੜ੍ਹ ਅਤੇ ਉੱਤਰਾਖੰਡ ਦੇ ਇੰਚਾਰਜ ਲਗਾਇਆ ਗਿਆ ਹੈ। ਇਸ ਤੋਂ ਇਲਾਵਾ ਤਰੁਣ ਚੁੱਘ ਨੂੰ ਜੰਮੂ-ਕਸ਼ਮੀਰ, ਲਦਾਖ ਅਤੇ ਤੇਲੰਗਾਨਾ ਦਾ ਇੰਚਾਰਜ ਲਗਾਇਆ ਗਿਆ ਹੈ। ਪਾਰਟੀ ਪ੍ਰਧਾਨ ਜੇ.ਪੀ. ਨੱਢਾ ਵਲੋਂ ਜਾਰੀ ਇਸ ਸੂਚੀ ਅਨੁਸਾਰ ਭੁਪੇਂਦਰ ਯਾਦਵ ਬਿਹਾਰ ਅਤੇ ਗੁਜਰਾਤ ਦੇ ਇੰਚਾਰਜ ਬਣੇ ਰਹਿਣਗੇ ਅਤੇ ਉਨ੍ਹਾਂ ਨਾਲ ਹਰੀਸ਼ ਦਿਵੇਦੀ ਅਤੇ ਅਨੁਪਮ ਹਜ਼ਾਰਾ ਨੂੰ ਸਹਾਇਕ ਲਗਾਇਆ ਗਿਆ ਹੈ।

# ਖੇਤੀ ਕਾਨੂੰਨਾਂ ਦੇ ਹੱਲੇ ਨੇ ਬੈਂਕਾਂ ਦੀ ਵਸੂਲੀ ਨੂੰ ਵੀ ਲਾਈ ਬਰੇਕ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਦੇ ਹੱਲੇ ਨੇ ਖੇਤੀ ਵਿਕਾਸ ਬੈਂਕਾਂ ਦੀ ਵਸੂਲੀ ਨੂੰ ਵੀ ਬਰੇਕ ਲਾਈ ਹੈ। ਇਕੱਲੇ ਖੇਤੀ ਵਿਕਾਸ ਬੈਂਕਾਂ ਦੇ ਪੰਜਾਬ ਵਿਚ 69,213 ਕਰਜ਼ਾਈ ਕਿਸਾਨ ਹਨ, ਜਿਨ੍ਹਾਂ ਸਿਰ 1960 ਕਰੋੜ ਦਾ ਕਰਜ਼ਾ ਹੈ। ਖੇਤੀ ਵਿਕਾਸ ਬੈਂਕਾਂ ਨੇ ਸਾਉਣੀ ਦੀ ਫਸਲ ਦੀ ਵਸੂਲੀ ਸ਼ੁਰੂ ਕਰ ਦਿੱਤੀ ਹੈ, ਇਨ੍ਹਾਂ ਬੈਂਕਾਂ ਨੇ ਕਿਸਾਨਾਂ ਤੋਂ ਕੁੱਲ 2255 ਕਰੋੜ ਰੁਪਏ ਵਸੂਲਣੇ ਹਨ।




ਖੇਤੀ ਵਿਕਾਸ ਬੈਂਕਾਂ ਨੂੰ ਹੁਣ ਤੱਕ ਸਿਰਫ 73 ਕਰੋੜ ਰੁਪਏ ਦੀ ਵਸੂਲੀ ਹੋਈ ਹੈ, ਜੋ ਸਿਰਫ 3.24 ਫੀਸਦੀ ਬਣਦੀ ਹੈ ਜਦੋਂਕਿ ਪਿਛਲੇ ਸਾਲ ਵਸੂਲੀ ਦਰ 5.47 ਫੀਸਦੀ ਸੀ। ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨ ਅੰਦੋਲਨ ਕਾਰਨ ਵਸੂਲੀ ਪ੍ਰਭਾਵਿਤ ਹੋ ਰਹੀ ਹੈ। ਖੇਤੀ ਵਿਕਾਸ ਬੈਂਕਾਂ ਦੇ ਸਭ ਤੋਂ ਵੱਧ ਕਰਜ਼ਾਈ ਕਿਸਾਨ ਫਿਰੋਜ਼ਪੁਰ ਡਿਵੀਜ਼ਨ 'ਚ ਹਨ ਜੋ 31,947 ਬਣਦੇ ਹਨ ਜਿਨ੍ਹਾਂ ਸਿਰ 976 ਕਰੋੜ ਰੁਪਏ ਦਾ ਕਰਜ਼ ਖੜ੍ਹਾ ਹੈ। ਫਿਰੋਜ਼ਪੁਰ ਡਿਵੀਜ਼ਨ ਵਿਚ ਹੀ ਨਰਮਾ ਪੱਟੀ ਪੈਂਦੀ ਹੈ, ਜਿਥੋਂ ਦੀ ਵਸੂਲੀ ਦਰ ਸਭ ਤੋਂ ਘੱਟ 1.95 ਫੀਸਦ ਹੈ ਜੋ ਪਿਛਲੇ ਵਰ੍ਹੇ 3.80 ਫੀਸਦੀ ਸੀ। ਜਲੰਧਰ ਡਿਵੀਜ਼ਨ ਦੀ ਵਸੂਲੀ ਦਰ 4.67 ਫੀਸਦੀ ਅਤੇ ਪਟਿਆਲਾ ਡਿਵੀਜ਼ਨ ਦੀ ਵਸੂਲੀ ਦਰ ਐਤਕੀਂ 4.30 ਫੀਸਦੀ ਹੈ।

ਤੱਥਾਂ ਅਨੁਸਾਰ ਪਟਿਆਲਾ ਡਿਵੀਜ਼ਨ ਵਿਚ ਵੀ 23,098 ਕਰਜ਼ਾਈ ਕਿਸਾਨ ਹਨ, ਜਿਨ੍ਹਾਂ ਸਿਰ 619 ਕਰੋੜ ਦਾ ਕਰਜ਼ਾ ਹੈ ਅਤੇ ਜਲੰਧਰ ਡਿਵੀਜ਼ਨ ਦੇ 14,168 ਕਰਜ਼ਾਈ ਕਿਸਾਨਾਂ ਸਿਰ 361 ਕਰੋੜ ਦਾ ਕਰਜ਼ਾ ਹੈ। ਪੰਜਾਬ ਭਰ 'ਚੋਂ ਕਰਜ਼ਾਈ ਕਿਸਾਨਾਂ ਵਿਚੋਂ ਸਿਰਫ 4400 ਕਿਸਾਨਾਂ ਨੇ 48.25 ਕਰੋੜ ਦੀ ਬਕਾਇਆ ਰਾਸ਼ੀ ਤਾਰੀ ਹੈ। ਦੂਜੇ ਪਾਸੇ ਨਜ਼ਰ ਮਾਰੀਏ ਤਾਂ ਐਤਕੀਂ ਝੋਨੇ ਦੀ ਫਸਲ ਦਾ ਝਾੜ ਚੰਗਾ ਨਿਕਲਿਆ ਹੈ। ਸਹਿਕਾਰੀ ਬੈਂਕਾਂ ਨੂੰ ਉਮੀਦ ਸੀ ਕਿ ਵਸੂਲੀ ਦਰ ਵਧੇਗੀ ਪਰ ਫਿਲਹਾਲ ਕੋਈ ਵਾਧਾ ਨਜ਼ਰ ਨਹੀਂ ਆ ਰਿਹਾ ਹੈ।

ਪੰਜਾਬ ਸਰਕਾਰ ਇਸ ਗੱਲੋਂ ਨਰਮੀ ਵਰਤ ਰਹੀ ਹੈ ਕਿ ਕਿਸਾਨ ਪਹਿਲਾਂ ਹੀ ਖੇਤੀ ਕਾਨੂੰਨਾਂ ਦੇ ਮਸਲੇ 'ਚ ਉਲਝੇ ਪਏ ਹਨ। ਇਸੇ ਕਰਕੇ ਬੈਂਕਾਂ ਵੀ ਸਖਤੀ ਤੋਂ ਪਾਸਾ ਵੱਟ ਰਹੀਆਂ ਹਨ। ਉਂਜ, ਬੈਂਕਾਂ ਨੇ ਧਨਾਢ ਕਿਸਾਨਾਂ ਦੀਆਂ ਸੂਚੀਆਂ ਜ਼ਰੂਰ ਤਿਆਰ ਕੀਤੀਆਂ ਹਨ, ਜੋ ਸਿਆਸੀ ਆੜ ਵਿਚ ਕਿਸ਼ਤਾਂ ਨਹੀਂ ਤਾਰਦੇ। ਕੁਝ ਥਾਂਈਂ ਕਿਸਾਨਾਂ ਨੂੰ ਵਿਕੀ ਫਸਲ ਦਾ ਪੈਸਾ ਨਹੀਂ ਮਿਲਿਆ ਹੈ। ਬਹੁਤੇ ਕਿਸਾਨ ਰਿਸ਼ਤੇਦਾਰਾਂ ਤੋਂ ਫੜੇ ਹੱਥ ਉਧਾਰ ਨੂੰ ਵੀ ਵਾਪਸ ਕਰਨ ਨੂੰ ਤਰਜੀਹ ਦੇ ਰਹੇ ਹਨ।

# ਹਵਾਰਾ ਕਮੇਟੀ ਵੱਲੋਂ ਸਿੱਖ ਸੰਸਥਾਵਾਂ ਨੂੰ ਬਾਦਲਾਂ ਤੋਂ ਮੁਕਤ ਕਰਾਉਣ ਦਾ ਸੱਦਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਸੌ ਸਾਲਾਂ ਦੇ ਇਤਿਹਾਸ ਬਾਰੇ ਟਿੱਪਣੀ ਕਰਦਿਆਂ ਹਵਾਰਾ ਕਮੇਟੀ ਨੇ ਦੋਸ਼ ਲਾਇਆ ਕਿ ਬਾਦਲ ਪਰਿਵਾਰ ਨੇ ਆਪਣੇ ਨਿੱਜੀ ਹਿੱਤਾਂ ਖਾਤਰ ਸਿੱਖ ਸੰਸਥਾ ਦੇ ਸੁਨਹਿਰੀ ਇਤਿਹਾਸ ਨੂੰ ਕਲੰਕਿਤ ਕੀਤਾ ਹੈ। ਹਵਾਰਾ ਕਮੇਟੀ ਦੇ ਆਗੂ ਪ੍ਰੋ. ਬਲਜਿੰਦਰ ਸਿੰਘ ਵਲੋਂ ਜਾਰੀ ਇਕ ਬਿਆਨ ਰਾਹੀਂ ਐਡਵੋਕੇਟ ਅਮਰ ਸਿੰਘ ਚਾਹਲ, ਬਾਪੂ ਗੁਰਚਰਨ ਸਿੰਘ, ਦਿਲਸ਼ੇਰ ਸਿੰਘ, ਬਲਬੀਰ ਸਿੰਘ ਤੇ ਮਹਾਂਵੀਰ ਸਿੰਘ ਸਣੇ ਹੋਰਨਾਂ ਨੇ ਆਖਿਆ ਕਿ ਸਿੱਖ ਸੰਸਥਾ ਦੀ ਸਥਾਪਨਾ ਦਾ ਮੁੱਖ ਮੰਤਵ ਗੁਰਦੁਆਰਿਆਂ ਦਾ ਸੁਚਾਰੂ ਪ੍ਰਬੰਧ, ਧਰਮ ਪ੍ਰਚਾਰ ਅਤੇ ਸਿੱਖ ਧਾਰਮਿਕ ਸਮੱਸਿਆਵਾਂ ਦਾ ਹੱਲ ਕਰਨਾ ਸੀ, ਪਰ ਸਿੱਖ ਸੰਸਥਾ ਆਪਣੇ ਮੰਤਵ ਨੂੰ ਪੂਰਾ ਕਰਨ ਵਿਚ ਅਸਫਲ ਰਹੀ ਹੈ। 1996 ਵਿਚ ਅਕਾਲੀ ਦਲ ਨੇ ਮੋਗਾ ਕਾਨਫਰੰਸ ਰਾਹੀਂ ਸਿਆਸੀ ਜਥੇਬੰਦੀ ਦਾ ਪੰਥਕ ਚਿਹਰਾ ਬਦਲ ਦਿੱਤਾ ਹੈ। ਸਿੱਟੇ ਵਜੋਂ ਪੰਥ ਦੀ ਪਹਿਰੇਦਾਰੀ ਕਰਨ ਵਾਲੀਆਂ ਜਥੇਬੰਦੀਆਂ ਕੁਝ ਮੁੱਦਿਆਂ ਤਕ ਸੀਮਤ ਹੋ ਕੇ ਰਹਿ ਗਈਆਂ। ਹਵਾਰਾ ਕਮੇਟੀ ਨੇ ਸਮੂਹ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਕਜੁਟ ਹੋਣ ਤਾਂ ਜੋ ਸਿੱਖ ਸੰਸਥਾਵਾਂ ਨੂੰ ਬਾਦਲਾਂ ਤੋਂ ਮੁਕਤ ਕਰਾਇਆ ਜਾ ਸਕੇ।










# ਕੇਂਦਰ ਨਾਲ ਗੱਲਬਾਤ ਬੇਸਿੱਟਾ ਰਹਿਣ ਪਿੱਛੋਂ ਖੇਤੀ ਕਾਨੂੰਨਾਂ ਖਿਲਾਫ ਰੋਹ ਭਖਿਆ

**ਚੰਡੀਗੜ੍ਹ:** ਪੰਜਾਬ ਦੀਆਂ 31 ਕਿਸਾਨ ਜਥੇਬੰਦੀਆਂ ਅਤੇ ਕੇਂਦਰੀ ਮੰਤਰੀਆਂ ਦਰਮਿਆਨ ਨਵੀਂ ਦਿੱਲੀ ਵਿਚ ਹੋਈ ਮੀਟਿੰਗ ਬੇਸਿੱਟਾ ਰਹਿਣ ਪਿੱਛੋਂ ਸੂਬੇ ਵਿਚ ਖੇਤੀ ਕਾਨੂੰਨਾਂ ਖਿਲਾਫ ਰੋਹ ਹੋਰ ਭਖ ਗਿਆ ਹੈ। ਕਿਸਾਨ ਜਥੇਬੰਦੀਆਂ ਨੇ ਮੀਟਿੰਗ ਤੋਂ ਪਿੱਛੋਂ 26 ਅਤੇ 27 ਨਵੰਬਰ ਦੇ ਦਿੱਲੀ ਦੇ ਘਿਰਾਓ ਦੇ ਫੈਸਲੇ ਉਤੇ ਬਰਕਰਾਰ ਰਹਿਣ ਦਾ ਐਲਾਨ ਕੀਤਾ ਹੈ। ਜਿਸ ਕਾਰਨ ਸੂਬੇ ਵਿਚ ਰੇਲ ਗੱਡੀਆਂ ਦੀ ਆਵਾਜਾਈ ਹਾਲ ਦੀ ਘੜੀ ਬਹਾਲ ਹੋਣ ਦੀ ਸੰਭਾਵਨਾ ਨਹੀਂ ਹੈ।

ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਖੇਤੀ ਮੰਤਰੀ ਨਰੇਂਦਰ ਤੋਮਰ ਅਤੇ ਰੇਲਵੇ ਮੰਤਰੀ ਪਿਯੂਸ਼ ਗੋਇਲ ਸਮੇਤ ਕੇਂਦਰ ਤੇ ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨਾਲ ਲੰਮੀ ਮੀਟਿੰਗ ਹੋਈ। ਕੇਂਦਰ ਸਰਕਾਰ ਨੇ ਖੇਤੀ ਕਾਨੂੰਨਾਂ ਨੂੰ ਕਿਸਾਨ ਪੱਖੀ ਹੋਣ ਦਾ ਦਾਅਵਾ ਕੀਤਾ ਜਦਕਿ ਕਿਸਾਨ ਆਗੂਆਂ ਨੇ ਇਸ ਦੇ ਵਿਰੋਧ 'ਚ ਦਿੱਤੀਆਂ ਦਲੀਲਾਂ ਨਾਲ ਕੇਂਦਰ ਦੇ ਦਾਅਵਿਆਂ ਦੀ ਫੂਕ ਕੱਢੀ। ਮੀਟਿੰਗ ਦੌਰਾਨ ਦੋਹਾਂ ਧਿਰਾਂ ਦਰਮਿਆਨ ਗਰਮਾ-ਗਰਮ ਬਹਿਸ ਵੀ ਹੋਈ ਅਤੇ ਕੇਂਦਰੀ ਮੰਤਰੀਆਂ ਨੇ ਮਾਲ ਗੱਡੀਆਂ ਤੇ ਯਾਤਰੂ ਗੱਡੀਆਂ ਇਕੱਠਿਆਂ ਚਲਾਉਣ ਦੀ ਅੜੀ ਫੜੀ ਰੱਖੀ। ਕਿਸਾਨ ਜਥੇਬੰਦੀਆਂ ਨੇ ਸਿਰਫ ਮਾਲ ਗੱਡੀਆਂ ਨੂੰ ਲਾਂਘਾ ਦੇਣ ਅਤੇ ਯਾਤਰੂ ਗੱਡੀਆਂ ਨੂੰ ਖੁੱਲ੍ਹ ਦੇਣ ਲਈ 18 ਨਵੰਬਰ ਦੀ ਮੀਟਿੰਗ 'ਚ ਮਾਮਲਾ ਵਿਚਾਰਨ ਦੀ ਗੱਲ ਕਹੀ। ਮੀਟਿੰਗ ਦੌਰਾਨ ਨਰੇਂਦਰ



ਤੋਮਰ ਵੱਲੋਂ ਹੀ ਖੇਤੀ ਕਾਨੂੰਨਾਂ ਸਬੰਧੀ ਜ਼ਿਆਦਾਤਰ ਪੱਖ ਰੱਖੇ ਗਏ। ਕੇਂਦਰੀ ਮੰਤਰੀ ਨੇ ਕਾਨੂੰਨਾਂ ਨੂੰ ਕਿਸਾਨ ਪੱਖੀ, ਆਮਦਨ ਵਧਾਉਣ ਅਤੇ ਨਵੀਂ ਮੰਡੀ ਮੁਹੱਈਆ ਕਰਾਉਣ ਵਾਲਾ ਕਰਾਰ ਦਿੱਤਾ। ਉਨ੍ਹਾਂ ਦੀਆਂ ਦਲੀਲਾਂ ਰੱਦ ਕਰਦਿਆਂ ਕਿਸਾਨਾਂ ਨੇ ਕਿਹਾ ਕਿ ਨਵੇਂ ਕਾਨੂੰਨ ਸਿਰਫ ਤੇ ਸਿਰਫ ਕਾਰਪੋਰੇਟ ਘਰਾਣਿਆਂ ਅਤੇ ਵਪਾਰੀਆਂ ਦੇ ਹਿੱਤਾਂ ਦੀ ਰਾਖੀ ਕਰਦੇ ਹਨ। ਕਿਸਾਨਾਂ ਨੇ ਕਿਹਾ ਕਿ ਉਹ ਨਵੀਂ ਮੰਡੀ 'ਚ ਨਹੀਂ ਜਾ ਸਕਣਗੇ ਜਦਕਿ ਟਰੇਡਰ ਇਕ ਮੰਡੀ ਤੋਂ ਅਨਾਜ ਖਰੀਦ ਕੇ ਦੂਜੀ ਮੰਡੀ ਵਿਚ ਵੇਚੇਗਾ। ਕਿਸਾਨਾਂ ਨੇ ਇਹ ਵੀ ਕਿਹਾ ਕਿ ਮੋਦੀ ਸਰਕਾਰ 'ਇਕ ਮੁਲਕ ਇਕ ਮੰਡੀ' ਦਾ ਰਾਗ ਤਾਂ ਅਲਾਪ ਰਹੀ ਹੈ ਪਰ ਖੇਤੀ ਦੇ ਮਾਮਲੇ ਵਿਚ ਦੂਹਰੇ ਮਾਪਦੰਡ ਹਨ। ਏ.ਪੀ.ਐਮ.ਸੀ. ਵੀ ਕਾਇਮ ਹੈ ਤੇ ਖੁੱਲ੍ਹੀ ਮੰਡੀ ਵੀ। ਕਿਸਾਨਾਂ ਨੇ ਕੰਟਰੈਕਟ ਫਾਰਮਿੰਗ ਐਕਟ ਬਾਰੇ ਕਿਹਾ ਕਿ ਗੰਨੇ ਦੀ ਕਾਸ਼ਤ ਕੰਟਰੈਕਟ ਫਾਰਮਿੰਗ ਤਹਿਤ ਹੁੰਦੀ ਹੈ। ਗੰਨਾ ਮਿੱਲ ਵੱਲੋਂ ਗੰਨੇ ਦੀ ਕਾਸ਼ਤ ਕਰਾਈ ਜਾਂਦੀ ਹੈ। ਸਬੰਧਤ ਗੰਨਾ ਮਿੱਲ ਹੀ ਗੰਨਾ ਖਰੀਦਦੀ ਹੈ ਪਰ ਕਿਸਾਨਾਂ ਨੂੰ ਗੰਨੇ ਦੀ ਫਸਲ ਦੇ ਪੈਸੇ ਲੈਣ ਲਈ ਕਈ-ਕਈ ਸਾਲ ਧੱਕੇ ਖਾਣੇ ਪੈਂਦੇ ਹਨ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਜਥੇਬੰਦੀਆਂ ਨੇ ਸਮਰਥਨ ਮੁੱਲ ਅਤੇ ਹੋਰ ਖਦਸ਼ਿਆਂ ਬਾਰੇ ਸਾਰਾ ਪੱਖ ਕੇਂਦਰ ਸਰਕਾਰ ਦੇ ਸਾਹਮਣੇ ਰੱਖ ਦਿੱਤਾ ਹੈ। ਉਂਜ ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਸਬੰਧੀ ਕੇਂਦਰੀ ਮੰਤਰੀਆਂ ਨਾਲ ਹੋਈ ਗੱਲ ਨੂੰ ਸੁਖਾਵਾਂ ਕਿਹਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਰੇਲ ਗੱਡੀਆਂ ਦੇ ਮਾਮਲੇ ਉਤੇ ਕੇਂਦਰ ਦਾ ਵਤੀਰਾ ਨਿੰਦਣਯੋਗ ਹੈ। ਡਾ. ਦਰਸ਼ਨ ਪਾਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਯਾਤਰੂ ਗੱਡੀਆਂ ਦੇ ਨਾਲ ਹੀ ਮਾਲ ਗੱਡੀਆਂ ਚਲਾਉਣ ਦੀ ਜ਼ਿਦ ਕਰਨਾ ਲੋਕ ਵਿਰੋਧੀ ਫੈਸਲਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਇਸ ਅੜੀ ਤੋਂ ਜਾਪਦਾ ਹੈ ਕਿ ਸਰਕਾਰ ਲੋਕਾਂ ਨੂੰ ਸਬਕ ਸਿਖਾਉਣਾ ਚਾਹੁੰਦੀ ਹੈ।

### ਨਵੇਂ ਕਾਨੂੰਨ ਕਿਸਾਨ ਤੇ ਗਰੀਬਾਂ ਦੇ ਹੱਕ 'ਚ: ਕੇਂਦਰ

ਮੀਟਿੰਗ ਤੋਂ ਬਾਅਦ ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਤੇ ਸਰਕਾਰ ਦੇ ਸਟੈਂਡ ਵਿਚ ਬਹੁਤ ਜ਼ਿਆਦਾ ਫਰਕ ਹੈ, ਪਰ ਅਸੀਂ ਇਕ ਦੂਸਰੇ ਦੇ ਪੂਰਕ ਹਾਂ। ਸਾਨੂੰ ਗੱਲਬਾਤ ਕਰਦੇ ਰਹਿਣਾ ਚਾਹੀਦਾ ਹੈ। ਅਸੀਂ ਕਿਸਾਨਾਂ ਨੂੰ ਦੱਸਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਜ ਵਿਚ ਖੇਤੀ ਸੈਕਟਰ ਵਿਚ ਕਾਫੀ ਕੰਮ ਹੋਇਆ ਹੈ, ਫੰਡ ਵਧਾਏ ਗਏ ਹਨ, ਸੰਸਥਾਗਤ ਕੰਮ ਤੇ ਨਵੀਆਂ ਯੋਜਨਾਵਾਂ ਵੀ ਬਣਾਈਆਂ ਹਨ, ਜਿਥੇ ਕਾਨੂੰਨਾਂ ਵਿਚ ਸੋਧ ਜਾਂ ਨਵੇਂ ਕਾਨੂੰਨਾਂ ਦੀ ਲੋੜ ਹੈ, ਉਥੇ ਨਵੇਂ ਕਾਨੂੰਨ ਬਣਾਏ ਗਏ ਹਨ। ਨਿੱਜੀ ਨਿਵੇਸ਼ ਨੂੰ ਪਿੰਡਾਂ ਤੱਕ ਪਹੁੰਚਾਉਣ, ਰੁਜ਼ਗਾਰ ਦੇ ਮੌਕੇ ਵਧਾਉਣ ਦੇ ਨਾਲ ਛੋਟੇ ਕਿਸਾਨਾਂ ਨੂੰ ਫਾਇਦਾ ਹੋਵੇਗਾ।

### 'ਅੰਦੋਲਨ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ ਸਰਕਾਰ'

ਕੇਂਦਰ ਸਰਕਾਰ ਨੇ ਕਿਸਾਨਾਂ ਦੇ ਖਦਸ਼ਿਆਂ ਦਾ ਨਿਵਾਰਨ ਕਰਨ ਲਈ ਇਕ ਕਮੇਟੀ ਦੇ ਗਠਨ ਦਾ ਮਾਮਲਾ ਵੀ ਵਿਚਾਰਿਆ ਅਤੇ ਨਾਲ ਹੀ ਸ਼ਰਤ ਰੱਖੀ ਕਿ ਕਮੇਟੀ ਦੀ ਰਿਪੋਰਟ ਆਉਣ ਤੱਕ ਕਿਸਾਨਾਂ ਨੂੰ ਅੰਦੋਲਨ ਮੁਲਤਵੀ ਕਰਨਾ ਪਵੇਗਾ। ਕਿਸਾਨ ਜਥੇਬੰਦੀਆਂ ਕੇਂਦਰ ਦੀ ਇਸ ਸ਼ਰਤ ਨਾਲ ਸਹਿਮਤ ਨਹੀਂ ਹੋਈਆਂ। ਮੀਟਿੰਗ ਦੌਰਾਨ ਜਥੇਬੰਦੀਆਂ ਨੇ ਸਰਕਾਰ ਦੇ ਦੋਵੇਂ ਮੰਤਰੀਆਂ ਅਤੇ ਅਧਿਕਾਰੀਆਂ ਨੂੰ ਇਥੋਂ ਤੱਕ ਕਿਹਾ ਕਿ ਉਹ ਕਿਸਾਨਾਂ ਦੀ ਤਾਕਤ ਨੂੰ ਘਟਾ ਕੇ ਨਾ ਦੇਖਣ ਅਤੇ 26 ਨਵੰਬਰ ਨੂੰ ਨਵੀਂ ਦਿੱਲੀ 'ਚ ਧਰਨਾ ਮਾਰ ਕੇ ਉਹ ਆਪਣੀ ਤਾਕਤ ਦਿਖਾਉਣਗੇ। ਮੀਟਿੰਗ 'ਚ ਸ਼ਾਮਲ ਅਧਿਕਾਰੀਆਂ ਨੇ ਵੀ ਕਿਹਾ ਕਿ ਹਾਲ ਦੀ ਘੜੀ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੇ ਅੰਦੋਲਨ ਨੂੰ 'ਗੰਭੀਰਤਾ ਨਾਲ ਨਹੀਂ' ਲਿਆ ਜਾ ਰਿਹਾ ਹੈ।

## ਟੋਲ ਪਲਾਜ਼ਿਆਂ ਉਤੇ ਡਟੇ ਰਹੇ ਕਿਸਾਨ



**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਪਾਸ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਟੋਲ ਪਲਾਜ਼ਿਆਂ ਉਤੇ ਕਿਸਾਨਾਂ ਨੇ ਕੇਂਦਰ ਸਰਕਾਰ ਖਿਲਾਫ ਧਰਨੇ ਜਾਰੀ ਰੱਖੇ। ਇਸ ਮੌਕੇ ਕਿਸਾਨ ਆਗੂਆਂ ਕਿਹਾ ਕਿ ਜਦੋਂ ਤੱਕ ਕੇਂਦਰ ਸਰਕਾਰ ਵੱਲੋਂ ਕਿਸਾਨ ਵਿਰੋਧੀ ਕਾਨੂੰਨ ਰੱਦ ਨਹੀਂ ਕੀਤੇ ਜਾਂਦੇ, ਉਦੋਂ ਤੱਕ ਕੇਂਦਰ ਖਿਲਾਫ ਧਰਨੇ ਮੁਜ਼ਾਹਰੇ ਜਾਰੀ ਰੱਖੇ ਜਾਣਗੇ।

ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਦੇਸ਼ ਦੇ ਵੱਡੇ ਘਰਾਣਿਆਂ ਨੂੰ ਖੁਸ਼ ਕਰਨ ਲਈ ਕਿਸਾਨ ਵਿਰੋਧ ਕਾਨੂੰਨ ਪਾਸ ਕੀਤੇ ਹਨ। ਕੇਂਦਰ ਸਰਕਾਰ ਕਿਸਾਨਾਂ ਦੀਆਂ ਜ਼ਮੀਨਾਂ ਦੇਸ਼ ਦੇ ਵੱਡੇ ਘਰਾਣਿਆਂ ਨੂੰ ਦੇ ਕੇ ਉਨ੍ਹਾਂ ਨੂੰ ਖੁਸ਼ ਕਰਨਾ ਚਾਹੁੰਦੀ ਹੈ ਅਤੇ ਕਿਸਾਨਾਂ ਨੂੰ ਘਰੋਂ ਬੇਘਰ ਕਰਕੇ ਉਜਾੜਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਅਜਿਹਾ ਨਹੀਂ ਹੋਣ ਦੇਣਗੇ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਵੱਲੋਂ ਸ਼ੁਰੂ ਕੀਤੇ ਸੰਘਰਸ਼ ਵਿਚ ਬਹੁਤਾਤ ਔਰਤਾਂ ਅਤੇ ਬੱਚੇ ਵੀ ਸ਼ਾਮਲ ਹੋ ਕੇ ਜਿਥੇ ਧਰਨਿਆਂ ਦਾ ਸਮਰਥਨ ਕਰ ਰਹੇ ਹਨ, ਉਥੇ ਹੀ ਉਹ ਸਰਕਾਰ ਵਿਰੁੱਧ ਪਿੱਟ ਸਿਆਪਾ ਵੀ ਕਰਦੇ ਹਨ। ਖੇਤੀ ਕਾਨੂੰਨਾਂ ਵਿਰੁੱਧ ਧਰਨੇ ਉਤੇ ਬੈਠੇ ਕਿਸਾਨ ਦੀਵਾਲੀ ਨੂੰ ਆਪਣੇ ਘਰ ਜਾਣ ਦੀ ਥਾਂ ਧਰਨੇ ਵਿਚ ਹੀ ਡਟੇ ਰਹੇ। ਕਿਸਾਨਾਂ ਨੇ ਦੀਵਾਲੀ ਵਾਲੇ ਦਿਨ ਦੁਪਹਿਰ ਸਮੇਂ ਇਥੋਂ ਲੰਘਦੇ ਰਾਹਗੀਰਾਂ ਲਈ ਲੰਗਰ ਲਗਾਇਆ। ਕਿਸਾਨਾਂ ਨੇ ਇਸ ਮੌਕੇ 26 ਅਤੇ 27 ਨਵੰਬਰ ਨੂੰ ਪਰਿਵਾਰਾਂ ਸਮੇਤ ਦਿੱਲੀ ਜਾਣ ਦਾ ਅਹਿਦ ਲੈਂਦਿਆਂ ਖੇਤੀ ਕਾਨੂੰਨ ਵਾਪਸ ਨਾ ਹੋਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ।

## ਪਰਾਲੀ: ਸਰਕਾਰੀ ਸਖਤੀ ਤੋਂ ਬੇਪਰਵਾਹ ਹੋਏ ਕਿਸਾਨ

**ਨਵੀਂ ਦਿੱਲੀ:** ਪੰਜਾਬ 'ਚ ਇਸ ਸੀਜ਼ਨ ਦੌਰਾਨ ਪਰਾਲੀ ਸਾੜਨ ਦੀਆਂ 73 ਹਜ਼ਾਰ ਤੋਂ ਵੱਧ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ। ਮਾਹਿਰਾਂ ਮੁਤਾਬਕ ਇਸ ਪਿੱਛੇ ਵਾਧੇ ਦਾ ਵੱਡਾ ਕਾਰਨ ਖੇਤੀ ਕਾਨੂੰਨਾਂ ਕਰਕੇ ਸਰਕਾਰ ਖਿਲਾਫ ਗੁੱਸਾ ਅਤੇ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਕਿਸਾਨਾਂ ਨੂੰ ਵਿੱਤੀ ਮਦਦ ਨਾ ਦਿੱਤੇ ਜਾਣ ਨੂੰ ਮੰਨਿਆ ਜਾ ਰਿਹਾ ਹੈ।

ਪੰਜਾਬ ਰਿਮੋਟ ਸੈਂਸਿੰਗ ਸੈਂਟਰ ਵੱਲੋਂ ਜਾਰੀ ਅੰਕੜਿਆਂ ਮੁਤਾਬਕ 21 ਅਕਤੂਬਰ ਤੋਂ 14 ਨਵੰਬਰ ਦੌਰਾਨ ਪਰਾਲੀ ਸਾੜਨ ਦੀਆਂ 73,883 ਘਟਨਾਵਾਂ ਦਰਜ ਕੀਤੀਆਂ ਗਈਆਂ ਜੋ ਕਿ 2016 ਤੋਂ ਬਾਅਦ ਹੁਣ ਤਕ ਸਭ ਤੋਂ ਵੱਧ ਹਨ। ਪੰਜਾਬ 'ਚ ਲੰਘੇ ਵਰ੍ਹੇ ਪਰਾਲੀ ਸਾੜਨ ਦੀਆਂ 51,048 ਘਟਨਾਵਾਂ ਦਰਜ ਕੀਤੀਆਂ ਗਈਆਂ ਸਨ ਜਦਕਿ 2018 ਵਿਚ 46,559 ਅਤੇ 2017 ਵਿਚ ਇਸੇ ਸਮੇਂ ਦੌਰਾਨ ਪਰਾਲੀ ਸਾੜਨ ਦੀਆਂ 43,149 ਘਟਨਾਵਾਂ ਦਰਜ ਹੋਈਆਂ ਸਨ। ਭਾਰਤੀ ਖੇਤੀ ਖੋਜ ਸੰਸਥਾ (ਆਈ.ਏ.ਆਰ.ਆਈ.) ਦੇ ਇਕ ਅਧਿਕਾਰੀ ਨੇ ਦੱਸਿਆ ਕਿ 4 ਤੋਂ 7 ਨਵੰਬਰ ਦੌਰਾਨ ਪਰਾਲੀ ਸਾੜਨ ਦੀਆਂ ਸਭ ਤੋਂ ਘਟਨਾਵਾਂ ਵਾਪਰੀਆਂ। ਭੂਮੀ ਵਿਗਿਆਨ ਮੰਤਰਾਲੇ ਮੁਤਾਬਕ ਹਵਾ ਗੁਣਵੱਤਾ ਨਿਗਰਾਨ ਸੰਸਥਾ




ਐਸ.ਏ.ਐਫ.ਏ.ਆਰ. ਵੱਲੋਂ 5 ਨਵੰਬਰ ਨੂੰ ਦਿੱਲੀ-ਐਨ.ਸੀ.ਆਰ. ਦੇ ਪ੍ਰਦੂਸ਼ਣ 'ਚ 42 ਫੀਸਦੀ ਵਾਧਾ ਦਰਜ ਕੀਤਾ, ਜਦੋਂਕਿ ਇਸ ਖੇਤਰ ਦੇ ਖੇਤਾਂ 'ਚ ਅੱਗ ਦੀਆਂ 4,135 ਘਟਨਾਵਾਂ ਦਰਜ ਹੋਈਆਂ। ਉਨ੍ਹਾਂ ਕਿਹਾ, 'ਇਹ ਵੀ ਨਜ਼ਰ ਆ ਰਿਹਾ ਹੈ ਕਿ ਖੇਤੀ ਕਾਨੂੰਨਾਂ ਕਾਰਨ ਨਾਰਾਜ਼ ਕਿਸਾਨ ਸਰਕਾਰ ਨੂੰ ਸਹਿਯੋਗ ਨਹੀਂ ਦੇਣਾ ਚਾਹੁੰਦੇ।' ਪੰਜਾਬ ਸਰਕਾਰ ਦੇ ਇਕ ਅਧਿਕਾਰੀ ਮੁਤਾਬਕ, 'ਕਿਸਾਨ ਖੁਸ਼ ਨਹੀਂ ਹਨ, ਕਿਉਂਕਿ ਉਨ੍ਹਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਵਿੱਤੀ ਸਹਾਇਤਾ ਨਹੀਂ ਵੰਡੀ ਗਈ, ਜਿਸ ਦੇ ਸੁਪਰੀਮ ਕੋਰਟ ਵੱਲੋਂ ਨਿਰਦੇਸ਼ ਦਿੱਤੇ ਗਏ ਸਨ।'

## ਕੋਲਾ ਸੰਕਟ ਕਾਰਨ ਹਾਲਾਤ ਗੰਭੀਰ, ਸਾਰੇ ਥਰਮਲ ਬੰਦ

**ਚੰਡੀਗੜ੍ਹ:** ਪੰਜਾਬ ਵਿਚ ਕੋਲੇ ਦੀ ਕਿੱਲਤ ਕਾਰਨ ਹੁਣ ਸਾਰੇ ਥਰਮਲ ਬੰਦ ਹੋ ਗਏ ਹਨ। ਪਾਵਰਕੌਮ ਦੇ ਅਧਿਕਾਰ ਖੇਤਰ ਹੇਠਲੇ ਲਹਿਰਾ ਮੁਹੱਬਤ ਥਰਮਲ ਪਲਾਂਟ ਦੀ ਆਖਰੀ ਯੂਨਿਟ ਵੀ ਬੰਦ ਹੋ ਗਈ ਹੈ। ਦੱਸਣਯੋਗ ਹੈ ਕਿ ਰੇਲਾਂ ਬੰਦ ਹੋਣ ਕਾਰਨ ਸੂਬੇ ਨੂੰ ਕੋਲੇ ਦੀ ਘਾਟ ਨਾਲ ਜੂਝਣਾ ਪੈ ਰਿਹਾ ਹੈ।

ਇਸ ਹਾਲਾਤ 'ਤੇ ਪਿਛਲੇ ਦਿਨੀਂ ਸੂਬੇ ਦੇ ਤਿੰਨ ਪ੍ਰਾਈਵੇਟ ਥਰਮਲ ਬੰਦ ਕਰਨ ਲਈ ਮਜਬੂਰ ਹੋਣਾ ਪਿਆ ਸੀ ਜਦੋਂਕਿ ਹੁਣ ਲਹਿਰਾ ਮੁਹੱਬਤ ਥਰਮਲ ਪਲਾਂਟ ਨੂੰ ਵੀ ਬੰਦ ਕਰ ਦਿੱਤਾ ਗਿਆ ਹੈ। ਹੁਣ ਤੱਕ ਸਰਕਾਰੀ ਖੇਤਰ ਹੇਠਲਾ ਇਕੱਲਾ ਇਹ ਹੀ ਪਲਾਂਟ ਕਾਰਜਸ਼ੀਲ ਸੀ। ਭਾਵੇਂ ਅਧਿਕਾਰੀਆਂ ਵੱਲੋਂ ਲਹਿਰਾ ਮੁਹੱਬਤ ਪਲਾਂਟ ਨੂੰ ਬੰਦ ਕਰਨ ਦੀ ਵਜ੍ਹਾ ਬਿਜਲੀ ਦੀ ਮੰਗ 'ਚ ਗਿਰਾਵਟ ਦੱਸੀ ਜਾ ਰਹੀ ਹੈ ਪਰ ਵਿਭਾਗੀ ਸੂਤਰਾਂ ਮੁਤਾਬਕ ਲਹਿਰਾ ਮੁਹੱਬਤ ਪਲਾਂਟ ਕੋਲ ਵੀ ਕੋਲੇ ਦੀ ਘਾਟ ਹੈ। ਪਿਛਲੇ ਦਿਨੀਂ ਰੋਪੜ ਥਰਮਲ ਵੀ ਬੰਦ ਕਰ ਦਿੱਤਾ ਗਿਆ ਸੀ।

ਪਾਵਰਕੌਮ ਵੱਲੋਂ ਬਿਜਲੀ ਦੀ ਭਰਪਾਈ ਸੈਂਟਰਲ ਪੂਲ ਤੋਂ ਬਿਜਲੀ ਖਰੀਦ ਕੇ ਕੀਤੀ ਜਾ ਰਹੀ ਹੈ। ਉਂਜ ਇਹ ਵੀ ਪੱਖ ਸਾਹਮਣੇ ਆ ਰਿਹਾ ਹੈ ਕਿ ਆਪਣੀ ਪੈਦਾਵਾਰ ਲਾਗਤ ਨਾਲੋਂ ਬਾਹਰੀ



ਸਰੋਤਾਂ ਤੋਂ ਬਿਜਲੀ ਦੀ ਖਰੀਦ ਕਾਫੀ ਸਸਤੀ ਪੈ ਰਹੀ ਹੈ। ਦੂਜੇ ਪਾਸੇ, ਚਿੰਤਕਾਂ ਦਾ ਮੰਨਣਾ ਹੈ ਕਿ ਪਾਵਰਕੌਮ ਵੱਲੋਂ ਖਪਤਕਾਰਾਂ ਨੂੰ ਸਸਤੀ ਬਿਜਲੀ ਦੀ ਖਰੀਦ ਦਾ ਵਿੱਤੀ ਫਾਇਦਾ ਦੇਣ ਤੋਂ ਹੀ ਸਾਬਤ ਹੋਵੇਗਾ ਕਿ ਬਾਹਰੀ ਸਰੋਤਾਂ ਤੋਂ ਪਾਵਰਕੌਮ ਨੂੰ ਬਿਜਲੀ ਸਸਤੀ ਮਿਲ ਰਹੀ ਹੈ।

### ਸਨਅਤਕਾਰਾਂ ਤੇ ਵਪਾਰੀਆਂ ਦਾ ਕਰੋੜਾਂ ਰੁਪਏ ਦਾ ਨੁਕਸਾਨ

**ਲੁਧਿਆਣਾ:** ਪੰਜਾਬ ਸਰਕਾਰ ਦੇ ਉਦਯੋਗ ਤੇ ਵਣਜ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਰੇਲ ਗੱਡੀਆਂ ਨਾ ਚਲਾਉਣ ਕਰਕੇ ਪੰਜਾਬ ਦੇ ਸਨਅਤਕਾਰਾਂ ਤੇ ਵਪਾਰੀਆਂ ਦਾ ਕਈ ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋ ਗਿਆ ਹੈ, ਜਿਸ ਵਿਚੋਂ ਇਕੱਲੇ ਲੁਧਿਆਣਾ ਦੇ ਉਦਯੋਗ ਜਗਤ ਨੂੰ 22 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਆਰਥਿਕ ਘਾਟਾ ਸਹਿਣਾ ਪਿਆ ਹੈ। ਸ੍ਰੀ ਅਰੋੜਾ ਨੇ ਕਿਹਾ ਕਿ ਲੁਧਿਆਣਾ ਦੀ ਖੁਸ਼ਕ ਬੰਦਰਗਾਹ ਵਿਖੇ 13500 ਤੋਂ ਵੱਧ ਕੰਨਟੇਨਰ ਵੱਖ-ਵੱਖ ਉਤਪਾਦਾਂ ਦੇ ਭਰੇ ਖੜ੍ਹੇ ਹਨ, ਜੋ ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਇਲਾਵਾ ਦੁਨੀਆਂ ਭਰ ਵਿਚ ਨਿਰਯਾਤ ਕੀਤੇ ਜਾਣੇ ਹਨ।

## ਕਰਜ਼ੇ ਕਾਰਨ ਕਿਸਾਨ ਜੋੜੇ ਵੱਲੋਂ ਖੁਦਕੁਸ਼ੀ



**ਲੌਂਗੋਵਾਲ:** ਪਿੰਡ ਲੋਹਾਖੇੜਾ ਵਿਚ ਕਰਜ਼ੇ ਤੋਂ ਤੰਗ ਆ ਕੇ ਕਿਸਾਨ ਪਤੀ-ਪਤਨੀ ਨੇ ਜ਼ਹਿਰ ਨਿਗਲ ਕੇ ਖੁਦਕੁਸ਼ੀ ਕਰ ਲਈ ਹੈ। ਲੋਹਾਖੇੜਾ ਦੇ ਸਰਪੰਚ ਜਗਸੀਰ ਸਿੰਘ ਨੇ ਦੱਸਿਆ ਕਿ ਜਗਮੇਲ ਸਿੰਘ (49) ਦੇ ਸਿਰ 20 ਲੱਖ ਤੋਂ ਵਧੇਰੇ ਦਾ ਕਰਜ਼ਾ ਸੀ। ਉਸ ਕੋਲ ਕੁੱਲ 3 ਏਕੜ ਜ਼ਮੀਨ ਸੀ ਜਿਸ ਵਿਚੋਂ ਇਕ ਏਕੜ ਜ਼ਮੀਨ ਵੇਚਣ ਲਈ ਉਸ ਨੇ ਕੁਝ ਦਿਨ ਪਹਿਲਾਂ ਬਿਆਨਾ ਫੜਿਆ ਸੀ। ਕਰਜ਼ੇ ਤੋਂ ਮੁਕਤ ਹੋਣ ਲਈ ਪਹਿਲਾਂ ਉਸ ਨੇ ਟਰੱਕ ਵੀ ਲਿਆ ਪਰ ਕਰਜ਼ਾ ਹੋਰ ਵਧਦਾ ਗਿਆ ਅਤੇ ਉਸ ਨੂੰ ਆਪਣਾ ਟਰੱਕ ਵੇਚਣਾ ਪੈ ਗਿਆ। ਪਿਛਲੇ ਸਾਲ ਲੜਕੀ ਦਾ ਵਿਆਹ ਕਰਨ ਤੋਂ ਬਾਅਦ ਉਹ ਜ਼ਿਆਦਾ ਪਰੇਸ਼ਾਨ ਰਹਿਣ ਲੱਗਾ ਸੀ। ਕਰਜ਼ ਨਾ ਉਤਰਦਾ ਵੇਖ ਜਗਮੇਲ ਸਿੰਘ ਨੇ ਸਲਫਾਸ ਨਿਗਲ ਲਈ ਜਦੋਂ ਇਸ ਦਾ ਪਤਾ ਉਸ ਦੀ ਪਤਨੀ ਮਨਜੀਤ ਕੌਰ (43) ਨੂੰ ਪਤਾ ਲੱਗਾ ਤਾਂ ਉਸ ਨੇ ਵੀ ਸਲਫਾਸ ਦੀ ਸ਼ੀਸ਼ੀ ਵਿਚ ਬਚੀਆਂ ਪਈਆਂ ਗੋਲੀਆਂ ਨਿਗਲ ਲਈਆਂ। ਦੋਵਾਂ ਨੇ ਹਸਪਤਾਲ ਪਹੁੰਚਣ ਤੋਂ ਪਹਿਲਾਂ ਰਸਤੇ ਵਿਚ ਹੀ ਦਮ ਤੋੜ ਦਿੱਤਾ। ਦੀਵਾਲੀ ਵਾਲੇ ਦਿਨ ਦੋਵਾਂ ਦਾ ਸਸਕਾਰ ਕਰ ਦਿੱਤਾ ਗਿਆ।

# ਸ਼ਰਾਬ ਦੀ ਵਿਕਰੀ ਨਾਲ ਕੱਟੀ ਜਾ ਰਹੀ ਹੈ ਕੈਪਟਨ ਸਰਕਾਰ ਦੀ ਤੰਗੀ

**ਚੰਡੀਗੜ੍ਹ:** ਮਾਲੀ ਆਫਤ ਵਿਚ ਘਿਰੀ ਪੰਜਾਬ ਸਰਕਾਰ ਦੀ ਬਾਂਹ ਆਖਰ ਸ਼ਰਾਬ ਦੇ ਸ਼ੌਕੀਨਾਂ ਨੇ ਫੜੀ ਹੈ। ਕੋਵਿਡ ਦੌਰਾਨ ਆਬਕਾਰੀ ਮਾਲੀਏ 'ਚ ਬੇਹੱਦ ਕਟੌਤੀ ਹੋ ਗਈ ਸੀ, ਜਿਸ ਵਜੋਂ ਪੰਜਾਬ ਸਰਕਾਰ ਵਿਰੋਧੀ ਧਿਰਾਂ ਦੇ ਨਿਸ਼ਾਨੇ ਉਤੇ ਵੀ ਆ ਗਈ ਸੀ। ਜਦੋਂ ਹੁਣ ਆਬਕਾਰੀ ਕਮਾਈ 'ਚ ਵਾਧੇ ਦਾ ਅੰਕੜਾ ਦਿੱਸਣ ਲੱਗਿਆ ਹੈ ਤਾਂ ਆਬਕਾਰੀ ਮਹਿਕਮੇ ਨੇ ਸੁੱਖ ਦਾ ਸਾਹ ਲਿਆ ਹੈ।

ਵੇਰਵਿਆਂ ਅਨੁਸਾਰ ਚਾਲੂ ਮਾਲੀ ਵਰ੍ਹੇ ਦੇ ਇਕੱਲੇ ਅਕਤੂਬਰ ਮਹੀਨੇ ਵਿਚ ਆਬਕਾਰੀ ਆਮਦਨ ਵਿਚ ਕਰੀਬ 20 ਫੀਸਦੀ ਦਾ ਵਾਧਾ ਹੋਇਆ ਹੈ ਜਦੋਂ ਕਿ ਕੋਵਿਡ ਮਗਰੋਂ ਮੁੜ ਠੇਕੇ ਖੁੱਲ੍ਹਣ ਉਤੇ ਆਬਕਾਰੀ ਮਾਲੀਏ ਵਿਚ ਕਰੀਬ 9 ਫੀਸਦੀ ਦਾ ਵਾਧਾ ਹੋ ਗਿਆ ਹੈ। ਅਕਤੂਬਰ 2020 ਦੌਰਾਨ 501 ਕਰੋੜ ਰੁਪਏ ਆਬਕਾਰੀ ਆਮਦਨ ਵਜੋਂ ਪ੍ਰਾਪਤ ਹੋਏ ਹਨ ਜਦੋਂ ਕਿ ਅਕਤੂਬਰ 2019 ਦੌਰਾਨ 419 ਕਰੋੜ ਦੀ ਆਮਦਨ ਸੀ। ਇਹ ਵਾਧਾ ਕਰੀਬ 20 ਫੀਸਦੀ ਦਾ ਬਣਦਾ ਹੈ। ਇਸੇ ਤਰ੍ਹਾਂ 15 ਮਈ 2020 ਤੋਂ 31 ਅਕਤੂਬਰ 2020 ਤੱਕ ਕਰੀਬ 9 ਫੀਸਦੀ ਆਬਕਾਰੀ ਆਮਦਨ ਵਿਚ ਵਾਧਾ ਹੋਇਆ ਹੈ। ਵੇਰਵਿਆਂ ਅਨੁਸਾਰ ਅਪਰੈਲ ਤੋਂ ਅਕਤੂਬਰ 2019 ਦੇ ਸਮੇਂ ਦੌਰਾਨ ਆਬਕਾਰੀ ਆਮਦਨ 2735 ਕਰੋੜ ਰੁਪਏ ਇਕੱਤਰ ਹੋਈ ਸੀ। ਚਾਲੂ ਮਾਲੀ ਸਾਲ ਦੇ ਇਸ ਸਮੇਂ ਦੌਰਾਨ ਆਬਕਾਰੀ ਵਸੂਲੀ 2984 ਕਰੋੜ ਰੁਪਏ ਹੋ ਗਈ ਹੈ। ਪੰਜਾਬ ਸਰਕਾਰ ਵੱਲੋਂ ਪਹਿਲਾਂ ਅਗਸਤ ਵਿਚ 5 ਫੀਸਦੀ ਅਤੇ ਮੁੜ ਨਵੰਬਰ ਵਿਚ 5 ਫੀਸਦੀ ਕੋਟਾ ਵੀ ਵਧਾਇਆ ਗਿਆ, ਜਿਸ ਨਾਲ ਸਰਕਾਰ ਨੂੰ 250 ਕਰੋੜ ਦੀ ਵਾਧੂ ਆਮਦਨ ਹੋਵੇਗੀ।

ਦੱਸਣਯੋਗ ਹੈ ਕਿ ਸ਼ਰਾਬ ਦੇ ਠੇਕੇਦਾਰਾਂ ਨੇ ਕੋਵਿਡ ਵਿਚ ਪਏ ਘਾਟੇ ਮਗਰੋਂ ਸਰਕਾਰ ਨਾਲ ਰੱਫੜ ਵੀ ਪਾਈ ਰੱਖਿਆ ਸੀ। ਪੰਜਾਬ ਸਰਕਾਰ ਨੇ ਮੁਢਲੇ ਪੜਾਅ ਉਤੇ ਸਾਲ 2020-21 ਦੌਰਾਨ ਆਬਕਾਰੀ ਆਮਦਨ ਦਾ ਟੀਚਾ 6200 ਕਰੋੜ ਰੁਪਏ ਰੱਖਿਆ ਸੀ ਪਰ ਕੋਵਿਡ ਦੌਰਾਨ ਪਈ ਮਾਰ ਮਗਰੋਂ ਇਹ ਟੀਚਾ ਰਿਵਾਈਜ਼ ਕਰਕੇ 4700 ਕਰੋੜ ਰੁਪਏ ਕਰ ਦਿੱਤਾ ਗਿਆ।

ਪੰਜਾਬ ਸਰਕਾਰ ਵੱਲੋਂ ਸ਼ਰਾਬ ਤਸਕਰੀ ਖਿਲਾਫ ਉੱਠੀ ਆਵਾਜ਼ ਨੂੰ ਠੱਲ੍ਹਣ ਲਈ ਨਾਜਾਇਜ਼ ਸ਼ਰਾਬ ਖਿਲਾਫ ਅਪਰੇਸ਼ਨ ਚਲਾਇਆ। ਪੰਜਾਬ ਪੁਲਿਸ ਨੇ ਰਾਤੋਂ-ਰਾਤ ਸ਼ਰਾਬ ਤਸਕਰੀ ਦੀ ਪੈੜ ਨੱਪਣੀ ਸ਼ੁਰੂ ਕਰ ਦਿੱਤੀ ਸੀ।

ਇਸ ਵਿਸ਼ੇਸ਼ ਅਪਰੇਸ਼ਨ ਤਹਿਤ ਸਤੰਬਰ ਤੱਕ ਪੰਜਾਬ ਵਿਚ 10,963 ਕੇਸ ਦਰਜ ਕੀਤੇ ਗਏ ਅਤੇ 1.18 ਲੱਖ ਲੀਟਰ ਨਾਜਾਇਜ਼ ਸ਼ਰਾਬ ਜ਼ਬਤ ਕੀਤੀ ਗਈ। 5.10 ਲੱਖ ਕਿਲੋ ਲਾਹਨ ਵੀ ਫੜਿਆ ਗਿਆ। ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਰਾਜ ਵਿਚ ਨਾਜਾਇਜ਼ ਸ਼ਰਾਬ ਦੀ ਤਸਕਰੀ ਰੁਕ ਗਈ ਹੈ, ਜਿਸ ਵਜੋਂ ਠੇਕਿਆਂ ਦੀ ਸ਼ਰਾਬ ਦੀ ਵਿਕਰੀ ਵਧੀ ਹੈ। ਕਰ ਅਤੇ ਆਬਕਾਰੀ ਕਮਿਸ਼ਨਰ ਏ.ਵੀਨੂੰ ਪ੍ਰਸ਼ਾਦ ਨੇ ਦੱਸਿਆ ਕਿ ਚਾਲੂ ਮਾਲੀ ਵਰ੍ਹੇ ਦੌਰਾਨ ਕਰੀਬ 20 ਫੀਸਦੀ ਆਬਕਾਰੀ ਆਮਦਨ ਵਿਚ ਇਜ਼ਾਫਾ ਹੋਣ ਦਾ ਅਨੁਮਾਨ ਹੈ। ਉਨ੍ਹਾਂ ਦੱਸਿਆ ਕਿ ਕੋਵਿਡ ਮਗਰੋਂ ਜੋ ਆਬਕਾਰੀ ਵਸੂਲੀ ਹੋਈ ਹੈ, ਉਸ ਵਿਚ ਕਾਫੀ ਵਾਧਾ ਹੋਇਆ।

## ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਵਲੋਂ ਬਿਨਾ ਮਨਜ਼ੂਰੀ ਪਾਰਟੀ ਲੋਗੋ ਨਾ ਵਰਤਣ ਦੀ ਤਾਕੀਦ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੀ ਨਾਮਜ਼ਦ ਪੰਜ ਮੈਂਬਰੀ ਕਮੇਟੀ ਨੇ ਮੀਡੀਏ ਨੂੰ ਜਾਰੀ ਬਿਆਨ ਵਿਚ ਕਿਹਾ ਹੈ ਕਿ ਅਮਰੀਕਾ ਵਿਚ ਕੋਈ ਵੀ ਵਿਅਕਤੀ ਜਾਂ ਕੋਈ ਸੰਸਥਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਲੋਗੋ ਦੀ ਵਰਤੋਂ ਨਾ ਕਰੇ।

ਪੰਜ ਮੈਂਬਰੀ ਕਮੇਟੀ ਦੇ ਮੈਂਬਰ ਕਨਵੀਨਰ-ਬੂਟਾ ਸਿੰਘ ਖੜੌਦ, ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਸਕੱਤਰ ਜਨਰਲ ਰੁਪਿੰਦਰ ਸਿੰਘ ਬਾਠ ਤੇ ਜਨਰਲ ਸਕੱਤਰ ਮੱਖਣ ਸਿੰਘ ਕਲੇਰ ਅਨੁਸਾਰ ਇਹ ਲੋਗੋ ਪਾਰਟੀ ਵਲੋਂ ਅਮਰੀਕਾ ਵਿਚ ਰਜਿਸਟਰ ਕਰਵਾਇਆ ਹੋਇਆ ਹੈ। ਤਾਕੀਦ ਕੀਤੀ ਗਈ ਹੈ ਕਿ ਜੇ ਕੋਈ ਪਾਰਟੀ ਦੀ ਮਨਜ਼ੂਰੀ ਤੋਂ ਬਿਨਾ ਲੋਗੋ ਦੀ ਵਰਤੋਂ ਕਰੇਗਾ ਤਾਂ ਉਹ ਗੈਰ-ਕਾਨੂੰਨੀ ਹੋਵੇਗਾ ਤੇ ਸਬੰਧਤ ਵਿਅਕਤੀ ਜਾਂ ਸੰਸਥਾ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਏਗੀ।

## ਮੈਸੇਚਿਊਸਟਸ ਸਟੇਟ ਵੱਲੋਂ 84 ਸਿੱਖ ਨਸਲਕੁਸ਼ੀ ਨੂੰ ਮਾਨਤਾ

**ਅੰਮ੍ਰਿਤਸਰ:** ਅਮਰੀਕਾ ਦੇ ਸੂਬੇ ਕਨੈਕਟੀਕਟ ਤੋਂ ਬਾਅਦ ਹੁਣ ਮੈਸੇਚਿਊਸਟਸ ਸਟੇਟ ਅਸੈਂਬਲੀ ਦੇ ਸਪੀਕਰ ਰੌਬਰਟ ਏ ਡੀਲੀਓ ਨੇ ਵੀ ਨਵੰਬਰ 1984 ਸਿੱਖ ਨਸਲਕੁਸ਼ੀ ਨੂੰ ਮਾਨਤਾ ਦਿੱਤੀ ਹੈ।

ਇਸ ਸਬੰਧੀ ਸਿੱਖ ਜਥੇਬੰਦੀ ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਇਕ ਬਿਆਨ ਰਾਹੀਂ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਜਥੇਬੰਦੀ ਦੀ ਵੈੱਲਫੇਅਰ ਕੌਂਸਲ ਦੀ ਨੁਮਾਇੰਦਗੀ ਕਰਦੇ ਗੁਰਿੰਦਰ ਸਿੰਘ ਧਾਲੀਵਾਲ ਨੇ ਖੁਲਾਸਾ ਕੀਤਾ ਕਿ ਮੈਸੇਚਿਊਸਟਸ ਸਟੇਟ ਅਸੈਂਬਲੀ ਦੇ ਸਪੀਕਰ ਨੇ ਆਖਿਆ ਕਿ ਉਹ ਨਵੰਬਰ 1984 ਵਿਚ ਭਾਰਤ 'ਚ ਹੋਏ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਮੰਨਦੇ ਹਨ। ਸਿੱਖ ਆਗੂਆਂ ਨੇ ਮੈਸੇਚਿਊਸਟਸ ਦੇ ਸਿੱਖ



ਭਾਈਚਾਰੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿੱਖਾਂ ਨੇ ਸਦਨ ਵਿਚ ਸਿੱਖ ਨਸਲਕੁਸ਼ੀ ਨੂੰ ਮਾਨਤਾ ਦਿਵਾਉਣ ਅਤੇ ਇਸ ਪ੍ਰਮਾਣ ਪੱਤਰ ਨੂੰ ਹਾਸਲ ਕਰਨ ਲਈ ਅਣਥੱਕ ਮਿਹਨਤ ਕੀਤੀ ਹੈ। ਉਨ੍ਹਾਂ ਕਿਹਾ ਕਿ ਨਸਲਕੁਸ਼ੀ ਕਰਨ ਵਾਲੇ ਦੇਸ਼ ਨੂੰ ਜਵਾਬਦੇਹ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸਿੱਖ ਕੌਮ ਵੱਲੋਂ ਨਵੰਬਰ 1984 ਦਾ ਮਹੀਨਾ ਕਦੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਨੇ ਅਮਰੀਕਾ ਦੇ ਹੋਰ ਸੂਬਿਆਂ ਵਿਚ ਵਸਦੇ ਸਿੱਖਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਆਪਣੇ ਦੋਸਤਾਂ, ਪਰਿਵਾਰਾਂ ਅਤੇ ਰਾਜਨੀਤਕ ਨੁਮਾਇੰਦਿਆਂ ਨੂੰ 1984 ਵਿਚ ਵਾਪਰੀ ਘਟਨਾ ਤੋਂ ਜਾਣੂ ਕਰਾਉਣ।

# Matrimonials

### ਲੜਕੀ ਦੀ ਲੋੜ ਹੈ

Wanted suitable match for US citizen Grewal boy 33, 5'-9" tall from Fresno, California; has a computer degree. Bride's family send bio to groom directly at what's app +1 (510) 512-8055
47-50

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892
46-

Wanted suitable match for handsome Jatt Sikh boy, 5'-11", 27 years, completed Engineering Masters in US, landlord family. Currently working in USA. Please send detailed particulars to email: singhusa93@gmail.com
44-

### ਲੜਕੇ ਦੀ ਲੋੜ ਹੈ

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102
40-41

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com
36-39

*Visit us on the web:*
***www.punjabtimesusa.com***

*To Advertise with Punjab Times Call: 847-359-0746*
*Visit us on the web:* ***wwwpunjabtimesusa.com***


ਸਰਵਰ, ਕੁੱਕ ਅਤੇ ਤੰਦੂਰੀਏ ਦੀ ਲੋੜ ਹੈ

ਸਿਨਸਿਨੈਟੀ (ਓਹਾਇਓ) ਇਲਾਕੇ ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਸਰਵਰ, ਕੁੱਕ ਅਤੇ ਤੰਦੂਰੀਏ ਦੀ ਲੋੜ ਹੈ।

ਵਾਜਬ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਫੋਨ: 513-203-6315
43-


SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways





Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

Sistar Mortgage
Minimizing Cost, Maximizing Investment
www.SistarMortgage.com


Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

Desi Bazar
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਲੋਕ ਇਨਸਾਫ ਪਾਰਟੀ ਨੇ ਸ਼ੁਰੂ ਕੀਤੀ ਪੰਜਾਬ ਅਧਿਕਾਰ ਯਾਤਰਾ

**ਹਰੀਕੇ ਪੱਤਣ:** ਲੋਕ ਇਨਸਾਫ ਪਾਰਟੀ ਵਲੋਂ ਪਾਣੀਆਂ ਦੀ ਕੀਮਤ ਵਸੂਲੀ ਲਈ 'ਸਾਡਾ ਖੇਤ-ਸਾਡਾ ਪਾਣੀ-ਸਾਡਾ ਹੱਕ' ਤਹਿਤ ਹਰੀਕੇ ਪੱਤਣ ਤੋਂ ਚੰਡੀਗੜ੍ਹ ਤੱਕ ਚਾਰ ਰੋਜ਼ਾ ਪੰਜਾਬ ਅਧਿਕਾਰ ਯਾਤਰਾ ਸਤਲੁਜ-ਬਿਆਸ ਦਰਿਆਵਾਂ ਦੇ ਸੰਗਮ ਹਰੀਕੇ ਹੈੱਡ ਵਰਕਸ ਤੋਂ ਸ਼ੁਰੂ ਕੀਤੀ ਗਈ। ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਅਤੇ ਸਰਪ੍ਰਸਤ ਬਲਵਿੰਦਰ ਸਿੰਘ ਬੈਂਸ ਹਰੀਕੇ ਹੈੱਡ ਵਰਕਸ ਉਤੇ ਪੁੱਜੇ ਅਤੇ ਰਾਜਸਥਾਨ ਫੀਡਰ ਨਹਿਰ ਵਿਚੋਂ ਪਾਣੀ ਹੱਥਾਂ ਵਿਚ ਲੈ ਕੇ ਸਹੁੰ ਚੁੱਕੀ ਕਿ ਅਸੀਂ ਪੰਜਾਬ ਦੇ ਸੰਵਿਧਾਨਕ ਹੱਕਾਂ ਲਈ ਕਿਸੇ ਤਰ੍ਹਾਂ ਦਾ ਕੋਈ ਵੀ ਬਲੀਦਾਨ ਦੇਣ ਤੋਂ ਪਿੱਛੇ ਨਹੀਂ ਹਟਾਂਗੇ ਤੇ ਪਾਣੀਆਂ ਦੀ ਕੀਮਤ ਵਸੂਲੀ ਲਈ ਲੜਾਈ ਆਖਰੀ ਦਮ ਤੱਕ ਲੜਾਂਗੇ। ਇਸ ਮੌਕੇ ਸਮਾਗਮ ਦੌਰਾਨ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਨੇ ਸੈਂਕੜੇ ਆਗੂਆਂ ਅਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੁਨੀਆ ਅੰਦਰ ਕੁਦਰਤੀ ਖਜ਼ਾਨਾ ਕੋਲਾ, ਕੱਚਾ ਲੋਹਾ, ਤੇਲ, ਮਾਰਬਲ ਜਾਂ ਇਮਾਰਤੀ ਲੱਕੜ ਕਦੇ ਵੀ ਮੁਫਤ ਨਹੀਂ, ਫਿਰ ਸਾਡਾ ਪਾਣੀ ਦੂਜੇ ਰਾਜਾਂ ਨੂੰ ਮੁਫਤ ਕਿਉਂ ਦਿੱਤਾ ਜਾ ਰਿਹਾ ਹੈ।

## -ਖੰਡ ਘੁਟਾਲਾ-
## ਸ਼ਾਹਬਾਜ਼ ਸ਼ਰੀਫ ਤੇ ਹੋਰਨਾਂ ਖਿਲਾਫ ਕੇਸ ਦਰਜ

**ਲਾਹੌਰ:** ਪਾਕਿਸਤਾਨ ਦੀ ਫੈਡਰਲ ਜਾਂਚ ਏਜੰਸੀ ਨੇ ਖੰਡ ਘੁਟਾਲੇ ਵਿਚ ਉਘੇ ਵਿਰੋਧੀ ਆਗੂ ਸ਼ਾਹਬਾਜ਼ ਸ਼ਰੀਫ, ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਦੋਸਤ ਅਤੇ ਤਿੰਨ ਹੋਰਨਾਂ ਵਿਰੁੱਧ ਕੇਸ ਦਰਜ ਕੀਤਾ ਹੈ। ਜਾਂਚ ਏਜੰਸੀ ਨੇ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ, ਉਨ੍ਹਾਂ ਦੇ ਪੁੱਤਰਾਂ ਹਮਜਾ ਅਤੇ ਸੁਲੇਮਾਨ, ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਦੋਸ਼ ਜਹਾਂਗੀਰ ਤਰੀਨ ਅਤੇ ਉਸ ਦੇ ਪੁੱਤਰ ਅਲੀ ਤਰੀਨ ਵਿਰੁੱਧ ਕਾਲੇ ਧਨ ਨੂੰ ਸਫੇਦ ਕਰਨ, ਜਾਅਲਸਾਜ਼ੀ, ਅਪਰਾਧਕ ਵਿਸਾਹਘਾਤ ਅਤੇ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ ਵਿਚ ਤਰੀਨ ਅਤੇ ਉਸ ਦੇ ਪੁੱਤਰ ਉਤੇ 4.35 ਅਰਬ ਰੁਪਏ ਦੀ ਧੋਖਾਧੜੀ ਅਤੇ ਕਾਲੇ ਧਨ ਨੂੰ ਸਫੇਦ ਕਰਨ ਦਾ ਦੋਸ਼ ਹੈ, ਜਦੋਂ ਕਿ ਸ਼ਾਹਬਾਜ਼ ਅਤੇ ਉਸ ਦੇ ਪੁੱਤਰ ਉਤੇ 25 ਅਰਬ ਰੁਪਏ ਦੇ ਉਕਤ ਦੋਸ਼ ਹਨ।

# ਝੋਨੇ ਦੀ ਖਰੀਦ: ਪੰਜਾਬ ਸਰਕਾਰ ਨੇ ਮੋਰਚਾ ਵਿਚਾਲੇ ਛੱਡਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਹਦਾਇਤ ਉਪਰ ਮੰਡੀ ਬੋਰਡ ਪੰਜਾਬ ਨੇ ਹੁਕਮ ਜਾਰੀ ਕਰਕੇ ਸਾਉਣੀ ਸੀਜ਼ਨ 'ਚ ਝੋਨੇ ਦੀ ਖਰੀਦ, ਵੇਚ, ਭੰਡਾਰ ਤੇ ਪ੍ਰਾਸੈਸਿੰਗ ਲਈ ਬਣਾਈਆਂ ਸਭ ਉਪ ਮੰਡੀਆਂ, ਖਰੀਦ ਕੇਂਦਰਾਂ ਤੇ ਆਰਜ਼ੀ ਮੰਡੀਆਂ 'ਚ ਝੋਨੇ ਦੀ ਖਰੀਦ ਦਾ ਕੰਮ ਬੰਦ ਕਰ ਦਿੱਤਾ ਹੈ। ਹੁਣ ਪੰਜਾਬ ਵਿਚ ਸਿਰਫ 152 ਮੁੱਖ ਮੰਡੀਆਂ ਵਿਚ ਹੀ ਝੋਨੇ ਦੀ ਖਰੀਦ ਹੋ ਸਕੇਗੀ। ਮੰਡੀ ਬੋਰਡ ਦੇ ਸਕੱਤਰ ਵਲੋਂ ਜਾਰੀ ਨੋਟੀਫਿਕੇਸ਼ਨ ਵਿਚ ਪ੍ਰਬੰਧਕੀ ਹਿਤਾਂ ਦੇ ਨਾਂ ਉਪਰ ਖਰੀਦ ਮੰਡੀਆਂ ਬੰਦ ਕਰਨ ਲਈ ਕਿਹਾ ਹੈ।

ਸੂਬੇ ਭਰ ਵਿਚ ਪੇਂਡੂ ਖਰੀਦ ਕੇਂਦਰਾਂ ਅਤੇ ਸਬ-ਯਾਰਡਾਂ 'ਤੇ ਕਾਫੀ ਝੋਨਾ ਵਿਕਣ ਵਾਲਾ ਪਿਆ ਹੈ। ਕੇਂਦਰ ਸਰਕਾਰ ਦੇ ਐਲਾਨ ਮੁਤਾਬਕ 30 ਨਵੰਬਰ ਤੱਕ ਖਰੀਦ ਹੋਣੀ ਹੈ। ਸਰਕਾਰੀ ਸੂਤਰ ਹੁਣ ਤੱਕ ਚਾਰ ਲੱਖ ਮੀਟ੍ਰਿਕ ਟਨ ਖਰੀਦ ਦਾ ਦਾਅਵਾ ਕਰ ਰਹੇ ਹਨ। ਜਦਕਿ ਬਕਾਇਆ ਖਰੀਦ ਬਾਰੇ ਕੁਝ ਸਪੱਸ਼ਟ ਨਹੀਂ ਹੈ। ਅੱਠ ਸੌ ਖਰੀਦ ਕੇਂਦਰਾਂ ਨੂੰ ਬੰਦ ਕਰਨ ਦੀ ਗੱਲ ਕੀਤੀ ਜਾ ਰਹੀ ਹੈ ਤੇ ਇਹ ਹੁਣ ਸਿਰਫ 154 ਮੁੱਖ ਯਾਰਡਾਂ 'ਤੇ ਹੋਵੇਗੀ। ਇਸ ਫੈਸਲੇ ਨਾਲ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦੇ ਤੇਵਰ ਤਿੱਖੇ ਹੋ ਗਏ ਹਨ। ਮਾਲਵਾ ਖੇਤਰ ਦੇ ਹਜ਼ਾਰਾਂ ਕਿਸਾਨਾਂ ਨੂੰ ਆਪਣੀ ਫਸਲ ਨੇੜਲੇ ਖਰੀਦ ਕੇਂਦਰਾਂ ਵਿਚ ਵੇਚਣ ਲਈ ਵੱਡੀ ਸਮੱਸਿਆ ਆ ਰਹੀ ਹੈ। ਪੰਜਾਬ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਸਰਕਾਰ ਨੇ ਮੁੱਖ ਯਾਰਡਾਂ ਤੋਂ ਬਿਨਾਂ ਬਾਕੀ ਦੇ ਸਾਰੇ ਸੈਂਟਰਾਂ ਵਿਚ ਖਰੀਦ ਨੂੰ ਇਕਦਮ ਬੰਦ ਕਰ ਦਿੱਤਾ ਹੈ। ਮਾਲਵਾ ਖੇਤਰ ਦੇ ਕਿਸਾਨਾਂ ਨੂੰ ਇਸ ਸਰਕਾਰੀ ਫੈਸਲੇ ਨਾਲ ਸਭ ਤੋਂ ਵੱਧ ਮਾਰ ਪਈ ਹੈ। ਉਨ੍ਹਾਂ ਨੂੰ ਹੁਣ ਝੋਨਾ ਵੇਚਣ ਲਈ ਕਈ ਕਿਲੋਮੀਟਰ ਦਾ ਸਫਰ ਤੈਅ ਕਰਨਾ ਪਵੇਗਾ।

# ਬਾਦਲਾਂ ਦੇ ਡਰੱਗ ਮਾਫੀਆ ਦੀ ਕਮਾਨ ਕੈਪਟਨ ਨੇ ਸਾਂਭੀ: 'ਆਪ'

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਤੇ ਡਰੱਗ ਮਾਫੀਆ ਦੀ ਸਰਪ੍ਰਸਤੀ ਕਰਨ ਦੇ ਦੋਸ਼ ਲਗਾਉਂਦਿਆਂ ਉਨ੍ਹਾਂ ਦਾ ਅਸਤੀਫਾ ਮੰਗਿਆ ਹੈ।

ਇਸ ਦੌਰਾਨ ਉਨ੍ਹਾਂ ਮੁੱਖ ਮੰਤਰੀ ਦੇ ਸਲਾਹਕਾਰ ਸੰਦੀਪ ਸੰਧੂ, ਓ. ਐਸ. ਡੀ. ਅੰਕਿਤ ਬਾਂਸਲ ਅਤੇ ਦਮਨ ਮੋਹੀ ਨੂੰ ਜਾਂਚ ਏਜੰਸੀ ਦੇ ਹਵਾਲੇ ਕਰਨ ਦੀ ਮੰਗ ਵੀ ਕੀਤੀ। ਚੀਮਾ ਨੇ ਕਿਹਾ ਕਿ 2007 ਤੋਂ 2017 ਤੱਕ ਬਾਦਲ ਸਰਕਾਰ ਨੇ ਡਰੱਗ ਮਾਫੀਆ ਨੂੰ ਪੈਦਾ ਕੀਤਾ ਤੇ ਹੁਣ ਕੈਪਟਨ ਅਮਰਿੰਦਰ ਸਿੰਘ ਇਸ ਮਾਫੀਆ ਨੂੰ ਚਲਾ ਰਹੇ ਹਨ। ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਰਾਣੋ (ਖੰਨਾ) ਦੇ ਸਰਪੰਚ ਅਤੇ ਸਾਬਕਾ ਯੂਥ ਅਕਾਲੀ ਆਗੂ ਗੁਰਦੀਪ ਸਿੰਘ ਨਾਲ ਮੁੱਖ ਮੰਤਰੀ ਦੇ ਸਲਾਹਕਾਰ ਸੰਦੀਪ ਸੰਧੂ, ਓ.ਐਸ.ਡੀ. ਅੰਕਿਤ ਬਾਂਸਲ ਅਤੇ ਦਮਨ ਮੋਹੀ ਦੀ ਸਾਂਝ ਇਨ੍ਹਾਂ ਦੋਸ਼ਾਂ ਦੀ ਪੁਸ਼ਟੀ ਕਰਦੀ ਹੈ। ਇਹੀ ਵਿਅਕਤੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨਾਲ ਵੀ ਕਈ ਤਸਵੀਰਾਂ ਵਿਚ ਖੜ੍ਹੇ ਵਿਖਾਈ ਦਿੰਦੇ ਹਨ। 'ਆਪ' ਆਗੂ ਨੇ ਕਿਹਾ ਕਿ ਇਸ ਸਬੰਧੀ ਹਾਈ ਕੋਰਟ ਦੇ ਮੌਜੂਦਾ ਜੱਜਾਂ ਦੀ ਨਿਗਰਾਨੀ ਹੇਠ ਸਮਾਂਬੱਧ ਜਾਂਚ ਕਰਵਾਉਣੀ ਚਾਹੀਦੀ ਹੈ।

# ਭਾਜਪਾ ਨੇ ਹੁਣ ਪੰਜਾਬ ਉਤੇ ਨਜ਼ਰਾਂ ਟਿਕਾਈਆਂ

*(ਸਫਾ ਇਕ ਦੀ ਬਾਕੀ)*

ਬਿਹਾਰ ਵਿਚ ਉਸ ਦੀ ਇਹ ਰਣਨੀਤੀ ਸਫਲ ਰਹੀ ਹੈ ਤੇ ਇਸੇ ਰਣਨੀਤੀ ਤਹਿਤ ਆਪਣੇ ਤੋਂ ਵੱਡੀਆਂ ਸਹਿਯੋਗੀ ਪਾਰਟੀਆਂ ਸ਼ਿਵ ਸੈਨਾ ਅਤੇ ਜਨਤਾ ਦਲ (ਯੂ) ਨੂੰ ਦੂਸਰੇ ਦਰਜੇ ਦੀਆਂ ਪਾਰਟੀਆਂ ਬਣਾ ਦਿੱਤਾ।

ਕੁਝ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਵੇਲੇ ਚੱਲ ਰਹੇ ਕਿਸਾਨ ਅੰਦੋਲਨ ਕਾਰਨ ਭਾਜਪਾ ਹਰਿਆਣੇ ਵਾਂਗ ਪੰਜਾਬ ਦੇ ਕਿਸਾਨਾਂ ਨੂੰ ਇਕਜੁਟ ਵਜੋਂ ਪੇਸ਼ ਕਰ ਕੇ ਬਾਕੀ ਵਰਗਾਂ ਦੀ ਹਮਾਇਤ ਲੈਣ ਦੀ ਕੋਸ਼ਿਸ਼ ਕਰੇਗੀ। ਕਿਹਾ ਜਾ ਰਿਹਾ ਹੈ ਕਿ ਭਾਜਪਾ ਕੁਝ ਦਲਿਤ ਆਗੂਆਂ ਅਤੇ ਵਿਦਵਾਨਾਂ ਨਾਲ ਇਸ ਬਾਰੇ ਗੱਲਬਾਤ ਕਰ ਰਹੀ ਹੈ। ਪੰਜਾਬ ਵਿਚ ਦਲਿਤ ਸਭ ਤੋਂ ਵੱਡਾ ਭਾਈਚਾਰਾ ਹਨ ਅਤੇ ਵਸੋਂ ਵਿਚ ਉਨ੍ਹਾਂ ਦੀ ਗਿਣਤੀ 32 ਫੀਸਦੀ ਹੈ ਪਰ ਉਹ ਕਦੇ ਵੀ ਇਕਮੁੱਠ ਹੋ ਕੇ ਸਿਆਸੀ ਤਾਕਤ ਵਜੋਂ ਨਹੀਂ ਉਭਰ ਸਕੇ। ਇਹ ਵੀ ਚਰਚਾ ਹੈ ਕਿ ਕੇਂਦਰ ਸਰਕਾਰ ਕਿਸਾਨਾਂ ਦਾ ਰੋਹ ਠੰਢਾ ਕਰਨ ਲਈ ਰਣਨੀਤੀ ਬਣਾ ਰਹੀ ਹੈ। ਇਸ ਲਈ ਮੁੜ ਗੱਲਬਾਤ ਦਾ ਸੱਦਾ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਚੇਤੇ ਰਹੇ ਕਿ ਭਗਵਾ ਧਿਰ ਪੂਰੇ ਮੁਲਕ ਦੀ ਸਿਆਸਤ ਨੂੰ ਆਪਣੇ ਕਲਾਵੇ ਵਿਚ ਲੈਣ ਲਈ ਹਰ ਹਰਬਾ ਵਰਤ ਰਹੀ ਹੈ। ਭਾਜਪਾ ਤੇ ਆਰ.ਐਸ.ਐਸ. ਦਾ ਅਗਲਾ ਨਿਸ਼ਾਨਾ 2021 ਦੀਆਂ 5 ਵਿਧਾਨ ਸਭਾਵਾਂ ਦੀਆਂ ਚੋਣਾਂ ਹਨ। ਇਹ ਚੋਣਾਂ ਅਪਰੈਲ-ਮਈ 2021 ਵਿਚ ਪੱਛਮੀ ਬੰਗਾਲ, ਅਸਾਮ, ਕੇਰਲਾ, ਤਾਮਿਲਨਾਡੂ ਅਤੇ ਪਾਂਡੀਚੇਰੀ ਵਿਚ ਹੋ ਰਹੀਆਂ ਹਨ।

ਬੇਸ਼ੱਕ ਭਾਜਪਾ ਸਾਰੇ ਰਾਜਾਂ ਵਿਚ ਮਿਹਨਤ ਕਰ ਰਹੀ ਹੈ ਪਰ ਭਾਜਪਾ ਦਾ ਸਭ ਤੋਂ ਵੱਧ ਜ਼ੋਰ ਪੱਛਮੀ ਬੰਗਾਲ 'ਤੇ ਲੱਗਾ ਹੋਇਆ ਹੈ। ਇਥੇ ਚੋਣ ਮੁਹਿੰਮ ਨੂੰ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਖੁਦ ਸੰਭਾਲ ਰਹੇ ਹਨ। ਹੁਣ ਅਕਾਲੀ ਦਲ ਨਾਲੋਂ ਤੋੜ-ਵਿਛੋੜੇ ਤੋਂ ਬਾਅਦ ਭਾਜਪਾ ਨਾਲੋ-ਨਾਲ ਪੰਜਾਬ ਬਾਰੇ ਵੀ ਏਜੰਡਾ ਬਣਾ ਰਹੀ ਹੈ।

# ਸ਼੍ਰੋਮਣੀ ਕਮੇਟੀ ਨੂੰ ਸਿਆਸਤ ਮੁਕਤ ਕਰਾਉਣ ਦਾ ਸੱਦਾ

*(ਸਫਾ ਇਕ ਦੀ ਬਾਕੀ)*

ਸਿਆਸਤ ਤੋਂ ਮੁਕਤ ਕਰਨ ਦੀ ਜ਼ਰੂਰਤ ਹੈ। ਇਸ ਵੇਲੇ ਸ਼੍ਰੋਮਣੀ ਕਮੇਟੀ ਵਿਚ ਧਾਰਮਿਕ ਹਿਤਾਂ ਦੀ ਥਾਂ ਸਵਾਰਥੀ ਹਿਤ ਪ੍ਰਧਾਨ ਹੋ ਗਏ ਹਨ ਤੇ ਤਿਆਗ ਤੇ ਸੇਵਾ ਭਾਵਨਾ ਦੀ ਥਾਂ ਸਿੱਖ ਸੰਸਥਾਵਾਂ ਨੂੰ




ਸਿਆਸੀ ਹਿਤਾਂ ਦੇ ਵਾਧੇ ਲਈ ਵਰਤਾਅ ਦਾ ਰੁਝਾਨ ਪ੍ਰਮੁੱਖਤਾ ਹਾਸਲ ਕਰ ਗਿਆ ਹੈ।

ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਾ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਵਾਲਾ ਆਗੂ ਫਿਰ ਸਿਆਸੀ ਜਾਂ ਸੰਵਿਧਾਨਕ ਅਹੁਦੇ ਦਾ ਦਾਅਵੇਦਾਰ ਨਹੀਂ ਬਣੇਗਾ। ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਸੰਤ ਹਰਚੰਦ ਸਿੰਘ ਲੌਂਗੋਵਾਲ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵੱਖ-ਵੱਖ ਗਰੁੱਪਾਂ 'ਚ ਕੰਮ ਕਰਦੇ ਰਹੇ ਨਕਾਰੇ ਗਏ ਆਗੂਆਂ ਨਾਲ ਸੰਪਰਕ ਵਧ ਰਹੇ ਹਨ ਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣਗੇ। ਪਹਿਲਾਂ ਵੀ ਬਾਦਲ ਅਕਾਲੀ ਦਲ ਤੋਂ ਵੱਖ ਹੋ ਕੇ ਲੜਨ ਵਾਲੇ ਆਗੂ ਦੇ ਹਸ਼ਰ ਬਾਰੇ ਦਿੱਤੇ ਜਾ ਰਹੇ ਮਿਹਣਿਆਂ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਉਸ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਗਾਇਬ ਹੋਣ ਵਰਗੀਆਂ ਗੱਲਾਂ ਨਹੀਂ ਸਨ ਹੋਈਆਂ। ਹੁਣ ਗੁਰੂ ਦੀ ਬੇਅਦਬੀ ਤੋਂ ਬਾਅਦ ਪਾਣੀ ਸਿਰਾਂ ਤੋਂ ਲੰਘ ਗਿਆ ਹੈ। ਅਕਾਲੀ ਦਲ (ਡੀ) ਦੇ ਸੀਨੀਅਰ ਆਗੂ ਨਿਧੜਕ ਸਿੰਘ ਬਰਾੜ ਵਲੋਂ ਸੈਮੀਨਾਰ ਵਿਚ ਪੇਸ਼ ਕੀਤਾ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ, ਜਿਸ ਵਿਚ ਆਪਾ ਧਾਪੀ ਦੇ ਮਾਹੌਲ 'ਚ ਪੰਥ ਦਰਦੀ ਸਿੱਖਾਂ ਨੂੰ ਸਿਰ ਜੋੜ ਕੇ ਬੈਠਣ ਤੇ ਸੰਵਾਦ ਰਚਾਉਣ ਉਪਰ ਜ਼ੋਰ ਦਿੱਤਾ ਗਿਆ।

## ਭਾਰਤ 'ਚ ਹਿੰਸਾ ਤੇ ਜਾਤ ਆਧਾਰਿਤ ਸਿਆਸਤ ਦਾ ਬੋਲਬਾਲਾ: ਓਬਾਮਾ

**ਨਿਊ ਯਾਰਕ:** ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੀ ਨਵੀਂ ਕਿਤਾਬ 'ਏ ਪ੍ਰੌਮਿਸਡ ਲੈਂਡ' ਵਿਚ ਇਕ ਤਰ੍ਹਾਂ ਨਾਲ ਪੱਛਮ ਦੀ ਭਾਰਤ ਬਾਰੇ ਬਣੀ ਉਸ ਧਾਰਨਾ ਦੀ ਹੀ ਵਿਆਪਕ ਤਸਵੀਰ ਪੇਸ਼ ਕੀਤੀ ਗਈ ਹੈ ਜਿਸ ਮੁਤਾਬਕ ਇਥੇ ਹਿੰਸਾ ਅਤੇ ਸਿਆਸਤ; ਧਰਮ, ਜਾਤ-ਪਾਤ ਤੇ ਪਰਿਵਾਰਵਾਦ ਦੁਆਲੇ ਘੁੰਮਦੀ ਹੈ। ਉਨ੍ਹਾਂ ਲਿਖਿਆ ਹੈ ਕਿ ਲੱਖਾਂ ਲੋਕ ਗੰਦਗੀ ਅਤੇ ਝੁੱਗੀ-ਝੌਂਪੜੀਆਂ 'ਚ ਰਹਿੰਦੇ ਹਨ ਜਦਕਿ ਵੱਡੇ ਕਾਰੋਬਾਰੀ ਰਾਜਿਆਂ ਤੇ ਮੁਗਲਾਂ ਵਰਗਾ ਆਲੀਸ਼ਾਨ ਜੀਵਨ ਬਤੀਤ ਕਰ ਰਹੇ ਹਨ।

ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਬਾਰੇ ਉਨ੍ਹਾਂ ਕਿਹਾ ਕਿ ਉਹ ਸਭ ਤੋਂ ਤਾਕਤਵਰ ਸਿਆਸਤਦਾਨ ਬਣ ਕੇ ਉਭਰੀ ਜਿਸ ਨੇ ਘੱਟ ਗਿਣਤੀ ਫਿਰਕੇ ਦੇ ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪਹੁੰਚਾਇਆ। ਉਨ੍ਹਾਂ ਮੁਤਾਬਕ ਪਾਕਿਸਤਾਨ ਪ੍ਰਤੀ ਹਮਲਾਵਰ ਰੁਖ ਅਪਣਾ ਕੇ ਭਾਰਤ ਅੰਦਰ ਤੇਜ਼ੀ ਨਾਲ ਕੌਮੀ ਏਕਤਾ ਪੈਦਾ ਕੀਤੇ ਜਾਣ ਦੇ ਯਤਨ ਕੀਤੇ ਜਾਂਦੇ ਹਨ। 'ਬਹੁਤੇ ਭਾਰਤੀ ਇਸ ਗੱਲ 'ਤੇ ਮਾਣ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਮੁਲਕ ਨੇ ਪਾਕਿਸਤਾਨ ਨਾਲ ਟਾਕਰੇ ਲਈ ਪਰਮਾਣੂ ਹਥਿਆਰ ਵਿਕਸਤ ਕੀਤੇ ਹਨ ਪਰ ਉਹ ਇਸ ਤੱਥ ਤੋਂ ਨਾਵਾਕਫ ਹਨ ਕਿ ਇਕ ਗਲਤੀ ਨਾਲ ਖਿੱਤੇ ਦਾ ਵਜੂਦ ਖਤਮ ਹੋਣ ਦਾ ਖਤਰਾ ਖੜ੍ਹਾ ਹੋ ਸਕਦਾ ਹੈ।'

## ਭਾਰਤੀ ਵਿਦਿਆਰਥੀਆਂ ਨੇ ਅਮਰੀਕੀ ਆਰਥਿਕਤਾ 'ਚ ਪਾਇਆ ਵੱਡਾ ਯੋਗਦਾਨ

**ਵਾਸ਼ਿੰਗਟਨ:** ਸਾਲ 2019-2020 ਵਿੱਦਿਅਕ ਵਰ੍ਹੇ ਵਿਚ ਭਾਰਤੀ ਵਿਦਿਆਰਥੀਆਂ ਨੇ ਅਮਰੀਕੀ ਆਰਥਿਕਤਾ ਵਿਚ 7.6 ਅਰਬ ਡਾਲਰ ਦਾ ਯੋਗਦਾਨ ਪਾਇਆ, ਹਾਲਾਂਕਿ ਕੁੱਲ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ 4.4 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। 'ਓਪਨ ਡੋਰਜ਼ 2020' ਦੀ ਰਿਪੋਰਟ ਕਹਿੰਦੀ ਹੈ ਕਿ ਚੀਨ ਤੋਂ ਸਭ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀ ਅਮਰੀਕਾ ਆਉਂਦੇ ਹਨ ਅਤੇ ਲਗਾਤਾਰ 16 ਸਾਲਾਂ ਤੋਂ ਇਨ੍ਹਾਂ ਵਿਚ ਵਾਧਾ ਹੋ ਰਿਹਾ ਹੈ। ਸਾਲ 2019-20 ਵਿਚ ਅਮਰੀਕਾ ਵਿਚ 372000 ਤੋਂ ਵੱਧ ਚੀਨੀ ਵਿਦਿਆਰਥੀ ਸਨ। ਇਹ ਮਾਮਲੇ ਵਿਚ ਚੀਨ ਤੋਂ ਬਾਅਦ ਭਾਰਤ ਦਾ ਨੰਬਰ ਹੈ ਪਰ ਇਸ ਅਕਾਦਮਿਕ ਸਾਲ ਵਿਚ ਇਨ੍ਹਾਂ ਦੀ ਗਿਣਤੀ 4.4 ਫੀਸਦ ਘੱਟ ਕੇ 193124 ਰਹਿ ਗਈ।

## ਹਾਦਸੇ ਤੋਂ ਬਾਅਦ ਕਾਰ ਨੂੰ ਅੱਗ; 5 ਦੋਸਤ ਜ਼ਿੰਦਾ ਸੜੇ

**ਸੰਗਰੂਰ:** ਇਥੇ ਪਿੰਡ ਸਿਬੀਆ ਕੋਲ ਕੌਮੀ ਹਾਈਵੇਅ ਦੇ ਹੇਠ ਟੀ ਪੁਆਇੰਟ ਉਤੇ ਟਰੱਕ ਤੇ ਕਾਰ ਵਿਚਾਲੇ ਟੱਕਰ ਤੋਂ ਬਾਅਦ ਕਾਰ ਨੂੰ ਲੱਗੀ ਅੱਗ ਕਾਰਨ ਪੰਜ ਵਿਅਕਤੀ ਜ਼ਿੰਦਾ ਸੜ ਗਏ। ਮਰਨ ਵਾਲਿਆਂ ਦੀ ਪਛਾਣ ਡਾਕਟਰ ਬਲਵਿੰਦਰ ਸਿੰਘ, ਡਾਕਟਰ ਕੁਲਤਾਰ ਸਿੰਘ, ਕੈਪਟਨ ਸੁਖਵਿੰਦਰ ਸਿੰਘ, ਸੁਰਿੰਦਰ ਸਿੰਘ ਤੇ ਚਮਕੌਰ ਸਿੰਘ ਵਜੋਂ ਹੋਈ ਹੈ।

ਇਹ ਘਟਨਾ ਰਾਤ 12 ਵਜੇ ਦੇ ਕਰੀਬ ਦੀ ਹੈ। ਇਹ ਸਾਰੇ ਮੋਗਾ ਤੋਂ ਦਿੜ੍ਹਬਾ ਵਿਚ ਆਪਣੇ ਦੋਸਤ ਦੇ ਵਿਆਹ ਦੇ ਵਰ੍ਹੇਗੰਢ ਮਨਾਉਣ ਮਗਰੋਂ ਮੋਗਾ ਪਰਤ ਰਹੇ ਸਨ। ਲਾਸ਼ਾਂ ਦਾ ਪੋਸਟਮਾਰਟਮ ਕਰ ਦਿੱਤਾ ਗਿਆ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਟਰੱਕ ਸੁਨਾਮ ਤੋਂ ਸੰਗਰੂਰ ਆ ਰਿਹਾ ਸੀ ਤੇ ਅਚਾਨਕ ਕਾਰ ਟਰੱਕ ਦੀ ਤੇਲ ਟੈਂਕੀ ਨਾਲ ਟਕਰਾਅ ਗਈ ਜਿਸ ਕਾਰਨ ਟੈਂਕੀ ਫੱਟ ਗਈ ਤੇ ਅੱਗ ਲੱਗ ਗਈ ਤੇ ਕਿਸੇ ਨੂੰ ਵੀ ਕਾਰ ਵਿਚੋਂ ਨਿਕਲਣ ਦਾ ਮੌਕਾ ਨਹੀਂ ਲੱਗਿਆ। ਟਰੱਕ ਚਾਲਕ ਮੌਕੇ ਤੋਂ ਫਰਾਰ ਹੋ ਗਿਆ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਕਰੋਨਾ ਵਧ ਰਿਹੈ, ਹੁਸ਼ਿਆਰ ਰਹੋ: ਡਾ. ਹਰਬੰਸ ਸਿੰਘ ਮਾਵੀ

**ਸ਼ਿਕਾਗੋ (ਬਿਊਰੋ):** ਬੀਤੇ ਹਫਤੇ ਕਰੋਨਾ ਵਧਣ ਦੀ ਦਰ ਹੁਣ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਦੁਨੀਆਂ ਭਰ ਵਿਚ ਹੀ ਇਸ ਦੀ ਰਫਤਾਰ ਮੁੜ ਵਧ ਰਹੀ ਹੈ। ਅਮਰੀਕਾ ਵਿਚ ਉਹ ਸੂਬੇ ਜੋ ਪਹਿਲਾਂ ਟਰੰਪ ਦੀ ਹਮਾਇਤ ਕਾਰਨ ਮਾਸਕ ਤੋਂ ਇਨਕਾਰੀ ਸਨ, ਹੁਣ ਮਾਸਕ ਪਹਿਨਣ ਲਈ ਹੁਕਮ ਜਾਰੀ ਕਰ ਰਹੇ ਹਨ। ਕਰੋਨਾ ਤੋਂ ਸਾਵਧਾਨ ਰਹਿਣ ਲਈ ਪਿਛਲੇ ਬੁੱਧਵਾਰ ਸਿੱਖ ਸੀਨੀਅਰ ਸਿਟੀਜਨਜ਼ ਨੇ ਡਾ. ਹਰਬੰਸ ਸਿੰਘ ਮਾਵੀ ਨਾਲ ਗੱਲਬਾਤ ਕੀਤੀ। ਡਾ. ਮਾਵੀ ਸੀਨੀਅਰ ਸਿਟੀਜਨਜ਼ ਮਾਹਿਰ ਹਨ ਅਤੇ ਸਮੇਂ-ਸਮੇਂ ਸਿਰ ਮਸ਼ਵਰਾ ਪੇਸ਼ ਕਰਦੇ ਰਹਿੰਦੇ ਹਨ।


ਡਾ. ਹਰਬੰਸ ਸਿੰਘ ਮਾਵੀ

ਡਾ. ਮਾਵੀ ਨੇ ਦੱਸਿਆ ਕਿ ਲਾਗ ਦੀਆਂ ਬਾਕੀ ਬਿਮਾਰੀਆਂ ਵਾਂਗ ਕਰੋਨਾ ਵੀ ਕਿਟਾਣੂ ਨਾਲ ਲਗਦੀ ਹੈ। ਵੱਖ-ਵੱਖ ਕਿਟਾਣੂ ਵੱਖ-ਵੱਖ ਬਿਮਾਰੀਆਂ ਪੈਦਾ ਕਰਦੇ ਹਨ ਤੇ ਇਨ੍ਹਾਂ ਦੇ ਵੱਖ-ਵੱਖ ਹੀ ਇਲਾਜ ਹਨ; ਜਿਵੇਂ ਨਮੂਨੀਆ, ਸ਼ਿੰਗਮਜ਼ (ਬ੍ਰਹਮ ਸੂਤਲੀ), ਏਡਜ਼, ਔਰਤਾਂ ਦੀਆਂ ਬਿਮਾਰੀਆਂ, ਮਲੇਰੀਆ ਆਦਿ। ਇਹ ਕਿਟਾਣੂ ਵੱਡੇ ਮਾਈਕਰੋਸਕੋਪ ਨਾਲ ਦੇਖੇ ਜਾਂਦੇ ਹਨ। ਕਈਆਂ ਦੀ ਪਰਖ ਲਈ ਲੈਬਾਰਟਰੀ ਵਿਚ ਰਸਾਇਣ ਵਰਤਣੇ ਪੈਂਦੇ ਹਨ। ਕਈਆਂ ਦੀ ਪਰਖ ਖ਼ੂਨ, ਪਿਸ਼ਾਬ, ਟੱਟੀ ਜਾਂ ਫੰਬੇ (ਸਵੈਬ) ਨਾਲ ਹੁੰਦੀ ਹੈ। ਕਈਆਂ ਦੀ ਪਰਖ ਐਕਸਰੇ ਜਾਂ ਸੀ. ਟੀ. ਸਕੈਨ ਨਾਲ, ਜਿਵੇਂ ਮੈਕਸੀਕੋ ਦਾ ਕੀੜਾ ਜੋ ਦਿਮਾਗ ਵਿਚ ਜਾ ਵੜਦਾ ਹੈ, ਨਾਲ ਕੀਤੀ ਜਾਂਦੀ ਹੈ। ਕਈ ਕੀੜੇ ਜਿਵੇਂ ਅਮੀਬਾ, ਦਸਤ ਲਾ ਦਿੰਦੇ ਹਨ। ਮੀਜ਼ਲਜ਼ ਬੁੱਲ੍ਹਾਂ 'ਤੇ ਜ਼ਖਮ ਤੋਂ ਪਛਾਣੀ ਜਾਂਦੀ ਹੈ। ਗਲਫੇੜੇ ਗਰਦਨ ਦੇ ਦੁਵੱਲੇ ਸੁੱਜ ਜਾਂਦੇ ਹਨ।

ਫਲੂ ਦੇ ਟੀਕੇ ਸਾਲ ਵਿਚ ਇਕ ਵਾਰ ਲਗਦੇ ਹਨ। ਕਰੋਨਾ 2019 ਵਿਚ ਚੀਨ ਦੇ ਸ਼ਹਿਰ ਵੂਹਾਨ ਤੋਂ ਸ਼ੁਰੂ ਹੋਇਆ। ਇਹ ਕਰੋਨਾ ਪੀੜਤ ਮਰੀਜ਼ ਦੇ ਸੰਪਰਕ ਵਿਚ ਆਉਣ 'ਤੇ ਦੋ ਹਫਤੇ ਤਕ ਅਸਰ ਕਰ ਸਕਦਾ ਹੈ। ਇਸ ਦੇ ਚਿੰਨ੍ਹ 5-6 ਦਿਨਾਂ ਤੋਂ ਲੈ ਕੇ 14 ਦਿਨ ਤਕ ਰਹਿੰਦੇ ਹਨ। ਇਸ ਦੀ ਨਿਸ਼ਾਨੀ ਸਿਰ ਦਰਦ, ਸਰੀਰ 'ਚ ਮੱਠਾ-ਮੱਠਾ ਦਰਦ, ਕੱਚਾ ਜੀਅ, ਗਲੇ ਵਿਚ ਗੜਬੜ, ਨੱਕ ਵਿਚੋਂ ਪਾਣੀ ਵਗਣਾ, ਬੁਖਾਰ ਤੇ ਛਿੱਕਾਂ ਲਗਦੀਆਂ ਹਨ। ਸਰੀਰ ਨੂੰ ਤੋੜ ਲਗਦੀ ਹੈ। ਸਾਹ ਤੇਜ਼ ਚਲਣ ਲਗ ਸਕਦਾ ਹੈ।

ਕਰੋਨਾ ਦਾ ਬੁਰਾ ਪ੍ਰਭਾਵ ਦਿਲ 'ਤੇ ਪੈ ਸਕਦਾ ਹੈ। ਬਲੱਡ ਪ੍ਰੈਸ਼ਰ ਵਧ ਸਕਦਾ ਹੈ। ਫੇਫੜਿਆਂ 'ਤੇ ਅਸਰ ਪੈ ਸਕਦਾ ਹੈ। ਫੇਫੜਿਆਂ ਦਾ ਕੈਂਸਰ ਬਣ ਸਕਦਾ ਹੈ। ਮੋਟਾਪਾ ਵੀ ਹੋ ਸਕਦਾ ਹੈ। ਇਸ ਦੇ ਦੋ ਤਰ੍ਹਾਂ ਦੇ ਟੈਸਟ ਹਨ। ਇਕ ਜਲਦੀ ਵਾਲਾ ਜਿਸ ਦਾ ਨਤੀਜਾ ਘੰਟਿਆਂ ਅੰਦਰ ਆ ਜਾਂਦਾ ਹੈ; ਦੂਜੇ ਟੈਸਟ ਦੇ ਨਤੀਜੇ ਤਿੰਨ-ਚਾਰ ਦਿਨਾਂ ਵਿਚ ਆਉਂਦੇ ਹਨ। ਜੇ ਟੈਸਟ ਪਾਜ਼ੇਟਿਵ ਆ ਜਾਵੇ ਤਾਂ ਬਿਹਤਰ ਹੈ ਕਿ ਘਰੇ ਇਕਾਂਤ ਵਿਚ ਰਹੋ। ਆਕਸੀਜਨ ਚੈਕ ਕਰਦੇ ਰਹੋ, ਜਿਸ ਲਈ ਮੀਟਰ ਆਮ ਮਿਲਦੇ ਹਨ। ਨਬਜ਼ ਦੀ ਰਫਤਾਰ ਘਟ ਜਾਵੇ ਤਾਂ ਖਿਆਲ ਰਖੋ। ਸਾਹ ਦੀ ਦਿੱਕਤ ਆਵੇ ਤਾਂ ਹਸਪਤਾਲ ਜਾਣਾ ਬਿਹਤਰ ਹੈ। ਹਸਪਤਾਲ ਵਿਚ ਆਕਸੀਜਨ ਲਾ ਸਕਦੇ ਹਨ, ਜੇ ਖਤਰਾ ਵਧ ਜਾਵੇ ਤਾਂ ਵੈਂਟੀਲੇਟਰ 'ਤੇ ਪਾ ਦਿੰਦੇ ਹਨ। ਇਕ ਖਤਰਾ ਖ਼ੂਨ ਦੇ ਗੱਤਲੇ (ਬਲੱਡ ਕਲੌਟ) ਬਣਨ ਦਾ ਵੀ ਹੈ, ਜਿਸ ਤੋਂ ਬਚਣ ਲਈ 8 ਐਮ. ਜੀ. ਬੇਬੀ ਐਸਪਰਿਨ ਲੈਣੀ ਚਾਹੀਦੀ ਹੈ। ਹਸਪਤਾਲ ਵਿਚ ਹੈਪਰਿਨ (ਖ਼ੂਨ ਪਤਲਾ ਕਰਨਾ) ਜਾਂ ਗੱਤਲੇ ਰੋਕਣ ਲਈ ਹੋਰ ਦਵਾਈਆਂ ਦੇ ਦਿੰਦੇ ਹਨ। ਬੱਚਿਆਂ ਵਿਚ ਚਮੜੀ 'ਤੇ ਧੱਬੇ ਪੈ ਜਾਂਦੇ ਹਨ।

ਡਾ. ਮਾਵੀ ਨੇ ਦੱਸਿਆ ਕਿ ਕਰੋਨਾ ਤੋਂ ਬਚਣ ਲਈ ਪੀ.ਪੀ.ਈ. ਦਾ ਇਸਤੇਮਾਲ ਕਰੋ, ਜਿਸ ਵਿਚ ਮਾਸਕ ਜ਼ਰੂਰੀ ਹੈ। ਜੇ ਇਹ ਐਨ 95 ਮਾਤਰਾ ਵਾਲਾ ਹੋਵੇ ਤਾਂ ਵਧੀਆ ਹੈ। ਸ਼ੀਲਡ ਵੀ ਪਾ ਸਕਦੇ ਹੋ। ਹਸਪਤਾਲ ਵਿਚ ਡਾਕਟਰ ਤਾਂ ਸਿਰ 'ਤੇ ਟੋਪੀ, ਐਨਕਾਂ, ਗਾਊਨ ਵੀ ਪਾਉਂਦੇ ਹਨ। ਬਚਾਅ ਇਸ ਵਿਚ ਹੈ ਕਿ ਸਾਹ ਜਾਂ ਛਿੱਕਾਂ ਨਾਲ ਜੋ ਤੁਪਕੇ ਬਾਹਰ ਡਿੱਗਦੇ ਹਨ, ਉਨ੍ਹਾਂ ਤੋਂ ਬਚਾਅ ਹੋ ਸਕੇ। ਹੱਥਾਂ 'ਤੇ ਦਸਤਾਨੇ ਵੀ ਕੰਮ ਆਉਂਦੇ ਹਨ। ਖੰਘ, ਛਿੱਕਾਂ ਤੋਂ ਬਚਾਅ ਕਰਨਾ ਚਾਹੀਦਾ ਹੈ। ਕਈ ਵਾਰ ਦੋ ਮਾਸਕ ਪਾਉਣੇ ਵੀ ਸਹਿਯੋਗੀ ਹਨ। ਜੇ ਮਰੀਜ਼ ਦੀ ਹਾਲਤ ਨਾਜ਼ੁਕ ਹੋ ਜਾਵੇ ਤਾਂ ਇੰਟੈਂਸਿਵ ਕੇਅਰ ਵਿਚ ਦਾਖਲ ਕਰ ਦਿੱਤਾ ਜਾਂਦਾ ਹੈ। ਉਥੇ ਕਈ ਕਿਸਮ ਦੇ ਇਲਾਜ ਕੀਤੇ ਜਾਂਦੇ ਹਨ, ਜਿਵੇਂ ਪਲਾਜ਼ਮਾ, ਸਟੀਰਾਇਡ, ਵੱਖ-ਵੱਖ ਦਵਾਈਆਂ ਆਦਿ। ਘਰੇ ਜੇ ਹਾਲਤ ਬਹੁਤੀ ਖਰਾਬ ਨਹੀਂ ਤਾਂ ਬੁਖਾਰ ਅਤੇ ਦਰਦਾਂ ਕਾਬੂ ਕਰਨ ਲਈ ਮੌਟਰਿਨ, ਟਾਈਲਨੋਲ, ਇਬੂਪ੍ਰੋਫਿਨ ਲੈ ਸਕਦੇ ਹੋ। ਜੇ ਦਿਲ ਕੱਚਾ ਹੁੰਦਾ ਹੈ, ਡਾਕਟਰ ਨੂੰ ਪੁੱਛ ਕੇ ਦਵਾ ਲੈ ਸਕਦੇ ਹੋ। ਬਲੱਡ ਪ੍ਰੈਸ਼ਰ ਕਾਬੂ ਰੱਖਣਾ ਚਾਹੀਦਾ ਹੈ। ਵਿਟਾਮਿਨ ਡੀ, ਜ਼ਿੰਕ ਲੈ ਲੈਣਾ ਚਾਹੀਦਾ ਹੈ। ਵਿਟਾਮਿਨ ਡੀ ਦੁੱਧ ਵਿਚ ਵੀ ਮਿਲਦਾ ਹੈ। ਵਿਟਾਮਿਨ ਡੀ ਘਟ ਜਾਵੇ ਤਾਂ ਕੈਲਸ਼ੀਅਮ ਦੀ ਵੀ ਘਾਟ ਹੋ ਸਕਦੀ ਹੈ। ਧੁੱਪੇ ਬੈਠਣਾ ਠੀਕ ਹੈ।

ਕਰੋਨਾ ਕਰ ਕੇ ਫਲੂ ਦਾ ਅਸਰ ਵੀ ਘਾਤਕ ਹੋ ਸਕਦਾ ਹੈ। ਸੋ, ਜਲਦੀ ਟੀਕਾ ਲਗਵਾ ਲੈਣਾ ਚਾਹੀਦਾ ਹੈ। ਫਲੂ ਕਿਸ ਕਿਸਮ ਦੇ ਕਿਟਾਣੂ ਨਾਲ ਹੁੰਦਾ ਹੈ, ਇਸ ਦੀ ਭਵਿੱਖਵਾਣੀ ਸੇਂਟ ਲੂਈਸ ਵਿਚ ਲੈਬਾਰਟਰੀ ਕਰਦੀ ਹੈ। ਕਰੋਨਾ ਲਈ ਵੈਕਸੀਨ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ। ਆਸ ਹੈ, ਇਸ ਸਾਲ ਦੇ ਅਖੀਰ ਜਾਂ 2021 ਦੇ ਸ਼ੁਰੂ ਵਿਚ ਉਪਲਬਧ ਹੋ ਜਾਵੇਗਾ। ਵੈਸੇ ਤਾਂ ਹਸਪਤਾਲਾਂ ਵਿਚ ਮਰੀਜ਼ਾਂ ਕੋਲ ਜਾਣ ਨਹੀਂ ਦਿੰਦੇ, ਜੇ ਇਜਾਜ਼ਤ ਮਿਲ ਜਾਵੇ ਤਾਂ ਸਾਰਾ ਪੀ. ਪੀ. ਸੀ. ਕੰਡਮ ਕਰਨਾ ਪੈਂਦਾ ਹੈ। ਕਰੋਨਾ ਦੇ ਟੈਸਟ ਅੱਜ ਕੱਲ੍ਹ ਕਾਰ ਵਿਚ ਬੈਠਿਆਂ ਹੀ ਕਰ ਦਿੰਦੇ ਹਨ ਅਤੇ ਆਮ ਤੌਰ 'ਤੇ ਮੁਫਤ ਹੁੰਦੇ ਹਨ। ਸੀਨੀਅਰ ਸਿਟੀਜ਼ਨਜ਼ ਦੀਆਂ ਗਤੀਵਿਧੀਆਂ ਲਈ ਸ. ਸੁਰਿੰਦਰਪਾਲ ਸਿੰਘ ਕਾਲਰਾ ਨਾਲ ਫੋਨ: 847-305-9119, ਸ. ਇਕਬਾਲ ਸਿੰਘ ਚੋਪੜਾ ਨਾਲ ਫੋਨ: 224-358-7769 ਜਾਂ basati13@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਚੋਣ ਕਮਿਸ਼ਨ ਨੇ ਸੋਨੂੰ ਸੂਦ ਪੰਜਾਬ ਦਾ ਆਈਕਨ ਬਣਾਇਆ

**ਚੰਡੀਗੜ੍ਹ:** ਚੋਣ ਕਮਿਸ਼ਨ ਵੱਲੋਂ ਅਦਾਕਾਰ ਸੋਨੂੰ ਸੂਦ ਨੂੰ ਪੰਜਾਬ ਸੂਬੇ ਦਾ 'ਆਈਕਨ' ਨਿਯੁਕਤ ਕੀਤਾ ਗਿਆ ਹੈ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਐਸ. ਕਰੁਣਾ ਰਾਜੂ ਨੇ ਦੱਸਿਆ ਕਿ ਉਨ੍ਹਾਂ ਦੇ ਦਫਤਰ ਵੱਲੋਂ ਮੁੱਖ ਚੋਣ ਕਮਿਸ਼ਨ ਨੂੰ ਪ੍ਰਸਤਾਵ ਭੇਜਿਆ ਗਿਆ ਸੀ, ਜਿਸ ਦੀ ਮਨਜ਼ੂਰੀ ਦੇ ਦਿੱਤੀ ਗਈ। ਮੋਗਾ ਨਾਲ ਸਬੰਧਤ ਸੋਨੂੰ ਸੂਦ ਤਾਲਾਬੰਦੀ ਦੌਰਾਨ ਪਰਵਾਸੀ ਮਜ਼ਦੂਰਾਂ ਦੀ ਮਦਦ ਕਰਕੇ ਸੁਰਖੀਆਂ 'ਚ ਆਏ ਸਨ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA


Gurdip Singh Sandhu

Live on Jas TV
Saturday 9:30AM and Sunday 4PM (Pacific Time)

7021 Village Park Way, Dublin, CA 94568

Email:
Homeomedicine@yahoo.com








MIDWAY Business Broker
We Build Your Dreams

For All Your Commercial Real Estate Needs
*Gas Station *Commercial
*Liquor Store *Hotel/Motel
*Miscellaneous Store

MIDWAY REALTY GROUP
We Build Your Dreams

MIDWAY REALTY GROUP
For all your Residential Real Estate Needs
Join our team, we are hiring real estate agents.


We help you to
- Home Selling
- Home Buying
- Rental / Lease
- New Construction
- Foreclosed / Short Sale
- REO'S / HUD Property

WE WILL ASSIST YOU TO PROVIDE FUNDING FROM $25K TO 500K IN 48HRS

List your business at WWW.MBBBIZ.COM

AJEET SINGH : 847-529-9778
NICK VERMA : 630-664-1435





The Law Firm Of Fatima Johnson

3737 N. Meridian St., Ste 106, Indianapolis, IN 46208

vitalvisa THE LAW FIRM OF FATIMA JOHNSON

ਤੁਸੀਂ ਸਾਡੇ ਲਈ ਬਹੁਤ ਅਹਿਮ ਹੋ

Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

We are experienced in.
•Deportation Defense •VAWA •Asylum •Work Permit
•Family and Marriage Based •Investor Visa (H1B, E-2, EB-5)
•SIJS (Special Immigration Juvenile Status)

Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

Licensed to Practice Immigration Law in all 50 States.

Ph: 317-252-0013
info@vitalvisa.com
*This is an attorney advertisement*

# ਕੈਪਟਨ ਸਰਕਾਰ ਨੂੰ ਹੁਣ ਭਲਾਈ ਸਕੀਮਾਂ ਦਾ ਚੇਤਾ ਆਇਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵੱਖ-ਵੱਖ ਯੋਜਨਾਵਾਂ ਅਤੇ ਵਿਕਾਸ ਪ੍ਰੋਜੈਕਟਾਂ ਦੀ ਅਦਾਇਗੀ ਲਈ 405.34 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਹਨ, ਜਿਨ੍ਹਾਂ ਵਿਚੋਂ ਸਮਾਜਿਕ ਸੁਰੱਖਿਆ ਪੈਨਸ਼ਨਾਂ/ਹੋਰ ਵਿੱਤੀ ਸਹਾਇਤਾ ਯੋਜਨਾਵਾਂ ਲਈ 197.46 ਕਰੋੜ ਰੁਪਏ ਅਤੇ ਸਮਾਰਟ ਫੋਨਾਂ ਲਈ 86 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਸਰਕਾਰੀ ਬੁਲਾਰੇ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਰੇ ਵਿਭਾਗਾਂ ਨੂੰ ਫਜ਼ੂਲ ਖਰਚਿਆਂ ਨੂੰ ਘਟਾ ਕੇ ਵਾਧੂ ਸਰੋਤ ਜੁਟਾਉਣ ਲਈ ਇਹ ਫੰਡ ਸੂਬੇ ਦੇ ਸਰਬਪੱਖੀ ਵਿਕਾਸ ਨੂੰ ਹੁਲਾਰਾ ਦੇਣ ਲਈ ਜਾਰੀ ਕੀਤੇ ਹਨ।



ਮਿਡ-ਡੇਅ ਮੀਲ ਲਈ 64.19 ਕਰੋੜ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ) ਲਈ 18.36 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਇਸੇ ਤਰ੍ਹਾਂ ਘੱਲੂਘਾਰਾ ਤੇ ਹੋਰ ਯਾਦਗਾਰਾਂ ਸਥਾਪਤ ਕਰਨ ਦੀ ਯੋਜਨਾ ਤਹਿਤ ਸਟਾਫ ਨੂੰ ਤਨਖਾਹਾਂ ਲਈ 15.15 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਸੂਬਾ ਸਰਕਾਰ ਨੇ ਪੇਂਡੂ ਵਿਕਾਸ ਲਈ 'ਸਮਾਰਟ ਵਿਲੇਜ ਮੁਹਿੰਮ' ਦੇ ਦੂਜੇ ਪੜਾਅ ਤਹਿਤ ਪੰਜਾਬ ਭਰ ਦੀਆਂ ਗ੍ਰਾਮ ਪੰਚਾਇਤਾਂ ਵਿਚ 17,440 ਵਿਕਾਸ ਕੰਮ ਸ਼ੁਰੂ ਦਿੱਤੇ ਹਨ, ਜਿਨ੍ਹਾਂ 'ਤੇ 327 ਕਰੋੜ ਰੁਪਏ ਦੀ ਲਾਗਤ ਆਉਣੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਹਿਲੇ ਪੜਾਅ ਤਹਿਤ 835 ਕਰੋੜ ਰੁਪਏ ਦੀ ਲਾਗਤ ਨਾਲ 19,132 ਵਿਕਾਸ ਕੰਮਾਂ ਨੂੰ 2019 ਵਿਚ ਸ਼ੁਰੂ ਹੋਈ ਮੁਹਿੰਮ ਦੌਰਾਨ ਨੇਪਰੇ ਚਾੜ੍ਹਿਆ ਸੀ।

ਕੈਪਟਨ ਅਮਰਿੰਦਰ ਸਿੰਘ ਨੇ 17 ਅਕਤੂਬਰ, 2020 ਨੂੰ ਸਮਾਰਟ ਵਿਲੇਜ ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ ਸੀ। ਪਹਿਲੇ ਪੜਾਅ ਵਿਚ ਛੱਪੜਾਂ ਦੀ ਸਫਾਈ, ਸਟਰੀਟ ਲਾਈਟਾਂ, ਪਾਰਕ, ਜਿਮਨੇਜ਼ੀਅਮ, ਕਮਿਊਨਿਟੀ ਹਾਲ, ਪੀਣ ਵਾਲੇ ਪਾਣੀ ਦੀ ਸਪਲਾਈ, ਮਾਡਲ ਆਂਗਣਵਾੜੀ ਕੇਂਦਰ, ਸਮਾਰਟ ਸਕੂਲ ਅਤੇ ਸਾਲਿਡ ਵੇਸਟ ਮੈਨੇਜਮੈਂਟ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਸਨ ਤਾਂ ਜੋ ਪੰਜਾਬ ਦੇ ਪਿੰਡ ਸਵੈ-ਨਿਰਭਰ ਹੋ ਕੇ ਵਿਕਾਸ ਦੀ ਰਾਹ ਉਤੇ ਤੁਰ ਸਕਣ।

ਇਸ ਮੁਹਿੰਮ ਦੇ ਦੂਜੇ ਪੜਾਅ ਤਹਿਤ 48,910 ਵਿਕਾਸ ਪ੍ਰੋਜੈਕਟ 2775 ਕਰੋੜ ਰੁਪਏ ਦੀ ਲਾਗਤ ਨਾਲ ਨੇਪਰੇ ਚਾੜ੍ਹੇ ਜਾ ਰਹੇ ਹਨ। ਇਸ ਮੁਹਿੰਮ ਦੌਰਾਨ 'ਹਰ ਘਰ ਪੱਕੀ ਛੱਤ' ਉਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ, ਜਿਸ ਤਹਿਤ ਪੇਂਡੂ ਖੇਤਰਾਂ ਦੇ ਲੋਕਾਂ ਤੇ ਗਰੀਬਾਂ ਨੂੰ ਰਹਿਣ ਲਈ ਘਰ ਦਿੱਤੇ ਜਾਣਗੇ। ਇਸ ਤੋਂ ਇਲਾਵਾ ਪੇਂਡੂ ਖੇਤਰਾਂ ਦੇ 750 ਖੇਡ ਸਟੇਡੀਅਮਾਂ ਦਾ ਵਿਕਾਸ ਕੀਤਾ ਜਾਣਾ ਹੈ।

ਸਰਕਾਰੀ ਬੁਲਾਰੇ ਨੇ ਦੱਸਿਆ ਕਿ ਦੂਜੇ ਪੜਾਅ ਤਹਿਤ ਪੇਂਡੂ ਵਿਕਾਸ ਨੂੰ ਹੁਲਾਰਾ ਦੇਣ ਸਬੰਧੀ ਪ੍ਰੋਜੈਕਟਾਂ ਦੀ ਫੰਡਿੰਗ ਦੇ ਸਰੋਤਾਂ ਵਿਚ 14ਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ (1088 ਕਰੋੜ ਰੁਪਏ) ਅਤੇ 15ਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ (694 ਕਰੋੜ ਰੁਪਏ) ਸ਼ਾਮਲ ਹਨ। 22 ਜ਼ਿਲ੍ਹਿਆਂ ਦੀਆਂ 13,265 ਗ੍ਰਾਮ ਪੰਚਾਇਤਾਂ ਨੂੰ ਇਹ ਗ੍ਰਾਂਟਾਂ ਪਹਿਲਾਂ ਹੀ ਮੁਹੱਈਆ ਕਰਵਾਈਆਂ ਜਾ ਚੁੱਕੀਆਂ ਹਨ। ਇਸ ਤੋਂ ਇਲਾਵਾ ਹੋਰ ਸਰੋਤਾਂ ਵਿਚ ਮਗਨਰੇਗਾ, ਪੇਂਡੂ ਵਿਕਾਸ ਫੀਸ ਅਤੇ ਗ੍ਰਾਮ ਪੰਚਾਇਤਾਂ ਦੇ ਆਪਣੇ ਵਸੀਲਿਆਂ ਨੂੰ ਇਨ੍ਹਾਂ ਵਿਕਾਸ ਕੰਮਾਂ ਲਈ ਮੁਹੱਈਆ ਕਰਵਾਇਆ ਜਾ ਰਿਹਾ ਹੈ।

## ਜ਼ਮੀਨੀ ਝਗੜੇ ਕਾਰਨ ਗੋਲੀ ਚੱਲੀ; ਸਕੇ ਭਰਾਵਾਂ ਦੀ ਮੌਤ

**ਨਿੱਕੇ ਘੁੰਮਣ:** ਪਿੰਡ ਕਲੇਰ ਖ਼ੁਰਦ ਵਿਚ ਦੋ ਪਰਿਵਾਰਾਂ ਵਿਚ ਜ਼ਮੀਨੀ ਝਗੜੇ ਦੀ ਵਜ੍ਹਾ ਕਰਕੇ ਇਕ ਧਿਰ ਨੇ ਗੋਲੀਆਂ ਚਲਾ ਕੇ ਦੋ ਸਕੇ ਭਰਾਵਾਂ ਨੂੰ ਮਾਰ ਦਿੱਤਾ, ਜਦੋਂ ਕਿ ਪੀੜਤ ਪਰਿਵਾਰ ਦੇ ਤਿੰਨ ਜੀਅ ਗੰਭੀਰ ਜ਼ਖ਼ਮੀ ਹੋ ਗਏ। ਪੁਲਿਸ ਮੁਤਾਬਕ ਪਿੰਡ ਕਲੇਰ ਖ਼ੁਰਦ ਦੇ ਵਸਨੀਕ ਕਿਸਾਨ ਹਰਭਜਨ ਸਿੰਘ (70), ਅਮਰੀਕ ਸਿੰਘ (65), ਕੁੰਨਣ ਸਿੰਘ (73), ਬਲਜੀਤ ਸਿੰਘ ਅਤੇ ਹਰਪ੍ਰੀਤ ਕੌਰ ਆਪਣੇ ਖੇਤ 'ਚ ਕਣਕ ਦੀ ਬਿਜਾਈ ਕਰ ਰਹੇ ਸਨ।

ਇਸੇ ਦੌਰਾਨ ਦੂਜੀ ਧਿਰ ਦੇ ਸਾਬਕਾ ਫੌਜੀ ਵਿਰਸਾ ਸਿੰਘ ਪੁੱਤਰ ਬਚਨ ਸਿੰਘ, ਰੋਬਿਨਪ੍ਰੀਤ ਸਿੰਘ ਪੁੱਤਰ ਵਿਰਸਾ ਸਿੰਘ ਵਲੋਂ ਗੋਲੀਆਂ ਚਲਾ ਕੇ ਦੋਵਾਂ ਭਰਾਵਾਂ ਹਰਭਜਨ ਸਿੰਘ ਤੇ ਅਮਰੀਕ ਸਿੰਘ ਨੂੰ ਮਾਰ ਦਿੱਤਾ, ਜਦੋਂ ਕਿ ਤੀਸਰਾ ਭਰਾ ਕੁੰਨਣ ਸਿੰਘ, ਪੁੱਤਰ ਬਲਜੀਤ ਸਿੰਘ ਤੇ ਸੁਰਜੀਤ ਕੌਰ ਗੋਲੀਆਂ ਲੱਗਣ ਨਾਲ ਗੰਭੀਰ ਜ਼ਖ਼ਮੀ ਹੋ ਗਏ। ਪੁਲਿਸ ਮੁਤਾਬਕ ਬਿਕਰਮਜੀਤ ਸਿੰਘ ਪੁੱਤਰ ਹਰਭਜਨ ਸਿੰਘ ਦੇ ਬਿਆਨਾਂ ਉਤੇ ਵਿਰਸਾ ਸਿੰਘ, ਜੋਗਿੰਦਰ ਸਿੰਘ ਦੋਵੇਂ ਪੁੱਤਰ ਬਚਨ ਸਿੰਘ, ਰੋਬਿਨਪ੍ਰੀਤ ਸਿੰਘ ਪੁੱਤਰ ਵਿਰਸਾ ਸਿੰਘ, ਪ੍ਰਮਜੀਤ ਕੌਰ ਪਤਨੀ ਵਿਰਸਾ ਸਿੰਘ ਅਤੇ ਹਰਪ੍ਰੀਤ ਕੌਰ ਪੁੱਤਰੀ ਵਿਰਸਾ ਸਿੰਘ ਖਿਲਾਫ ਧਾਰਾ 302, 427, 120ਬੀ, 148, 149 ਤਹਿਤ ਮੁਕੱਦਮਾ ਦਰਜ ਕਰਕੇ ਕਥਿਤ ਦੋਸ਼ੀਆਂ ਨੂੰ ਕਾਬੂ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ।

## ਜੀ.ਕੇ. ਵਿਰੁੱਧ ਐਫ. ਆਈ. ਆਰ. ਦਰਜ ਕਰਨ ਦੇ ਹੁਕਮ

**ਨਵੀਂ ਦਿੱਲੀ:** ਇਥੋਂ ਦੀ ਪਟਿਆਲਾ ਹਾਊਸ ਕੋਰਟ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਖਿਲਾਫ ਐਫ.ਆਈ.ਆਰ. ਦਰਜ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਹੁਕਮ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਨਜੀਤ ਸਿੰਘ ਜੀਕੇ ਖਿਲਾਫ 30 ਮਈ 2019 ਨੂੰ ਕਥਿਤ ਭ੍ਰਿਸ਼ਟਾਚਾਰ ਦੇ ਦਾਅਵੇ ਦੇ ਨਾਲ 4 ਦੋਸ਼ ਲਗਾ ਕੇ ਥਾਣਾ ਨਾਰਥ ਐਵੇਨਿਊ ਵਿਚ ਦਿੱਤੀ ਸ਼ਿਕਾਇਤ ਦੇ ਆਧਾਰ 'ਤੇ ਦਿੱਤੇ ਗਏ ਹਨ।



ਇਸ ਸਬੰਧੀ ਮਨਜੀਤ ਸਿੰਘ ਜੀਕੇ ਨੇ ਦੱਸਿਆ ਕਿ ਉਸ ਵਿਰੁੱਧ ਆਰਥਿਕ ਅਪਰਾਧ ਸ਼ਾਖਾ ਦੀ ਜਾਂਚ ਖਤਮ ਹੋ ਚੁੱਕੀ ਹੈ। 'ਜਾਗੋ' ਦੇ ਪ੍ਰਧਾਨ ਜੀਕੇ ਨੇ ਇਸ ਮਾਮਲੇ 'ਚ ਕਮੇਟੀ ਮੈਂਬਰ ਜਗਦੀਪ ਸਿੰਘ ਕਾਹਲੋਂ ਵੱਲੋਂ ਆਪਣੇ ਖਿਲਾਫ ਕੀਤੀ ਗਈ ਸ਼ਿਕਾਇਤ 'ਤੇ ਐਫ.ਆਈ.ਆਰ. ਦਰਜ ਹੋਣ ਤੱਕ ਲੱਗੇ ਡੇਢ ਸਾਲ ਦੌਰਾਨ ਵੱਖ-ਵੱਖ ਜਾਂਚ ਏਜੰਸੀਆਂ ਵੱਲੋਂ ਕੀਤੀ ਗਈ ਜਾਂਚ ਦੀ ਜਾਣਕਾਰੀ ਦਿੱਤੀ।

ਜੀਕੇ ਨੇ ਕਿਹਾ ਕਿ ਸ਼ਾਖਾ ਨੇ ਉਸ ਖਿਲਾਫ ਲੱਗੇ ਸਾਰੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ ਪਰ ਅਦਾਲਤ ਨੇ ਐਫ.ਆਈ.ਆਰ. ਦਰਜ ਕਰਨ ਦਾ ਆਦੇਸ਼ ਦਿੱਤਾ ਹੈ। ਇਸ ਲਈ ਅਦਾਲਤ ਦੇ ਫੈਸਲੇ ਉਤੇ ਸਵਾਲ ਚੁੱਕਣ ਦੀ ਬਜਾਏ ਵਕੀਲ ਇਸ ਫੈਸਲੇ ਨੂੰ ਉਪਰਲੀ ਅਦਾਲਤ ਵਿਚ ਚੁਣੌਤੀ ਦੇਣਗੇ।

## ਵਿੱਤੀ ਸੰਕਟ 'ਚ ਘਿਰਿਆ ਪਾਵਰਕੌਮ, ਸਰਕਾਰ ਦੇ ਹੱਥ ਖੜ੍ਹੇ

**ਚੰਡੀਗੜ੍ਹ:** ਪੰਜਾਬ ਸਰਕਾਰ ਪਾਵਰਕੌਮ ਦੇ ਸੰਕਟ ਦੇ ਦਿਨਾਂ ਦੌਰਾਨ ਵੀ ਬਿਜਲੀ ਅਦਾਰੇ ਦੀ ਵਿੱਤੀ ਲਿਹਾਜ਼ ਤੋਂ ਬਾਂਹ ਨਹੀਂ ਫੜ ਰਹੀ, ਜਿਸ ਕਰਕੇ ਪਾਵਰਕੌਮ ਕੋਲੇ ਦੇ ਸੰਕਟ ਮਗਰੋਂ ਵਿੱਤੀ ਸੰਕਟ 'ਚ ਫਸਣ ਲੱਗਾ ਹੈ। ਅਦਾਰੇ ਦਾ ਪੰਜਾਬ ਸਰਕਾਰ ਵੱਲ ਖੇਤੀ ਸਬਸਿਡੀ ਦਾ 4 ਹਜ਼ਾਰ ਕਰੋੜ ਰੁਪਏ ਦਾ ਬਕਾਇਆ ਖੜ੍ਹਾ ਹੈ, ਜਿਸ ਨੇ ਅਦਾਰੇ ਦੇ ਵਿੱਤੀ ਤਵਾਜ਼ਨ ਨੂੰ ਹਿਲਾ ਦਿੱਤਾ ਹੈ।

ਰੇਲਾਂ ਬੰਦ ਹੋਣ ਕਾਰਨ ਪਾਵਰਕੌਮ ਨੂੰ ਜਿਥੇ ਕੋਲੇ ਦੇ ਸੰਕਟ ਤੋਂ ਉਪਜੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਪੰਜਾਬ ਸਰਕਾਰ ਪਾਵਰਕੌਮ ਦੀ ਵਿੱਤੀ ਪੱਖੋਂ ਸੁਣਵਾਈ ਕਰਨ ਤੋਂ ਭੱਜ ਰਹੀ ਹੈ। ਵੇਰਵਿਆਂ ਮੁਤਾਬਕ ਪੰਜਾਬ ਸਰਕਾਰ ਨੇ 31 ਅਕਤੂਬਰ ਤੱਕ ਪਾਵਰਕੌਮ ਨੂੰ ਖੇਤੀ ਸਬਸਿਡੀ ਦੀ 3724.54 ਕਰੋੜ ਰੁਪਏ ਦੀ ਅਦਾਇਗੀ ਕਰਨੀ ਸੀ, ਜੋ ਅਜੇ ਤੱਕ ਨਹੀਂ ਹੋ ਸਕੀ। ਅਜਿਹੇ 'ਚ ਸਬਸਿਡੀ ਦਾ ਬਕਾਇਆ ਵਧ ਕੇ 4 ਹਜ਼ਾਰ ਕਰੋੜ ਰੁਪਏ ਨੂੰ ਢੁੱਕ ਗਿਆ ਹੈ। ਚੇਤੇ ਰਹੇ ਕਿ ਕਰੀਬ 5 ਸੌ ਕਰੋੜ ਰੁਪਏ ਪ੍ਰਤੀ ਮਹੀਨਾ ਖੇਤੀ ਸਬਸਿਡੀ ਦੇ ਬਣਦੇ ਹਨ, ਜਿਹੜੇ ਕਿ ਹੁਣ ਕਈ ਮਹੀਨਿਆਂ ਤੋਂ ਬਕਾਇਆ ਹਨ। ਪਾਵਰਕੌਮ ਨੇ ਪਿਛਲੇ ਦਿਨੀਂ ਪੰਜਾਬ ਸਰਕਾਰ ਕੋਲੋਂ 500 ਕਰੋੜ ਰੁਪਏ ਤੁਰਤ ਮੰਗੇ ਵੀ ਸਨ, ਪਰ ਅਜੇ ਤੱਕ ਪਾਵਰਕੌਮ ਨੂੰ ਧੇਲਾ ਵੀ ਨਹੀਂ ਮਿਲਿਆ। ਵਿਭਾਗੀ ਸੂਤਰਾਂ ਦੀ ਮੰਨੀਏ ਤਾਂ ਪਾਵਰਕੌਮ ਸਿਰ ਕਰੀਬ 31 ਹਜ਼ਾਰ ਕਰੋੜ ਦਾ ਕਰਜ਼ਾ ਹੈ। ਅਦਾਰੇ ਲਈ ਕਰਜ਼ੇ ਦੀ ਵਧਦੀ ਪੰਡ ਦਾ ਵਿਆਜ ਤਾਰਨਾ ਅਤਿ ਮੁਸ਼ਕਲ ਬਣਿਆ ਹੋਇਆ ਹੈ। ਅੱਗੇ ਹੀ ਕੋਲੇ ਦੀ ਤੋਟ ਕਾਰਨ ਅਦਾਰਾ ਬਾਹਰੀ ਖੇਤਰਾਂ ਤੋਂ ਬਿਜਲੀ ਖਰੀਦਣ ਲਈ ਮਜਬੂਰ ਹੈ। ਪਾਵਰਕੌਮ ਦੇ ਸੀ.ਐਮ.ਡੀ. ਏ.ਵੇਣੂ ਪ੍ਰਸਾਦ ਨੇ ਅਦਾਰੇ ਨੂੰ ਦਰਪੇਸ਼ ਵਿੱਤੀ ਸੰਕਟ ਦੀ ਪੁਸ਼ਟੀ ਕੀਤੀ ਹੈ।



ਪਾਵਰਕੌਮ ਨੇ ਰੋਪੜ ਥਰਮਲ ਵਿਚ ਚੱਲ ਰਹੀ ਇਕੋ-ਇਕ ਉਤਪਾਦਨ ਯੂਨਿਟ ਨੂੰ ਬੰਦ ਕਰ ਦਿੱਤਾ ਹੈ। ਅਦਾਰਾ ਭਾਵੇਂ ਸਰਦੀ ਵਧਣ ਕਾਰਨ ਬਿਜਲੀ ਦੀ ਮੰਗ ਮਨਫੀ ਹੋਣ ਨੂੰ ਯੂਨਿਟ ਬੰਦ ਕਰਨ ਦਾ ਕਾਰਨ ਦੱਸ ਰਿਹਾ ਹੈ, ਪਰ ਸੂਤਰਾਂ ਦਾ ਕਹਿਣਾ ਹੈ ਕਿ ਅਦਾਰੇ ਨੂੰ ਅਜਿਹੇ ਪਾਪੜ ਕੋਲਾ ਸੰਕਟ ਕਾਰਨ ਵੇਲਣੇ ਪੈ ਰਹੇ ਹਨ।


## ਕੇਂਦਰ ਵੱਲੋਂ 6 ਸੂਬਿਆਂ ਨੂੰ 4382 ਕਰੋੜ ਦੀ ਮਦਦ



**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠਲੀ ਉਚ ਪੱਧਰੀ ਕਮੇਟੀ ਨੇ ਛੇ ਸੂਬਿਆਂ ਨੂੰ ਕਰੀਬ 4,382 ਕਰੋੜ ਰੁਪਏ ਦੀ ਸਹਾਇਤਾ ਜਾਰੀ ਕਰਨ ਦੀ ਪ੍ਰਵਾਨਗੀ ਦਿੱਤੀ ਹੈ ਜਿਨ੍ਹਾਂ ਨੂੰ ਇਸ ਸਾਲ ਕੁਦਰਤੀ ਆਫਤਾਂ ਦਾ ਸਾਹਮਣਾ ਕਰਨਾ ਪਿਆ ਹੈ। ਇਹ ਫੰਡ ਪੱਛਮੀ ਬੰਗਾਲ, ਉੜੀਸਾ, ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਸਿੱਕਮ ਨੂੰ ਜਾਰੀ ਕੀਤੇ ਜਾਣਗੇ। ਇਨ੍ਹਾਂ ਸੂਬਿਆਂ 'ਚ ਤੂਫਾਨ, ਹੜ੍ਹਾਂ ਅਤੇ ਢਿੱਗਾਂ ਡਿੱਗਣ ਕਾਰਨ ਭਾਰੀ ਤਬਾਹੀ ਹੋਈ ਹੈ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਉਚ ਪੱਧਰੀ ਕਮੇਟੀ ਨੇ ਛੇ ਸੂਬਿਆਂ ਨੂੰ ਕੌਮੀ ਆਫਤ ਪ੍ਰਬੰਧਨ ਫੰਡ (ਐਨ.ਡੀ.ਆਰ.ਐਫ.) 'ਚੋਂ 4,381.88 ਕਰੋੜ ਰੁਪਏ ਦੀ ਵਾਧੂ ਕੇਂਦਰੀ ਸਹਾਇਤਾ ਦੇਣ ਨੂੰ ਪ੍ਰਵਾਨਗੀ ਦਿੱਤੀ ਹੈ। ਇਨ੍ਹਾਂ ਛੇ ਸੂਬਿਆਂ 'ਚ ਆਫਤਾਂ ਦੇ ਤੁਰਤ ਮਗਰੋਂ ਕੇਂਦਰ ਸਰਕਾਰ ਨੇ ਅੰਤਰ ਮੰਤਰਾਲਾ ਕੇਂਦਰੀ ਟੀਮਾਂ ਭੇਜੀਆਂ ਸਨ। ਪ੍ਰਭਾਵਿਤ ਸੂਬਿਆਂ ਤੋਂ ਕੋਈ ਫਰਿਆਦ ਮਿਲਣ ਦੀ ਉਡੀਕ ਕੀਤੇ ਬਿਨਾਂ ਇਨ੍ਹਾਂ ਸੂਬਿਆਂ 'ਚ ਇਹ ਟੀਮਾਂ ਹਾਲਾਤ ਦਾ ਜਾਇਜ਼ਾ ਲੈਣ ਲਈ ਪਹੁੰਚ ਗਈਆਂ ਸਨ। ਇਸ ਤੋਂ ਇਲਾਵਾ ਕੇਂਦਰ ਸਰਕਾਰ ਨੇ ਵਿੱਤੀ ਵਰ੍ਹੇ 2020-21 ਦੌਰਾਨ ਹੁਣ ਤੱਕ ਐਸ.ਡੀ.ਆਰ.ਐਫ. ਵਿਚੋਂ 28 ਸੂਬਿਆਂ ਨੂੰ 15,524.43 ਕਰੋੜ ਰੁਪਏ ਜਾਰੀ ਕੀਤੇ ਹਨ। ਪੱਛਮੀ ਬੰਗਾਲ ਲਈ 2,707.77 ਕਰੋੜ, ਉੜੀਸਾ ਲਈ 128.23 ਕਰੋੜ, ਮਹਾਰਾਸ਼ਟਰ ਲਈ 268.59 ਕਰੋੜ, ਕਰਨਾਟਕ ਲਈ 577.84 ਕਰੋੜ, ਮੱਧ ਪ੍ਰਦੇਸ਼ ਲਈ 611.61 ਕਰੋੜ ਅਤੇ ਸਿੱਕਮ ਲਈ 87.84 ਕਰੋੜ ਰੁਪਏ ਜਾਰੀ ਕੀਤੇ ਗਏ ਹਨ।

# ਬਿਜਲੀ ਸਮਝੌਤੇ ਰੱਦ ਕਰਨ ਦੀ ਮੰਗ ਨੇ ਫੜਿਆ ਜ਼ੋਰ

**ਚੰਡੀਗੜ੍ਹ:** ਕਾਂਗਰਸ ਦੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਬਿਜਲੀ ਖਰੀਦ ਸਮਝੌਤੇ ਨੂੰ ਰੱਦ ਕਰਨ ਸਬੰਧੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਕ ਪੱਤਰ ਲਿਖਿਆ ਹੈ। ਇਸ ਵਿਚ ਉਨ੍ਹਾਂ ਲਿਖਿਆ ਹੈ ਕਿ ਨਿੱਜੀ ਬਿਜਲੀ ਉਤਪਾਦਕ (ਆਈ.ਪੀ.ਪੀਜ਼.) ਕੰਪਨੀਆਂ ਨਾਲ ਕੀਤੇ ਸਮਝੌਤੇ ਇਕਪਾਸੜ ਅਤੇ ਲੋਕ ਮਾਰੂ ਹਨ। ਇਹ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਦਿਮਾਗ ਦੀ ਕਾਢ ਸਨ। ਉਨ੍ਹਾਂ ਲਿਖਿਆ ਕਿ ਤਿੰਨ ਨਿੱਜੀ ਮਲਕੀਅਤ ਵਾਲੇ ਥਰਮਲ ਬਿਜਲੀ ਉਤਪਾਦਨ ਪਲਾਂਟ ਪੰਜਾਬ ਲਈ ਚਿੱਟੇ ਹਾਥੀ ਸਾਬਤ ਹੋਏ ਹਨ। ਇਨ੍ਹਾਂ ਨੇ ਪੰਜਾਬ ਦੇ ਖਜ਼ਾਨੇ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ ਜਦੋਂਕਿ ਕੁਝ ਨਿੱਜੀ ਕੰਪਨੀਆਂ ਨੂੰ ਫਾਇਦਾ ਦਿੱਤਾ ਹੈ। ਇਹ ਸਮਝੌਤੇ ਇਸ ਢੰਗ ਨਾਲ ਤਿਆਰ ਕੀਤੇ ਗਏ ਹਨ ਕਿ ਇਹ ਨਿੱਜੀ ਕੰਪਨੀਆਂ ਨੂੰ 25 ਸਾਲਾਂ ਵਿਚ 65,000 ਕਰੋੜ ਰੁਪਏ ਦੀ ਸਬਸਿਡੀ ਯਕੀਨੀ ਬਣਾਉਂਦੇ ਹਨ।



ਸ੍ਰੀ ਬਾਜਵਾ ਨੇ ਲਿਖਿਆ ਹੈ ਕਿ ਗੋਇੰਦਵਾਲ ਸਾਹਿਬ ਵਾਲਾ ਪ੍ਰਾਈਵੇਟ ਥਰਮਲ ਪਲਾਂਟ ਕੋਲੇ ਦੀ ਘਾਟ ਕਾਰਨ 3 ਨਵੰਬਰ ਤੋਂ ਬੰਦ ਪਿਆ ਹੈ। ਇਸੇ ਤਰ੍ਹਾਂ ਤਲਵੰਡੀ ਸਾਬੋ ਅਤੇ ਨਾਭਾ ਵਿਚਲੇ ਦੋ ਪ੍ਰਾਈਵੇਟ ਥਰਮਲ ਪਲਾਂਟਾਂ ਨੇ ਪਹਿਲਾਂ ਹੀ ਇਸੇ ਕਾਰਨ ਕਰ ਕੇ ਬਿਜਲੀ ਉਤਪਾਦਨ ਬੰਦ ਕਰ ਦਿੱਤਾ ਸੀ।

ਉਨ੍ਹਾਂ ਕਿਹਾ ਕਿ ਇਨ੍ਹਾਂ ਪਲਾਂਟਾਂ ਨੇ ਸਮਝੌਤਿਆਂ ਅਨੁਸਾਰ ਕੋਲੇ ਦੇ 30 ਦਿਨਾਂ ਦੇ ਸਟਾਕ ਰੱਖਣ ਬਾਰੇ ਲਾਜ਼ਮੀ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ। ਪਾਵਰਕੌਮ ਨੇ ਇਨ੍ਹਾਂ ਫਰਮਾਂ ਖਿਲਾਫ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ। ਸ੍ਰੀ ਬਾਜਵਾ ਨੇ ਲਿਖਿਆ ਹੈ ਕਿ ਉਨ੍ਹਾਂ ਆਪਣੀ ਪਾਰਟੀ ਦੇ ਮੈਨੀਫੈਸਟੋ ਵਿਚ ਵਾਅਦਾ ਕੀਤਾ ਸੀ ਕਿ ਉਹ ਪੰਜਾਬ ਦੇ ਸਰੋਤਾਂ ਉਤੇ ਸਰਮਾਏਦਾਰਾਂ ਦੇ ਕਬਜ਼ੇ ਨੂੰ ਤੋੜ ਦੇਣਗੇ। ਉਨ੍ਹਾਂ ਕਿਹਾ ਕਿ ਪਿਛਲੀ ਅਕਾਲੀ ਸਰਕਾਰ ਨੇ ਸੂਬੇ ਦੇ ਬੁਨਿਆਦੀ ਢਾਂਚੇ ਨੂੰ ਕੁਝ ਲੋਕਾਂ ਦੇ ਹੱਥ ਵੇਚ ਦਿੱਤਾ ਹੈ। ਇਸ ਨਾਲ ਲੋਕ ਜ਼ਰੂਰੀ ਸੇਵਾਵਾਂ ਲਈ ਪ੍ਰਾਈਵੇਟ ਕੰਪਨੀਆਂ ਉਤੇ ਨਿਰਭਰ ਹੋ ਗਏ ਹਨ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਬਿਜਲੀ ਕੰਪਨੀਆਂ ਨੇ ਸਰਕਾਰ ਨਾਲ ਕੀਤੇ ਵਾਅਦੇ ਤੋੜੇ ਹਨ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਇਨ੍ਹਾਂ ਪ੍ਰਾਈਵੇਟ ਬਿਜਲੀ ਕੰਪਨੀਆਂ ਨਾਲ ਕੀਤੇ ਬਿਜਲੀ ਖਰੀਦ ਸਮਝੌਤਿਆਂ ਉਤੇ ਮੁੜ ਵਿਚਾਰ ਜਾਂ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੀ.ਐਸ.ਪੀ.ਸੀ.ਐਲ. ਨੂੰ ਕੋਲੇ ਦੇ ਸਟਾਕਾਂ ਬਾਰੇ ਲਾਜ਼ਮੀ ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ਲਈ ਇਨ੍ਹਾਂ ਕੰਪਨੀਆਂ ਖਿਲਾਫ ਕਾਰਵਾਈ ਦੀ ਹਦਾਇਤ ਕੀਤੀ ਜਾਵੇ।


### ਸਮਝੌਤੇ ਰੱਦ ਹੋਣ 'ਤੇ ਹੀ ਮਿਲੇਗੀ ਰਾਹਤ: ਆਪ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਯੂਥ ਵਿੰਗ ਦੇ ਪ੍ਰਧਾਨ ਅਤੇ ਵਿਧਾਇਕ ਮੀਤ ਹੇਅਰ ਨੇ ਕਿਹਾ ਹੈ ਕਿ ਜਿੰਨਾ ਚਿਰ ਪੰਜਾਬ ਸਰਕਾਰ ਨਿੱਜੀ ਬਿਜਲੀ ਕੰਪਨੀਆਂ ਨਾਲ ਹੋਏ ਮਹਿੰਗੇ ਅਤੇ ਇਕਤਰਫਾ ਬਿਜਲੀ ਖਰੀਦ ਸਮਝੌਤੇ (ਪੀਪੀਏਜ਼) ਰੱਦ ਨਹੀਂ ਕਰਦੀ, ਉਨ੍ਹਾਂ ਚਿਰ ਨਾ ਪਾਵਰਕੌਮ (ਬਿਜਲੀ ਬੋਰਡ) ਘਾਟੇ 'ਚੋਂ ਨਿਕਲ ਸਕੇਗੀ ਅਤੇ ਨਾ ਹੀ ਪੰਜਾਬ ਦੇ ਲੋਕਾਂ ਨੂੰ ਅਤਿਅੰਤ ਮਹਿੰਗੀ ਬਿਜਲੀ ਤੋਂ ਰਾਹਤ ਮਿਲ ਸਕੇਗੀ। ਮੀਤ ਹੇਅਰ ਨੇ ਕਿਹਾ ਕਿ ਕੈਪਟਨ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਅਤੇ ਭ੍ਰਿਸ਼ਟ ਨੀਅਤ ਕਾਰਨ ਪਾਵਰਕੌਮ 31000 ਕਰੋੜ ਰੁਪਏ ਦੇ ਭਾਰੀ ਕਰਜ਼ ਥੱਲੇ ਦੱਬ ਚੁੱਕੀ ਹੈ, ਉਥੇ ਪੰਜਾਬ ਦੇ ਲੋਕਾਂ ਨੂੰ ਸਭ ਤੋਂ ਮਹਿੰਗੀ ਬਿਜਲੀ ਮਿਲ ਰਹੀ ਹੈ। ਮੀਤ ਹੇਅਰ ਨੇ ਕਿਹਾ ਕਿ ਜੇਕਰ 2017 'ਚ ਸੱਤਾ ਸੰਭਾਲਦਿਆਂ ਹੀ ਕੈਪਟਨ ਸਰਕਾਰ ਆਪਣਾ ਚੋਣ ਵਾਅਦਾ ਨਿਭਾਅ ਕੇ ਨਿੱਜੀ ਥਰਮਲ ਪਲਾਂਟਾਂ ਨਾਲ ਬਾਦਲਾਂ ਵੱਲੋਂ ਕੀਤੇ ਘਾਤਕ ਸਮਝੌਤੇ ਰੱਦ ਕਰ ਦਿੰਦੀ ਤਾਂ ਅੱਜ ਪਾਵਰਕੌਮ ਵੀ ਵਿੱਤੀ ਸੰਕਟ 'ਚੋਂ ਉੱਭਰਿਆ ਹੁੰਦਾ।

# ਮੋਦੀ ਲਈ ਝਟਕਾ: ਗੰਭੀਰ ਮੰਦੀ ਦੇ ਦੌਰ 'ਚ ਦਾਖਲ ਹੋਇਆ ਭਾਰਤ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੀ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਮੁਲਕ ਗੰਭੀਰ ਮੰਦੀ (ਰੀਸੈਸ਼ਨ) ਦੇ ਦੌਰ 'ਚ ਦਾਖਲ ਹੋ ਗਿਆ ਹੈ ਅਤੇ ਜੁਲਾਈ ਤੋਂ ਸਤੰਬਰ ਦੇ ਵਕਫੇ ਦੌਰਾਨ ਜੀ.ਡੀ.ਪੀ. ਦਾ ਘਟਣਾ ਇਸ ਦਾ ਸਬੂਤ ਹੈ। ਆਰ.ਬੀ.ਆਈ. ਦੇ ਆਰਥਿਕ ਸਰਗਰਮੀ ਸੂਚਕ ਅੰਕ ਦੇ ਅੰਦਾਜ਼ੇ ਮੁਤਾਬਕ ਭਾਰਤ ਦੀ ਜੀ.ਡੀ.ਪੀ. ਮੌਜੂਦਾ ਵਿੱਤੀ ਵਰ੍ਹੇ ਦੀ ਦੂਜੀ ਤਿਮਾਹੀ 'ਚ ਨਕਾਰਾਤਮਕ ਸੀ ਅਤੇ 8.6 ਫੀਸਦੀ ਤੱਕ ਘਟੀ। ਰਿਪੋਰਟ 'ਚ ਕਿਹਾ ਗਿਆ ਕਿ ਭਾਰਤ ਦੇ ਇਤਿਹਾਸ 'ਚ ਪਹਿਲੀ ਵਾਰ 2020-21 ਦੇ ਪਹਿਲੇ ਅੱਧ 'ਚ ਗੰਭੀਰ ਮੰਦੀ ਦਾ ਸ਼ਿਕਾਰ ਹੋ ਗਿਆ। ਵਿੱਤੀ ਵਰ੍ਹੇ ਦੀ ਲਗਾਤਾਰ ਦੂਜੀ ਤਿਮਾਹੀ 'ਚ ਜੀ.ਡੀ.ਪੀ. ਦੇ ਹੋਰ ਡਿੱਗਣ ਦੇ ਆਸਾਰ ਬਣੇ।

ਭਾਰਤੀ ਰਿਜ਼ਰਵ ਬੈਂਕ ਦੇ ਅਧਿਕਾਰੀ ਨੇ ਕਿਹਾ ਕਿ ਚਾਲੂ ਵਿੱਤ ਸਾਲ ਦੀ ਦੂਸਰੀ ਤਿਮਾਹੀ (ਜੁਲਾਈ-ਸਤੰਬਰ) 'ਚ ਦੇਸ਼ ਦੀ ਜੀ.ਡੀ.ਪੀ. ਇਕ ਸਾਲ ਪਹਿਲਾਂ ਦੀ ਤੁਲਨਾ ਵਿਚ 8.6 ਫੀਸਦੀ ਘਟਣ ਦਾ ਅਨੁਮਾਨ ਹੈ। ਇਸ ਤਰ੍ਹਾਂ ਲਗਾਤਾਰ ਦੋ ਤਿਮਾਹੀਆਂ 'ਚ ਜੀ.ਡੀ.ਪੀ. ਘਟਣ ਨਾਲ ਦੇਸ਼ ਪਹਿਲੀ ਵਾਰ ਮੰਦੀ 'ਚ ਘਿਰਿਆ ਹੈ। ਕਰੋਨਾ ਤੇ ਤਾਲਾਬੰਦੀ ਦੇ ਪ੍ਰਭਾਵ ਨਾਲ ਪਹਿਲੀ ਤਿਮਾਹੀ 'ਚ 23.9 ਫੀਸਦੀ ਦੀ ਗਿਰਾਵਟ ਆਈ ਸੀ। ਦੂਸਰੀ ਤਿਮਾਹੀ ਦੇ ਜੀ.ਡੀ.ਪੀ. ਦੇ ਸਰਕਾਰੀ ਅੰਕੜੇ ਅਜੇ ਨਹੀਂ ਆਏ ਪਰ ਕੇਂਦਰੀ ਬੈਂਕ ਦੇ ਵਿਸ਼ਲੇਸ਼ਣਕਰਤਾਵਾਂ ਨੇ ਅੰਦਾਜ਼ਾ ਲਗਾਇਆ ਹੈ



ਕਿ ਸਤੰਬਰ ਤਿਮਾਹੀ 'ਚ ਜੀ.ਡੀ.ਪੀ. ਵਿਚ 8.6 ਫੀਸਦੀ ਤੱਕ ਗਿਰਾਵਟ ਰਹੀ ਹੋਵੇਗੀ। ਰਿਜ਼ਰਵ ਬੈਂਕ ਨੇ ਪਹਿਲਾਂ ਹੀ ਅਨੁਮਾਨ ਲਗਾ ਰੱਖਿਆ ਹੈ ਕਿ ਚਾਲੂ ਵਿੱਤ ਸਾਲ 'ਚ ਜੀ.ਡੀ.ਪੀ. ਵਿਚ 9.5 ਫੀਸਦੀ ਦੀ ਗਿਰਾਵਟ ਆ ਸਕਦੀ ਹੈ। ਬੈਂਕ ਦੇ ਵਿਸ਼ਲੇਸ਼ਣਕਰਤਾ ਪੰਕਜ ਕੁਮਾਰ ਵਲੋਂ ਤਿਆਰ ਕੀਤੀ ਅਧਿਐਨ ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ ਤਕਨੀਕੀ ਰੂਪ ਨਾਲ 2020-21 ਦੀ ਪਹਿਲੀ ਛਿਮਾਹੀ 'ਚ ਆਪਣੇ ਇਤਿਹਾਸ ਵਿਚ ਪਹਿਲੀ ਵਾਰ ਆਰਥਿਕ ਮੰਦੀ 'ਚ ਚਲਾ ਗਿਆ ਹੈ। 'ਆਰਥਿਕ ਕੰਮਕਾਜ ਦਾ ਸੂਚਕਅੰਕ' ਸਿਰਲੇਖ ਹੇਠ ਲਿਖੇ ਲੇਖ 'ਚ ਕਿਹਾ ਗਿਆ ਹੈ ਕਿ ਲਗਾਤਾਰ ਦੂਸਰੀ ਤਿਮਾਹੀ 'ਚ ਆਰਥਿਕ ਗਿਰਾਵਟ ਆਉਣ ਦਾ ਅਨੁਮਾਨ ਹੈ, ਹਾਲਾਂਕਿ ਇਸ 'ਚ ਇਹ ਵੀ ਕਿਹਾ ਗਿਆ ਹੈ ਕਿ ਸਰਗਰਮੀਆਂ ਹੌਲੀ-ਹੌਲੀ ਆਮ ਵਾਂਗ ਹੋਣ ਦੇ ਨਾਲ ਗਿਰਾਵਟ ਦੀ ਦਰ ਘਟ ਜਾਵੇਗੀ ਤੇ ਸਥਿਤੀ ਬਿਹਤਰ ਹੋ ਜਾਵੇਗੀ।

ਵਿਰੋਧੀ ਧਿਰ ਦਾ ਕਹਿਣਾ ਹੈ ਕਿ ਨੋਟਬੰਦੀ ਅਤੇ ਫਿਰ ਜੀ.ਐਸ.ਟੀ. ਨੂੰ ਗਲਤ ਤਰੀਕੇ ਨਾਲ ਲਾਗੂ ਕਰਨ ਨਾਲ ਆਰਥਿਕ ਸੰਕਟ ਵੱਡੀ ਪੱਧਰ ਉਤੇ ਵਧਿਆ ਹੈ। ਸਰਕਾਰ ਨੇ ਭਾਵੇਂ ਦੋ ਕਰੋੜ ਨੌਕਰੀਆਂ ਪ੍ਰਤੀ ਸਾਲ ਦੇਣ ਦਾ ਵਾਅਦਾ ਕੀਤਾ ਸੀ ਪਰ ਅਸਲ ਵਿਚ ਨੌਕਰੀਆਂ ਖਤਮ ਹੋ ਰਹੀਆਂ ਹਨ।

ਸਾਲ 2017-18 ਵਿਚ ਸਰਕਾਰੀ ਅੰਕੜਿਆਂ ਅਨੁਸਾਰ ਹੀ ਪਿਛਲੇ 45 ਸਾਲਾਂ ਨਾਲੋਂ ਦੇਸ਼ ਵਿਚ ਸਭ ਤੋਂ ਵੱਧ ਬੇਰੁਜ਼ਗਾਰੀ ਸੀ। ਕੋਵਿਡ-19 ਕਾਰਨ ਕੀਤੀ ਤਾਲਾਬੰਦੀ ਦੌਰਾਨ ਕਰੋੜਾਂ ਹੋਰ ਨੌਕਰੀਆਂ ਚਲੀਆਂ ਗਈਆਂ। ਇਸ ਕਰ ਕੇ ਲੋਕਾਂ ਅੰਦਰ ਡਰ ਅਤੇ ਸਹਿਮ ਦਾ ਮਾਹੌਲ ਪੈਦਾ ਹੋ ਗਿਆ। ਲੋਕਾਂ ਦੀ ਬੱਚਤ ਖਤਮ ਹੋਣ ਅਤੇ ਬੇਰੁਜ਼ਗਾਰੀ ਕਾਰਨ ਵਸਤਾਂ ਦੀ ਮੰਗ ਦਾ ਘਟਣਾ ਸੁਭਾਵਿਕ ਹੈ। ਮੱਧ ਵਰਗ ਨੇ ਵੀ ਘਰੇਲੂ ਬੱਚਤ ਕਰਦਿਆਂ ਸੰਕੋਚ ਨਾਲ ਖਰਚ ਕਰਨ ਦਾ ਤਰੀਕਾ ਅਪਣਾਇਆ। ਇਕ ਅਨੁਮਾਨ ਅਨੁਸਾਰ ਕੁਝ ਸਮਾਂ ਪਹਿਲਾਂ ਕੁੱਲ ਘਰੇਲੂ ਪੈਦਾਵਾਰ ਦਾ 7.9 ਫੀਸਦੀ ਘਰੇਲੂ ਬੱਚਤ ਕੀਤੀ ਜਾਂਦੀ ਸੀ। ਅਪਰੈਲ ਅਤੇ ਜੂਨ ਦੀ ਚੌਥਾਈ ਦੌਰਾਨ ਖਰਚ ਉਤੇ ਕਟੌਤੀ ਅਤੇ ਬੱਚਤ ਵਿਚ ਵਾਧੇ ਦੀ ਦਰ 10 ਫੀਸਦੀ ਤੱਕ ਚਲੀ ਗਈ ਅਤੇ ਮੌਜੂਦਾ ਸਮੇਂ ਇਹ ਦਰ 21.4 ਫੀਸਦੀ ਹੈ ਭਾਵ ਲੋਕ ਪੈਸਾ ਖਰਚ ਨਹੀਂ ਕਰ ਰਹੇ। ਮੰਗ ਵਿਚ ਹੋਰ ਵੀ ਗਿਰਾਵਟ ਆਉਣ ਕਰ ਕੇ ਆਰਥਿਕ ਮੰਦੀ ਦੀ ਗਤੀ ਵਧਣੀ ਲਾਜ਼ਮੀ ਹੈ।

ਅਰਥ ਸ਼ਾਸਤਰੀ ਇਹ ਸਲਾਹ ਦੇ ਰਹੇ ਹਨ ਕਿ ਕਿਸੇ ਵੀ ਤਰੀਕੇ ਗਰੀਬ ਲੋਕਾਂ ਤੱਕ ਪੈਸਾ ਪਹੁੰਚਾਉਣਾ ਜ਼ਰੂਰੀ ਹੈ। ਉਹ ਬੱਚਤ ਨਹੀਂ ਕਰ ਸਕਦੇ ਅਤੇ ਸਮੁੱਚਾ ਪੈਸਾ ਮੰਡੀ ਵਿਚ ਆਉਣ ਨਾਲ ਮੰਗ ਪੈਦਾ ਹੋਵੇਗੀ ਅਤੇ ਅਰਥਚਾਰੇ ਦਾ ਸਰਕਲ ਚੱਲ ਸਕੇਗਾ। ਕੇਂਦਰ ਸਰਕਾਰ ਨੇ 20 ਲੱਖ ਕਰੋੜ ਰੁਪਏ ਦੇ ਪੈਕੇਜਾਂ ਰਾਹੀਂ ਵੀ ਵਸਤਾਂ ਦੀ ਮੰਗ ਵਧਾਉਣ ਦੀ ਬਜਾਏ ਸਨਅਤਾਂ ਅਤੇ ਵਪਾਰੀਆਂ ਨੂੰ ਸਹੂਲਤਾਂ ਦੇਣ ਉਤੇ ਜ਼ੋਰ ਦਿੱਤਾ ਹੈ। ਸਰਕਾਰ ਦੇ ਗਲਤ ਫੈਸਲਿਆਂ ਕਾਰਨ ਪੰਜ ਖਰਬ ਡਾਲਰ ਦਾ ਅਰਥਚਾਰਾ ਬਣਾਉਣ ਦਾ ਖੁਆਬ ਹੁਣ ਹੋਰ ਦੂਰ ਹੋ ਗਿਆ ਹੈ।

## ਮੋਦੀ ਦੀਆਂ ਨੀਤੀਆਂ ਕਾਰਨ ਆਇਆ ਮੰਦਵਾੜਾ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਮੌਜੂਦਾ ਵਿੱਤੀ ਵਰ੍ਹੇ ਦੀ ਦੂਜੀ ਤਿਮਾਹੀ ਦੌਰਾਨ ਜੀ.ਡੀ.ਪੀ. 'ਚ ਗਿਰਾਵਟ ਸਬੰਧੀ ਅੰਦਾਜ਼ਿਆਂ ਨੂੰ ਲੈ ਕੇ ਦਾਅਵਾ ਕੀਤਾ ਕਿ ਅਰਥਚਾਰਾ ਭਿਆਨਕ ਮੰਦੀ ਦੀ ਲਪੇਟ 'ਚ ਹੈ ਅਤੇ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਇਸ ਖਬਰ ਨੂੰ ਦਬਾਉਣ ਲਈ ਰਾਹਤ ਪੈਕੇਜ ਦਾ ਐਲਾਨ ਕੀਤਾ ਹੈ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਕਾਰਨ ਮੁਲਕ ਪਹਿਲੀ ਵਾਰ ਮੰਦੀ ਦੇ ਦੌਰ 'ਚ ਦਾਖਲ ਹੋ ਗਿਆ ਹੈ। ਉਨ੍ਹਾਂ ਟਵੀਟ ਕਰਕੇ ਕਿਹਾ ਕਿ ਮੋਦੀ ਦੀਆਂ ਨੀਤੀਆਂ ਨੇ ਭਾਰਤ ਦੀ ਤਾਕਤ ਨੂੰ ਕਮਜ਼ੋਰੀ 'ਚ ਬਦਲ ਦਿੱਤਾ ਹੈ। ਪਾਰਟੀ ਦੇ ਸੀਨੀਅਰ ਆਗੂ ਪੀ ਚਿਦੰਬਰਮ ਨੇ ਇਹ ਵੀ ਦੋਸ਼ ਲਾਇਆ ਕਿ ਅਰਥਚਾਰੇ ਨੂੰ ਲੀਹਾਂ 'ਤੇ ਲਿਆਉਣ ਦੀ ਸਰਕਾਰ ਕੋਲ ਕੋਈ ਯੋਜਨਾ ਨਹੀਂ ਹੈ।

## ਅਰਥਚਾਰੇ 'ਚ ਜ਼ੋਰਦਾਰ ਢੰਗ ਨਾਲ ਸੁਧਾਰ ਹੋ ਰਿਹੈ: ਸੀਤਾਰਾਮਨ

**ਨਵੀਂ ਦਿੱਲੀ:** ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਕਿਹਾ ਹੈ ਕਿ ਲੰਬੇ ਅਤੇ ਸਖਤ ਲੌਕਡਾਊਨ ਮਗਰੋਂ ਭਾਰਤੀ ਅਰਥਚਾਰੇ ਦੀ ਹਾਲਤ 'ਚ ਜ਼ੋਰਦਾਰ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਅਰਥਚਾਰੇ ਨੂੰ ਮਜ਼ਬੂਤੀ ਦੇਣ ਲਈ ਕੁਝ ਹੋਰ ਰਿਆਇਤਾਂ ਦੇ ਐਲਾਨ ਦੌਰਾਨ ਕਿਹਾ ਕਿ ਵਿਆਪਕ ਆਰਥਿਕ ਸੰਕੇਤ ਹਾਲਾਤ 'ਚ ਸੁਧਾਰ ਵੱਲ ਇਸ਼ਾਰਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੰਪਨੀਆਂ ਦੇ ਕਾਰੋਬਾਰ 'ਚ ਰਫਤਾਰ ਦਾ ਸੰਕੇਤ ਦੇਣ ਵਾਲਾ ਕੰਪੋਜ਼ਿਟ ਪਰਚੇਜ਼ਿੰਗ ਮੈਨੇਜਰਜ਼ ਇੰਡੈਕਸ (ਪੀ.ਐਮ.ਆਈ.) ਅਕਤੂਬਰ 'ਚ ਵਧ ਕੇ 58.9 ਫੀਸਦ ਰਿਹਾ ਜੋ ਪਿਛਲੇ ਮਹੀਨੇ 54.6 ਫੀਸਦੀ ਦਰਜ ਹੋਇਆ ਸੀ। ਉਨ੍ਹਾਂ ਕਿਹਾ ਕਿ ਅਕਤੂਬਰ ਦੌਰਾਨ ਊਰਜਾ ਖਪਤ 'ਚ 12 ਫੀਸਦ ਦਾ ਵਾਧਾ ਹੋਇਆ ਜਦਕਿ ਜੀ.ਐਸ.ਟੀ. ਕੁਲੈਕਸ਼ਨ 10 ਫੀਸਦੀ ਵਧ ਕੇ 1.05 ਲੱਖ ਕਰੋੜ ਰੁਪਏ ਪਹੁੰਚ ਗਿਆ ਹੈ।

## ਮੂਡੀਜ਼ ਨੂੰ ਅਰਥਚਾਰੇ 'ਚ ਸੁਧਾਰ ਦੀ ਉਮੀਦ

**ਨਵੀਂ ਦਿੱਲੀ:** ਰੇਟਿੰਗ ਏਜੰਸੀ ਮੂਡੀਜ਼ ਨੇ ਭਾਰਤ ਦੇ ਜੀ.ਡੀ.ਪੀ. ਅਨੁਮਾਨ 'ਚ ਸੋਧ ਕਰਦਿਆਂ ਪਹਿਲਾਂ ਦੇ ਮੁਕਾਬਲੇ ਹਾਲਾਤ 'ਚ ਸੁਧਾਰ ਦੀ ਉਮੀਦ ਜਤਾਈ ਹੈ। ਮੂਡੀਜ਼ ਨੇ 2020 'ਚ ਭਾਰਤੀ ਅਰਥਚਾਰੇ 'ਚ 8.9 ਫੀਸਦ ਦੀ ਗਿਰਾਵਟ ਦਾ ਅਨੁਮਾਨ ਜਤਾਇਆ ਹੈ ਜਦਕਿ ਇਸ ਤੋਂ ਪਹਿਲਾਂ ਉਸ ਨੇ 9.6 ਫੀਸਦ ਗਿਰਾਵਟ ਆਉਣ ਦਾ ਅੰਦਾਜ਼ਾ ਲਾਇਆ ਸੀ। ਮੂਡੀਜ਼ ਨੇ ਕਿਹਾ ਕਿ ਲੰਬੇ ਅਤੇ ਸਖਤ ਲੌਕਡਾਊਨ ਤੋਂ ਬਾਅਦ ਦੇਸ਼ ਦਾ ਅਰਥਚਾਰਾ ਮੁੜ ਲੀਹਾਂ ਉਤੇ ਆ ਗਿਆ ਹੈ ਪਰ ਇਹ ਸੁਧਾਰ ਖਿੰਡਿਆ ਹੋਇਆ ਹੈ। ਰਿਪੋਰਟ 'ਚ ਏਜੰਸੀ ਨੇ 2021 ਲਈ ਵੀ ਮੁਲਕ ਦੀ ਆਰਥਿਕ ਵਿਕਾਸ ਦਰ ਦਾ ਅੰਦਾਜ਼ਾ ਵਧਾ ਕੇ 8.6 ਫੀਸਦ ਕੀਤਾ ਹੈ। ਪਹਿਲਾਂ ਇਹ 8.1 ਫੀਸਦ ਸੀ।

## ਵਿਦੇਸ਼ਾਂ ਤੋਂ ਫੰਡ ਪ੍ਰਾਪਤ ਕਰਨ ਵਾਲੇ ਐਨ.ਜੀ.ਓ. ਲਈ ਨਿਯਮ ਕੀਤੇ ਸਖਤ

**ਨਵੀਂ ਦਿੱਲੀ:** ਵਿਦੇਸ਼ਾਂ ਤੋਂ ਫੰਡ ਪ੍ਰਾਪਤ ਕਰਨ ਦੀ ਇੱਛਾ ਰੱਖਣ ਵਾਲੇ ਗੈਰ ਸਰਕਾਰੀ ਸੰਗਠਨ (ਐਨ.ਜੀ.ਓ.) ਨੂੰ ਹੁਣ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਬਣਾਏ ਗਏ ਸਖਤ ਨਿਯਮਾਂ ਦਾ ਸਾਹਮਣਾ ਕਰਨਾ ਪਏਗਾ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਜਿਹੀਆਂ ਸੰਸਥਾਵਾਂ ਘੱਟੋ-ਘੱਟ 3 ਸਾਲਾਂ ਲਈ ਮੌਜੂਦ ਹੋਣੀਆਂ ਚਾਹੀਦੀਆਂ ਹਨ ਅਤੇ ਵਿਦੇਸ਼ਾਂ ਤੋਂ ਫੰਡ ਪ੍ਰਾਪਤ ਕਰਨ ਦੇ ਯੋਗ ਬਣਨ ਲਈ ਉਨ੍ਹਾਂ ਵਲੋਂ ਸਵੈ-ਇੱਛਕ ਗਤੀਵਿਧੀਆਂ ਲਈ 15 ਲੱਖ ਰੁਪਏ ਖਰਚ ਕੀਤੇ ਹੋਣੇ ਚਾਹੀਦੇ ਹਨ। ਗ੍ਰਹਿ ਮੰਤਰਾਲੇ ਵਲੋਂ ਜਾਰੀ ਨੋਟੀਫਿਕੇਸ਼ਨ 'ਚ ਇਹ ਵੀ ਕਿਹਾ ਗਿਆ ਹੈ ਕਿ ਵਿਦੇਸ਼ੀ ਯੋਗਦਾਨ (ਰੈਗੂਲੇਸ਼ਨ) ਐਕਟ ਅਧੀਨ ਰਜਿਸਟ੍ਰੇਸ਼ਨ ਲੈਣ ਲਈ ਐਨ.ਜੀ.ਓਜ਼. ਦੇ ਅਹੁਦੇਦਾਰਾਂ ਨੂੰ ਦਾਨੀਆਂ ਕੋਲੋਂ ਇਕ ਖਾਸ ਵਚਨਬੱਧਤਾ ਪੱਤਰ ਲੈਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਦੇਸ਼ 'ਚ ਕਰੀਬ 22,440 ਐਨ.ਜੀ.ਓ. ਹਨ, ਜਿਨ੍ਹਾਂ ਵਲੋਂ 2016-17 ਤੇ 2018-19 ਵਿਚਕਾਰ 58,000 ਕਰੋੜ ਰੁਪਏ ਤੋਂ ਵਧੇਰੇ ਦੇ ਵਿਦੇਸ਼ੀ ਫੰਡ ਹਾਸਲ ਕੀਤੇ ਗਏ ਹਨ।

# ਭਾਰਤ 'ਚ ਰਵਾਇਤੀ ਦਵਾਈਆਂ ਦਾ ਕੇਂਦਰ ਬਣਾਏਗਾ ਡਬਲਿਊ.ਐਚ.ਓ.

**ਨਵੀਂ ਦਿੱਲੀ:** ਵਿਸ਼ਵ ਸਿਹਤ ਸੰਗਠਨ ਨੇ ਐਲਾਨ ਕੀਤਾ ਹੈ ਕਿ ਭਾਰਤ ਵਿਚ ਰਵਾਇਤੀ ਦਵਾਈਆਂ ਦਾ ਆਲਮੀ ਪੱਧਰ ਦਾ ਕੇਂਦਰ ਸਥਾਪਤ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡਬਲਿਊ.ਐਚ.ਓ. ਦੇ ਐਲਾਨ ਉਤੇ ਕਿਹਾ ਕਿ ਜਿਵੇਂ ਮੁਲਕ 'ਦੁਨੀਆ ਦੀ ਫਾਰਮੇਸੀ ਬਣ ਕੇ ਉੱਭਰਿਆ ਹੈ', ਵਿਸ਼ਵ ਸਿਹਤ ਸੰਗਠਨ ਦਾ ਉਪਰਾਲਾ ਵੀ ਕੌਮਾਂਤਰੀ ਪੱਧਰ ਉਤੇ ਤੰਦਰੁਸਤੀ ਦਾ ਵੱਡਾ ਕੇਂਦਰ ਬਣੇਗਾ।

ਪੰਜਵੇਂ ਆਯੁਰਵੈਦ ਦਿਵਸ ਮੌਕੇ ਪ੍ਰਧਾਨ ਮੰਤਰੀ ਨੇ ਜੈਪੁਰ ਤੇ ਜਾਮਨਗਰ ਵਿਚ ਵੀਡੀਓ ਕਾਨਫਰੰਸ ਰਾਹੀਂ ਦੋ ਆਯੁਰਵੈਦ ਸੰਸਥਾਵਾਂ ਦਾ ਉਦਘਾਟਨ ਕੀਤਾ। ਇਸ ਮੌਕੇ ਵਿਸ਼ਵ ਸਿਹਤ ਸੰਗਠਨ ਮੁਖੀ ਦਾ ਇਕ ਵੀਡੀਓ ਸੁਨੇਹਾ ਸਾਂਝਾ ਕੀਤਾ ਗਿਆ ਜਿਸ ਵਿਚ ਰਵਾਇਤੀ ਦਵਾਈਆਂ ਦਾ ਕੇਂਦਰ ਭਾਰਤ ਵਿਚ ਬਣਾਉਣ ਦਾ ਐਲਾਨ ਕੀਤਾ ਗਿਆ ਹੈ। ਜਾਮਨਗਰ (ਗੁਜਰਾਤ) ਵਿਚ ਆਯੁਰਵੈਦ ਅਧਿਆਪਨ ਤੇ ਖੋਜ ਸੰਸਥਾ (ਆਈ.ਟੀ.ਆਰ.ਏ.) ਅਤੇ ਜੈਪੁਰ (ਰਾਜਸਥਾਨ) ਵਿਚ ਕੌਮੀ ਆਯੁਰਵੈਦ ਸੰਸਥਾ (ਐਨ.ਆਈ.ਏ.) ਦਾ ਉਦਘਾਟਨ ਕੀਤਾ ਗਿਆ ਹੈ। ਆਯੁਰਵੈਦ ਦੇ ਖੇਤਰ ਵਿਚ ਇਹ ਮੁਲਕ ਦੀਆਂ ਮੋਹਰੀ ਸੰਸਥਾਵਾਂ ਹੋਣਗੀਆਂ। ਡਬਲਿਊ.ਐਚ.ਓ. ਦੇ ਡੀਜੀ ਟੈਡਰੋਸ ਅਧਾਨੋਮ ਨੇ ਕਿਹਾ ਕਿ ਆਯੁਰਵੈਦ ਨੂੰ ਹਾਲੇ ਤੱਕ ਢੁਕਵੀਂ ਤਵੱਜੋ ਨਹੀਂ ਮਿਲੀ ਹੈ ਪਰ ਇਹ ਸਿਹਤ ਖੇਤਰ ਵਿਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਟੈਡਰੋਸ ਨੇ ਪ੍ਰਧਾਨ ਮੰਤਰੀ ਮੋਦੀ ਦੀ ਆਯੂਸ਼ਮਾਨ ਭਾਰਤ ਸਕੀਮ ਲਈ ਸ਼ਲਾਘਾ ਕੀਤੀ।

ਉਨ੍ਹਾਂ ਕਿਹਾ ਕਿ ਭਾਰਤ ਰਵਾਇਤੀ ਦਵਾਈਆਂ ਨੂੰ ਉਤਸ਼ਾਹਿਤ ਕਰਨ ਲਈ ਸਬੂਤ ਅਧਾਰਿਤ ਰਣਨੀਤੀ ਉਤੇ ਕੰਮ ਕਰ ਰਿਹਾ ਹੈ ਜੋ ਕਿ ਸ਼ਲਾਘਾਯੋਗ ਹੈ। ਮੋਦੀ ਨੇ ਇਸ ਮੌਕੇ ਕਿਹਾ ਕਿ ਆਯੁਰਵੈਦ ਭਾਰਤ ਦੀ ਵਿਰਾਸਤ ਹੈ ਜਿਸ ਦਾ ਵਿਸਤਾਰ ਮਨੁੱਖਤਾ ਦੇ ਭਲੇ ਲਈ ਸਹਾਈ ਹੈ। ਮੋਦੀ ਨੇ ਕਿਹਾ ਕਿ ਭਾਰਤ ਨੂੰ ਵਿਰਾਸਤ ਵਿਚ ਮਿਲਿਆ ਗਿਆਨ ਹੋਰਨਾਂ ਮੁਲਕਾਂ ਨਾਲ ਸਾਂਝਾ ਕਰਨ ਦਾ ਮੌਕਾ ਮਿਲ ਰਿਹਾ ਹੈ ਤੇ ਇਹ ਮਾਣ ਵਾਲੀ ਗੱਲ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪ੍ਰਾਈਵੇਟ ਸੈਕਟਰ ਤੇ ਨਵੇਂ ਉਦਮਾਂ ਨੂੰ ਇਸ ਸੈਕਟਰ ਵਿਚ ਸੰਭਾਵਨਾਵਾਂ ਤਲਾਸ਼ਣ ਦੀ ਲੋੜ ਹੈ। ਦੱਸਣਯੋਗ ਹੈ ਕਿ ਆਯੁਰਵੈਦ ਉਤਪਾਦਾਂ ਦੀ ਬਰਾਮਦ ਕਾਫੀ ਵਧੀ ਹੈ।

## ਸੂ ਕੀ ਦੀ ਪਾਰਟੀ ਨੇ ਮਿਆਂਮਾਰ 'ਚ ਸਭ ਤੋਂ ਵੱਧ ਸੀਟਾਂ ਜਿੱਤੀਆਂ

**ਯੈਂਗੋਨ:** ਮਿਆਂਮਾਰ ਵਿਚ ਆਂਗ ਸਾਨ ਸੂ ਕੀ ਦੀ ਪਾਰਟੀ ਨੈਸ਼ਨਲ ਲੀਗ ਫਾਰ ਡੈਮੋਕ੍ਰੇਸੀ ਨੇ ਦੂਜੀ ਵਾਰ ਸੱਤਾ 'ਚ ਪਰਤਣ ਲਈ ਲੋੜੀਂਦੀਆਂ ਸੀਟਾਂ ਜਿੱਤ ਲਈਆਂ ਹਨ। ਪਾਰਟੀ ਕੋਲ ਹੋਰ ਪੰਜ ਸਾਲ ਸਰਕਾਰ ਚਲਾਉਣ ਲਈ ਸੰਸਦ ਵਿਚ 346 ਸੀਟਾਂ ਹਨ ਜਦਕਿ ਬਹੁਮਤ ਲਈ 322 ਲੋੜੀਂਦੀਆਂ ਹਨ।

ਚੋਣ ਕਮਿਸ਼ਨ ਨੇ ਅਧਿਕਾਰਤ ਤੌਰ ਉਤੇ ਨਤੀਜੇ ਐਲਾਨ ਦਿੱਤੇ ਹਨ। 346 ਸੀਟਾਂ ਪਾਰਟੀ ਨੇ ਉਪਰਲੇ ਤੇ ਹੇਠਲੇ ਸਦਨ ਵਿਚ ਜਿੱਤੀਆਂ ਹਨ। ਕੇਂਦਰੀ ਚੋਣ ਕਮਿਸ਼ਨ ਨੇ ਇਸ ਬਾਰੇ ਟੈਲੀਵਿਜ਼ਨ ਤੇ ਸੋਸ਼ਲ ਮੀਡੀਆ ਉਤੇ ਐਲਾਨ ਕੀਤਾ ਹੈ। ਫੌਜ ਦੀ ਹਮਾਇਤ ਪ੍ਰਾਪਤ ਪਾਰਟੀ ਤੇ ਮੁੱਖ ਵਿਰੋਧੀ ਧਿਰ ਯੂ.ਐਸ.ਡੀ.ਪੀ. ਨੇ 25 ਸੀਟਾਂ ਜਿੱਤੀਆਂ ਹਨ। ਸੂ ਕੀ ਦੀ ਪਾਰਟੀ ਐਨ.ਐਲ.ਡੀ. ਕੋਲ ਬਹੁਮਤ ਹੋਣ ਦੇ ਬਾਵਜੂਦ ਸਰਕਾਰ ਦਾ ਪੂਰਾ ਕੰਟਰੋਲ ਨਹੀਂ ਹੈ। ਫੌਜ ਵੱਲੋਂ 2008 ਵਿਚ ਬਣਾਏ ਸੰਵਿਧਾਨ ਵਿਚ ਕੁੱਲ ਸੀਟਾਂ 'ਚੋਂ 25 ਫੀਸਦ ਫੌਜ ਲਈ ਰਾਖਵੀਆਂ ਰੱਖੀਆਂ ਗਈਆਂ ਹਨ ਜੋ ਕਿ ਸੰਵਿਧਾਨਕ ਤਬਦੀਲੀਆਂ ਨੂੰ ਰੋਕਣ ਲਈ ਕਾਫੀ ਹਨ। ਮੰਤਰੀ ਪੱਧਰ ਦੀਆਂ ਕਈ ਨਿਯੁਕਤੀਆਂ ਵੀ ਫੌਜ ਕਰਦੀ ਹੈ।

ਯੂ.ਐਸ.ਡੀ.ਪੀ. ਨੇ ਨਤੀਜਿਆਂ ਨੂੰ ਪੱਖਪਾਤੀ



ਦੱਸ ਕੇ ਮੰਨਣ ਤੋਂ ਇਨਕਾਰ ਕੀਤਾ ਸੀ ਪਰ ਇਹ ਦਾਅਵਾ ਚੋਣ ਕਮਿਸ਼ਨ ਨੇ ਖਾਰਜ ਕਰ ਦਿੱਤਾ ਹੈ। ਕੁਝ ਮਨੁੱਖੀ ਹੱਕ ਸੰਗਠਨਾਂ ਨੇ ਮੁਸਲਿਮ ਰੋਹਿੰਗੀਆ ਘੱਟ ਗਿਣਤੀਆਂ ਦੀਆਂ ਵੋਟਾਂ ਕੱਟਣ ਦੀ ਨਿਖੇਧੀ ਕੀਤੀ ਹੈ। ਚੋਣ ਕਮਿਸ਼ਨ ਨੇ ਵੋਟਾਂ ਕੱਟਣ ਲਈ ਸਰਕਾਰ ਤੇ ਘੱਟ ਗਿਣਤੀ ਗੁਰੀਲਾ ਗਰੁੱਪਾਂ ਵਿਚਾਲੇ ਜਾਰੀ ਲੜਾਈ ਦਾ ਹਵਾਲਾ ਦਿੱਤਾ ਹੈ ਪਰ ਸੰਗਠਨਾਂ ਦਾ ਕਹਿਣਾ ਹੈ ਕਿ ਇਹ ਇਸ ਲਈ ਕੱਟੀਆਂ ਗਈਆਂ ਹਨ ਕਿਉਂਕਿ ਉਥੇ ਲੋਕਾਂ ਨੇ ਉਹ ਮੈਂਬਰ ਚੁਣਨੇ ਸਨ ਜੋ ਸਰਕਾਰ ਦੇ ਖਿਲਾਫ ਹਨ।

# ਮੋਦੀ ਸਰਕਾਰ ਵੱਲੋਂ ਇਕ ਹੋਰ ਰਾਹਤ ਪੈਕੇਜ ਦਾ ਐਲਾਨ

**ਨਵੀਂ ਦਿੱਲੀ:** ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਅਰਥਚਾਰੇ ਨੂੰ ਹੁਲਾਰਾ ਦੇਣ ਲਈ ਇਕ ਹੋਰ ਰਾਹਤ ਪੈਕੇਜ ਦਾ ਐਲਾਨ ਕੀਤਾ ਹੈ। ਉਨ੍ਹਾਂ ਚੋਣਵੇਂ ਘਰਾਂ ਦੀ ਵਿਕਰੀ ਉਤੇ ਟੈਕਸ ਰਾਹਤ, ਛੋਟੇ ਕਾਰੋਬਾਰੀਆਂ ਲਈ ਵਧਿਆ ਕਰਜ਼ਾ ਗਾਰੰਟੀ ਪ੍ਰੋਗਰਾਮ ਅਤੇ ਰੁਜ਼ਗਾਰ ਦੇ ਨਵੇਂ ਮੌਕਿਆਂ ਦੌਰਾਨ ਰਿਆਇਤਾਂ ਦੇਣ ਦੇ ਐਲਾਨ ਕੀਤੇ ਹਨ।




ਲੌਕਡਾਊਨ ਤੋਂ ਬਾਅਦ ਹੁਣ ਤੱਕ 30 ਲੱਖ ਕਰੋੜ ਰੁਪਏ ਦੇ ਰਾਹਤ ਪੈਕੇਜ ਐਲਾਨੇ ਜਾ ਚੁੱਕੇ ਹਨ ਜੋ ਕੁੱਲ ਜੀ.ਡੀ.ਪੀ. ਦੇ 15 ਫੀਸਦ ਰਕਮ ਬਣਦੀ ਹੈ। ਇਨ੍ਹਾਂ 'ਚ ਰੀਅਲ ਅਸਟੇਟ ਡਿਵੈਲਪਰਾਂ ਅਤੇ ਕੰਟਰੈਕਟਰਾਂ ਲਈ ਵਾਧੂ ਫੰਡਿੰਗ, ਰੁਜ਼ਗਾਰ ਦੀ ਨਵੀਂ ਯੋਜਨਾ ਅਤੇ ਦਿਹਾਤੀ ਰੁਜ਼ਗਾਰ ਯੋਜਨਾ ਉਤੇ ਵਾਧੂ ਖਰਚੇ ਦੀਆਂ ਯੋਜਨਾਵਾਂ ਸ਼ਾਮਲ ਹਨ। ਰੁਜ਼ਗਾਰ ਯੋਜਨਾ ਤਹਿਤ ਨਵੇਂ ਮੁਲਾਜ਼ਮਾਂ ਜਾਂ ਮਹਾਮਾਰੀ ਦੌਰਾਨ ਕੱਢੇ ਗਏ ਮੁਲਾਜ਼ਮਾਂ ਨੂੰ ਮੁੜ ਤੋਂ ਕੰਮ ਉਤੇ ਰੱਖਣ ਵਾਲੀਆਂ ਕੰਪਨੀਆਂ ਨੂੰ ਸਰਕਾਰ ਮੁਲਾਜ਼ਮ ਅਤੇ ਮਾਲਕ ਦੇ ਯੋਗਦਾਨ ਬਰਾਬਰ ਰਿਟਾਇਰ ਫੰਡ 'ਚ ਸਬਸਿਡੀ ਮੁਹੱਈਆ ਕਰਵਾਏਗੀ।

ਸੀਤਾਰਾਮਨ ਨੇ ਦੋ ਕਰੋੜ ਰੁਪਏ ਤੱਕ ਦੀਆਂ ਹਾਊਸਿੰਗ ਯੂਨਿਟਾਂ ਦੀ ਪਹਿਲੀ ਵਾਰ ਸਰਕਲ ਦਰ ਤੋਂ ਘੱਟ ਕੀਮਤ ਉਤੇ ਵਿਕਰੀ 'ਤੇ ਆਮਦਨ ਕਰ ਨੇਮਾਂ 'ਚ ਛੋਟ ਦੇਣ ਦਾ ਐਲਾਨ ਕੀਤਾ ਹੈ। ਹੁਣ ਤੱਕ ਸਰਕਲ ਦਰ ਅਤੇ ਐਗਰੀਮੈਂਟ ਵੈਲਿਊ ਵਿਚਕਾਰ ਸਿਰਫ 10 ਫੀਸਦੀ ਦੇ ਫਰਕ ਦੀ ਇਜਾਜ਼ਤ ਸੀ। ਹਾਊਸਿੰਗ ਰੀਅਲ ਅਸਟੇਟ ਸੈਕਟਰ ਨੂੰ ਉਤਸ਼ਾਹਿਤ ਕਰਨ ਲਈ ਵਿੱਤ ਮੰਤਰੀ ਨੇ ਕਿਹਾ ਕਿ ਹੁਣ ਇਸ ਫਰਕ ਨੂੰ 30 ਜੂਨ 2021 ਤੱਕ ਵਧਾ ਕੇ 20 ਫੀਸਦ ਕਰ ਦਿੱਤਾ ਗਿਆ ਹੈ। ਉਨ੍ਹਾਂ ਸ਼ਹਿਰੀ ਹਾਊਸਿੰਗ ਪ੍ਰੋਗਰਾਮ ਲਈ 18 ਹਜ਼ਾਰ ਕਰੋੜ ਰੁਪਏ ਦੀ ਵਾਧੂ ਵਿਵਸਥਾ ਦਾ ਐਲਾਨ ਵੀ ਕੀਤਾ। ਇਸ ਐਲਾਨ ਨਾਲ ਰੀਅਲ ਅਸਟੇਟ ਪ੍ਰੋਜੈਕਟਾਂ ਨੂੰ ਪੂਰਾ ਕਰਨ 'ਚ ਸਹਾਇਤਾ ਮਿਲੇਗੀ। ਠੇਕਿਆਂ ਨੂੰ ਵਧੇਰੇ ਨਕਦੀ ਮੁਹੱਈਆ ਕਰਾਉਣ ਲਈ ਸਰਕਾਰ ਨੇ ਪ੍ਰੋਜੈਕਟਾਂ ਲਈ ਪੇਸ਼ਗੀ ਰਕਮ 31 ਦਸੰਬਰ 2021 ਤੱਕ ਘਟਾਉਣ ਦਾ ਫੈਸਲਾ ਲਿਆ ਹੈ। ਕੋਵਿਡ-19 ਵੈਕਸੀਨ ਖੋਜ ਲਈ ਬਾਇਓਟੈਕਨਾਲੋਜੀ ਵਿਭਾਗ ਨੂੰ 900 ਕਰੋੜ ਰੁਪਏ ਦੀ ਗਰਾਂਟ ਦਿੱਤੀ ਗਈ ਹੈ ਜਿਸ 'ਚ ਵੈਕਸੀਨ ਦੀ ਖਰੀਦ ਅਤੇ ਉਸ ਦੀ ਵੰਡ ਉਤੇ ਖਰਚ ਹੋਣ ਵਾਲੀ ਰਕਮ ਸ਼ਾਮਲ ਨਹੀਂ ਹੈ। ਦਿਹਾਤੀ ਰੁਜ਼ਗਾਰ ਲਈ 10 ਹਜ਼ਾਰ ਕਰੋੜ ਰੁਪਏ, ਐਕਜ਼ਿਮ ਬੈਂਕ ਨੂੰ ਕਰਜ਼ੇ ਦੇਣ ਲਈ 3 ਹਜ਼ਾਰ ਕਰੋੜ ਰੁਪਏ, ਰੱਖਿਆ ਅਤੇ ਬੁਨਿਆਦੀ ਢਾਂਚੇ ਲਈ 10,200 ਕਰੋੜ ਰੁਪਏ ਦਾ ਵਧੇਰੇ ਬਜਟ ਰੱਖਿਆ ਗਿਆ ਹੈ।

ਸੀਤਾਰਾਮਨ ਨੇ ਕਿਹਾ ਕਿ ਸਰਕਾਰ ਖਾਦਾਂ 'ਤੇ ਵਾਧੂ ਸਬਸਿਡੀ ਲਈ 65 ਹਜ਼ਾਰ ਕਰੋੜ ਰੁਪਏ ਮੁਹੱਈਆ ਕਰਵਾਏਗੀ।

# ਨਿਤੀਸ਼ ਕੁਮਾਰ ਨੇ ਸੱਤਵੀਂ ਵਾਰ ਬਿਹਾਰ ਦੇ ਮੁੱਖ ਮੰਤਰੀ ਵਜੋਂ ਲਿਆ ਹਲਫ

**ਪਟਨਾ:** ਜਨਤਾ ਦਲ (ਯੂ) ਮੁਖੀ ਨਿਤੀਸ਼ ਕੁਮਾਰ (69) ਨੇ ਦੋ ਦਹਾਕਿਆਂ 'ਚ ਸੱਤਵੀਂ ਵਾਰ ਬਿਹਾਰ ਦੇ ਮੁੱਖ ਮੰਤਰੀ ਵਜੋਂ ਹਲਫ ਲਿਆ। ਰਾਜਪਾਲ ਫਾਗੂ ਚੌਹਾਨ ਨੇ ਰਾਜ ਭਵਨ 'ਚ ਉਨ੍ਹਾਂ ਦੀ ਅਗਵਾਈ ਹੇਠ 14 ਮੈਂਬਰੀ ਮੰਤਰੀ ਮੰਡਲ ਨੂੰ ਹਲਫ ਦਿਵਾਇਆ।

ਭਾਜਪਾ ਦੇ ਦੋ ਆਗੂਆਂ ਤਾਰਕਿਸ਼ੋਰ ਪ੍ਰਸਾਦ ਅਤੇ ਰੇਣੂ ਦੇਵੀ ਨੂੰ ਸੁਸ਼ੀਲ ਕੁਮਾਰ ਮੋਦੀ ਦੀ ਥਾਂ ਉਤੇ ਇਸ ਵਾਰ ਉਪ ਮੁੱਖ ਮੰਤਰੀ ਬਣਾਇਆ ਗਿਆ ਹੈ ਜਦਕਿ ਪਾਰਟੀ ਦੇ ਪੰਜ ਹੋਰ ਵਿਧਾਇਕ ਮੰਤਰੀ ਬਣੇ ਹਨ। ਮੰਤਰੀ ਮੰਡਲ 'ਚ ਜਨਤਾ ਦਲ (ਯੂ) ਦੇ 5, ਹਿੰਦੁਸਤਾਨੀ ਅਵਾਮ ਮੋਰਚਾ ਅਤੇ ਵਿਕਾਸਸ਼ੀਲ ਇਨਸਾਨ ਪਾਰਟੀ ਦੇ ਇਕ-ਇਕ ਆਗੂ ਨੂੰ ਥਾਂ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਨਿਤੀਸ਼ ਕੁਮਾਰ ਨਵੰਬਰ 2015 ਤੋਂ ਲਗਾਤਾਰ ਮੁੱਖ ਮੰਤਰੀ ਅਹੁਦੇ ਉਤੇ ਕਾਬਜ਼ ਹਨ। ਉਂਜ 2014-15 ਦੌਰਾਨ ਜੀਤਨ ਰਾਮ ਮਾਂਝੀ ਕੁਝ ਸਮੇਂ ਲਈ ਮੁੱਖ ਮੰਤਰੀ ਰਹੇ ਸਨ। ਨਿਤੀਸ਼ ਕੁਮਾਰ ਨੇ ਸ੍ਰੀਕ੍ਰਿਸ਼ਨਾ ਸਿੰਘ ਦੇ ਰਿਕਾਰਡ ਨੂੰ ਤੋੜਿਆ ਹੈ ਜੋ ਆਜ਼ਾਦੀ ਤੋਂ ਬਾਅਦ ਆਪਣੀ ਮੌਤ 1961 ਤੱਕ



ਬਿਹਾਰ ਦੇ ਮੁੱਖ ਮੰਤਰੀ ਰਹੇ ਸਨ।

ਭਾਜਪਾ ਦੇ ਦੋ ਉਪ ਮੁੱਖ ਮੰਤਰੀਆਂ ਸਮੇਤ ਮੰਗਲ ਪਾਂਡੇ, ਅਮਰੇਂਦਰ ਪ੍ਰਤਾਪ ਸਿੰਘ, ਰਾਮਪ੍ਰਿਤ ਪਾਸਵਾਨ, ਜਿਬੇਸ਼ ਕੁਮਾਰ ਅਤੇ ਰਾਮ ਸੂਰਤ ਰਾਏ ਨੂੰ ਮੰਤਰੀ ਮੰਡਲ 'ਚ ਸ਼ਾਮਲ ਕੀਤਾ ਗਿਆ ਹੈ। ਜਨਤਾ ਦਲ (ਯੂ) ਦੇ ਬਿਜੇਂਦਰ ਪ੍ਰਸਾਦ ਯਾਦਵ, ਅਸ਼ੋਕ ਚੌਧਰੀ, ਵਿਜੈ ਕੁਮਾਰ ਚੌਧਰੀ, ਮੇਵਾ ਲਾਲ ਚੌਧਰੀ ਅਤੇ ਸ਼ੀਲਾ ਕੁਮਾਰੀ ਮੰਡਲ ਨੂੰ ਮੰਤਰੀ ਬਣਾਇਆ ਗਿਆ ਹੈ। ਹਿੰਦੁਸਤਾਨੀ ਅਵਾਮ ਮੋਰਚਾ ਦੇ ਐਮ.ਐਲ.ਸੀ. ਸੰਤੋਸ਼ ਕੁਮਾਰ ਸੁਮਨ, ਜਿਨ੍ਹਾਂ ਦੇ ਪਿਤਾ ਜੀਤਨ ਰਾਮ ਮਾਂਝੀ ਹਨ, ਨੇ ਵਿਕਾਸਸ਼ੀਲ ਇਨਸਾਨ ਪਾਰਟੀ ਦੇ ਬਾਨੀ ਮੁਕੇਸ਼ ਸਾਹਨੀ ਨਾਲ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕੀ ਹੈ। ਪਿਛਲੀ ਸਰਕਾਰ 'ਚ ਉਪ ਮੁੱਖ ਮੰਤਰੀ ਰਹੇ ਸੁਸ਼ੀਲ ਕੁਮਾਰ ਮੋਦੀ ਇਸ ਵਾਰ ਕੋਈ ਅਹੁਦਾ ਨਾ ਮਿਲਣ ਕਾਰਨ ਉਖੜੇ-ਉਖੜੇ ਦਿਖਾਈ ਦਿੱਤੇ। ਭਾਜਪਾ ਦੇ ਹੰਢੇ ਹੋਏ ਆਗੂ ਨੰਦ ਕਿਸ਼ੋਰ ਯਾਦਵ ਨੂੰ ਨਵਾਂ ਸਪੀਕਰ ਬਣਾਇਆ ਜਾ ਸਕਦਾ ਹੈ। ਨੇਮਾਂ ਤਹਿਤ 243 ਮੈਂਬਰੀ ਬਿਹਾਰ ਵਿਧਾਨ ਸਭਾ 'ਚ ਵੱਧ ਤੋਂ ਵੱਧ 36 ਵਿਧਾਇਕਾਂ ਨੂੰ ਮੰਤਰੀ ਬਣਾਇਆ ਜਾ ਸਕਦਾ ਹੈ। ਸੂਤਰਾਂ ਮੁਤਾਬਕ ਵਿਧਾਨ ਸਭਾ ਦਾ ਇਜਲਾਸ 23 ਨਵੰਬਰ ਨੂੰ ਸੱਦਿਆ ਜਾ ਸਕਦਾ ਹੈ। ਹਲਫਦਾਰੀ ਸਮਾਗਮ ਮੌਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਪ੍ਰਧਾਨ ਜੇ ਪੀ ਨੱਢਾ ਸਮੇਤ ਐਨ.ਡੀ.ਏ. ਦੇ ਚੋਟੀ ਦੇ ਆਗੂ ਹਾਜ਼ਰ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਿਤੀਸ਼ ਕੁਮਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਐਨ.ਡੀ.ਏ. ਪਰਿਵਾਰ ਹੁਣ ਸੂਬੇ ਦੀ ਤਰੱਕੀ ਲਈ ਰਲ ਕੇ ਕੰਮ ਕਰੇਗਾ। ਆਪਣੇ ਟਵੀਟ 'ਚ ਪ੍ਰਧਾਨ ਮੰਤਰੀ ਨੇ ਸੂਬੇ ਦੀ ਭਲਾਈ ਲਈ ਮੁੱਖ ਮੰਤਰੀ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਵੀ ਦਿੱਤਾ।

### ਨਿਤੀਸ਼ ਐਨ.ਡੀ.ਏ. ਦੇ ਮੁੱਖ ਮੰਤਰੀ ਬਣੇ ਰਹਿਣਗੇ: ਚਿਰਾਗ

**ਪਟਨਾ:** ਲੋਕ ਜਨਸ਼ਕਤੀ ਪਾਰਟੀ ਦੇ ਪ੍ਰਧਾਨ ਚਿਰਾਗ ਪਾਸਵਾਨ ਨੇ ਨਿਤੀਸ਼ ਕੁਮਾਰ ਨੂੰ ਸੱਤਵੀਂ ਵਾਰ ਮੁੱਖ ਮੰਤਰੀ ਬਣਨ 'ਤੇ ਵਧਾਈ ਦਿੰਦਿਆਂ ਆਸ ਜਤਾਈ ਕਿ ਸਰਕਾਰ ਆਪਣਾ ਕਾਰਜਕਾਲ ਪੂਰਾ ਕਰੇਗੀ ਅਤੇ ਉਹ ਐਨ.ਡੀ.ਏ. ਦੇ ਮੁੱਖ ਮੰਤਰੀ ਬਣੇ ਰਹਿਣਗੇ। ਉਨ੍ਹਾਂ ਨਿਤੀਸ਼ ਨੂੰ ਮੁੱਖ ਮੰਤਰੀ ਬਣਾਏ ਜਾਣ ਲਈ ਭਾਜਪਾ ਨੂੰ ਵੀ ਵਧਾਈ ਦਿੱਤੀ। ਉਨ੍ਹਾਂ ਲੋਕ ਜਨਸ਼ਕਤੀ ਪਾਰਟੀ ਦੇ ਚੋਣ ਮਨੋਰਥ ਪੱਤਰ ਦੀ ਕਾਪੀ ਵੀ ਨਿਤੀਸ਼ ਨੂੰ ਭੇਜੀ ਹੈ ਤਾਂ ਜੋ ਉਹ ਲੋਕਾਂ ਨਾਲ ਕੀਤੇ ਗਏ ਕੁਝ ਵਾਅਦਿਆਂ ਨੂੰ ਵੀ ਪੂਰਾ ਕਰ ਸਕਣ। ਜ਼ਿਕਰਯੋਗ ਹੈ ਕਿ ਨਿਤੀਸ਼ ਕੁਮਾਰ ਨੂੰ ਚੋਣਾਂ 'ਚ ਹਰਾਉਣ ਲਈ ਚਿਰਾਗ ਪਾਸਵਾਨ ਨੇ ਜਨਤਾ ਦਲ (ਯੂ) ਦੇ ਉਮੀਦਵਾਰਾਂ ਖਿਲਾਫ ਆਪਣੀ ਪਾਰਟੀ ਦੇ ਉਮੀਦਵਾਰ ਮੈਦਾਨ 'ਚ ਉਤਾਰੇ ਸਨ।

## ਮਾਲ ਗੱਡੀਆਂ ਰੱਦ ਹੋਣ ਕਾਰਨ ਰੇਲਵੇ ਨੂੰ 1670 ਕਰੋੜ ਦਾ ਨੁਕਸਾਨ

**ਨਵੀਂ ਦਿੱਲੀ:** ਪੰਜਾਬ ਵਿਚ 55 ਤੋਂ ਵੱਧ ਦਿਨਾਂ ਤੋਂ ਜਾਰੀ ਕਿਸਾਨ ਅੰਦੋਲਨ ਕਾਰਨ ਰੇਲਵੇ ਨੇ 3090 ਮਾਲ ਗੱਡੀਆਂ ਰੱਦ ਕੀਤੀਆਂ ਹਨ ਤੇ ਇਸ ਕਾਰਨ 1670 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਤੋਂ ਇਲਾਵਾ 1986 ਯਾਤਰੀ ਗੱਡੀਆਂ ਵੀ ਰੱਦ ਕੀਤੀਆਂ ਗਈਆਂ ਹਨ। ਸੰਘਰਸ਼ਸ਼ੀਲ ਜਥੇਬੰਦੀਆਂ ਮਾਲ ਗੱਡੀਆਂ ਚੱਲਣ ਦੇਣ ਲਈ ਮੰਨ ਗਈਆਂ ਸਨ ਪਰ ਰੇਲਵੇ ਨੇ ਇਹ ਤਜਵੀਜ਼ ਨਹੀਂ ਮੰਨੀ ਤੇ ਹਾਲੇ ਵੀ ਰੇਲ ਸੇਵਾ ਸੂਬੇ ਵਿਚ ਬੰਦ ਹੈ।

ਰੇਲਵੇ ਨੂੰ ਹਰ ਰੋਜ਼ 36 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਪਹਿਲੀ ਅਕਤੂਬਰ ਤੋਂ 15 ਨਵੰਬਰ ਤੱਕ ਕਈ ਮਾਲ ਗੱਡੀਆਂ ਪੰਜਾਬ ਤੋਂ ਬਾਹਰ ਫਸੀਆਂ ਹੋਈਆਂ ਹਨ। ਇਨ੍ਹਾਂ ਵਿਚੋਂ ਕਈ ਲੱਦਾਖ ਤੇ ਜੰਮੂ-ਕਸ਼ਮੀਰ ਜਾਣ ਵਾਲੀਆਂ ਹਨ। ਪੰਜਾਬ ਦੇ ਪੰਜ ਬਿਜਲੀ ਪਲਾਂਟਾਂ ਲਈ ਲਿਆਂਦੇ ਗਏ ਕੋਲੇ ਦੇ 520 ਰੈਕ ਵੀ ਤੈਅ ਥਾਵਾਂ ਉਤੇ ਨਹੀਂ ਪਹੁੰਚ ਸਕੇ ਹਨ। ਇਸ ਨਾਲ ਵੀ 550 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਰਾਹ ਵਿਚ ਫਸੀਆਂ ਕਈ ਮਾਲ ਗੱਡੀਆਂ ਵਿਚ ਸਟੀਲ, ਸੀਮਿੰਟ, ਖੁਰਾਕੀ ਵਸਤਾਂ, ਖਾਦਾਂ, ਤੇਲ ਪਦਾਰਥ ਹਨ। ਇਨ੍ਹਾਂ ਦੇ ਸਮੇਂ ਸਿਰ ਨਾ ਪਹੁੰਚਣ ਕਾਰਨ ਵੀ ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਮਾਲ ਗੱਡੀਆਂ ਕਰੀਬ ਡੇਢ ਮਹੀਨੇ ਤੋਂ ਪੰਜਾਬ




ਵਿਚ ਦਾਖਲ ਨਹੀਂ ਹੋ ਸਕੀਆਂ ਹਨ। ਸਿਰਫ ਅਕਤੂਬਰ ਵਿਚ ਦੋ ਦਿਨਾਂ ਲਈ ਹੀ ਇਹ ਚੱਲੀਆਂ ਸਨ। ਉਸ ਵੇਲੇ ਜ਼ਰੂਰੀ ਵਸਤਾਂ, ਕਣਕ ਦੀ ਬਿਜਾਈ ਲਈ ਖਾਦ ਤੇ ਕੋਲਾ ਹੀ ਸਪਲਾਈ ਕੀਤਾ ਗਿਆ ਸੀ। ਸੰਘਰਸ਼ ਕਰ ਰਹੇ ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਉਨ੍ਹਾਂ ਰੇਲ ਪਟੜੀਆਂ ਖਾਲੀ ਕਰ ਦਿੱਤੀਆਂ ਹਨ ਪਰ ਕੁਝ ਮੁਜ਼ਾਹਰਾਕਾਰੀ ਅਜੇ ਕੁਝ ਸਟੇਸ਼ਨਾਂ ਉਤੇ ਧਰਨਾ ਉਤੇ ਬੈਠੇ ਹਨ। ਜ਼ਿਕਰਯੋਗ ਹੈ ਕਿ ਰੇਲਵੇ ਸੇਵਾਵਾਂ ਮੁੜ ਸ਼ੁਰੂ ਕਰਨ ਲਈ ਪੰਜਾਬ ਸਰਕਾਰ ਤੋਂ ਗਾਰੰਟੀ ਮੰਗ ਰਿਹਾ ਹੈ ਕਿ ਸੇਵਾ ਵਿਚ ਵਿਘਨ ਨਹੀਂ ਪਾਇਆ ਜਾਵੇਗਾ ਤੇ ਮਾਲ ਤੇ ਯਾਤਰੀ ਗੱਡੀਆਂ ਦੋਵਾਂ ਨੂੰ ਚੱਲਣ ਦੀ ਇਜਾਜ਼ਤ ਦਿੱਤੀ ਜਾਵੇਗੀ।

## ਅੱਠ ਮਹੀਨਿਆਂ ਮਗਰੋਂ ਖੁੱਲ੍ਹੇ ਯੂਨੀਵਰਸਿਟੀਆਂ ਤੇ ਕਾਲਜ

**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਵਾਇਰਸ ਮਹਾਮਾਰੀ ਤੋਂ ਬਾਅਦ ਬੰਦ ਕੀਤੀਆਂ ਗਈਆਂ ਯੂਨੀਵਰਸਿਟੀਆਂ ਅਤੇ ਕਾਲਜ ਤਕਰੀਬਨ ਅੱਠ ਮਹੀਨਿਆਂ ਮਗਰੋਂ ਮੁੜ ਤੋਂ ਖੁੱਲ੍ਹ ਗਏ ਹਨ। ਰਿਪੋਰਟਾਂ ਮੁਤਾਬਕ ਪਹਿਲੇ ਦਿਨ ਵਿਦਿਆਰਥੀਆਂ ਨੇ ਕੋਈ ਖਾਸ ਹੁੰਗਾਰਾ ਨਹੀਂ ਭਰਿਆ ਪਰ ਆਉਣ ਵਾਲੇ ਦਿਨਾਂ 'ਚ ਉਨ੍ਹਾਂ ਦੀ ਗਿਣਤੀ ਵਧਣ ਦੇ ਆਸਾਰ ਹਨ। ਰਾਜ ਸਰਕਾਰ ਨੇ ਕੇਂਦਰ ਸਰਕਾਰ ਵਲੋਂ ਜਾਰੀ ਕੀਤੀਆਂ ਹਦਾਇਤਾਂ ਤੋਂ ਬਾਅਦ 16 ਨਵੰਬਰ ਤੋਂ ਯੂਨੀਵਰਸਿਟੀਆਂ ਅਤੇ ਕਾਲਜ ਖੋਲ੍ਹਣ ਸਬੰਧੀ ਪੱਤਰ ਜਾਰੀ ਕੀਤਾ ਸੀ। ਪੰਜਾਬ ਸਰਕਾਰ ਨੇ ਕੰਨਟੇਨਮੈਂਟ ਜ਼ੋਨ ਤੋਂ ਬਾਹਰ ਉਚੇਰੀ ਸਿੱਖਿਆ ਦੇ ਅਦਾਰੇ ਖੋਲ੍ਹਣ ਸਬੰਧੀ ਪੱਤਰ ਜਾਰੀ ਕਰਕੇ ਕਿਹਾ ਸੀ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਲੋਂ ਕੋਵਿਡ ਤੋਂ ਬਚਾਅ ਲਈ ਜਾਰੀ ਕੀਤੀਆਂ ਹਦਾਇਤਾਂ ਦੀ ਪੂਰਨ ਤੌਰ 'ਤੇ ਪਾਲਣਾ ਕੀਤੀ ਜਾਵੇ। ਕੋਵਿਡ ਤੋਂ ਬਚਾਅ ਲਈ ਜਾਰੀ ਹਦਾਇਤਾਂ ਅਨੁਸਾਰ ਸਾਰੇ ਸਟਾਫ ਦਾ ਆਰਟੀ-ਪੀ.ਸੀ.ਆਰ. ਕੋਵਿਡ ਟੈਸਟ ਕਰਵਾਉਣ ਲਈ ਕਿਹਾ ਗਿਆ ਸੀ। ਉਚੇਰੀ ਸਿੱਖਿਆ ਦੇ ਅਦਾਰਿਆਂ ਨੂੰ ਕਿਹਾ ਗਿਆ ਸੀ ਕਿ ਉਹ ਕੈਂਪਸ ਖੋਲ੍ਹਣ ਲਈ ਫੇਜ਼ ਵਾਈਜ਼ ਰੋਸਟਰ ਬਣਾਉਣਗੇ ਅਤੇ ਸਾਰੇ ਵਿਭਾਗਾਂ ਦਾ ਰੋਸਟਰ ਅਤੇ ਵਿਦਿਆਰਥੀਆਂ ਦੇ ਵੱਖੋ ਵੱਖਰੇ ਬੈਚ ਬਣਾਉਣਗੇ। ਪਹਿਲੇ ਫੇਜ਼ ਵਿਚ ਅਖੀਰਲੇ ਸਾਲ ਦੇ ਵਿਦਿਆਰਥੀਆਂ ਨੂੰ ਹੀ ਨਿੱਜੀ ਤੌਰ ਉਤੇ ਕਲਾਸਾਂ ਲਾਉਣ ਲਈ ਬੁਲਾਇਆ ਜਾਵੇਗਾ ਅਤੇ ਬਾਕੀ ਕਲਾਸਾਂ ਲਈ ਆਨਲਾਈਨ ਵਿਧੀ ਹੀ ਅਪਣਾਈ ਜਾਵੇਗੀ। ਇਸ ਦੇ ਨਾਲ ਹੀ ਕਿਹਾ ਗਿਆ ਹੈ ਕਿ



ਕਿਸੇ ਵੀ ਦਿਨ 50 ਫੀਸਦੀ ਤੋਂ ਵੱਧ ਵਿਦਿਆਰਥੀ ਨਾ ਬੁਲਾਏ ਜਾਣ। ਜਿਥੋਂ ਤੱਕ ਸੰਭਵ ਹੈ ਵਿਦਿਆਰਥੀਆਂ ਨੂੰ ਪੜ੍ਹਨ ਸਮੱਗਰੀ ਆਨਲਈਨ ਹੀ ਉਪਲਬਧ ਕਰਵਾਈ ਜਾਵੇ। ਪੱਤਰ ਵਿਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਜਿਹੜੇ ਅਦਾਰਿਆਂ ਵਿਚ ਸਮਾਜਿਕ ਦੂਰੀ ਬਣਾ ਕੇ ਰੱਖਣ ਲਈ ਜਗ੍ਹਾ ਉਪਲਬਧ ਹੈ, ਉਹ 50 ਫੀਸਦੀ ਵਿਦਿਆਰਥੀਆਂ ਨੂੰ ਨਿੱਜੀ ਤੌਰ ਉਤੇ ਬੁਲਾ ਸਕਦੇ ਹਨ। ਅਦਾਰੇ ਦਿਨ ਵਿਚ ਪੜ੍ਹਾਈ ਦੇ ਘੰਟੇ ਲੋੜ ਅਨੁਸਾਰ ਵਧਾ ਸਕਦੇ ਹਨ।

ਵਿਦਿਆਰਥੀ ਅਤੇ ਸਟਾਫ ਕੋਵਾ ਅਤੇ ਅਰੋਗਿਆ ਸੇਤੂ ਐਪ ਡਾਊਨਲੋਡ ਕਰਨਗੇ, ਜਿਸ ਨੂੰ ਉਹ ਨਿਰੰਤਰ ਅਪਡੇਟ ਕਰਦੇ ਰਹਿਣਗੇ। ਇਨ੍ਹਾਂ ਤੋਂ ਇਲਾਵਾ ਅਦਾਰੇ ਕੋਵਿਡ-19 ਸਬੰਧੀ ਹਦਾਇਤਾਂ ਦੀ ਪਾਲਣਾ ਕਰਨ ਲਈ ਟਾਸਕ ਫੋਰਸ ਦਾ ਗਠਨ ਕਰਨਗੇ। ਅਦਾਰਿਆਂ ਦੀ ਸਾਫ-ਸਫਾਈ ਅਤੇ ਸੈਨੀਟੇਸ਼ਨ ਯਕੀਨੀ ਬਣਾਇਆ ਜਾਵੇਗਾ, ਆਉਣ-ਜਾਣ ਵਾਲੇ ਹਰ ਇਕ ਵਿਅਕਤੀ ਦਾ ਰਿਕਾਰਡ ਰੱਖਿਆ ਜਾਵੇਗਾ, ਸੈਨੇਟਾਈਜ਼ਰ, ਥਰਮਲ ਸਕੈਨਰ ਆਦਿ ਦਾ ਲੋੜੀਂਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਮਾਸਕ ਪਹਿਨਣਾ ਜ਼ਰੂਰੀ ਹੋਵੇਗਾ। ਹੋਸਟਲ ਵਿਚ ਸਮਰੱਥਾ ਤੋਂ ਅੱਧੇ ਵਿਦਿਆਰਥੀ ਹੀ ਰਹਿ ਸਕਣਗੇ।

## ਧਰਨੇ 'ਚ ਮੌਤ: ਕਿਸਾਨਾਂ ਦੇ ਸੰਘਰਸ਼ ਅੱਗੇ ਝੁਕਿਆ ਪ੍ਰਸ਼ਾਸਨ

**ਮੋਗਾ:** ਖੇਤੀ ਕਾਨੂੰਨਾਂ ਖਿਲਾਫ ਵਿੱਢੇ ਸੰਘਰਸ਼ ਦੌਰਾਨ ਇਥੇ ਕੋਟਕਪੂਰਾ ਮਾਰਗ ਸਥਿਤ ਟੋਲ ਪਲਾਜ਼ੇ ਉਤੇ 3 ਨਵੰਬਰ ਨੂੰ ਕਿਸਾਨ ਜਗਰੂਪ ਸਿੰਘ ਦੀ ਮੌਤ ਮਗਰੋਂ ਮੰਗਾਂ ਸਬੰਧੀ ਕਿਸਾਨਾਂ ਵੱਲੋਂ ਲਾਇਆ ਧਰਨਾ ਪ੍ਰਸ਼ਾਸਨ ਦੇ ਭਰੋਸੇ ਮਗਰੋਂ ਚੁੱਕ ਲਿਆ ਗਿਆ। ਪ੍ਰਸ਼ਾਸਨ ਵੱਲੋਂ ਮੁਆਵਜ਼ਾ, ਨੌਕਰੀ ਅਤੇ ਕਰਜ਼ਾ ਮੁਆਫੀ ਦੀ ਮੰਗ ਪ੍ਰਵਾਨ ਕਰਨ ਮਗਰੋਂ ਕਿਸਾਨ ਦੀ ਮ੍ਰਿਤਕ ਦੇਹ ਦਾ ਸਸਕਾਰ ਕਰ ਦਿੱਤਾ ਗਿਆ।

ਇਥੇ ਬੀ.ਕੇ.ਯੂ. ਏਕਤਾ ਉਗਰਾਹਾਂ ਜਥੇਬੰਦੀ ਦੀ ਅਗਵਾਈ ਹੇਠ ਕਿਸਾਨਾਂ ਨੇ ਮੁਆਵਜ਼ਾ ਰਾਸ਼ੀ ਤੇ ਹੋਰ ਮੰਗਾਂ ਸਬੰਧੀ ਪ੍ਰਸ਼ਾਸਨ ਦੀ ਟਾਲ-ਮਟੋਲ ਵਾਲੀ ਨੀਤੀ ਤੋਂ ਪਰੇਸ਼ਾਨ ਹੋ ਕੇ ਜ਼ਿਲ੍ਹਾ ਸਕੱਤਰੇਤ ਦਾ ਘਿਰਾਓ ਕਰ ਲਿਆ। ਇਸ ਮੌਕੇ ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਕਿਸਾਨ ਜਥੇਬੰਦੀ ਨੂੰ ਗੱਲਬਾਤ ਦਾ ਸੱਦਾ ਦਿੱਤਾ। ਇਸ ਮੌਕੇ ਬੀ.ਕੇ.ਯੂ. ਏਕਤਾ ਉਗਰਾਹਾਂ ਆਗੂ ਬਲੌਰ ਸਿੰਘ ਘਾਲੀ, ਗੁਰਦੇਵ ਸਿੰਘ ਕਿਸ਼ਨਪੁਰਾ, ਗੁਰਬਿੰਦਰ ਸਿੰਘ ਕੋਕਰੀ, ਗੁਰਚਰਨ ਸਿੰਘ ਰਾਮਾ, ਹਰਮੰਦਰ ਸਿੰਘ ਡੇਮਰੂ, ਗੁਰਚਰਨ ਸਿੰਘ ਸੇਖਾ ਤੇ ਨਛੱਤਰ ਸਿੰਘ ਕੋਕਰੀ ਹੇਰਾਂ ਨੇ ਦੱਸਿਆ ਕਿ ਕਿਸਾਨ ਜਗਰੂਪ ਸਿੰਘ ਪਿੰਡ ਡੇਮਰੂ ਕਲਾਂ ਦੀ ਮੌਤ ਲਈ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਜ਼ਿੰਮੇਵਾਰ ਹਨ। ਉਹ ਕੋਈ ਭੀਖ ਨਹੀਂ



ਸਗੋਂ ਹੱਕ ਮੰਗ ਰਹੇ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮ੍ਰਿਤਕ ਕਿਸਾਨ ਜਗਰੂਪ ਸਿੰਘ ਪਿੰਡ ਡੇਮਰੂ ਕਲਾਂ ਲਈ ਮੁਆਵਜ਼ਾ ਰਾਸ਼ੀ ਵਿਚੋਂ 3 ਲੱਖ ਰੁਪਏ ਪਹਿਲਾਂ ਖਾਤੇ ਵਿਚ ਪਾ ਦਿੱਤੇ ਗਏ ਹਨ। ਉਨ੍ਹਾਂ ਪੀੜਤ ਪਰਿਵਾਰ ਦਾ ਕਰਜ਼ਾ ਮੁਆਫ ਕਰਨ ਅਤੇ ਵਾਰਸ ਨੂੰ ਸਰਕਾਰ ਦੀ ਮਨਜ਼ੂਰੀ ਮਗਰੋਂ ਨੌਕਰੀ ਦੇਣ ਦਾ ਭਰੋਸਾ ਦਿੱਤਾ।

## ਮੌਡਰਨਾ ਵੱਲੋਂ 94.5 ਫੀਸਦੀ ਪ੍ਰਭਾਵੀ ਵੈਕਸੀਨ ਦਾ ਦਾਅਵਾ

**ਕੈਂਬਰਿਜ:** ਕਰੋਨਾ ਵਾਇਰਸ ਖਿਲਾਫ ਲੜਾਈ 'ਚ ਇਸ ਮਹੀਨੇ ਦੂਜੀ ਵਾਰ ਚੰਗੀ ਖਬਰ ਮਿਲੀ ਹੈ, ਜਿਸ 'ਚ ਮੌਡਰਨਾ ਕੰਪਨੀ ਨੇ ਕਿਹਾ ਕਿ ਉਸ ਦੀ ਵੈਕਸੀਨ ਮਜ਼ਬੂਤ ਸੁਰੱਖਿਆ ਉਪਲਬਧ ਕਰਵਾਉਂਦੀ ਹੈ ਅਤੇ ਇਹ ਵਾਇਰਸ ਖਿਲਾਫ 94.5 ਫੀਸਦੀ ਅਸਰਦਾਰ ਜਾਪਦੀ ਹੈ। ਮੌਡਰਨਾ ਨੇ ਕਿਹਾ ਕਿ ਕੰਪਨੀ ਵੱਲੋਂ ਜਾਰੀ ਅਧਿਐਨ ਦੇ ਸ਼ੁਰੂਆਤੀ ਅੰਕੜਿਆਂ ਮੁਤਾਬਕ ਉਸ ਦੀ ਕਰੋਨਾ ਵਾਇਰਸ ਖਿਲਾਫ ਤਿਆਰ ਕੀਤੀ ਵੈਕਸੀਨ 94.5 ਫੀਸਦੀ ਪ੍ਰਭਾਵੀ ਹੈ।

ਇਸ ਤੋਂ ਇਕ ਹਫਤਾ ਪਹਿਲਾਂ ਮੌਡਰਨਾ ਦੀ ਮੁਕਾਬਲੇਬਾਜ਼ ਕੰਪਨੀ ਫਾਈਜ਼ਰ ਇੰਕ ਨੇ ਵੀ ਆਪਣੀ ਵੈਕਸੀਨ ਦੇ ਇਸੇ ਤਰ੍ਹਾਂ ਅਸਰਦਾਰ ਹੋਣ ਦਾ ਐਲਾਨ ਕੀਤਾ ਸੀ। ਮੌਡਰਨਾ ਦੇ ਮੁਖੀ ਡਾਕਟਰ ਸਟੀਫਨ ਹੋਜ ਨੇ ਕਿਹਾ ਕਿ ਦੋ ਵੱਖੋ-ਵੱਖਰੀਆਂ ਕੰਪਨੀਆਂ ਦੇ ਇਕਸਮਾਨ ਨਤੀਜੇ ਕਾਫੀ ਸੰਤੁਸ਼ਟੀਦਾਇਕ ਹਨ। ਜੇਕਰ ਅਮਰੀਕਾ ਦਾ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਮੌਡਰਨਾ ਜਾਂ ਫਾਈਜ਼ਰ ਕੰਪਨੀ ਦੀ ਵੈਕਸੀਨ ਦੀ ਦਰਾਮਦ ਵਰਤੋਂ ਲਈ ਇਜਾਜ਼ਤ ਦੇ ਦਿੰਦਾ ਹੈ ਤਾਂ ਇਸ ਸਾਲ ਦੇ ਅਖੀਰ ਤੱਕ ਇਸ ਦੀ ਸੀਮਤ ਸਪਲਾਈ ਸੰਭਵ ਹੋ ਸਕੇਗੀ।

## ਗੁਰੂ ਤੇਗ ਬਹਾਦਰ ਨੂੰ ਮਨੁੱਖੀ ਅਧਿਕਾਰਾਂ ਦੇ ਰਖਵਾਲੇ ਵਜੋਂ ਮਾਨਤਾ

**ਅੰਮ੍ਰਿਤਸਰ:** ਨਿਊ ਯਾਰਕ ਵਿਧਾਨ ਸਭਾ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਮਨੁੱਖੀ ਅਧਿਕਾਰਾਂ ਅਤੇ ਇਨਸਾਫ ਲਈ ਕੀਤੀ ਕੁਰਬਾਨੀ ਨੂੰ ਮਾਨਤਾ ਦਿੱਤੀ ਗਈ ਹੈ। ਇਹ ਖੁਲਾਸਾ ਸਿੱਖ ਜਥੇਬੰਦੀ 'ਵਰਲਡ ਸਿੱਖ ਪਾਰਲੀਮੈਂਟ' ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਕੀਤਾ ਹੈ।

ਹਿੰਮਤ ਸਿੰਘ ਨੇ ਦੱਸਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਦੇ 345ਵੇਂ ਸ਼ਹੀਦੀ ਦਿਹਾੜੇ ਅਤੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਨਿਊ ਯਾਰਕ ਸਿੱਖ ਸੈਂਟਰ ਦੇ ਗੁਰਦੁਆਰੇ ਵਿਚ ਕੀਤਾ ਗਿਆ ਸੀ, ਜਿਸ ਵਿਚ ਨਿਊ ਯਾਰਕ ਦੇ ਅਧਿਕਾਰੀਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਨਿਊ ਯਾਰਕ ਵਿਧਾਨ ਸਭਾ ਦੀ ਮੈਂਬਰ ਕੈਟਲੀਨਾ ਕਰੂਜ਼ ਨੇ ਇਕ ਅਧਿਕਾਰਤ ਪੱਤਰ ਪੜ੍ਹਿਆ, ਜਿਸ ਵਿਚ ਗੁਰੂ ਸਾਹਿਬ ਵੱਲੋਂ ਮਨੁੱਖੀ ਅਧਿਕਾਰਾਂ ਅਤੇ ਇਨਸਾਫ ਲਈ ਦਿੱਤੀ ਕੁਰਬਾਨੀ ਨੂੰ ਮਾਨਤਾ ਦਿੱਤੀ ਗਈ ਹੈ। ਉਨ੍ਹਾਂ ਸਿੱਖਾਂ ਨੂੰ ਭਰੋਸਾ ਦਿੱਤਾ ਕਿ ਨਿਊ ਯਾਰਕ ਵਿਧਾਨ ਸਭਾ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ ਜਨਮ ਦਿਹਾੜੇ ਅਤੇ ਸ਼ਹੀਦੀ ਦਿਹਾੜੇ ਨੂੰ ਸਦੀਵੀਂ ਮਾਨਤਾ ਦੇਣ ਵਾਸਤੇ ਮਤਾ ਲਿਆਂਦਾ ਜਾਵੇਗਾ। ਗੁਰੂ ਸਾਹਿਬ ਦਾ 400ਵਾਂ ਪ੍ਰਕਾਸ਼ ਪੁਰਬ ਮਨੁੱਖੀ ਅਧਿਕਾਰਾਂ ਪ੍ਰਤੀ ਵਚਨਬੱਧਤਾ ਦੇ ਦਿਨ ਵਜੋਂ ਮਨਾਉਣ ਦੀ ਵੀ ਹਾਮੀ ਭਰੀ ਗਈ। ਸਮਾਗਮ ਵਿਚ ਵਿਧਾਨ ਸਭਾ ਨਾਲ ਸਬੰਧਤ ਜੈਸਿਕਾ ਗੋਜਲੇਜ਼ ਨੇ ਵੀ ਸ਼ਿਰਕਤ ਕੀਤੀ।

ਇਥੇ ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਨੇ ਨਿਊ ਯਾਰਕ ਦੀ ਵਿਧਾਨ ਸਭਾ ਵੱਲੋਂ ਗੁਰੂ ਸਾਹਿਬ ਨੂੰ 'ਮਨੁੱਖੀ ਅਧਿਕਾਰਾਂ ਦੇ ਰਾਖੇ' ਵਜੋਂ ਮਾਨਤਾ ਦੇਣ ਦੇ ਫੈਸਲੇ ਉਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਸੰਸਥਾ ਦੇ ਪ੍ਰਧਾਨ ਨਿਰਮਲ ਸਿੰਘ ਨੇ ਆਖਿਆ ਕਿ ਵਿਦੇਸ਼ ਵੱਸਦੇ ਸਿੱਖ ਭਾਈਚਾਰੇ ਵਾਸਤੇ ਇਹ ਵੱਡੀ ਪ੍ਰਾਪਤੀ ਹੈ।

## ਦਾਗੀ ਸਿਆਸਤਦਾਨਾਂ ਦੇ ਮਾਮਲੇ 'ਚ ਦਖਲ ਤੋਂ ਸੁਪਰੀਮ ਕੋਰਟ ਦੀ ਨਾਂਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦਾਗੀ ਸਿਆਸਤਦਾਨਾਂ ਨੂੰ ਚੋਣ ਲੜਨ ਤੋਂ ਰੋਕਣ ਦੇ ਮਾਮਲੇ ਵਿਚ ਦਖਲ ਦੇਣ ਤੋਂ ਨਾਂਹ ਕਰ ਦਿੱਤੀ ਹੈ। ਸਿਖਰਲੀ ਅਦਾਲਤ ਨੇ ਕਿਹਾ ਕਿ ਅਜਿਹੇ ਮੁੱਦਿਆਂ ਉਤੇ ਫੈਸਲਾ ਲੈਣਾ ਸੰਸਦ ਦਾ ਕੰਮ ਹੈ। ਜਸਟਿਸ ਐਲ.ਐਨ. ਰਾਓ ਦੀ ਅਗਵਾਈ ਵਾਲੇ ਬੈਂਚ ਨੇ ਘੱਟੋ-ਘੱਟ ਪੰਜ ਸਾਲ ਦੀ ਸਜ਼ਾ ਵਾਲੇ ਅਪਰਾਧਾਂ ਲਈ ਪਿਛਲੇ ਇਕ ਸਾਲ ਤੋਂ ਚਾਰਜਸ਼ੀਟ ਕੀਤੇ ਵਿਧਾਇਕਾਂ ਤੇ ਸੰਸਦ ਮੈਂਬਰਾਂ ਦੀ ਚੋਣ ਨੂੰ ਅਯੋਗ/ਮਨਸੂਖ ਐਲਾਨਣ ਤੋਂ ਨਾਂਹ ਕਰ ਦਿੱਤੀ ਹੈ। ਐਨ.ਜੀ.ਓ. 'ਲੋਕ ਪ੍ਰਹਿਰੀ' ਦੀ ਨੁਮਾਇੰਦਗੀ ਵਕੀਲ ਐਸ.ਐਨ. ਸ਼ੁਕਲਾ ਕਰ ਰਹੇ ਸਨ।

# ਚੀਨ ਤੇ 14 ਹੋਰ ਮੁਲਕ ਸੰਸਾਰ ਦੇ ਸਭ ਤੋਂ ਵੱਡੇ ਵਪਾਰ ਸਮਝੌਤੇ ਲਈ ਰਾਜ਼ੀ

**ਹੈਨੋਈ:** ਚੀਨ ਤੇ 14 ਹੋਰ ਮੁਲਕ ਵਿਸ਼ਵ ਦੇ ਸਭ ਤੋਂ ਵੱਡੇ ਵਪਾਰ ਸਮਝੌਤੇ ਨੂੰ ਸਿਰੇ ਚਾੜ੍ਹਨ ਲਈ ਰਾਜ਼ੀ ਹੋ ਗਏ ਹਨ। ਇਹ ਸੰਸਾਰ ਦਾ ਸਭ ਤੋਂ ਵੱਡਾ ਵਪਾਰਕ ਬਲਾਕ ਹੋਵੇਗਾ। ਏਸ਼ੀਆ ਮਹਾਦੀਪ ਦੀ ਆਰਥਿਕ ਗਤੀਵਿਧੀਆਂ ਦਾ ਤੀਜਾ ਹਿੱਸਾ ਇਸ ਤਹਿਤ ਆਵੇਗਾ। ਬਹੁਤੇ ਮੁਲਕਾਂ ਨੂੰ ਉਮੀਦ ਹੈ ਕਿ ਇਸ ਨਾਲ ਮਹਾਮਾਰੀ ਦੇ ਮਾੜੇ ਅਸਰਾਂ ਤੋਂ ਉੱਭਰਨ ਦਾ ਮੌਕਾ ਮਿਲੇਗਾ। ਖੇਤਰੀ ਵਿਆਪਕ ਆਰਥਿਕ ਭਾਈਵਾਲੀ (ਆਰ.ਸੀ.ਈ.ਪੀ.) ਉਤੇ ਦਸਤਖਤ ਕਰ ਦਿੱਤੇ ਗਏ ਹਨ। ਦੱਸਣਯੋਗ ਹੈ ਕਿ 10 ਮੁਲਕਾਂ ਦੇ ਸੰਗਠਨ 'ਆਸੀਆਨ' ਦਾ ਸਿਖਰ ਸੰਮੇਲਨ ਚੱਲ ਰਿਹਾ ਹੈ। ਸਮਝੌਤੇ ਉਤੇ ਆਸੀਆਨ ਮੁਲਕਾਂ, ਚੀਨ, ਜਪਾਨ, ਦੱਖਣੀ ਕੋਰੀਆ, ਆਸਟਰੇਲੀਆ ਤੇ ਨਿਊਜ਼ੀਲੈਂਡ ਨੇ ਸਹੀ ਪਾਈ ਹੈ। ਮਲੇਸ਼ੀਆ ਦੇ ਵਪਾਰ ਮੰਤਰੀ ਮੁਹੰਮਦ ਅਜ਼ਮੀਨ ਅਲੀ ਨੇ ਕਿਹਾ ਕਿ ਇਸ ਸਮਝੌਤੇ ਲਈ 8 ਸਾਲਾਂ ਤੋਂ ਯਤਨ ਕੀਤੇ ਜਾ ਰਹੇ ਸਨ ਤੇ ਅਖੀਰ ਇਹ ਸਿਰੇ ਚੜ੍ਹ ਗਿਆ ਹੈ। ਆਰ.ਸੀ.ਈ.ਪੀ. ਤਹਿਤ ਇਹ ਸਾਰੇ ਮੁਲਕ ਇਕ-ਦੂਜੇ ਲਈ ਆਪਣੇ ਬਾਜ਼ਾਰ ਖੋਲ੍ਹਣਗੇ।




ਸਮਝੌਤੇ ਤਹਿਤ ਇਹ ਮੁਲਕ ਇਕ-ਦੂਜੇ ਨਾਲ ਵਪਾਰ ਕਰਨ ਵੇਲੇ ਟੈਕਸ ਦਰਾਂ ਹੋਰ ਘਟਾਉਣਗੇ। ਅਧਿਕਾਰੀਆਂ ਮੁਤਾਬਕ ਸਮਝੌਤੇ ਵਿਚ ਭਾਰਤ ਲਈ ਦਰ ਖੁੱਲ੍ਹੇ ਰੱਖੇ ਗਏ ਹਨ। ਜ਼ਿਕਰਯੋਗ ਹੈ ਕਿ ਭਾਰਤ ਨੇ ਘਰੇਲੂ ਪੱਧਰ ਉਤੇ ਤਿੱਖੇ ਵਿਰੋਧ ਕਾਰਨ ਇਸ ਸਮਝੌਤੇ ਤੋਂ ਹੱਥ ਪਿਛਾਂਹ ਖਿੱਚ ਲਏ ਸਨ। ਭਾਰਤੀ ਬਾਜ਼ਾਰ ਨੂੰ ਬਾਹਰਲੇ ਮੁਲਕਾਂ ਲਈ ਖੋਲ੍ਹੇ ਜਾਣ ਦਾ ਕਈ ਨੁਕਤਿਆਂ ਤੋਂ ਵਿਰੋਧ ਹੋਇਆ ਸੀ। ਸੰਕੇਤਕ ਤੌਰ ਉਤੇ ਇਸ ਸਮਝੌਤੇ ਦੇ ਕਈ ਵੱਡੇ ਅਸਰ ਹੋਣਗੇ।

ਏਸ਼ਿਆਈ ਖਿੱਤਾ ਕਈ ਮੁਲਕਾਂ ਦੇ ਤਾਲਮੇਲ ਨਾਲ ਮੁਕਤ ਵਪਾਰ ਲਈ ਯਤਨ ਕਰ ਰਿਹਾ ਹੈ ਤੇ ਇਸ ਨੂੰ ਭਵਿੱਖੀ ਖੁਸ਼ਹਾਲੀ ਦੇ ਫਾਰਮੂਲੇ ਵਜੋਂ ਦੇਖਿਆ ਜਾ ਰਿਹਾ ਹੈ। ਆਰ.ਸੀ.ਈ.ਪੀ. ਦੀ ਬੈਠਕ ਤੋਂ ਪਹਿਲਾਂ ਜਪਾਨ ਦੇ ਪ੍ਰਧਾਨ ਮੰਤਰੀ ਯੋਸ਼ੀਹਿਦੇ ਸੁਗਾ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਆਜ਼ਾਦ ਤੇ ਨਿਰਪੱਖ ਆਰਥਿਕ ਜ਼ੋਨ ਦੀ ਮਜ਼ਬੂਤੀ ਨਾਲ ਹਮਾਇਤ ਕਰਦਾ ਹੈ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਭਾਰਤ ਵੀ ਵਿਚਾਰ ਕਰੇਗਾ ਤੇ ਹੋਰ ਮੁਲਕ ਵੀ ਸ਼ਾਮਲ ਹੋਣਗੇ। ਮਾਹਿਰਾਂ ਮੁਤਾਬਕ ਇਸ ਸਮਝੌਤੇ ਤੋਂ ਚੀਨ ਨੂੰ ਕਾਫੀ ਲਾਹਾ ਮਿਲਣ ਦੀ ਸੰਭਾਵਨਾ ਹੈ ਕਿਉਂਕਿ ਇਹ ਵੱਡਾ ਬਾਜ਼ਾਰ ਹੈ। ਸਮਝੌਤੇ ਰਾਹੀਂ ਚੀਨ ਨੂੰ ਖੁਦ ਨੂੰ 'ਵਿਸ਼ਵੀਕਰਨ ਤੇ ਬਹੁਪੱਖੀ ਸਹਿਯੋਗ' ਦੇ ਚੈਂਪੀਅਨ ਵਜੋਂ ਪੇਸ਼ ਕਰਨ ਦਾ ਮੌਕਾ ਵੀ ਮਿਲੇਗਾ। ਇਸ ਨਾਲ ਚੀਨ ਦਾ ਖੇਤਰੀ ਵਪਾਰ ਉਤੇ ਰਸੂਖ ਵਧੇਗਾ। ਅਮਰੀਕਾ ਦੇ ਇਸ ਸਮਝੌਤੇ ਦਾ ਹਿੱਸਾ ਬਣਨ ਬਾਰੇ ਹਾਲੇ ਪੱਕੇ ਤੌਰ ਉਤੇ ਕੁਝ ਨਹੀਂ ਕਿਹਾ ਜਾ ਸਕਦਾ।

## ਭਾਰਤ ਨੇ ਆਸੀਆਨ ਮੁਲਕਾਂ ਨੂੰ ਕੀਤਾ ਚੌਕਸ

**ਨਵੀਂ ਦਿੱਲੀ:** ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਚੀਨ ਨਾਲ ਵਪਾਰ ਸਮਝੌਤਾ ਕਰਨ ਵਾਲੇ ਆਸੀਆਨ ਮੁਲਕਾਂ ਨੂੰ ਗੁਆਂਢੀ ਮੁਲਕ ਦੀ ਵਿਸਤਾਰਵਾਦੀ ਨੀਤੀ ਬਾਰੇ ਚੌਕਸ ਕੀਤਾ ਹੈ। ਜ਼ਿਕਰਯੋਗ ਹੈ ਕਿ ਭਾਰਤ ਇਸ ਸਮਝੌਤੇ ਤੋਂ ਬਾਹਰ ਹੈ। ਜੈਸ਼ੰਕਰ ਨੇ ਭਾਰਤੀ ਨੁਮਾਇੰਦੇ ਵਜੋਂ ਪੂਰਬੀ ਏਸ਼ੀਆ ਸਿਖਰ ਸੰਮੇਲਨ (ਆਸੀਆਨ ਦਾ ਮੁੱਖ ਸੰਮੇਲਨ) ਵਿਚ ਸ਼ਿਰਕਤ ਕਰਦਿਆਂ ਇਸ ਬਾਰੇ ਜ਼ਿਕਰ ਕੀਤਾ। ਇਸ ਮੌਕੇ ਭਾਰਤ ਨੇ ਛੇ ਖੇਤਰੀ ਭਾਈਵਾਲਾਂ, ਅਮਰੀਕਾ ਤੇ ਰੂਸ ਨਾਲ ਨੀਤੀ ਨਿਰਧਾਰਨ ਬਾਰੇ ਤਾਲਮੇਲ ਕੀਤਾ।

# ਮਰਾਠਵਾੜਾ ਦੇ 8 ਜ਼ਿਲ੍ਹਿਆਂ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਵਧਿਆ

**ਔਰੰਗਾਬਾਦ:** ਮਹਾਰਾਸ਼ਟਰ ਦੇ ਐਨ ਵਿਚਾਲੇ ਪੈਂਦੇ ਮਰਾਠਵਾੜਾ ਖੇਤਰ ਦੇ ਕਿਸਾਨਾਂ ਨੂੰ ਇਸ ਵਾਰ ਵੱਧ ਮੀਂਹ ਪੈਣ ਕਾਰਨ ਭਾਵੇਂ ਫਸਲਾਂ ਦਾ ਨੁਕਸਾਨ ਝੱਲਣਾ ਪਿਆ ਹੈ ਪਰ ਇਸ ਦਾ ਸਕਾਰਾਤਮਕ ਪਹਿਲੂ ਵੀ ਸਾਹਮਣੇ ਆਇਆ ਹੈ। ਇਸ ਖੇਤਰ ਦੇ ਧਰਤੀ ਹੇਠਲੇ ਪਾਣੀ ਦੇ ਪੱਧਰ



ਵਿਚ ਵਾਧਾ ਹੋਇਆ ਹੈ।


ਮਰਾਠਵਾੜਾ ਵਿਚ ਜ਼ਿਆਦਾ ਮੀਂਹ ਪੈਣ ਕਾਰਨ ਅੱਠ ਜ਼ਿਲ੍ਹਿਆਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਵਧਿਆ ਹੈ। ਇਕ ਅਧਿਕਾਰੀ ਅਨੁਸਾਰ ਜ਼ਿਲ੍ਹਾ ਔਰੰਗਾਬਾਦ ਵਿਚ ਪਿਛਲੇ ਪੰਜ ਸਾਲਾਂ ਦੇ ਮੁਕਾਬਲੇ ਸਭ ਤੋਂ ਵੱਧ 5.13 ਮੀਟਰ ਪਾਣੀ ਦਾ ਪੱਧਰ ਉਪਰ ਆਇਆ ਹੈ। ਪ੍ਰਭਾਨੀ ਸਥਿਤ ਵਸੰਤਰਾਓ ਨਾਇਕ ਮਰਾਠਵਾੜਾ ਖੇਤੀਬਾੜੀ ਯੂਨੀਵਰਸਿਟੀ ਦੀ ਰਿਪੋਰਟ ਅਨੁਸਾਰ ਖੇਤਰ ਵਿਚ ਆਮ ਤੌਰ ਉਤੇ ਮਾਨਸੂਨ (ਪਹਿਲੀ ਜੂਨ ਤੋਂ 30 ਸਤੰਬਰ ਤੱਕ) ਦੌਰਾਨ ਔਸਤਨ 722.5 ਐਮ.ਐਮ. ਮੀਂਹ ਪੈਂਦਾ ਹੈ। ਇਸ ਵਾਰ ਖੇਤਰ ਵਿਚ 844.7 ਐਮ.ਐਮ. ਵਰਖਾ ਹੋਈ, ਜੋ ਕਿ ਔਸਤ ਨਾਲੋਂ 16.9 ਫੀਸਦ ਵਧੇਰੇ ਹੈ। ਖੇਤਰ ਦੇ ਅੱਠ ਵਿਚੋਂ ਛੇ ਜ਼ਿਲ੍ਹਿਆਂ ਵਿਚ ਇਸ ਵਾਰ ਵੱਧ ਵਰਖਾ ਹੋਈ ਹੈ। ਔਰੰਗਾਬਾਦ ਵਿਚ ਔਸਤਨ 623.5 ਐਮ.ਐਮ. ਮੀਂਹ ਪੈਂਦਾ ਹੈ ਪਰ ਇਸ ਵਾਰ ਔਸਤ ਨਾਲੋਂ 52 ਫੀਸਦ ਵੱਧ 951.3 ਐਮ.ਐਮ. ਮੀਂਹ ਪਿਆ। ਇਸ ਕਾਰਨ ਜ਼ਿਲ੍ਹੇ ਵਿਚ ਧਰਤੇ ਹੇਠਲੇ ਪਾਣੀ ਦਾ ਪੱਧਰ 5.13 ਮੀਟਰ ਵਧ ਗਿਆ, ਜੋ ਕਿ ਖੇਤਰ 'ਚੋਂ ਸਭ ਤੋਂ ਜ਼ਿਆਦਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸਰਵੇਖਣ ਦੌਰਾਨ ਜ਼ਿਲ੍ਹੇ ਵਿਚ 141 ਖੂਹਾਂ 'ਚ ਪਾਣੀ ਦਾ ਪੱਧਰ ਮਾਪਿਆ ਗਿਆ ਅਤੇ ਮਰਾਠਵਾੜਾ ਦੇ ਕੁੱਲ ਅੱਠ ਜ਼ਿਲ੍ਹਿਆਂ ਵਿਚ 875 ਖੂਹਾਂ ਦੇ ਪਾਣੀ ਦਾ ਪੱਧਰ ਮਾਪਿਆ ਗਿਆ। ਏਜੰਸੀ ਦੀ ਰਿਪੋਰਟ ਅਨੁਸਾਰ ਔਰੰਗਾਬਾਦ ਤੋਂ ਇਲਾਵਾ ਬਾਕੀ ਸੱਤ ਜ਼ਿਲ੍ਹਿਆਂ ਵਿਚ ਵੀ ਪਾਣੀ ਦਾ ਪੱਧਰ ਵਧਿਆ ਹੈ।

ਜ਼ਿਲ੍ਹਾ ਓਸਮਾਨਾਬਾਦ ਵਿਚ 2.88 ਮੀਟਰ, ਬੀੜ ਵਿਚ 2.16 ਮੀਟਰ, ਜਲਨਾ ਵਿਚ 2.06 ਮੀਟਰ, ਪ੍ਰਭਾਨੀ ਵਿਚ 1.89 ਮੀਟਰ, ਹਿੰਗੋਲੀ ਵਿਚ 1.40 ਮੀਟਰ, ਨਾਂਦੇੜ ਵਿਚ 1.79 ਮੀਟਰ ਅਤੇ ਲਾਤੂਰ ਵਿਚ 0.92 ਮੀਟਰ ਜ਼ਮੀਨੀ ਪਾਣੀ ਦਾ ਪੱਧਰ ਉਪਰ ਆਇਆ ਹੈ।

# ਸੂਚਨਾ ਮੰਤਰਾਲੇ ਦੇ ਘੇਰੇ 'ਚ ਲਿਆਂਦੇ ਓ.ਟੀ.ਟੀ. ਅਪਰੇਟਰ

**ਨਵੀਂ ਦਿੱਲੀ:** ਸਰਕਾਰ ਨੇ ਓ.ਟੀ.ਟੀ. ਪਲੇਟਫਾਰਮ ਜਿਵੇਂ ਨੈਟਫਲਿਕਸ, ਐਮਾਜ਼ੋਨ ਪ੍ਰਾਈਮ ਵੀਡੀਓ ਅਤੇ ਡਿਜ਼ਨੀ+ਹੌਟਸਟਾਰ ਤੋਂ ਇਲਾਵਾ ਆਨਲਾਈਨ ਖਬਰਾਂ ਅਤੇ ਚਲੰਤ ਮਾਮਲਿਆਂ ਬਾਰੇ ਸਮੱਗਰੀ ਨੂੰ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦੇ ਘੇਰੇ ਹੇਠ ਲਿਆਂਦਾ ਹੈ, ਜਿਸ ਨਾਲ ਮੰਤਰਾਲੇ ਨੂੰ ਡਿਜੀਟਲ ਸਪੇਸ ਲਈ ਨੀਤੀਆਂ ਅਤੇ ਨੇਮ ਘੜਨ ਦੀਆਂ ਸ਼ਕਤੀਆਂ ਮਿਲ ਗਈਆਂ ਹਨ।

ਦੱਸਣਯੋਗ ਹੈ ਕਿ ਹੁਣ ਤੱਕ ਭਾਰਤ ਵਿਚ ਡਿਜੀਟਲ ਸਮੱਗਰੀ ਦੀ ਅਗਵਾਈ ਲਈ ਕੋਈ ਕਾਨੂੰਨ ਜਾਂ ਖੁਦਮੁਖਤਿਆਰ ਸੰਸਥਾ ਨਹੀਂ ਸੀ। ਕੈਬਨਿਟ ਸਕੱਤਰੇਤ ਵਲੋਂ ਜਾਰੀ ਨੋਟੀਫਿਕੇਸ਼ਨ, ਜਿਸ ਉਤੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵਲੋਂ ਦਸਤਖਤ ਕੀਤੇ ਗਏ ਹਨ, ਅਨੁਸਾਰ ਇਸ ਸਬੰਧੀ ਫੈਸਲਾ ਭਾਰਤ ਸਰਕਾਰ (ਐਲੋਕੇਸ਼ਨ ਆਫ ਬਿਜ਼ਨਸ) ਨੇਮਾਂ, 1961 ਵਿਚ ਸੋਧ ਕਰਕੇ ਸੰਵਿਧਾਨ ਦੀ ਧਾਰਾ 77 ਦੀ ਕਲਾਜ਼ (3) ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਲਿਆ ਗਿਆ ਹੈ ਅਤੇ ਇਹ ਤੁਰਤ ਪ੍ਰਭਾਵ ਨਾਲ ਲਾਗੂ ਹੋਵੇਗਾ। ਨੋਟੀਫਿਕੇਸ਼ਨ ਅਨੁਸਾਰ ਇਨ੍ਹਾਂ ਨੇਮਾਂ ਨੂੰ ਭਾਰਤ ਸਰਕਾਰ (ਐਲੋਕੇਸ਼ਨ ਆਫ ਬਿਜ਼ਨਸ) ਤਿੰਨ ਸੌ ਸਤਵੰਜਵੀਂ ਸੋਧ ਨੇਮਾਂ, 2020 ਵਜੋਂ ਜਾਣਿਆ ਜਾਵੇ। ਇਹ ਤੁਰਤ ਪ੍ਰਭਾਵ ਨਾਲ ਲਾਗੂ ਹੋਣਗੇ। ਸਰਕਾਰ ਦੇ ਨੋਟੀਫਿਕੇਸ਼ਨ ਨਾਲ ਡਿਜੀਟਲ/ ਆਨਲਾਈਨ ਮੀਡੀਆ, ਆਨਲਾਈਨ



ਸਮੱਗਰੀ ਰਾਹੀਂ ਉਪਲਬਧ ਫਿਲਮਾਂ ਅਤੇ ਆਡੀਓ-ਵਿਜ਼ੂਅਲ ਪ੍ਰੋਗਰਾਮ ਅਤੇ ਆਨਲਾਈਨ ਪਲੇਟਫਾਰਮਾਂ ਉਤੇ ਖਬਰਾਂ ਤੇ ਚਲੰਤ ਮਾਮਲਿਆਂ ਬਾਰੇ ਸਮੱਗਰੀ ਹੁਣ ਭਾਰਤ ਦੇ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਅਧੀਨ ਆ ਗਏ ਹਨ। ਇਸ ਨਾਲ ਮੰਤਰਾਲੇ ਨੂੰ ਆਨਲਾਈਨ ਪਲੇਟਫਾਰਮਾਂ ਉਤੇ ਉਪਲਬਧ ਖਬਰਾਂ, ਆਡੀਓ, ਵਿਜ਼ੂਅਲ ਸਮੱਗਰੀ ਤੇ ਫਿਲਮਾਂ ਸਬੰਧੀ ਨੀਤੀਆਂ ਬਣਾਉਣ ਦੀਆਂ ਸ਼ਕਤੀਆਂ ਮਿਲ ਗਈਆਂ ਹਨ। ਇਹ ਫੈਸਲਾ ਸੁਪਰੀਮ ਕੋਰਟ ਵਲੋਂ ਕੇਂਦਰ ਸਰਕਾਰ ਤੋਂ ਓ.ਟੀ.ਟੀ. ਪਲੇਟਫਾਰਮਾਂ ਨੂੰ ਖੁਦਮੁਖਤਿਆਰ ਸੰਸਥਾ ਵਲੋਂ ਨਿਯਮਿਤ ਕਰਨ ਸਬੰਧੀ ਜਨਹਿੱਤ ਪਟੀਸ਼ਨ ਉਤੇ ਮੰਗੇ ਗਏ ਜਵਾਬ ਤੋਂ ਮਹੀਨੇ ਦੇ ਅੰਦਰ ਹੀ ਆ ਗਿਆ ਹੈ। ਹੁਣ ਓ.ਟੀ.ਟੀ. ਪਲੇਟਫਾਰਮ, ਜੋ ਹੁਣ ਤੱਕ ਨਿਯਮਤ ਨਹੀਂ ਸੀ, ਨੇਮਾਂ ਅਤੇ ਕਾਨੂੰਨਾਂ ਅਧੀਨ ਆਉਣਗੇ। ਮੌਜੂਦਾ ਸਮੇਂ ਵਿਚ ਪ੍ਰੈੱਸ ਕੌਂਸਲ ਆਫ ਇੰਡੀਆ ਵਲੋਂ ਪ੍ਰਿੰਟ ਮੀਡੀਆ ਨੂੰ ਨਿਯਮਿਤ ਕੀਤਾ ਜਾਂਦਾ ਹੈ। ਨਿਊਜ਼ ਬਰਾਡਕਾਸਟਰਜ਼ ਐਸੋਸੀਏਸ਼ਨ (ਐਨ.ਬੀ.ਏ.) ਨਿਊਜ਼ ਚੈਨਲਾਂ ਦੀ ਨੁਮਾਇੰਦਗੀ ਕਰਦੀ ਹੈ, ਐਡਵਰਟਾਈਜ਼ਿੰਗ ਸਟੈਂਡਰਡਜ਼ ਕੌਂਸਲ ਆਫ ਇੰਡੀਆ ਇਸ਼ਤਿਹਾਰਬਾਜ਼ੀ ਨੂੰ ਨਿਯਮਤ ਕਰਦੀ ਹੈ ਜਦਕਿ ਫਿਲਮ ਸਰਟੀਫਿਕੇਸ਼ਨ ਬਾਰੇ ਕੇਂਦਰੀ ਬੋਰਡ (ਸੀ.ਬੀ.ਐਫ.ਸੀ.) ਵਲੋਂ ਫਿਲਮਾਂ ਦੀ ਨਿਗਰਾਨੀ ਕੀਤੀ ਜਾਂਦੀ ਹੈ।

## ਘਰੇਲੂ ਉਡਾਣਾਂ ਦੀ ਸਮਰੱਥਾ 60 ਤੋਂ 70% ਤੱਕ ਵਧਾਈ

**ਨਵੀਂ ਦਿੱਲੀ:** ਕੇਂਦਰੀ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਭਾਰਤੀ ਏਅਰਲਾਈਨਾਂ ਨੂੰ ਜਿਨ੍ਹਾਂ ਘਰੇਲੂ ਉਡਾਣਾਂ ਦੇ ਸੰਚਾਲਨ ਦੀ ਇਜਾਜ਼ਤ ਦਿੱਤੀ ਗਈ ਹੈ, ਉਨ੍ਹਾਂ ਦੀ ਸਮਰੱਥਾ 60 ਤੋਂ ਵਧਾ ਕੇ 70 ਫੀਸਦੀ ਕਰ ਦਿੱਤੀ ਗਈ ਹੈ। ਪੁਰੀ ਨੇ ਟਵੀਟ ਕਰਦਿਆਂ ਦੱਸਿਆ ਕਿ 25 ਮਈ ਨੂੰ 30 ਹਜ਼ਾਰ ਯਾਤਰੀਆਂ ਦੇ ਨਾਲ ਘਰੇਲੂ ਉਡਾਣਾਂ ਦੀ ਮੁੜ ਸ਼ੁਰੂਆਤ ਕੀਤੀ ਗਈ ਸੀ ਅਤੇ 8 ਨਵੰਬਰ 2020 ਤੱਕ ਇਹ ਯਾਤਰੀਆਂ ਦੀ ਗਿਣਤੀ 2.06 ਲੱਖ ਤੱਕ ਪਹੁੰਚ ਗਈ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਹਵਾਬਾਜ਼ੀ ਮੰਤਰਾਲੇ ਨੇ ਹੁਣ ਘਰੇਲੂ ਉਡਾਣਾਂ ਨੂੰ ਸੰਚਾਲਨ ਸਮਰੱਥਾ ਜੋ ਮੌਜੂਦਾ ਸਮੇਂ 60 ਫੀਸਦੀ ਹੈ, ਤੋਂ ਵਧਾ ਕੇ 70 ਫੀਸਦੀ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।

# ਵਿਕਾਸ ਕੌਂਸਲ ਚੋਣਾਂ ਲਈ ਗੁਪਕਾਰ ਗੱਠਜੋੜ 'ਚ ਸਹਿਮਤੀ ਬਣੀ

**ਸ੍ਰੀਨਗਰ:** ਜੰਮੂ ਕਸ਼ਮੀਰ ਵਿਚ ਹੋਣ ਵਾਲੀਆਂ ਡੀ.ਡੀ.ਸੀ. ਚੋਣਾਂ ਦੇ ਦੂਜੇ ਗੇੜ ਲਈ ਗੁਪਕਾਰ ਐਲਾਨਨਾਮਾ ਗੱਠਜੋੜ (ਪੀ.ਏ.ਜੀ.ਡੀ.) ਵਿਚਾਲੇ ਸੀਟਾਂ ਦੀ ਵੰਡ ਲਈ ਸਹਿਮਤੀ ਬਣ ਗਈ ਹੈ। ਪੀ.ਏ.ਜੀ.ਡੀ. ਨੇ ਸਪੱਸ਼ਟ ਕੀਤਾ ਕਿ ਗੱਠਜੋੜ ਭਾਈਵਾਲਾਂ ਵਿਚਾਲੇ ਸੀਟ ਵੰਡ ਬਾਰੇ ਵਖਰੇਵੇਂ ਬਿਲਕੁਲ ਨਹੀਂ ਹਨ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਹੋਈ ਮੀਟਿੰਗ ਵਿਚ ਜ਼ਿਲ੍ਹਾ ਵਿਕਾਸ ਕੌਂਸਲ (ਡੀ.ਡੀ.ਸੀ.) ਚੋਣਾਂ ਲਈ ਸੀਟਾਂ ਦੀ ਵੰਡ ਬਾਰੇ ਗੱਠਜੋੜ ਵਿਚਾਲੇ ਸਹਿਮਤੀ ਨਹੀਂ ਬਣ ਸਕੀ ਸੀ। ਦੋ ਦਿਨਾਂ ਵਿਚ ਇਸ ਮੁੱਦੇ ਉਤੇ ਤਿੰਨ ਵਾਰ ਮੀਟਿੰਗ ਕੀਤੀ ਜਾ ਚੁੱਕੀ ਹੈ। ਪੀ.ਏ.ਜੀ.ਡੀ. ਉਨ੍ਹਾਂ ਪਾਰਟੀਆਂ ਦਾ ਗੱਠਜੋੜ ਹੈ ਜੋ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਬਹਾਲ ਕਰਨ ਦੀ ਮੰਗ ਕਰ ਰਹੀਆਂ ਹਨ। ਸੀਟਾਂ ਬਾਰੇ ਫੈਸਲੇ ਲਈ ਮੀਟਿੰਗ ਐਨ.ਸੀ. ਪ੍ਰਧਾਨ ਫਾਰੂਕ ਅਬਦੁੱਲਾ ਦੀ ਅਗਵਾਈ ਵਿਚ ਹੋਈ। ਇਸ ਮੌਕੇ ਪੀ.ਡੀ.ਪੀ. ਪ੍ਰਧਾਨ ਮਹਿਬੂਬਾ ਮੁਫਤੀ, ਸੂਬਾਈ ਕਾਂਗਰਸ ਪ੍ਰਧਾਨ ਜੀ.ਏ. ਮੀਰ, ਪੀਪਲਜ਼ ਕਾਨਫਰੰਸ ਦੇ ਚੇਅਰਮੈਨ ਸੱਜਾਦ ਲੋਨ, ਸੀ.ਪੀ.ਐਮ. ਆਗੂ ਐਮ.ਵਾਈ. ਤਰੀਗਾਮੀ ਤੇ ਹੋਰ ਹਾਜ਼ਰ ਸਨ। ਅੱਠ ਗੇੜਾਂ ਵਿਚ ਹੋਣ ਵਾਲੀਆਂ ਚੋਣਾਂ ਦੇ ਬਾਕੀ ਗੇੜਾਂ ਦੀਆਂ ਸੀਟਾਂ ਬਾਰੇ ਗੱਲਬਾਤ ਜਾਰੀ ਰਹੇਗੀ। ਇਸੇ ਦੌਰਾਨ ਭਾਜਪਾ ਦੇ ਸੀਨੀਅਰ ਆਗੂ ਅਸ਼ਵਨੀ ਕੁਮਾਰ ਚਰੁੰਗੂ ਨੇ ਜੰਮੂ ਵਿਚ ਕਿਹਾ ਕਿ ਜੰਮੂ ਕਸ਼ਮੀਰ ਮਸਲੇ 'ਤੇ ਪਾਕਿਸਤਾਨ ਨਾਲ ਗੱਲਬਾਤ ਨਹੀਂ ਹੋ ਸਕਦੀ। ਉਨ੍ਹਾਂ ਕਿਹਾ 'ਅਤਿਵਾਦ ਤੇ ਗੱਲਬਾਤ ਨਾਲੋ-ਨਾਲ ਨਹੀਂ ਚੱਲ ਸਕਦੇ।' ਗੁਪਕਾਰ ਐਲਾਨਨਾਮਾ ਗੱਠਜੋੜ ਦੀ ਨਿਖੇਧੀ ਕਰਦਿਆਂ ਭਾਜਪਾ ਆਗੂ ਨੇ ਕਿਹਾ ਕਿ ਵਿਰੋਧੀ ਧਿਰ ਦੇ ਨਾਂ ਉਤੇ ਹੁਣ ਲੋਕਾਂ ਦੀ ਰਾਇ ਬਣ ਕੇ ਪੇਸ਼ ਹੋਣ ਦੀ ਕੋਈ ਸੰਭਾਵਨਾ ਨਹੀਂ ਰਹਿ ਗਈ ਹੈ।



## ਕਾਂਗਰਸ ਨੇ ਗੁਪਕਾਰ ਗੱਠਜੋੜ ਨਾਲ ਹੱਥ ਮਿਲਾਏ

**ਸ੍ਰੀਨਗਰ:** ਜੰਮੂ ਕਸ਼ਮੀਰ ਪ੍ਰਦੇਸ਼ ਕਾਂਗਰਸ ਕਮੇਟੀ ਨੇ ਗੁਪਕਾਰ ਗੱਠਜੋੜ ਨਾਲ ਹੱਥ ਮਿਲਾ ਲਏ ਹਨ। ਕਾਂਗਰਸ ਦੇ ਦੋ ਆਗੂਆਂ ਨੇ ਪੀ.ਡੀ.ਪੀ. ਮੁਖੀ ਮਹਿਬੂਬਾ ਮੁਫਤੀ ਦੀ ਰਿਹਾਇਸ਼ 'ਤੇ ਹੋਈ ਗੱਠਜੋੜ ਦੀ ਬੈਠਕ ਦੌਰਾਨ ਹਿੱਸਾ ਲਿਆ। ਕਾਂਗਰਸ ਆਗੂ ਗੁਲਾਮ ਨਬੀ ਮੋਂਗਾ ਨੇ ਕਿਹਾ ਕਿ ਉਹ ਗੱਠਜੋੜ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਭਾਈਵਾਲਾਂ ਵਿਚਕਾਰ ਕੋਈ ਮੱਤਭੇਦ ਨਹੀਂ ਹਨ ਅਤੇ ਵਾਰਤਾ ਵਧੀਆ ਮਾਹੌਲ 'ਚ ਹੋਈ ਹੈ। ਗੱਠਜੋੜ 'ਚ ਸ਼ਾਮਲ ਨੈਸ਼ਨਲ ਕਾਨਫਰੰਸ ਦੇ ਆਗੂ ਨਾਸਿਰ ਅਸਲਮ ਵਾਨੀ ਨੇ ਕਿਹਾ ਕਿ ਕਾਂਗਰਸ ਨੇ ਗੱਠਜੋੜ ਦਾ ਹਿੱਸਾ ਬਣਨ ਅਤੇ ਡੀ.ਡੀ.ਸੀ. ਚੋਣਾਂ ਇਕੱਠਿਆਂ ਲੜਨ ਦਾ ਭਰੋਸਾ ਦਿੱਤਾ ਹੈ।

## ਭਾਜਪਾ ਨੇ ਗੁਪਕਾਰ ਗੱਠਜੋੜ ਨੂੰ 'ਗੁਪਤਚਰ ਗੱਠਜੋੜ' ਦੱਸਿਆ

**ਨਵੀਂ ਦਿੱਲੀ:** ਭਾਜਪਾ ਨੇ ਜੰਮੂ ਅਤੇ ਕਸ਼ਮੀਰ ਦੇ ਸਿਆਸੀ ਦਲਾਂ ਦੇ ਗੁਪਕਰ ਘੋਸ਼ਣਾਪੱਤਰ ਗੱਠਜੋੜ ਵਿਚ ਕਾਂਗਰਸ ਦੇ ਸ਼ਾਮਲ ਹੋਣ ਦੀ ਆਲੋਚਨਾ ਕਰਦਿਆਂ ਇਸ ਨੂੰ 'ਗੁਪਤਚਰ ਗੱਠਜੋੜ' ਕਰਾਰ ਦਿੰਦਿਆਂ ਕਿਹਾ ਕਿ ਇਸ ਦਾ ਇਕੋ ਇਕ ਉਦੇਸ਼ ਧਾਰਾ 370 ਨੂੰ ਮੁੜ ਬਹਾਲ ਕਰਨਾ ਹੈ, ਜੋ ਪਾਕਿਸਤਾਨ ਚਾਹੁੰਦਾ ਹੈ। ਪਾਰਟੀ ਹੈਡਕੁਆਰਟਰ ਵਿਚ ਪ੍ਰੈਸ ਕਾਨਫਰੰਸ ਦੌਰਾਨ ਭਾਜਪਾ ਦੇ ਤਰਜਮਾਨ ਸੰਬਿਤ ਪਾਤਰਾ ਨੇ ਕਿਹਾ ਕਿ ਹੁਣ ਜਦੋਂ ਕਿ ਕਾਂਗਰਸ ਗੁਪਕਰ ਗੱਠਜੋੜ ਵਿਚ ਸ਼ਾਮਲ ਹੋ ਗਈ ਹੈ ਤਾਂ ਉਸ ਨੂੰ ਇਹ ਵੀ ਸਪਸ਼ਟ ਕਰਨਾ ਚਾਹੀਦਾ ਹੈ ਕਿ ਉਹ ਨੈਸ਼ਨਲ ਕਾਨਫਰੰਸ ਦੇ ਆਗੂ ਫਾਰੂਕ ਅਬਦੁੱਲਾ ਦੇ ਉਸ ਬਿਆਨ ਦਾ ਸਮਰਥਨ ਕਰਦੀ ਹੈ ਜਿਸ ਵਿਚ ਉਨ੍ਹਾਂ ਨੇ ਧਾਰਾ 370 ਬਹਾਲ ਕਰਨ ਲਈ ਕਥਿਤ ਤੌਰ 'ਤੇ ਚੀਨ ਦੀ ਮਦਦ ਕਰਨ ਦੀ ਗੱਲ ਕੀਤੀ ਸੀ।

## ਭਾਰਤ ਕਈ ਮੁਲਕਾਂ ਨੂੰ ਬ੍ਰਹਮੋਸ ਮਿਜ਼ਾਈਲ ਭੇਜੇਗਾ

**ਨਵੀਂ ਦਿੱਲੀ:** ਰੂਸੀ ਮਿਸ਼ਨ ਦੇ ਉਪ ਮੁਖੀ ਰੋਮਨ ਬਾਬੂਸ਼ਕਿਨ ਨੇ ਕਿਹਾ ਕਿ ਭਾਰਤ ਤੇ ਰੂਸ ਸੁਪਰਸੋਨਿਕ ਕਰੂਜ਼ ਮਿਜ਼ਾਈਲ ਬ੍ਰਹਮੋਸ ਦਾ ਨਿਰਯਾਤ ਫਿਲੀਪਾਈਨਜ਼ ਤੇ ਕੁਝ ਹੋਰ ਦੇਸ਼ਾਂ ਨੂੰ ਕਰਨ ਦਾ ਵਿਚਾਰ ਕਰ ਰਹੇ ਹਨ। ਭਾਰਤ-ਰੂਸ ਸਾਂਝੇ ਯਤਨਾਂ ਦੁਆਰਾ ਬ੍ਰਹਮੋਸ ਮਿਜ਼ਾਈਲ ਦਾ ਨਿਰਮਾਣ ਕੀਤਾ ਜਾਂਦਾ ਹੈ ਅਤੇ ਇਸ ਨੂੰ ਸਮੁੰਦਰੀ ਜਹਾਜ਼, ਪਣਡੁੱਬੀ, ਜਹਾਜ਼ ਜਾਂ ਜ਼ਮੀਨ ਤੋਂ ਛੱਡਿਆ ਜਾ ਸਕਦਾ ਹੈ। ਸੂਤਰਾਂ ਨੇ ਦੱਸਿਆ ਕਿ ਭਾਰਤ ਦੇ ਅਗਲੇ ਸਾਲ ਦੀ ਸ਼ੁਰੂਆਤ 'ਚ ਬ੍ਰਹਮੋਸ ਦੇ ਇਕ ਬੇੜੇ ਦੀ ਪੂਰਤੀ ਲਈ ਫਿਲੀਪਾਈਨਜ਼ ਦੇ ਨਾਲ ਸਮਝੌਤਾ ਕਰਨ ਦੀ ਸੰਭਾਵਨਾ ਹੈ। ਪਿਛਲੇ ਕੁਝ ਹਫਤਿਆਂ 'ਚ ਵੱਖ-ਵੱਖ ਸਥਾਨਾਂ ਤੋਂ ਬ੍ਰਹਮੋਸ ਮਿਜ਼ਾਈਲ ਦੀ ਉਨਤ ਕਿਸਮ ਦੇ ਕਈ ਪ੍ਰੀਖਣ ਕੀਤੇ ਗਏ ਹਨ। ਨਵੀਂ ਮਿਜ਼ਾਈਲ ਦੀ ਰੇਂਜ ਨੂੰ 400 ਕਿਲੋਮੀਟਰ ਤੱਕ ਵਧਾਇਆ ਗਿਆ ਹੈ, ਜਦਕਿ ਇਸ ਦੇ ਪੁਰਾਣੇ ਮਾਡਲ ਦੀ ਰੇਂਜ 290 ਕਿਲੋਮੀਟਰ ਸੀ। ਇਸ ਦੀ ਰਫਤਾਰ 2.8 ਮੈਕ ਹੈ, ਜੋ ਕਿ ਆਵਾਜ਼ ਤੋਂ ਕਰੀਬ ਤਿੰਨ ਗੁਣਾ ਤੇਜ਼ ਹੈ। ਬਾਬੂਸ਼ਕਿਨ ਨੇ ਆਨਲਾਈਨ ਪੱਤਰਕਾਰ ਸੰਮੇਲਨ 'ਚ ਕਿਹਾ ਕਿ ਮੌਜੂਦਾ ਮਾਡਲ ਦੇ ਸਾਰੇ ਪ੍ਰੀਖਣ ਸਫਲ ਰਹੇ ਹਨ। ਇਸ ਖਾਸ ਮਿਜ਼ਾਈਲ ਦੀ ਰੇਂਜ ਵਧਾਉਣ ਲਈ ਪ੍ਰੀਖਣ ਕੀਤੇ ਗਏ ਸਨ। ਅਸੀਂ ਸ਼ੁਰੂਆਤ 'ਚ ਫਿਲੀਪਾਈਨਜ਼ ਅਤੇ ਇਸ ਤੋਂ ਬਾਅਦ ਹੋਰ ਦੇਸ਼ਾਂ ਨੂੰ ਇਸ ਦਾ ਨਿਰਯਾਤ ਕਰਨ ਜਾ ਰਹੇ ਹਾਂ।

ਪੰਜਾਬ ਟਾਈਮਜ਼

ਸ਼ਨਿਚਰਵਾਰ, 21 ਨਵੰਬਰ 2020

# ਭਾਜਪਾ ਦੀ ਪੰਜਾਬ ਸਿਆਸਤ

ਕੇਂਦਰਵਾਦੀ ਭਾਰਤੀ ਜਨਤਾ ਪਾਰਟੀ ਨੇ ਆਖਰਕਾਰ ਪੰਜਾਬ ਬਾਰੇ ਆਪਣੀ ਸਿਆਸਤ ਦੇ ਪੱਤੇ ਖੋਲ੍ਹਣੇ ਸ਼ੁਰੂ ਕਰ ਦਿੱਤੇ ਹਨ। ਇਸ ਨੇ ਸਾਫ ਐਲਾਨ ਕਰ ਦਿੱਤਾ ਹੈ ਕਿ ਇਹ ਅਗਲੀਆਂ ਵਿਧਾਨ ਸਭਾ ਚੋਣਾਂ, ਜੋ 2022 ਦੇ ਅਰੰਭ ਵਿਚ ਹੋਣੀਆਂ ਹਨ, ਵਿਚ ਸਾਰੀਆਂ 117 ਸੀਟਾਂ ਤੋਂ ਚੋਣ ਲੜੇਗੀ। ਭਾਰਤੀ ਜਨਤਾ ਪਾਰਟੀ (ਭਾਜਪਾ) ਅਸਲ ਵਿਚ ਪੰਜਾਬ ਵਿਚ ਵੀ ਵੱਡੀ ਪਾਰਟੀ ਬਣਨ ਦੇ ਸੁਫਨੇ ਲੈ ਰਹੀ ਹੈ। ਜਦੋਂ ਤੋਂ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਬਣੀ ਹੈ, ਇਸ ਨੇ ਇਸ ਬਾਰੇ ਯੋਜਨਾਵਾਂ ਉਲੀਕਣੀਆਂ ਵੀ ਸ਼ੁਰੂ ਕਰ ਦਿੱਤੀਆਂ ਸਨ। ਇਸੇ ਕਰ ਕੇ ਸ਼੍ਰੋਮਣੀ ਅਕਾਲੀ ਦਲ ਨਾਲ ਢਾਈ ਦਹਾਕੇ ਪੁਰਾਣੇ ਸਿਆਸੀ ਗਠਜੋੜ ਦੇ ਬਾਵਜੂਦ ਪੰਜਾਬ ਨਾਲ ਸਬੰਧਤ ਭਾਜਪਾ ਲੀਡਰ ਇਹ ਵਿਚਾਰ ਰੱਖਦੇ ਰਹੇ ਹਨ ਕਿ ਪਾਰਟੀ ਨੂੰ ਸੂਬੇ ਵਿਚ ਹੁਣ ਆਪਣੇ ਬਲਬੂਤੇ ਚੋਣਾਂ ਲੜਨੀਆਂ ਚਾਹੀਦੀਆਂ ਹਨ। ਇਸੇ ਕਰ ਕੇ ਇਸ ਨੇ ਪਿਛਲੇ ਸਾਲਾਂ ਦੌਰਾਨ ਚੁੱਪ-ਚੁਪੀਤੇ ਸਿੱਖ ਚਿਹਰਿਆਂ ਨੂੰ ਪਾਰਟੀ ਨਾਲ ਜੋੜਿਆ ਅਤੇ ਅਹਿਮ ਅਹੁਦੇ ਵੀ ਦਿੱਤੇ। ਇਹ ਵੱਖਰੀ ਗੱਲ ਹੈ ਕਿ ਹੁਣ ਖੇਤੀ ਕਾਨੂੰਨਾਂ ਖਿਲਾਫ ਪੰਜਾਬ ਤੋਂ ਉਠੇ ਕਿਸਾਨ ਸੰਘਰਸ਼ ਤੋਂ ਬਾਅਦ ਇਕ ਵਾਰ ਤਾਂ ਪਾਰਟੀ ਨੂੰ ਆਪਣੀ ਬਾਜ਼ੀ ਪੁੱਠੀ ਪੈਂਦੀ ਜਾਪਦੀ ਹੋਵੇਗੀ। ਉਂਜ, ਜਿਸ ਢੰਗ ਨਾਲ ਇਸ ਮਸਲੇ ਉਤੇ ਮੋਦੀ ਸਰਕਾਰ ਟੱਸ ਤੋਂ ਮੱਸ ਨਹੀਂ ਹੋ ਰਹੀ, ਆਪਣੇ ਪਹਿਲਾਂ ਵਾਲੇ ਪੈਂਤੜੇ ਉਤੇ ਹੀ ਅੜੀ ਹੋਈ ਹੈ, ਉਸ ਤੋਂ ਸਾਫ ਪਤਾ ਲਗਦਾ ਹੈ ਕਿ ਇਹ ਪਾਰਟੀ ਪੰਜਾਬ ਵੱਲ ਤਰਜੀਹੀ ਆਧਾਰ 'ਤੇ ਧਿਆਨ ਕੇਂਦਰਤ ਕਰ ਰਹੀ ਹੈ। ਕੁਝ ਸਿਆਸੀ ਵਿਸ਼ਲੇਸ਼ਕ ਤਾਂ ਇਹ ਖਦਸ਼ਾ ਵੀ ਜ਼ਾਹਿਰ ਕਰ ਰਹੇ ਹਨ ਕਿ ਇਹ ਪਾਰਟੀ ਪੰਜਾਬ ਨਾਲ ਜੰਮੂ ਕਸ਼ਮੀਰ ਵਾਲਾ ਵਿਹਾਰ ਵੀ ਕਰ ਸਕਦੀ ਹੈ। ਕੁਝ ਵੀ ਹੋਵੇ, ਹੁਣ ਇਹ ਤੈਅ ਹੈ ਕਿ ਪੰਜਾਬ ਹੁਣ ਭਾਰਤੀ ਜਨਤਾ ਪਾਰਟੀ ਦੇ ਨਿਸ਼ਾਨੇ 'ਤੇ ਹੈ ਅਤੇ ਇਹ ਪਹਿਲਾਂ ਵਾਂਗ ਹੀ ਚੁੱਪ-ਚੁਪੀਤੇ ਕੋਈ ਸਿਆਸੀ ਖਿਚੜੀ ਪਕਾ ਰਹੀ ਹੈ।

ਪੰਜਾਬ ਦੀ ਸਿਆਸਤ ਵਿਚ ਦਿਲਚਸਪੀ ਰੱਖਣ ਵਾਲੇ ਲੋਕ ਮੁਲਕ ਦੇ ਸਮੁੱਚੇ ਹਾਲਾਤ ਅਤੇ ਸਿਆਸਤ ਨੂੰ ਬਿਹਾਰ ਨਾਲ ਜੋੜ ਕੇ ਦੇਖ ਰਹੇ ਸਨ, ਜਿਥੇ ਹੁਣੇ-ਹੁਣੇ ਵਿਧਾਨ ਸਭਾ ਚੋਣਾਂ ਹੋ ਕੇ ਹਟੀਆਂ ਹਨ। ਉਥੇ ਭਾਰਤੀ ਜਨਤਾ ਪਾਰਟੀ ਨੇ ਅਜਿਹੀ ਸ਼ਤਰੰਜੀ ਚਾਲ ਖੇਡੀ ਹੈ ਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਪਾਰਟੀ ਨੂੰ ਖੂੰਜੇ ਲਾ ਦਿੱਤਾ ਗਿਆ ਹੈ। ਕਿਆਸਆਰਾਈਆਂ ਇਹ ਵੀ ਹਨ ਕਿ ਨਿਤੀਸ਼ ਕੁਮਾਰ ਦੀ ਪਾਰਟੀ ਹੌਲੀ-ਹੌਲੀ ਭਾਰਤੀ ਜਨਤਾ ਪਾਰਟੀ ਉਤੇ ਹੀ ਨਿਰਭਰ ਹੋ ਜਾਵੇਗੀ। ਭਾਰਤੀ ਜਨਤਾ ਪਾਰਟੀ ਇਹੀ ਦਾਅ ਅਤੇ ਸਿਆਸਤ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਨਾਲ ਖੇਡਣਾ ਚਾਹੁੰਦੀ ਸੀ, ਪਰ ਉਥੇ ਸ਼ਿਵ ਸੈਨਾ ਦੇ ਲੀਡਰਾਂ ਨੇ ਇਸ ਪਾਰਟੀ ਨਾਲੋਂ ਨਾਤਾ ਤੋੜ ਲਿਆ ਅਤੇ ਕਾਂਗਰਸ ਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਨਾਲ ਰਲ ਕੇ ਸਰਕਾਰ ਬਣਾ ਲਈ। ਨਿਤੀਸ਼ ਕੁਮਾਰ ਨੇ ਆਪਣਾ ਇਹ ਰਾਹ ਵੀ ਤਕਰੀਬਨ ਬੰਦ ਕੀਤਾ ਹੋਇਆ ਹੈ। ਉਂਜ, ਬਿਹਾਰ ਦੇ ਪ੍ਰਸੰਗ ਵਿਚ ਇਕ ਤੱਥ ਨੋਟ ਕਰਨ ਵਾਲਾ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਲੋਕ ਜਨਸ਼ਕਤੀ ਪਾਰਟੀ ਦੇ ਲੀਡਰ ਚਿਰਾਗ ਪਾਸਵਾਨ ਨੂੰ ਹੱਲਾਸ਼ੇਰੀ ਦੇ ਕੇ ਸਿਆਸੀ ਜੋਖਮ ਵੀ ਉਠਾਇਆ। ਉਥੇ ਇਸ ਪਾਰਟੀ ਨੇ ਚਿਰਾਗ ਪਾਸਵਾਨ ਨੂੰ ਨਿਤੀਸ਼ ਕੁਮਾਰ ਦੀ ਪਾਰਟੀ ਦੀਆਂ ਵੋਟਾਂ ਕੱਟਣ ਲਈ ਵਰਤਿਆ ਅਤੇ ਇਸ ਮਾਮਲੇ ਵਿਚ ਇਹ ਕਾਮਯਾਬ ਰਹੀ।

ਹੁਣ ਪੰਜਾਬ ਦੇ ਪ੍ਰਸੰਗ ਵਿਚ ਅਹਿਮ ਸਵਾਲ ਇਹੀ ਹੈ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਅਜਿਹਾ ਕੋਈ ਜੋਖਮ ਉਠਾਏਗੀ ਅਤੇ ਫਿਰ ਕਾਮਯਾਬ ਵੀ ਹੋਵੇਗੀ? ਪੰਜਾਬ ਵਿਚ ਇਸ ਵਕਤ ਸ਼੍ਰੋਮਣੀ ਅਕਾਲੀ ਦਲ ਦੀਆਂ ਕਈ ਫਾਕਾਂ ਬਣੀਆਂ ਹੋਈਆਂ ਹਨ। ਸਿਆਸੀ ਪਿੜ ਵਿਚ ਬਾਦਲ ਦਲ ਨੂੰ ਅਜੇ ਭਾਵੇਂ ਕਾਫੀ ਪਛਾੜ ਵੱਜ ਰਹੀ ਹੈ, ਪਰ ਇਸ ਦਾ ਪਿੰਡਾਂ ਵਿਚ ਢਾਂਚਾ ਜਿਉਂ ਦਾ ਤਿਉਂ ਕਾਇਮ ਹੈ। ਜਦੋਂ ਵੀ ਇਸ ਨੂੰ ਮੌਕਾ ਮਿਲੇਗਾ, ਇਸ ਦੀ ਸਿਆਸਤ ਰਫਤਾਰ ਫੜ ਸਕਦੀ ਹੈ। ਅਕਾਲੀ ਦਲ ਦੇ ਹੋਰ ਧੜਿਆਂ ਦਾ ਦੁਖਾਂਤ ਇਹੀ ਹੈ ਕਿ ਇਨ੍ਹਾਂ ਦੀ ਸਮੁੱਚੇ ਪੰਜਾਬ ਵਿਚ ਹੋਂਦ ਨਹੀਂ ਹੈ। ਹਾਂ, ਵੱਖ-ਵੱਖ ਇਲਾਕਿਆਂ ਵਿਚ ਅਸਰ-ਰਸੂਖ ਜ਼ਰੂਰ ਦੇਖਣ ਨੂੰ ਮਿਲ ਰਿਹਾ ਹੈ। ਆਮ ਆਦਮੀ ਪਾਰਟੀ ਪੰਜਾਬ ਤੋਂ ਮਿਲੇ ਹੁੰਗਾਰੇ ਦੀ ਸਦਵਰਤੋਂ ਹੀ ਨਹੀਂ ਕਰ ਸਕੀ। ਅਸਲ ਵਿਚ ਆਮ ਆਦਮੀ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਪੰਜਾਬ ਅੰਦਰ ਲੀਡਰਸ਼ਿਪ ਵੀ ਉਠਣ ਨਹੀਂ ਦਿੱਤੀ, ਜਿਸ ਦਾ ਖਮਿਆਜ਼ਾ ਇਹ ਵਾਰ-ਵਾਰ ਭੁਗਤ ਵੀ ਰਹੀ ਹੈ। ਕਾਂਗਰਸ ਇਨ੍ਹਾਂ ਦੋਹਾਂ ਧਿਰਾਂ ਦੀ ਕਮਜ਼ੋਰੀ ਦਾ ਪੂਰਾ ਲਾਹਾ ਲੈ ਰਹੀ ਹੈ। ਹੁਣ ਕਿਸਾਨ ਸੰਘਰਸ਼ ਦੌਰਾਨ ਸੱਤਾ ਵਿਚ ਹੋਣ ਕਾਰਨ ਇਸ ਦੀ ਪੂਰੀ ਤਰ੍ਹਾਂ ਪੈਂਠ ਭਾਵੇਂ ਨਾ ਬਣੀ ਹੋਵੇ, ਪਰ ਇਹ ਅਤੇ ਇਸ ਦੇ ਆਗੂ ਅਗਲੀਆਂ ਚੋਣਾਂ ਜਿੱਤਣ ਦੀ ਵੱਡੀ ਆਸ ਲਾਈ ਬੈਠੇ ਹਨ। ਇਸ ਸੂਰਤ ਵਿਚ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਕਿੰਨੀ ਕੁ ਮਜ਼ਬੂਤ ਹੋ ਸਕਦੀ ਹੈ, ਇਹ ਸਵਾਲ ਅਜੇ ਸਵਾਲ ਹੈ। ਇਸ ਪਾਰਟੀ ਨੇ ਬਹੁਤ ਸਾਰੇ ਸੂਬਿਆਂ ਅੰਦਰ ਇਹ ਤਜਰਬਾ ਕੀਤਾ ਹੈ ਕਿ ਹਿੰਦੂਆਂ ਦੀਆਂ ਵੋਟਾਂ ਟੁੱਟਣ ਤੋਂ ਬਚਾਈਆਂ ਜਾਣ ਅਤੇ ਕੁਝ ਕੁ ਲੋਕਲ ਜਾਤੀਆਂ ਨਾਲ ਤਾਲਮੇਲ ਬਿਠਾ ਕੇ ਜਿੱਤ ਜੋਗੀਆਂ ਵੋਟਾਂ ਬਟੋਰ ਲਈਆਂ ਜਾਣ। ਇਸ ਗਿਣਤੀ-ਮਿਣਤੀ ਵਿਚ ਹੁਣ ਤੱਕ ਇਹ ਪੂਰੀ ਤਰ੍ਹਾਂ ਕਾਮਯਾਬ ਰਹੀ ਹੈ। ਕੇਂਦਰੀ ਸੱਤਾ ਵਿਚ ਹੋਣ ਕਰ ਕੇ ਇਹ ਸਰਕਾਰੀ ਪੱਧਰ ਉਤੇ ਵੀ ਬਹੁਤ ਸਾਰੀਆਂ ਕਾਰਵਾਈਆਂ ਚਲਾਉਣ ਦੀ ਪੁਜੀਸ਼ਨ ਵਿਚ ਹੈ; ਜਿਵੇਂ ਛੋਟੇ-ਮੋਟੇ ਦਲਾਂ ਨੂੰ ਲਾਲਚ ਦੇ ਕੇ ਆਪਣੇ ਨਾਲ ਤੋਰਨ ਵਿਚ ਇਸ ਦਾ ਵੱਖਰਾ ਰਿਕਾਰਡ ਹੈ ਜਿਸ ਬਾਰੇ ਕਦੀ ਬਹੁਤੀ ਚਰਚਾ ਨਹੀਂ ਹੁੰਦੀ। ਅੱਜ ਦੀ ਸਿਆਸਤ ਦੱਸਦੀ ਹੈ ਕਿ ਚੋਣ ਜੋੜ-ਤੋੜ ਦੇ ਮਾਮਲੇ ਵਿਚ ਭਾਰਤੀ ਜਨਤਾ ਪਾਰਟੀ ਦਾ ਹੁਣ ਕੋਈ ਤੋੜ ਨਹੀਂ। ਭਾਰਤ ਦੀ ਸਿਆਸਤ ਵਿਚ ਇੰਨਾ ਨਿਘਾਰ ਆ ਚੁੱਕਾ ਹੈ ਕਿ ਆਪਣੇ ਮੁਫਾਦਾਂ ਖਾਤਰ ਕੋਈ ਵੀ ਆਗੂ ਜਾਂ ਪਾਰਟੀ ਇਸ ਨਾਲ ਭਾਈਵਾਲੀ ਕਰਨ ਲਈ ਸਹਿਜੇ ਹੀ ਸਹਿਮਤ ਹੋ ਜਾਂਦੀ ਹੈ। ਪਿਛਲੇ ਸਮੇਂ ਦੌਰਾਨ ਰਾਸ਼ਟਰਵਾਦ ਦਾ ਪੱਤਾ ਇਸ ਨੇ ਬਹੁਤ ਬੇਕਿਰਕੀ ਅਤੇ ਕਾਮਯਾਬੀ ਨਾਲ ਵਰਤਿਆ ਹੈ। ਦੇਖਦੇ ਹਾਂ, ਇਹ ਪੰਜਾਬ ਅੰਦਰ ਕਿਹੜਾ ਪੱਤਾ ਵਰਤਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬਿਹਾਰ ਵਿਚ ਹਾਰ?

ਲੱਗਦਾ ਸੀ ਬਹੁਤਿਆਂ ਨੂੰ ਪਾਏਗਾ ਬਿਹਾਰ ਮੋੜਾ, ਤੋੜੇਗਾ ਹੰਕਾਰ ਇਹੋ ਸੋਚਾਂ ਸੀ ਵਿਚਾਰੀਆਂ।
ਬੜਾ ਹੀ ਅਜੀਬ ਵੋਟਾਂ ਵਾਲਾ ਅਲਜਬਰਾ ਐ, ਗੁਣਾ ਤੇ ਘਟਾਉ ਤਕਸੀਮਾਂ ਨੇ ਨਿਆਰੀਆਂ।
ਦੇਖ ਕੇ ਤੇਜੱਸਵੀ ਦਾ ਤੇਜ ਆਗੂ ਸੋਚੀਂ ਪਏ, ਤੇਜੀ ਨਾਲ ਕਿੱਦਾਂ ਉਹਨੇ ਭਰੀਆਂ ਉਡਾਰੀਆਂ।
ਖੁਸ਼ ਪੂਰਾ ਹੋਇਆ ਭਾਵੇਂ ਜਗਿਆ 'ਚਿਰਾਗ' ਨਾ, ਤੇਲ ਜਿਹਨੂੰ ਦਿੱਤਾ ਸੀਗਾ 'ਭਗਵੇਂ' ਖਿਡਾਰੀਆਂ।
ਸੀ. ਪੀ. ਆਈ. (ਐਮ) ਨਾਲੇ 'ਪੰਜਾ' ਤੇ ਉਵੈਸੀ ਜਿੱਤੇ, ਵੋਟਰਾਂ ਨੇ ਸੋਚਾਂ 'ਚਾਰੇ ਪਾਸੇ' ਨੂੰ ਖਿਲਾਰੀਆਂ।
ਸਾਰਿਆਂ ਨੂੰ ਗੱਫੇ ਦਿੱਤੇ ਕੱਟਾ-ਕੱਟੀ ਕੱਢਿਆ ਨਾ, ਫਾਸ਼ੀਵਾਦੀਆਂ ਨੂੰ ਗਲ ਪਾ ਲਿਆ ਬਿਹਾਰੀਆਂ!

# ਪੰਜਾਬ ਦੀ ਵਪਾਰ ਬੰਦੀ ਦਾ ਅਰਥਚਾਰੇ 'ਤੇ ਅਸਰ

***ਉਘੇ ਅਰਥ ਸ਼ਾਸਤਰੀ ਡਾ. ਰਣਜੀਤ ਸਿੰਘ ਘੁੰਮਣ ਨੇ ਪੰਜਾਬ ਦੀ ਵਪਾਰ ਬੰਦੀ ਨੂੰ ਦੋਹਾਂ ਪੰਜਾਬਾਂ ਵਿਚਕਾਰ ਚੱਲਣ ਵਾਲੇ ਵਪਾਰ ਨਾਲ ਜੋੜ ਕੇ ਦੇਖਿਆ ਹੈ। ਇਹ ਸੱਚ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਆਪਸੀ ਖਿੱਚੋਤਾਣ ਦਾ ਸਭ ਤੋਂ ਵੱਧ ਖਮਿਆਜ਼ਾ ਸਦਾ ਹੀ ਦੋਹਾਂ ਪਾਸਿਆਂ ਦੇ ਪੰਜਾਬਾਂ ਨੂੰ ਭੁਗਤਣਾ ਪਿਆ ਹੈ। ਲੇਖਕ ਦਾ ਤਰਕ ਹੈ ਕਿ ਜੇਕਰ ਦੋਹਾਂ ਪੰਜਾਬਾਂ ਵਿਚ ਵਪਾਰ ਖੁੱਲ੍ਹਦਾ ਹੈ ਤਾਂ ਇਸ ਨਾਲ ਭਾਰਤ ਦੇ ਉਤਰ-ਪੱਛਮੀ ਹਿੱਸੇ ਲਈ ਵਪਾਰ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ। -ਸੰਪਾਦਕ***

ਵਪਾਰ ਨੂੰ ਆਰਥਿਕ ਵਿਕਾਸ ਦਾ ਇੰਜਣ ਮੰਨਿਆ ਜਾਂਦਾ ਹੈ। ਲਿਹਾਜ਼ਾ, ਭਾਰਤ-ਪਾਕਿਸਤਾਨ ਵਪਾਰ ਨੂੰ ਵੀ ਦੋਵੇਂ ਗੁਆਂਢੀ ਮੁਲਕਾਂ ਲਈ ਇਸ ਦੀ ਰਾਜਸੀ-ਆਰਥਕ ਅਹਿਮੀਅਤ ਦੇ ਪੱਖ ਤੋਂ ਵਾਚਿਆ ਜਾਣਾ ਚਾਹੀਦਾ ਹੈ। ਇਸ ਪ੍ਰਸੰਗ ਵਿਚ ਇੰਟੈਗਰੇਟਿਡ ਚੈੱਕ ਪੋਸਟ (ਆਈ.ਸੀ.ਪੀ.) ਅਟਾਰੀ ਲਾਂਘੇ ਰਾਹੀਂ ਹੁੰਦੇ ਵਪਾਰ ਦੀ ਪ੍ਰਸੰਗਿਕਤਾ ਦੀ ਸਿਫਤ-ਸਲਾਹ ਕਰਨੀ ਬਣਦੀ ਹੈ। ਇਸ ਨਾਲ ਮੱਧ ਏਸ਼ੀਆ ਤੇ ਮੱਧ ਪੂਰਬ ਤੱਕ ਵਪਾਰ ਦਾ ਰਾਹ ਖੁੱਲ੍ਹ ਸਕਦਾ ਹੈ ਅਤੇ ਨਾਲ ਹੀ ਗੁਆਂਢੀ ਮੁਲਕਾਂ ਨਾਲ ਦੋਸਤਾਨਾ ਸਬੰਧ ਕਾਇਮ ਕੀਤੇ ਜਾ ਸਕਦੇ ਹਨ; ਇਹ ਤਾਂ ਸਗੋਂ ਭਾਰਤ ਦੀ ਮਹਾਸ਼ਕਤੀ ਬਣਨ ਦੀ ਜੁਸਤਜੂ ਲਈ ਵੀ ਬਹੁਤ ਅਹਿਮ ਸਾਬਿਤ



**ਡਾ. ਰਣਜੀਤ ਸਿੰਘ ਘੁੰਮਣ**
**ਫੋਨ: +91-98722-20716**

ਹੋ ਸਕਦਾ ਹੈ। ਦੋਵੇਂ ਦੇਸ਼ਾਂ ਨੂੰ ਜ਼ਿੰਮੇਵਾਰਾਨਾ ਢੰਗ ਨਾਲ ਵਿਚਰਨ ਅਤੇ ਆਪਣੇ ਨਾਗਰਿਕਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਚੱਲਣ ਦੀ ਲੋੜ ਹੈ। ਦੋਵਾਂ ਦੇਸ਼ਾਂ ਨੂੰ ਆਪਸੀ ਕੁੜੱਤਣ ਦੇ ਬਾਵਜੂਦ ਜਲਦੀ ਤੋਂ ਜਲਦੀ ਵਪਾਰ ਖੋਲ੍ਹਣਾ ਚਾਹੀਦਾ ਹੈ।

ਵਪਾਰ ਦੀ ਮਜ਼ਬੂਤੀ ਨਾਲ ਨਾ ਕੇਵਲ ਸਰਹੱਦੀ ਸੂਬੇ ਪੰਜਾਬ ਲਈ ਸਗੋਂ ਸਮੁੱਚੇ ਉਤਰ-ਪੱਛਮੀ ਭਾਰਤ ਲਈ ਵਿਕਾਸ ਤੇ ਰੁਜ਼ਗਾਰ ਦੀਆਂ ਅਪਾਰ ਸੰਭਾਵਨਾਵਾਂ ਪੈਦਾ ਹੋਣਗੀਆਂ। ਬਹਰਹਾਲ, ਪਿਛਲੇ ਕੁਝ ਅਰਸੇ ਤੋਂ ਮੁੱਖ ਤੌਰ 'ਤੇ ਆਪਸੀ ਬੇਵਿਸਾਹੀ ਕਰ ਕੇ ਦੁਵੱਲੇ ਵਪਾਰ ਵਿਚ ਤਿੱਖੀ ਕਮੀ ਆਈ ਹੈ। ਭਾਰਤ-ਪਾਕਿਸਤਾਨ ਵਪਾਰਕ ਸਬੰਧ ਆਰਥਕ ਤਰਕਸ਼ੀਲਤਾ ਅਤੇ ਰਾਜਸੀ-ਸੁਰੱਖਿਆ ਤਰਕਸ਼ੀਲਤਾ ਦੇ ਦਵੰਦ ਦੇ ਮੁਥਾਜ ਰਹੇ ਹਨ ਅਤੇ ਹਰ ਵਾਰ ਰਾਜਸੀ-ਸੁਰੱਖਿਆ ਤਰਕਸ਼ੀਲਤਾ ਹੀ ਭਾਰੂ ਰਹਿੰਦੀ ਹੈ।

1965 ਵਿਚ ਤਿੰਨ ਹਫਤਿਆਂ ਦੀ ਜੰਗ ਤੋਂ ਬਾਅਦ ਨੌਂ ਸਾਲਾਂ ਦੀ ਵਪਾਰ ਬੰਦੀ ਇਸੇ ਧਾਰਨਾ ਦੀ ਪੁਸ਼ਟੀ ਕਰਦੀ ਹੈ। ਇਸ ਦੌਰਾਨ ਉਨ੍ਹਾਂ ਵੱਡੇ ਵਪਾਰਕ ਮੌਕਿਆਂ ਦਾ ਲਾਹਾ ਗੁਆ ਲਿਆ। ਚਲੰਤ ਵਪਾਰ ਬੰਦੀ ਜੋ ਫਰਵਰੀ 2019 ਵਿਚ ਉਦੋਂ ਸਿਖਰ ਉਤੇ ਪਹੁੰਚ ਗਈ ਸੀ, ਜਦੋਂ ਭਾਰਤ ਨੇ 200 ਫੀਸਦ ਕਸਟਮ ਡਿਊਟੀ ਲਾ ਦਿੱਤੀ ਸੀ ਤੇ ਪਾਕਿਸਤਾਨ ਨੇ ਵੀ ਅਗਸਤ 2019 ਵਿਚ ਵਪਾਰ ਬੰਦੀ ਲਾਗੂ ਕਰ ਦਿੱਤੀ ਸੀ, ਦੋਵਾਂ ਦੇਸ਼ਾਂ ਦੇ ਦੁਸ਼ਮਣੀ ਭਰੇ ਸਿਆਸੀ ਸਬੰਧਾਂ ਦਾ ਇਕ ਝਲਕਾਰਾ ਹੈ।

ਸੰਸਾਰ ਬੈਂਕ ਦੀ ਇਕ ਰਿਪੋਰਟ (2018) ਅਨੁਸਾਰ ਭਾਰਤ ਅਤੇ ਪਾਕਿਸਤਾਨ ਦਰਮਿਆਨ 37 ਅਰਬ ਡਾਲਰ ਦਾ ਦੁਵੱਲਾ ਵਪਾਰ ਹੋਣ ਦਾ ਅਨੁਮਾਨ ਹੈ। ਭਾਰਤ-ਪਾਕਿਸਤਾਨ ਵਪਾਰ ਬਾਰੇ ਮੇਰੇ ਪੀ.ਐਚ.ਡੀ. ਥੀਸਿਸ (1985) ਵਿਚ ਮੈਂ ਅਨੁਮਾਨ ਲਾਇਆ ਸੀ ਕਿ 1995 ਤੱਕ ਦੋਵੇਂ ਦੇਸ਼ਾਂ ਦਰਮਿਆਨ ਵਪਾਰ ਕਰੀਬ 7 ਅਰਬ ਡਾਲਰ ਤੱਕ ਪੁੱਜ ਜਾਵੇਗਾ; ਹਾਲਾਂਕਿ 2018-19 ਤੱਕ ਦੋਵਾਂ ਦੇਸ਼ਾਂ ਦਾ ਅਸਲ ਵਪਾਰ ਕਰੀਬ 2.56 ਅਰਬ ਡਾਲਰ ਸੀ। ਇਸ ਦਾ ਕਰੀਬ 25 ਫੀਸਦ ਹਿੱਸਾ ਆਈ.ਸੀ.ਪੀ.-ਅਟਾਰੀ ਰਾਹੀਂ ਹੋ ਰਿਹਾ ਸੀ। ਜ਼ਰਾ ਸੋਚੋ ਕਿ ਜੇ ਸੰਸਾਰ ਬੈਂਕ ਦੇ ਅਨੁਮਾਨ ਮੁਤਾਬਕ ਸੰਭਾਵੀ ਵਪਾਰ ਦਾ ਅੱਧ ਵੀ ਹਾਸਲ ਕਰ ਲਿਆ ਜਾਂਦਾ ਤਾਂ ਕਿੰਨਾ ਵੱਡਾ ਫਾਇਦਾ ਹੋਣਾ ਸੀ।

ਉਂਜ, ਵਪਾਰ ਬੰਦੀ ਦੇ ਬਾਵਜੂਦ ਦੋਵੇਂ ਦੇਸ਼ਾਂ ਦਰਮਿਆਨ ਕਿਸੇ ਤੀਜੇ ਮੁਲਕ, ਭਾਵ ਯੂ.ਏ.ਈ. ਰਾਹੀਂ ਗੈਰ-ਰਸਮੀ ਵਪਾਰ ਸਦਾ ਚਲਦਾ ਰਹਿੰਦਾ ਹੈ। ਇਸ ਗੈਰਰਸਮੀ ਵਪਾਰ ਦੀ ਸਭ ਤੋਂ ਤਕੜੀ ਮਾਰ ਸਮੁੰਦਰੀ ਬੰਦਰਗਾਹ ਤੋਂ ਦੂਰ ਪੈਂਦੇ ਪੰਜਾਬ ਵਰਗੇ ਸੂਬਿਆਂ ਨੂੰ ਪੈਂਦੀ ਹੈ। ਪੰਜਾਬ ਤੋਂ ਬਰਾਮਦ ਹੋਣ ਵਾਲਾ ਮਾਲ ਕਿਸੇ ਬੰਦਰਗਾਹ ਦੀ ਬਜਾਇ ਕੁਝ ਘੰਟਿਆਂ ਵਿਚ ਹੀ ਤੇ ਬਹੁਤ ਘੱਟ ਟਰਾਂਸਪੋਰਟ ਖਰਚੇ ਨਾਲ ਪਾਕਿਸਤਾਨ ਪਹੁੰਚ ਸਕਦਾ ਹੈ ਤੇ ਇਵੇਂ ਪਾਕਿਸਤਾਨ ਤੋਂ ਮਾਲ ਮੰਗਵਾਇਆ ਵੀ ਜਾ ਸਕਦਾ ਹੈ।

ਦਿਹਾਤੀ ਅਤੇ ਸਨਅਤੀ ਵਿਕਾਸ ਖੋਜ



*ਆਈ.ਸੀ.ਪੀ. ਅਟਾਰੀ ਦੀ ਝਲਕ।*

ਕੇਂਦਰ (ਕਰਿੱਡ) ਵਲੋਂ ਕਰਵਾਏ ਇਕ ਅਧਿਐਨ (ਜੋ ਅਗਸਤ 2020 ਵਿਚ ਮੁਕੰਮਲ ਹੋਇਆ) ਵਿਚ ਖੁਲਾਸਾ ਹੋਇਆ ਹੈ ਕਿ ਚਲੰਤ ਵਪਾਰ ਬੰਦੀ ਨੇ ਪੰਜਾਬ ਦੇ ਅਰਥਚਾਰੇ ਉਤੇ ਵੱਡੀ ਸੱਟ ਮਾਰੀ ਹੈ। ਇਸ ਵਿਸ਼ੇ 'ਤੇ ਅਸੀਂ 14 ਸਤੰਬਰ ਨੂੰ ਵੈਬਿਨਾਰ ਕਰਵਾਇਆ ਸੀ ਜਿਸ ਵਿਚ ਭਾਰਤ ਤੇ ਪਾਕਿਸਤਾਨ ਦੇ ਉਘੇ ਵਿਦਵਾਨਾਂ, ਡਿਪਲੋਮੈਟਾਂ, ਸਨਅਤਕਾਰਾਂ ਅਤੇ ਬਰਾਮਦਕਾਰਾਂ ਦਰਾਮਦਕਾਰਾਂ ਸਣੇ 13 ਪੈਨਲਿਸਟਾਂ ਨੇ ਵਿਚਾਰ ਚਰਚਾ ਵਿਚ ਹਿੱਸਾ ਲਿਆ ਸੀ। ਇਨ੍ਹਾਂ ਤੋਂ ਇਲਾਵਾ ਵਿਦਵਾਨੀ, ਸਿਵਲ ਸੁਸਾਇਟੀ, ਵਪਾਰੀਆਂ ਤੇ ਵਿਦਿਆਰਥੀਆਂ ਨਾਲ ਸਬੰਧਤ 75 ਹੋਰਨਾਂ ਨੇ ਵੀ ਹਿੱਸਾ ਲਿਆ ਸੀ। ਸਾਰੇ ਪੈਨਲਿਸਟਾਂ ਅਤੇ ਇਸ ਵਿਚ ਸ਼ਿਰਕਤ ਹਿੱਸਾ ਲੈਣ ਵਾਲਿਆਂ ਨੇ ਇਸ ਗੱਲ ਦੀ ਪੈਰਵੀ ਕੀਤੀ ਕਿ ਮਾੜੇ ਸਿਆਸੀ ਸਬੰਧ ਨਾਰਮਲ ਵਪਾਰਕ ਸਬੰਧਾਂ ਦੇ ਰਾਹ ਦਾ ਰੋੜਾ ਨਹੀਂ ਬਣਨੇ ਚਾਹੀਦੇ ਸਗੋਂ ਵਪਾਰਕ ਸਬੰਧਾਂ ਨਾਲ ਸਿਆਸੀ ਸਬੰਧਾਂ ਵਿਚ ਸੁਧਾਰ ਲਿਆਉਣ ਵਿਚ ਮਦਦ ਮਿਲਦੀ ਹੈ।

ਇਸ ਵੈਬਿਨਾਰ ਲਈ ਅਸੀਂ ਪੰਜਾਬ ਦੇ 41 ਵਿਧਾਇਕਾਂ ਅਤੇ 20 ਸੰਸਦ ਮੈਂਬਰਾਂ ਨੂੰ ਵੀ ਸ਼ਿਰਕਤ ਦਾ ਸੱਦਾ ਭੇਜਿਆ ਸੀ ਪਰ ਇਕ ਵਿਧਾਇਕ ਤੋਂ ਇਲਾਵਾ ਹੋਰ ਕਿਸੇ ਨੇ ਹੁੰਗਾਰਾ ਨਹੀਂ ਭਰਿਆ। ਵੈਬਿਨਾਰ ਵਿਚ ਉਨ੍ਹਾਂ ਦੀ ਸ਼ਿਰਕਤ ਸਬੰਧਤ ਧਿਰਾਂ ਨੂੰ ਹਾਂਦਰੂ ਸੁਨੇਹਾ ਦੇ ਸਕਦੀ ਸੀ ਤੇ ਨਾਲ ਹੀ ਉਨ੍ਹਾਂ ਨੂੰ ਕੇਂਦਰ ਸਰਕਾਰ ਉਤੇ ਦਬਾਅ ਪਾਉਣ ਲਈ ਸਮੂਹਿਕ ਤੇ ਅਸਰਦਾਰ ਰਣਨੀਤੀ ਬਣਾਉਣ ਦਾ ਆਧਾਰ ਬਣ ਸਕਦੀ ਸੀ। ਸਾਡੇ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਵਪਾਰ ਲਈ ਆਈ.ਸੀ.ਪੀ.-ਅਟਾਰੀ ਲਾਂਘਾ ਬੰਦ ਹੋਣ ਨਾਲ ਪੰਜਾਬ ਅਤੇ ਇਸ ਨਾਲ ਜੁੜੀਆਂ ਧਿਰਾਂ (ਬਰਾਮਦਕਾਰਾਂ, ਦਰਾਮਦਕਾਰਾਂ, ਨਿਰਮਾਣਕਾਰਾਂ, ਟਰੱਕ ਅਪਰੇਟਰਾਂ, ਕੁਲੀਆਂ, ਢਾਬਿਆਂ ਤੇ ਰੈਸਤਰਾਂ, ਪੈਟਰੋਲ ਪੰਪਾਂ, ਤੋਲ ਕੰਡਿਆਂ, ਪਰਚੂਨ ਤੇ ਥੋਕ ਵਿਕਰੇਤਾਵਾਂ, ਪ੍ਰਾਈਵੇਟ ਸਕੂਲਾਂ, ਸਿਹਤ ਕਲੀਨਿਕਾਂ, ਰਿਪੇਅਰ ਦੀਆਂ ਦੁਕਾਨਾਂ, ਆਟੋ ਡੀਲਰਾਂ ਤੇ ਸ਼ਰਾਬ, ਚਾਹ ਤੇ ਹੋਰ ਕਾਰੋਬਾਰੀਆਂ ਆਦਿ) ਦਾ ਆਮਦਨ ਦੇ ਲਿਹਾਜ਼ ਤੋਂ ਮਣਾਂ ਮੂੰਹੀਂ ਨੁਕਸਾਨ ਹੋਇਆ ਹੈ। ਉਦਮੀ, ਟਰੱਕ ਮਾਲਕ ਅਤੇ ਵਪਾਰੀ ਆਪਣੇ ਕਰਜ਼ਿਆਂ ਦੀਆਂ ਕਿਸ਼ਤਾਂ ਮੋੜਨ ਤੋਂ ਅਸਮੱਰਥ ਹੋ ਗਏ ਹਨ। ਬਹੁਤ ਸਾਰੇ ਟਰੱਕ ਮਾਲਕਾਂ ਨੂੰ ਕਰਜ਼ਿਆਂ ਦੀਆਂ ਕਿਸ਼ਤਾਂ ਮੋੜਨ ਲਈ ਆਪਣੇ ਟਰੱਕ ਬੇਹੱਦ ਘੱਟ ਕੀਮਤ ਤੇ ਵੇਚਣੇ ਪਏ ਹਨ ਤੇ ਕਈ ਟਰੱਕ ਬੇਕਾਰ ਖੜ੍ਹੇ ਹਨ। ਮਾਪਿਆਂ ਨੂੰ ਆਪਣੇ ਬੱਚੇ ਪ੍ਰਾਈਵੇਟ ਸਕੂਲਾਂ ਤੋਂ ਹਟਾਉਣੇ ਪਏ ਹਨ, ਗੰਭੀਰ ਮਰਜ਼ਾਂ ਦੀ ਲਪੇਟ ਵਿਚ ਆਏ ਲੋਕਾਂ ਨੂੰ ਇਲਾਜ ਨਹੀਂ ਮਿਲ ਰਿਹਾ ਤੇ ਬਹੁਤ ਸਾਰੇ ਗੰਭੀਰ ਕਿਸਮ ਦੇ ਡਿਪਰੈਸ਼ਨ ਦੀ ਜ਼ਦ ਵਿਚ ਆਏ ਹੋਏ ਹਨ।

ਸਾਡੇ ਅਨੁਮਾਨਾਂ ਤੋਂ ਖੁਲਾਸਾ ਹੋਇਆ ਹੈ ਕਿ ਉਪਰ ਬਿਆਨੇ ਇਨ੍ਹਾਂ ਸਾਰੇ ਸੇਵਾਕਾਰਾਂ ਨੂੰ ਪਿਛਲੇ 18 ਮਹੀਨਿਆਂ ਦੌਰਾਨ ਇਕੱਲੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੀ ਵਪਾਰ ਬੰਦੀ ਕਰ ਕੇ 152 ਕਰੋੜ ਰੁਪਏ ਦਾ ਘਾਟਾ ਝੱਲਣਾ ਪਿਆ ਹੈ। ਬਰਾਮਦਕਾਰਾਂ ਅਤੇ ਦਰਾਮਦਕਾਰਾਂ ਨੂੰ ਇਸੇ ਅਰਸੇ ਦੌਰਾਨ 1178 ਕਰੋੜ ਰੁਪਏ ਦਾ ਘਾਟਾ ਪਿਆ ਹੈ। ਇਸ ਦੇ ਨਾਲ ਹੀ ਕਸਟਮ, ਪਲਾਂਟ ਪ੍ਰੋਟੈਕਸ਼ਨ, ਕੁਆਰੰਟੀਨ ਸਟੋਰੇਜ ਵਿਭਾਗ ਅਤੇ ਕੇਂਦਰੀ ਵੇਅਰ ਹਾਊਸਿੰਗ ਨਿਗਮ ਜਿਹੀਆਂ ਸਰਕਾਰੀ ਏਜੰਸੀਆਂ ਨੂੰ ਇਸ ਅਰਸੇ ਦੌਰਾਨ ਕਰੀਬ 774 ਕਰੋੜ ਰੁਪਏ ਦੇ ਮਾਲੀਏ ਦਾ ਨੁਕਸਾਨ ਹੋਇਆ ਹੈ।

ਇਨ੍ਹਾਂ ਅਨੁਮਾਨਾਂ ਦੇ ਹਿਸਾਬ ਨਾਲ ਵੀ ਪਿਛਲੇ 18 ਮਹੀਨਿਆਂ ਦੌਰਾਨ ਵਪਾਰਕ ਪਾਬੰਦੀਆਂ ਕਾਰਨ ਕੁੱਲ ਮਿਲਾ ਕੇ 2104 ਕਰੋੜ ਰੁਪਏ ਦਾ ਘਾਟਾ ਪਿਆ ਹੈ। ਉਂਜ, ਇਸ ਘਾਟੇ ਵਿਚ ਨਿਰਮਾਣਕਾਰਾਂ ਤੇ ਬਰਾਮਦਕਾਰਾਂ ਅਤੇ ਟਰੱਕ ਮਾਲਕਾਂ ਦਾ ਵਿੱਤੀ ਨੁਕਸਾਨ ਸ਼ਾਮਲ ਨਹੀਂ ਹੈ ਜਿਨ੍ਹਾਂ ਦੇ ਯੂਨਿਟ ਤੇ ਟਰੱਕ ਬੇਕਾਰ ਹੋ ਗਏ ਅਤੇ ਉਪਰੋਂ ਸਾਂਭ-ਸੰਭਾਲ ਦੇ ਖਰਚੇ ਝੱਲਣੇ ਪਏ। ਸਰਕਾਰੀ ਮਾਲੀਏ ਦੇ ਘਾਟੇ ਨੂੰ ਜੇ ਲਾਂਭੇ ਰੱਖ ਦੇਈਏ ਤਾਂ ਵੀ ਵੱਡਾ ਘਾਟਾ ਪੰਜਾਬ ਨਾਲ ਜੁੜੀਆਂ ਕਾਰੋਬਾਰੀ ਧਿਰਾਂ ਦਾ ਹੈ। ਕਾਰੋਬਾਰੀ ਪਹੀਆ ਠੱਪ ਹੋਣ ਕਰ ਕੇ ਸਮੁੱਚੇ ਘਾਟੇ ਵੀ ਵਧ ਰਹੇ ਹਨ।

ਪੰਜਾਬ ਦੇ ਮਾਲਵਾ ਖੇਤਰ ਵਿਚਲੇ ਖੇਤੀ ਸੰਦ ਤਿਆਰ ਕਰਨ ਵਾਲੇ ਕਾਰੋਬਾਰੀਆਂ ਨੂੰ ਪਾਕਿਸਤਾਨ ਭੇਜੇ ਜਾਣ ਵਾਲੇ ਸਟਰਾਅ ਰੀਪਰਾਂ ਦੇ ਸਾਲਾਨਾ ਕਰੀਬ 60 ਕਰੋੜ ਰੁਪਏ ਦੇ ਆਰਡਰ ਛੱਡਣੇ ਪੈ ਗਏ। ਖੇਤੀ ਸੰਦਾਂ ਦੀ ਪਾਕਿਸਤਾਨ ਵਿਚ ਭਾਰੀ ਮੰਗ ਹੈ ਪਰ ਵਪਾਰਕ ਪਾਬੰਦੀਆਂ ਕਾਰਨ ਸਾਰੀਆਂ ਸੰਭਾਵਨਾਵਾਂ ਰੁਲ ਗਈਆਂ। ਕਪਾਹ ਬਰਾਮਦਕਾਰਾਂ (ਨਾਹਰ ਸਪਿੰਨਿੰਗ ਮਿਲਜ਼ ਅਤੇ ਵਰਧਮਾਨ ਗਰੁਪ) ਨੂੰ ਵੀ ਨੁਕਸਾਨ ਹੋ ਰਿਹਾ ਹੈ ਕਿਉਂਕਿ ਉਨ੍ਹਾਂ ਪਾਕਿਸਤਾਨੀ ਦਰਾਮਦਕਾਰਾਂ ਦੀ ਮੰਗ ਉਤੇ ਵਿਸ਼ੇਸ਼ ਤੌਰ ਤੇ ਸਪਿੰਡਲਰਜ਼ ਲਗਵਾਏ ਸਨ ਜਿਨ੍ਹਾਂ ਦੀ ਸਮੱਰਥਾ ਦਾ ਇਸਤੇਮਾਲ ਨਹੀਂ ਹੋ ਰਿਹਾ।

ਇਸ ਵਪਾਰ ਬੰਦੀ ਕਾਰਨ ਤਕਰੀਬਨ 12 ਹਜ਼ਾਰ ਕਾਮਿਆਂ (ਜਿਨ੍ਹਾਂ ਵਿਚ 2500 ਕੁਲੀ, 1000 ਡਰਾਈਵਰ ਤੇ ਕਲੀਨਰ ਸ਼ਾਮਲ ਹਨ) ਦਾ ਸਿੱਧੇ ਤੌਰ 'ਤੇ ਰੁਜ਼ਗਾਰ ਖੁੱਸ ਗਿਆ ਅਤੇ ਇਨ੍ਹਾਂ ਤੋਂ ਇਲਾਵਾ ਅਸਿੱਧੇ ਰੂਪ ਵਿਚ ਹੋਰਨਾਂ ਹਜ਼ਾਰਾਂ ਲੋਕਾਂ ਦਾ ਰੁਜ਼ਗਾਰ ਤੇ ਰੋਜ਼ੀ ਰੋਟੀ ਦੇ ਵਸੀਲੇ ਚੌਪਟ ਹੋ ਗਏ। ਕਹਿਣ ਦੀ ਲੋੜ ਨਹੀਂ ਕਿ ਕੋਵਿਡ-19 ਲੌਕਡਾਊਨ ਨੇ ਇਨ੍ਹਾਂ ਦੀ ਕੀ ਦੁਰਗਤ ਕੀਤੀ ਹੋਣੀ ਹੈ।

# ਨਿਆਂ ਪਾਲਿਕਾ ਦਾ ਪੱਖਪਾਤ


11 ਨਵੰਬਰ ਨੂੰ ਸੁਪਰੀਮ ਕੋਰਟ ਦੇ ਵੈਕੇਸ਼ਨ ਬੈਂਚ ਨੇ ਰਿਪਬਲਿਕ ਟੀ.ਵੀ. ਦੇ ਚੀਫ ਐਡੀਟਰ ਅਰਨਬ ਗੋਸਵਾਮੀ ਨੂੰ ਅੰਤ੍ਰਿਮ ਜ਼ਮਾਨਤ ਦਿੰਦਿਆਂ ਜੋ ਟਿੱਪਣੀਆਂ ਕੀਤੀਆਂ, ਉਹ ਭਾਰਤ ਦੀ ਨਿਆਂ ਪ੍ਰਣਾਲੀ ਦੇ ਦੋਹਰੇ ਮਿਆਰਾਂ ਅਤੇ ਪੱਖਪਾਤੀ ਰਵੱਈਏ ਦਾ ਸਾਖਿਆਤ ਨਮੂਨਾ ਹਨ। ਜਸਟਿਸ ਡੀ.ਵਾਈ. ਚੰਦਰਚੂੜ ਨੇ ਫਰਮਾਇਆ- "ਜੇ ਅਸੀਂ ਇਸ ਮਾਮਲੇ ਵਿਚ ਅੱਜ ਵੀ ਦਖਲਅੰਦਾਜ਼ੀ ਨਹੀਂ ਕਰਾਂਗੇ ਤਾਂ ਇਹ ਸਾਨੂੰ ਤਬਾਹੀ ਦੇ ਰਾਹ ਲੈ ਜਾਵੇਗਾ। ... ਹਾਈ ਕੋਰਟਾਂ ਨੂੰ ਵੀ ਸੰਦੇਸ਼ ਦੇਣਾ ਜ਼ਰੂਰੀ ਹੈ ਕਿ ਵਿਅਕਤੀਗਤ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਆਪਣੇ ਨਿਆਂਇਕ ਅਧਿਕਾਰਾਂ ਨੂੰ ਵਰਤੋਂ 'ਚ ਲਿਆਉਣ। ਕੇਸ ਦਰ ਕੇਸ ਹਾਈ ਕੋਰਟਾਂ ਵਿਅਕਤੀਗਤ ਆਜ਼ਾਦੀ ਤੋਂ ਇਨਕਾਰ ਕਰ ਰਹੀਆਂ ਹਨ।" ਕੀ ਸੁਪਰੀਮ ਕੋਰਟ ਵਿਅਕਤੀਗਤ ਆਜ਼ਾਦੀ ਅਤੇ ਮਨੁੱਖੀ ਹੱਕਾਂ ਦੀ ਰਾਖੀ ਪ੍ਰਤੀ ਸੱਚੀਓਂ ਹੀ

**ਬੂਟਾ ਸਿੰਘ**
ਫੋਨ: +91-94634-74342

ਗੰਭੀਰ ਹੈ? ਤਾਂ ਫਿਰ ਉਹਨਾਂ ਬੁੱਧੀਜੀਵੀਆਂ, ਪੱਤਰਕਾਰਾਂ ਅਤੇ ਕਾਰਕੁਨਾਂ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਨੂੰ ਸੁਪਰੀਮ ਕੋਰਟ ਗੰਭੀਰਤਾ ਨਾਲ ਕਿਉਂ ਨਹੀਂ ਲੈਂਦੀ ਜਿਹਨਾਂ ਨੂੰ ਮਹਿਜ਼ ਸੱਤਾ ਦੇ ਆਲੋਚਕ ਹੋਣ ਕਾਰਨ ਪੂਰੀ ਤਰ੍ਹਾਂ ਮਨਘੜਤ ਇਲਜ਼ਾਮਾਂ ਤਹਿਤ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਸਾੜਿਆ ਜਾ ਰਿਹਾ ਹੈ? ਤੇ ਜਿਹਨਾਂ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਵਾਰ-ਵਾਰ ਰੱਦ ਕੀਤੀਆਂ ਜਾ ਰਹੀਆਂ ਹਨ? ਇਹ ਜਾਇਜ਼ ਸਵਾਲ ਉਠਾਉਣ ਵਾਲਿਆਂ 'ਤੇ ਮਾਣਹਾਨੀ ਦੇ ਪਰਚੇ ਕਿਉਂ ਦਰਜ ਕੀਤੇ ਜਾਂਦੇ ਹਨ, ਜਿਵੇਂ ਕਮੇਡੀਅਨ ਕੁਨਾਲ ਕਾਮਰਾ ਦੇ ਖਿਲਾਫ ਜਿਸ ਨੇ ਸਿਰਫ ਇੰਨਾ ਹੀ ਕਿਹਾ ਸੀ: "ਮਾਣ-ਸਨਮਾਨ ਇਸ ਇਮਾਰਤ (ਸੁਪਰੀਮ ਕੋਰਟ) ਨੂੰ ਬਹੁਤ ਪਹਿਲਾਂ ਹੀ ਛੱਡ ਕੇ ਜਾ ਚੁੱਕਾ ਹੈ। ... ਮੁਲਕ ਦੀ ਸੁਪਰੀਮ ਕੋਰਟ ਇਸ ਮੁਲਕ ਦਾ ਸਭ ਤੋਂ ਸੁਪਰੀਮ ਮਜ਼ਾਕ ਬਣ ਗਈ ਹੈ।" ਹਾਲਾਂਕਿ ਸੁਪਰੀਮ ਕੋਰਟ ਵੱਲੋਂ ਸੰਘ ਦੇ ਭੌਂਪੂ ਅਰਨਬ ਨੂੰ ਤਰਜੀਹੀ ਆਧਾਰ 'ਤੇ ਜ਼ਮਾਨਤ ਦੇਣ ਉਪਰ ਸਵਾਲ ਉਠਣੇ ਨਾ ਸਿਰਫ ਸੁਭਾਵਿਕ ਹਨ ਸਗੋਂ ਪੂਰੀ ਤਰ੍ਹਾਂ ਵਾਜਬ ਹਨ।

ਜਦ ਅਰਨਬ ਗੋਸਵਾਮੀ ਨੇ ਸੁਪਰੀਮ ਕੋਰਟ 'ਚ ਪਹੁੰਚ ਕੀਤੀ ਤਾਂ ਉਸ ਦੀ ਜ਼ਮਾਨਤ ਦੀ ਅਰਜ਼ੀ ਅਲੀਬਾਗ ਸੈਸ਼ਨ ਕੋਰਟ ਵਿਚ ਵਿਚਾਰ-ਅਧੀਨ ਸੀ। ਇਸ ਦੇ ਬਾਵਜੂਦ ਸੁਪਰੀਮ ਕੋਰਟ ਨੇ ਉਸ ਦੇ ਮਾਮਲੇ ਦੀ ਤੁਰੰਤ ਸੁਣਵਾਈ ਕਰ ਕੇ ਉਸ ਨੂੰ ਅੱਠ ਦਿਨਾਂ 'ਚ ਜ਼ਮਾਨਤ ਦੇ ਦਿੱਤੀ ਅਤੇ ਹੇਠਲੀ ਅਦਾਲਤ ਦੇ ਫੈਸਲੇ ਦਾ ਇੰਤਜ਼ਾਰ ਵੀ ਨਹੀਂ ਕੀਤਾ ਗਿਆ; ਲੇਕਿਨ ਸੁਪਰੀਮ ਕੋਰਟ ਵੱਲੋਂ ਪਿਛਲੇ ਦਿਨੀਂ ਐਡਵੋਕੇਟ ਸੁਧਾ ਭਾਰਦਵਾਜ ਦੀ ਸੁਣਵਾਈ ਕਰਨ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਗਈ ਕਿ ਉਸ ਦੀ ਜ਼ਮਾਨਤ ਦੀ ਅਰਜ਼ੀ ਬੰਬਈ ਸੈਸ਼ਨ ਕੋਰਟ ਵਿਚ ਲੱਗੀ ਹੋਈ ਹੈ। ਕੀ ਸੁਪਰੀਮ ਕੋਰਟ ਤਮਾਮ ਨਾਗਰਿਕਾਂ ਦੀ ਵਿਅਕਤੀਗਤ ਆਜ਼ਾਦੀ ਪ੍ਰਤੀ ਬਰਾਬਰ ਗੰਭੀਰ ਹੈ? ਸੁਣਵਾਈ ਤਾਂ ਸਿਰਫ ਸੱਤਾਧਾਰੀਆਂ ਦੇ ਚਹੇਤਿਆਂ ਅਤੇ ਮਹਿੰਗੇ ਵਕੀਲਾਂ ਕਰਨ ਦੇ ਸਮਰੱਥ ਰਸੂਖਵਾਨਾਂ ਦੀ ਹੋ ਰਹੀ ਹੈ। ਸੁਧਾ ਭਾਰਦਵਾਜ ਨੇ ਸਵੈ-ਇੱਛਾ ਨਾਲ ਅਮਰੀਕੀ ਨਾਗਰਿਕਤਾ ਤਿਆਗ ਕੇ ਆਪਣੀ ਜ਼ਿੰਦਗੀ ਮੁਲਕ ਦੇ ਦੱਬੇ-ਕੁਚਲੇ ਅਵਾਮ ਦੇ ਹਿਤਾਂ ਦੇ ਲੇਖੇ ਲਾਈ। ਜੁਰਮ ਦਾ ਕੋਈ ਸਬੂਤ ਨਾ ਹੋਣ ਦੇ ਬਾਵਜੂਦ ਉਸ ਨੂੰ ਸਿਰਫ ਸੱਤਾ ਵਿਰੋਧੀ ਵਿਚਾਰ ਰੱਖਣ ਅਤੇ ਮਜ਼ਲੂਮਾਂ ਦੇ ਹੱਕ ਵਿਚ ਆਵਾਜ਼ ਉਠਾਉਣ ਕਰ ਕੇ ਨਿਸ਼ਾਨਾ ਬਣਾਇਆ ਗਿਆ। ਦੂਜੇ ਪਾਸੇ, ਅਰਨਬ ਗੋਸਵਾਮੀ ਖਿਲਾਫ ਨਾ ਸਿਰਫ ਇਕ ਇੰਟੀਰੀਅਰ ਡਿਜ਼ਾਈਨਰ ਫਰਮ ਤੋਂ ਕੰਮ ਕਰਵਾ ਕੇ ਪੰਜ ਕਰੋੜ ਰੁਪਏ ਤੋਂ ਵਧੇਰੇ ਰਕਮ ਦੱਬ ਲੈਣ ਅਤੇ ਉਹਨਾਂ ਨੂੰ ਖੁਦਕੁਸ਼ੀ ਕਰਨ ਲਈ ਉਕਸਾਉਣ ਦੇ ਠੋਸ ਸਬੂਤ ਹਨ ਸਗੋਂ ਉਹ ਅਤੇ ਉਸ ਦਾ ਨਿਊਜ਼ ਚੈਨਲ ਨਿੱਤ ਸੱਤਾ ਦੇ ਆਲੋਚਕ ਨਾਗਰਿਕਾਂ ਦੇ ਖਿਲਾਫ ਜ਼ਹਿਰ ਉਗਲ ਕੇ ਉਹਨਾਂ ਦਾ ਅਕਸ ਵਿਗਾੜਨ ਦਾ ਮੁਜਰਿਮ ਹੈ। ਅਰਨਬ ਜੇ.ਐਨ.ਯੂ. ਦੇ ਸਾਬਕਾ ਵਿਦਿਆਰਥੀ ਆਗੂਆਂ ਉਮਰ ਖਾਲਿਦ ਤੋਂ ਲੈ ਕੇ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਵਿਚ ਫਸਾਏ ਲੋਕਪੱਖੀ ਬੁੱਧੀਜੀਵੀਆਂ ਤੱਕ ਹਰ ਕਿਸੇ ਨੂੰ ਦਹਿਸ਼ਤਗਰਦ ਅਤੇ ਦੇਸ਼ਧ੍ਰੋਹੀ ਕਰਾਰ ਦੇ ਕੇ ਸੱਤਾਧਾਰੀ ਆਰ.ਐਸ.ਐਸ.-ਭਾਜਪਾ ਦੀ ਫਿਰਕੂ ਪਾਲਾਬੰਦੀ ਦੀ ਸਿਆਸਤ ਦਾ ਸੰਦ ਬਣਿਆ ਹੋਇਆ ਹੈ। ਸਟੇਟ ਦੀਆਂ ਏਜੰਸੀਆਂ ਸੱਤਾਧਾਰੀ ਧਿਰ ਦੇ ਇਸ਼ਾਰੇ 'ਤੇ ਨਾਗਰਿਕ ਹੱਕਾਂ ਦੀ ਸੁਰੱਖਿਆ ਦੀ ਸੰਵਿਧਾਨਕ ਵਿਵਸਥਾ ਨੂੰ ਬਾਈਪਾਸ ਕਰਨ ਲਈ ਯੂ.ਏ.ਪੀ.ਏ., ਪਬਲਿਕ ਸਕਿਓਰਿਟੀ ਐਕਟ ਵਰਗੇ ਬੇਹੱਦ ਬਦਨਾਮ ਕਾਨੂੰਨਾਂ ਦਾ ਥੋਕ ਇਸਤੇਮਾਲ ਕਰ ਰਹੀਆਂ ਹਨ। ਇਸ ਫਾਸ਼ੀ ਫਿਰਕੂ ਮਾਹੌਲ ਨੂੰ ਦਰਕਿਨਾਰ ਕਰ ਕੇ ਸੁਪਰੀਮ ਕੋਰਟ ਵੱਲੋਂ ਅਰਨਬ ਗੋਸਵਾਮੀ ਦੇ ਮਾਮੂਲੀ ਮਾਮਲੇ ਨੂੰ ਤਰਜੀਹ ਦੇ ਕੇ ਉਸ ਨੂੰ ਤੁਰੰਤ ਜ਼ਮਾਨਤ ਦੇ ਦਿੱਤੀ ਗਈ ਜਦ ਕਿ ਜੰਮੂ ਕਸ਼ਮੀਰ ਸਮੇਤ ਬੇਸ਼ੁਮਾਰ ਐਸੇ ਮਾਮਲਿਆਂ ਦੀ ਸੁਣਵਾਈ ਨਹੀਂ ਕੀਤੀ ਜਾ ਰਹੀ ਜਿੱਥੇ ਲੱਖਾਂ ਲੋਕਾਂ ਦੇ ਮਨੁੱਖੀ ਅਤੇ ਜਮਹੂਰੀ ਹੱਕ ਸਟੇਟ ਦੇ ਬੇਕਿਰਕ ਹਮਲੇ ਦੀ ਮਾਰ ਹੇਠ ਹਨ।

ਭੀਮਾ-ਕੋਰੇਗਾਓਂ ਕੇਸ ਵਿਚ ਨਰਿੰਦਰ ਮੋਦੀ ਦੀ ਹੱਤਿਆ ਦੀ 'ਸਾਜ਼ਿਸ਼ ਰਚਣ' ਦੇ ਹਾਸੋਹੀਣੇ ਇਲਜ਼ਾਮਾਂ ਤਹਿਤ ਗ੍ਰਿਫਤਾਰ ਕੀਤੇ ਗਏ ਪ੍ਰੋਫੈਸਰ ਵਰਾਵਰਾ ਰਾਓ ਅਤੇ ਹੋਰ ਬੁੱਧੀਜੀਵੀ ਦੋ ਸਾਲ ਤੋਂ ਜੇਲ੍ਹ ਵਿਚ ਬੰਦ ਹਨ। ਇਸੇ ਕੇਸ ਵਿਚ ਪ੍ਰੋਫੈਸਰ ਸ਼ੋਮਾ ਸੇਨ, ਐਡਵੋਕੇਟ ਸੁਰਿੰਦਰ ਗਾਡਲਿੰਗ, ਰੋਨਾ ਵਿਲਸਨ, ਸੁਧੀਰ ਢਾਵਲੇ, ਮਹੇਸ਼ ਰਾਵਤ ਜੂਨ 2018 ਤੋਂ ਜੇਲ੍ਹ ਵਿਚ ਹਨ। ਗੌਤਮ ਨਵਲਖਾ ਅਤੇ ਪ੍ਰੋਫੈਸਰ ਆਨੰਦ ਤੇਲਤੁੰਬੜੇ ਅਗਸਤ 2018 ਤੋਂ ਘਰਾਂ ਵਿਚ ਕੈਦ ਸਨ। ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਤੋਂ ਬਾਅਦ ਸੁਪਰੀਮ ਕੋਰਟ ਵੱਲੋਂ ਕੌਮਾਂਤਰੀ ਪੱਧਰ ਦੀ ਲੋਕ-ਰਾਇ ਨੂੰ ਦਰਕਿਨਾਰ ਕਰਦਿਆਂ ਆਰ.ਐਸ.ਐਸ.-ਭਾਜਪਾ ਦੇ ਦਬਾਓ ਹੇਠ 16 ਮਾਰਚ 2020 ਨੂੰ ਉਹਨਾਂ ਨੂੰ ਐਨ.ਆਈ.ਏ. ਸਾਹਮਣੇ ਆਤਮ-ਸਮਰਪਣ ਕਰਨ ਦਾ ਹੁਕਮ ਸੁਣਾ ਦਿੱਤਾ ਗਿਆ। ਸੁਪਰੀਮ ਕੋਰਟ ਨੂੰ ਇਸ ਫਾਸ਼ੀਵਾਦੀ ਰਾਜਨੀਤਕ ਚਾਲ ਵਿਚ 'ਵਿਅਕਤੀਗਤ ਆਜ਼ਾਦੀ' ਲਈ ਖਤਰਾ ਨਜ਼ਰ ਨਹੀਂ ਆਇਆ। ਫਿਰ ਆਈ.ਐਨ.ਏ. ਵੱਲੋਂ ਮਨੁੱਖੀ ਹੱਕਾਂ ਦੇ ਘੁਲਾਟੀਆਂ ਪ੍ਰੋਫੈਸਰ ਹਨੀ ਬਾਬੂ, ਸਟੇਨ ਸਵਾਮੀ ਅਤੇ ਕਬੀਰ




ਕਲਾ ਮੰਚ ਦੇ ਤਿੰਨ ਕਲਾਕਾਰਾਂ ਸਾਗਰ ਗੋਰਖੇ, ਰਾਮੇਸ਼ ਗਾਏਚਰ ਅਤੇ ਉਸ ਦੀ ਪਤਨੀ ਜਯੋਤੀ ਜਗਤਾਪ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ। ਤਿੰਨਾਂ ਕਲਾਕਾਰਾਂ ਨੂੰ ਭੀਮਾ-ਕੋਰੇਗਾਓਂ ਮਾਮਲੇ ਵਿਚ ਦੋ ਸਾਲ ਬਾਅਦ ਗ੍ਰਿਫਤਾਰ ਕੀਤਾ ਗਿਆ, ਕਿਉਂਕਿ ਉਹਨਾਂ ਨੇ ਜੇਲ੍ਹਬੰਦ ਬੁੱਧੀਜੀਵੀਆਂ ਵਿਰੁੱਧ ਵਾਅਦਾ-ਮੁਆਫ ਗਵਾਹ ਬਣ ਕੇ ਝੂਠੀ ਗਵਾਹੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਵਿਅਕਤੀਗਤ ਆਜ਼ਾਦੀ ਉਪਰ ਇਸ ਤੋਂ ਖਤਰਨਾਕ ਹਮਲਾ ਕੀ ਹੋ ਸਕਦਾ ਹੈ!

ਸੁਪਰੀਮ ਕੋਰਟ ਨੂੰ ਬਜ਼ੁਰਗਾਂ ਅਤੇ ਗੰਭੀਰ ਬਿਮਾਰਾਂ ਦੀ ਵੀ ਕੋਈ ਚਿੰਤਾ ਨਹੀਂ ਹੈ। ਪ੍ਰੋਫੈਸਰ ਜੀ.ਐਨ. ਸਾਈਬਾਬਾ ਨਾਗਪੁਰ ਜੇਲ੍ਹ ਵਿਚ ਕੈਦ ਹਨ। 19 ਗੰਭੀਰ ਬਿਮਾਰੀਆਂ ਤੋਂ ਪੀੜਤ ਅਤੇ 90 ਫੀਸਦੀ ਅਪਾਹਜ ਪ੍ਰੋਫੈਸਰ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਰਹੀ। ਵਰਵਰਾ ਰਾਓ (79) ਦੀ ਹਾਲਤ ਬਹੁਤ ਜ਼ਿਆਦਾ ਵਿਗੜਨ ਕਾਰਨ ਉਹਨਾਂ ਨੂੰ ਇਲਾਜ ਲਈ ਹਸਪਤਾਲ ਜਾਣ ਖਾਤਰ ਵੀ ਲੰਮੀ ਅਦਾਲਤੀ ਲੜਾਈ ਲੜਨੀ ਪਈ। ਪਾਰਕਿਨਸਨ ਵਰਗੀ ਨਾਮੁਰਾਦ ਬਿਮਾਰੀ ਤੋਂ ਪੀੜਤ 83 ਸਾਲ ਦੇ ਸਟੇਨ ਸਵਾਮੀ ਦੀ ਸਿਹਤ ਐਨੀ ਕਮਜ਼ੋਰ ਹੈ ਕਿ ਉਹ ਖਾਣ-ਪੀਣ ਅਤੇ ਹੋਰ ਨਿੱਤ ਕ੍ਰਿਆਕ੍ਰਮ ਲਈ ਵੀ ਪੂਰੀ ਤਰ੍ਹਾਂ ਕੈਦੀ ਸਾਥੀਆਂ ਉਪਰ ਨਿਰਭਰ ਹਨ। ਦੋਨਾਂ ਦੇ ਕੇਸ ਮੈਰਿਟ ਅਤੇ ਗੰਭੀਰ ਬਿਮਾਰੀਆਂ ਕਾਰਨ ਜ਼ਮਾਨਤ ਲਈ ਪੂਰੀ ਤਰ੍ਹਾਂ ਵਾਜਬ ਹੋਣ ਦੇ ਬਾਵਜੂਦ ਉਹਨਾਂ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਰਹੀ; ਹਾਲਾਂਕਿ ਸੁਪਰੀਮ ਕੋਰਟ ਦੇ ਜੱਜ ਜਾਣਦੇ ਹਨ ਕਿ ਇਹਨਾਂ ਸਿਰਮੌਰ ਘੁਲਾਟੀਆਂ ਉਪਰ ਯੂ.ਏ.ਪੀ.ਏ. ਇਸੇ ਲਈ ਲਗਾਇਆ ਗਿਆ ਹੈ ਤਾਂ ਸਰਕਾਰ ਅਤੇ ਪੁਲਿਸ/ਜਾਂਚ ਏਜੰਸੀਆਂ ਉਹਨਾਂ ਨੂੰ ਆਪਣੀ ਮਨਮਰਜ਼ੀ ਅਨੁਸਾਰ ਜੇਲ੍ਹ ਵਿਚ ਸਾੜ ਸਕਣ।

ਸਿਰਫ ਭੀਮਾ-ਕੋਰੇਗਾਓਂ ਹੀ ਨਹੀ, ਸੀ.ਏ.ਏ.-ਐਨ.ਆਰ.ਸੀ.-ਐਨ.ਪੀ.ਆਰ. ਵਿਰੁੱਧ ਆਵਾਜ਼ ਉਠਾਉਣ ਵਾਲੇ ਇਨਸਾਫਪਸੰਦਾਂ ਦੇ ਮਾਮਲਿਆਂ 'ਚ ਵੀ ਨਿਆਂ ਪ੍ਰਣਾਲੀ ਨੂੰ 'ਵਿਅਕਤੀਗਤ ਆਜ਼ਾਦੀ' ਦਾ ਘਾਣ ਨਜ਼ਰ ਨਹੀਂ ਆ ਰਿਹਾ। ਗਰਭਵਤੀ ਹੋਣ ਦੇ ਬਾਵਜੂਦ ਵਿਦਿਆਰਥਣ ਸਫੂਰਾ ਜ਼ਰਗਰ ਨੂੰ ਕਰੋਨਾ ਲਾਗ ਦੀ ਪ੍ਰਵਾਹ ਨਾ ਕਰਦੇ ਹੋਏ 70 ਦਿਨ ਹਿਰਾਸਤ ਵਿਚ ਰੱਖ ਕੇ ਅੰਤ੍ਰਿਮ ਜ਼ਮਾਨਤ ਦਿੱਤੀ ਗਈ। ਜੇ.ਐਨ.ਯੂ. ਦੇ ਸਾਬਕਾ ਵਿਦਿਆਰਥੀ ਆਗੂ ਉਮਰ ਖਾਲਿਦ, ਸਕਾਲਰ ਦੇਵਾਂਗਨਾ ਕਲੀਤਾ, ਨਤਾਸ਼ਾ ਨਰਵਾਲ ਅਤੇ ਸ਼ਰਜੀਲ ਇਮਾਮ ਬਿਨਾ ਜ਼ਮਾਨਤ ਜੇਲ੍ਹ ਵਿਚ ਹਨ। ਜਾਮੀਆ ਮਿਲੀਆ ਇਸਲਾਮੀਆ ਦੇ ਸਾਬਕਾ ਵਿਦਿਆਰਥੀ ਸ਼ਿਫਾ ਉਰ-ਰਹਿਮਾਨ ਅਤੇ ਮੌਜੂਦਾ ਵਿਦਿਆਰਥੀ ਆਗੂ ਮੀਰਾਨ ਹੈਦਰ, ਆਸਿਫ ਇਕਬਾਲ ਟਾਹਨਾ, ਗੁਲਫਿਸ਼ਾਂ ਫਾਤਿਮਾ, ਖਾਲਿਦ ਸੈਫੀ, ਆਮ ਆਦਮੀ ਪਾਰਟੀ ਦੇ ਸਾਬਕਾ ਕੌਂਸਲਰ ਤਾਹਿਰ ਹੁਸੈਨ ਵੀ ਜੇਲ੍ਹ ਵਿਚ ਬੰਦ ਹਨ। ਉਹਨਾਂ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਅਦਾਲਤਾਂ ਵਿਚ ਇਕ ਤੋਂ ਵੱਧ ਵਾਰ ਰੱਦ ਹੋ ਚੁੱਕੀਆਂ ਹਨ। ਕਥਿਤ ਦਿੱਲੀ ਹਿੰਸਾ ਮਾਮਲਿਆਂ ਵਿਚ ਹੁਣ ਤਕ ਸਿਰਫ ਸਫੂਰਾ ਜ਼ਰਗਰ ਅਤੇ ਫੈਜ਼ਾਨ ਖਾਨ ਨੂੰ ਹੀ ਜ਼ਮਾਨਤ ਦਿੱਤੀ ਗਈ ਹੈ, ਬਾਕੀਆਂ ਨੂੰ ਇਹ ਮਾਮੂਲੀ ਰਾਹਤ ਵੀ ਨਹੀਂ ਦਿੱਤੀ ਜਾ ਰਹੀ। ਇਸ਼ਰਤ ਜਹਾਂ ਦੇ ਪਰਿਵਾਰ ਨੂੰ ਉਸ ਨੂੰ ਸਰਦੀ ਲਈ ਗਰਮ ਕੱਪੜੇ ਵੀ ਨਹੀਂ ਦੇਣ ਦਿੱਤੇ ਗਏ।

ਅਸਾਮ ਤੋਂ ਕਿਸਾਨ ਆਗੂ ਅਖਿਲ ਗੋਗੋਈ ਸੱਤਾ ਦੀ ਬਦਲਾਖੋਰੀ ਅਤੇ ਨਿਆਂ ਪ੍ਰਣਾਲੀ ਦੀ ਅਣਦੇਖੀ ਦੀ ਇਕ ਹੋਰ ਉਘੜਵੀਂ ਮਿਸਾਲ ਹੈ। ਉਸ ਦਾ ਕਸੂਰ ਵੀ ਸੀ.ਏ.ਏ.-ਐਨ.ਆਰ.ਸੀ. ਵਿਰੁੱਧ ਰੋਸ ਮੁਜ਼ਾਹਰਿਆਂ ਦੀ ਅਗਵਾਈ ਕਰਨਾ ਹੈ। ਉਹ ਯੂ.ਏ.ਪੀ.ਏ. ਅਤੇ ਹੋਰ ਸੰਗੀਨ ਧਾਰਾਵਾਂ ਤਹਿਤ 12 ਕੇਸਾਂ ਵਿਚ ਇਕ ਸਾਲ ਬਾਅਦ ਵੀ ਜੇਲ੍ਹ ਵਿਚ ਹੈ ਅਤੇ ਉਸ ਨੂੰ ਇਕ ਤੋਂ ਬਾਅਦ ਇਕ ਮਾਮਲੇ ਵਿਚ ਜ਼ਮਾਨਤ ਲੈਣ ਲਈ ਲਗਾਤਾਰ ਕਾਨੂੰਨੀ ਲੜਾਈ ਲੜਨੀ ਪੈ ਰਹੀ ਹੈ।

ਭਾਰਤੀ ਅਦਾਲਤੀ ਪ੍ਰਣਾਲੀ ਨੂੰ ਪ੍ਰੈੱਸ ਦੀ ਆਜ਼ਾਦੀ ਦੀ ਕੋਈ ਚਿੰਤਾ ਨਹੀਂ। ਉਘੜਵੀਂ ਮਿਸਾਲ ਕਸ਼ਮੀਰੀ ਪੱਤਰਕਾਰ ਆਸਿਫ ਸੁਲਤਾਨ ਦੀ ਹੈ। ਉਸ ਦੇ ਕੇਸ ਦੀ ਪਹਿਲੀ ਸੁਣਵਾਈ 15 ਮਹੀਨੇ ਬਿਨਾ ਜ਼ਮਾਨਤ ਜੇਲ੍ਹ ਬੰਦ ਰਹਿਣ ਤੋਂ ਬਾਅਦ ਹੋਈ। ਉਸ ਦਾ ਕਸੂਰ ਇਹ ਸੀ ਕਿ ਉਸ ਨੇ ਕਸ਼ਮੀਰੀ ਖਾੜਕੂ ਬੁਰਹਾਨ ਵਾਨੀ ਬਾਰੇ ਰਿਪੋਰਟਿੰਗ ਕੀਤੀ ਸੀ। ਕੇਰਲ ਤੋਂ ਪੱਤਰਕਾਰ ਸਿਦੀਕ ਕੱਪਨ ਨੂੰ 6 ਅਕਤੂਬਰ 2020 ਨੂੰ ਉਦੋਂ ਗ੍ਰਿਫਤਾਰ ਕਰ ਲਿਆ ਗਿਆ ਜਦ ਉਹ ਹਾਥਰਸ ਬਲਾਤਕਾਰ+ਕਤਲ ਕਾਂਡ ਦੀ ਰਿਪੋਰਟਿੰਗ ਲਈ ਜਾ ਰਿਹਾ ਸੀ। ਯੂ.ਪੀ. ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਕੇ ਯੂ.ਏ.ਪੀ.ਏ. ਲਗਾ ਦਿੱਤਾ ਅਤੇ ਹਾਥਰਸ 'ਸਾਜ਼ਿਸ਼' ਵਿਚ ਨਾਮਜ਼ਦ ਕਰ ਲਿਆ। ਸੁਪਰੀਮ ਕੋਰਟ ਵੱਲੋਂ ਕੇਰਲ ਯੂਨੀਅਨ ਆਫ ਵਰਕਿੰਗ ਜਰਨਲਿਸਟਸ ਦੀ ਹੈਬੀਅਸ ਕਾਰਪਸ ਅਤੇ ਉਸ ਦੀ ਜ਼ਮਾਨਤ ਦੀ ਸੁਣਵਾਈ ਲਈ 16 ਨਵੰਬਰ ਤਾਰੀਕ ਤੈਅ ਕੀਤੀ ਗਈ ਸੀ ਲੇਕਿਨ ਬੈਂਚ ਨੇ ਕੋਈ ਅੰਤ੍ਰਿਮ ਹੁਕਮ ਜਾਰੀ ਨਹੀਂ ਕੀਤਾ ਸਗੋਂ ਅਗਲੀ ਤਾਰੀਕ 20 ਨਵੰਬਰ ਤੈਅ ਕਰ ਦਿੱਤੀ ਗਈ। ਇਸ ਦਾ ਮਤਲਬ ਤਾਂ ਇਹ ਹੋਇਆ ਕਿ ਸੁਪਰੀਮ ਕੋਰਟ ਲਈ ਸਿਰਫ ਅਰਨਬ ਹੀ ਪੱਤਰਕਾਰ ਹੈ ਅਤੇ ਉਸ ਤੋਂ ਸਿਵਾਏ ਹੋਰ ਕਿਸੇ ਦੀ ਵਿਅਕਤੀਗਤ ਆਜ਼ਾਦੀ ਕੋਈ ਮਾਇਨੇ ਨਹੀਂ ਰੱਖਦੀ।

ਵਿਅਕਤੀਗਤ ਆਜ਼ਾਦੀ ਹੀ ਨਹੀਂ, ਸੁਪਰੀਮ ਕੋਰਟ ਨੂੰ ਕੇਂਦਰ ਤੇ ਸੂਬਾ ਸਰਕਾਰਾਂ ਦੇ ਸਿਆਸੀ ਨਜ਼ਰਬੰਦਾਂ ਦੀਆਂ ਜਾਨਾਂ ਪ੍ਰਤੀ ਮੁਜਰਮਾਨਾ ਵਿਤਕਰੇ ਦੀ ਵੀ ਕੋਈ ਚਿੰਤਾ ਨਹੀਂ। ਜਦ ਕਰੋਨਾ ਦੇ ਖਤਰੇ ਦੇ ਮੱਦੇਨਜ਼ਰ ਜੇਲ੍ਹਾਂ ਅੰਦਰ ਕੈਦੀਆਂ ਦੀ ਗਿਣਤੀ ਘਟਾਉਣ ਲਈ ਕੈਦੀਆਂ ਨੂੰ ਪੈਰੋਲ 'ਤੇ ਭੇਜਿਆ ਗਿਆ, ਗੰਭੀਰ ਬਿਮਾਰੀਆਂ ਤੋਂ ਪੀੜਤ ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ ਉਦੋਂ ਵੀ ਜ਼ਮਾਨਤ ਨਹੀਂ ਦਿੱਤੀ ਗਈ ਸਗੋਂ ਜਿਹੜੇ ਕਿਸੇ ਅਦਾਲਤੀ ਰਾਹਤ ਤਹਿਤ ਜੇਲ੍ਹਾਂ ਤੋਂ ਬਾਹਰ ਸਨ, ਉਹਨਾਂ ਨੂੰ ਵੀ ਗ੍ਰਿਫਤਾਰ ਕਰ ਕੇ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ; ਜਿਵੇਂ ਗੌਤਮ ਨਵਲੱਖਾ, ਆਨੰਦ ਤੇਲਤੁੰਬੜੇ, ਸਟੇਨ ਸਵਾਮੀ ਅਤੇ ਪ੍ਰੋਫੈਸਰ ਹੈਨੀ ਬਾਬੂ।

ਅਦਾਲਤਾਂ ਸਮੇਤ ਸਮੁੱਚੇ ਸਟੇਟ ਦਾ ਇਹ ਵਤੀਰਾ ਦਿਖਾਉਂਦਾ ਹੈ ਕਿ ਜਮਹੂਰੀ ਹੱਕਾਂ, ਸ਼ਹਿਰੀ ਆਜ਼ਾਦੀਆਂ ਅਤੇ ਵਿਅਕਤੀਗਤ ਆਜ਼ਾਦੀ ਆਦਿ ਪ੍ਰਤੀ ਇਸ ਦੀ ਗੰਭੀਰਤਾ ਅਤੇ ਨਿਰਪੱਖਤਾ ਨਿਰਾ ਢੌਂਗ ਹੈ। ਰਾਜ ਢਾਂਚਾ ਡੂੰਘੇ ਰੂਪ 'ਚ ਜਮਾਤੀ ਤੇ ਪੱਖਪਾਤੀ ਹੈ ਜੋ ਆਰਥਕ, ਸਮਾਜੀ ਅਤੇ ਰਾਜਸੀ ਖੇਤਰਾਂ ਵਿਚ ਭਾਰੂ ਜਮਾਤ ਦੇ ਹਿਤਾਂ ਦੀ ਸੇਵਾ ਕਰਦਾ ਹੈ। ਹਾਸ਼ੀਆਗ੍ਰਸਤ ਦੱਬੇ-ਕੁਚਲੇ ਅਵਾਮ ਅਤੇ ਉਹਨਾਂ ਦੇ ਹੱਕ 'ਚ ਆਵਾਜ਼ ਉਠਾਉਣ ਵਾਲੇ ਇਨਸਾਫਪਸੰਦਾਂ ਲਈ ਇਹ ਖੁੱਲ੍ਹੀ ਜੇਲ੍ਹ ਦੀ ਤਰ੍ਹਾਂ ਹੈ। ਇਸ ਤੋਂ ਨਿਰਪੱਖ ਇਨਸਾਫ ਦੀ ਕੋਈ ਉਮੀਦ ਨਹੀਂ ਕੀਤੀ ਜਾ ਸਕਦੀ। ਇਹ ਸਿਰਫ ਤੇ ਸਿਰਫ ਵਿਆਪਕ ਲੋਕ-ਰਾਇ ਦੇ ਦਬਾਓ ਹੇਠ ਹੀ ਪਿੱਛੇ ਹਟਣ ਲਈ ਮਜਬੂਰ ਹੁੰਦਾ ਹੈ।

# ਕਿਸਾਨ ਸੰਘਰਸ਼, ਜਮਹੂਰੀ ਹੱਕ ਅਤੇ ਪੈੜਾਂ ਸੁੰਘਦੀ ਪੁਲਿਸ

ਬਠਿੰਡਾ ਪੁਲਿਸ ਜਮਹੂਰੀ ਅਧਿਕਾਰ ਸਭਾ ਅਤੇ ਲੋਕ ਮੋਰਚਾ ਪੰਜਾਬ ਦੇ ਆਗੂਆਂ ਦੇ ਘਰੀਂ ਜਾ ਕੇ ਉਹਨਾਂ ਦੇ ਪਰਵਾਰ ਮੈਂਬਰਾਂ, ਰਿਸ਼ਤੇਦਾਰਾਂ, ਦੋਸਤਾਂ ਦੇ ਪਤੇ ਟਿਕਾਣੇ ਨੋਟ ਕਰ ਰਹੀ ਹੈ। ਉਹਨਾਂ ਦੇ ਰੁਝੇਵੇਂ, ਸਰਗਰਮੀਆਂ ਅਤੇ ਸੰਪਰਕਾਂ ਬਾਰੇ ਜਾਣਕਾਰੀ ਲੈ ਰਹੀ ਹੈ। ਰਿਹਾਇਸ਼ੀ ਘਰਾਂ ਦੀ ਬਣਤਰ ਨੋਟ ਕਰ ਰਹੀ ਹੈ। ਇਹ ਸਾਰਾ ਕੁਝ ਲੁਕ

**ਜਮਹੂਰੀ ਅਧਿਕਾਰ ਸਭਾ ਦੀ ਰਿਪੋਰਟ**

ਛੁਪ ਕੇ ਨਹੀਂ ਸਗੋਂ ਸ਼ਰੇਆਮ ਕੀਤਾ ਜਾ ਰਿਹਾ ਹੈ। ਹੁਣ ਤੱਕ ਵੱਖ-ਵੱਖ ਥਾਣਿਆਂ ਤੋਂ ਪੁਲਿਸ, ਸਭਾ ਦੇ ਸਕੱਤਰ ਅਤੇ ਸੂਬਾ ਆਗੂ ਪ੍ਰਿਤਪਾਲ ਸਿੰਘ, ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ, ਕਮੇਟੀ ਮੈਂਬਰ ਪੁਸ਼ਪ ਲਤਾ, ਪ੍ਰੈੱਸ ਸਕੱਤਰ ਡਾਕਟਰ ਅਜੀਤ ਪਾਲ ਦੇ ਘਰ ਜਾ ਚੁੱਕੀ ਹੈ। ਕਹਾਣੀਕਾਰ ਅਤਰਜੀਤ ਦੇ ਘਰ ਵੀ ਗੇੜਾ ਮਾਰ ਚੁੱਕੀ ਹੈ ਅਤੇ ਲੋਕ ਮੋਰਚਾ ਪੰਜਾਬ ਦੇ ਆਗੂ ਸੁਖਵਿੰਦਰ ਸਿੰਘ ਨੂੰ ਵਰਧਮਾਨ ਚੌਕੀ ਦੀ ਪੁਲਿਸ ਨੇ ਚੌਕੀ 'ਚ ਪੇਸ਼ ਹੋਣ ਅਤੇ ਬਿਆਨ ਲਿਖਾਉਣ ਲਈ ਫੋਨ ਕੀਤੇ ਹਨ। ਪੁਲਿਸ ਕੋਲ ਇਸ ਮੰਤਵ ਲਈ ਵੱਖ-ਵੱਖ ਜਥੇਬੰਦੀਆਂ ਦੇ ਮੈਂਬਰਾਂ ਦੀਆਂ ਸੂਚੀਆਂ ਹਨ ਅਤੇ ਸਬੰਧਤ ਥਾਣਿਆਂ ਨੂੰ ਉਹਨਾਂ ਕੋਲੋਂ ਜਾਣਕਾਰੀ ਹਾਸਲ ਕਰ ਕੇ ਲਿਖਤੀ ਰੂਪ ਵਿਚ ਭੇਜਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।




*ਖੱਬਿਓਂ: ਪ੍ਰਿਤਪਾਲ ਸਿੰਘ, ਕਹਾਣੀਕਾਰ ਅਤਰਜੀਤ, ਪੁਸ਼ਪ ਲਤਾ, ਬੱਗਾ ਸਿੰਘ ਅਤੇ ਡਾ. ਅਜੀਤ ਪਾਲ ਸਿੰਘ।*

**ਪੁਲਿਸ ਦੀ ਕਾਰਵਾਈ ਗੈਰ-ਕਾਨੂੰਨੀ:** ਫੌਜਦਾਰੀ ਕਾਨੂੰਨ ਦੀ ਕੋਈ ਵੀ ਧਾਰਾ ਪੁਲਿਸ ਨੂੰ ਕਿਸੇ ਨਾਗਰਿਕ ਬਾਰੇ ਅਜਿਹੀ ਜਾਣਕਾਰੀ ਹਾਸਲ ਕਰਨ ਦਾ ਹੱਕ ਨਹੀਂ ਦਿੰਦੀ। ਵੱਖ-ਵੱਖ ਕਾਨੂੰਨਾਂ ਤਹਿਤ ਪੁਲਿਸ ਸਿਰਫ ਸਜ਼ਾ ਭੁਗਤ ਰਹੇ ਜਾਂ ਭੁਗਤ ਚੁੱਕੇ ਕੈਦੀਆਂ ਅਤੇ ਦਸ ਨੰਬਰੀ ਬਦਮਾਸ਼ ਐਲਾਨੇ ਵਿਅਕਤੀਆਂ ਤੋਂ ਹੀ ਅਜਿਹੀ ਜਾਣਕਾਰੀ ਮੰਗ ਸਕਦੀ ਹੈ ਪਰ ਜਮਹੂਰੀ ਕਾਰਕੁਨਾਂ ਅਤੇ ਜਨਤਕ ਜਥੇਬੰਦੀਆਂ ਦੇ ਆਗੂ ਨਾ ਤਾਂ ਕਿਸੇ ਮੁਕਦਮੇ ਵਿਚ ਸਜ਼ਾ-ਯਾਫਤਾ ਸਨ ਅਤੇ ਅਤੇ ਨਾ ਹੀ ਉਹਨਾਂ ਨੂੰ ਕਿਸੇ ਸਮਰਥ ਅਧਿਕਾਰੀ ਵੱਲੋਂ ਦਸ ਨੰਬਰੀ ਬਦਮਾਸ਼ ਐਲਾਨਿਆ ਗਿਆ ਹੈ। ਇਸ ਤਰ੍ਹਾਂ ਇਹ ਕਾਰਵਾਈ ਲੋਕਾਂ ਦੀ ਨਿੱਜਤਾ ਉਤੇ ਹਮਲਾ ਹੈ।

**ਜ਼ਿੰਮੇਦਾਰੀ ਤੋਂ ਟਾਲਾ ਵੱਟ ਰਹੇ ਪੁਲਿਸ ਅਧਿਕਾਰੀ:** ਕੋਈ ਵੀ ਪੁਲਿਸ ਅਧਿਕਾਰੀ ਇਸ ਕਾਰਵਾਈ ਬਾਰੇ ਜ਼ਿੰਮੇਵਾਰੀ ਲੈਣ ਨੂੰ ਤਿਆਰ ਨਹੀਂ। ਪੁੱਛ-ਗਿੱਛ ਕਰਨ ਆਏ ਅਧਿਕਾਰੀਆਂ ਨੂੰ ਪੁੱਛਿਆ ਕਿ ਇਸ ਬਾਰੇ ਕਿਸੇ ਅਧਿਕਾਰੀ ਵੱਲੋਂ ਜਾਰੀ ਹੁਕਮ ਦੀ ਨਕਲ ਦਿੱਤੀ ਜਾਵੇ ਤਾਂ ਉਹ ਕਹਿੰਦੇ, ਅਸੀਂ ਤਾਂ ਸਰਸਰੀ ਜਿਹੀ ਜਾਣਕਾਰੀ ਲੈਣੀ ਹੈ। ਉਹ ਇਹ ਦੱਸਣ ਨੂੰ ਵੀ ਤਿਆਰ ਨਹੀਂ ਕਿ ਇਹ ਕਾਰਵਾਈ ਕਿਸ ਅਧਿਕਾਰੀ ਦੇ ਹੁਕਮਾਂ 'ਤੇ ਅਤੇ ਕਿਸ ਮਕਸਦ ਲਈ ਕੀਤੀ ਜਾ ਰਹੀ ਹੈ। ਜਦੋਂ ਇੱਕ ਪਤਰਕਾਰ ਨੇ ਜ਼ਿਲਾ ਪੁਲਿਸ ਮੁਖੀ ਨੂੰ ਇਸ ਬਾਰੇ ਪੁੱਛਿਆ ਤਾਂ ਉਹ ਅਜਿਹਾ ਕੋਈ ਹੁਕਮ ਜਾਰੀ ਕੀਤਾ ਹੋਣ ਤੋਂ ਸਾਫ ਮੁੱਕਰ ਗਿਆ। ਇਸ ਤਰ੍ਹਾਂ ਇਹ ਸਾਰਾ ਕੁਝ ਸਾਜ਼ਿਸ਼ੀ ਅਤੇ ਗੁਪਤ ਢੰਗ ਨਾਲ ਕੀਤਾ ਜਾ ਰਿਹਾ ਹੈ ਜਿਸ ਤੋਂ ਪੁਲਿਸ ਅਧਿਕਾਰੀਆਂ ਦੇ ਮਨਸ਼ੇ ਸ਼ੱਕ ਦੇ ਘੇਰੇ ਵਿਚ ਆਉਂਦੇ ਹਨ।

**ਨਾਗਰਿਕਾਂ ਦੀ ਜਾਸੂਸੀ ਮੁਖ ਏਜੰਡਾ:** ਜਦੋਂ ਤੋਂ ਮੋਦੀ ਸਰਕਾਰ ਬਣੀ ਹੈ, ਇਸ ਦਾ ਪੂਰਾ ਜ਼ੋਰ ਭਾਰਤੀ ਨਾਗਰਿਕਾਂ, ਵਿਸ਼ੇਸ਼ ਤੌਰ 'ਤੇ ਜਮਹੂਰੀ ਹੱਕਾਂ ਦੇ ਰਾਖਿਆਂ ਅਤੇ ਜਨਤਕ ਜਥੇਬੰਦੀਆਂ ਦੇ ਆਗੂਆਂ ਦੀ ਜਾਸੂਸੀ ਕਰਨ ਅਤੇ ਉਹਨਾਂ ਨੂੰ ਝੂਠੇ ਕੇਸਾਂ ਵਿਚ ਉਲਝਾਉਣ 'ਤੇ ਲੱਗਾ ਹੋਇਆ ਹੈ। ਇਸ ਮਕਸਦ ਲਈ ਆਧਾਰ ਕਾਰਡ ਸਭ ਤੋਂ ਕਾਰਗਰ ਹਥਿਆਰ ਹੈ। ਟੈਲੀਫੋਨ ਅਤੇ ਇੰਟਰਨੈਟ ਰਾਹੀਂ ਜਾਸੂਸੀ ਕਰਨ ਦੇ ਅਧਿਕਾਰ ਸਰਕਾਰ ਦੇ ਮੁੱਖ ਸਕੱਤਰ ਦੀ ਥਾਂ ਪੁਲਿਸ ਅਧਿਕਾਰੀਆਂ ਨੂੰ ਦੇ ਦਿੱਤੇ ਗਏ ਹਨ। ਇਸ ਨਾਲ ਸਰਕਾਰ ਲਈ ਕਿਸੇ ਵਿਅਕਤੀ ਦੀ ਡਾਕ ਪੜ੍ਹਨ, ਮੋਬਾਈਲ ਫੋਨ 'ਤੇ ਕਾਲਾਂ ਨੂੰ ਸੁਣਨ, ਕਾਲਾਂ ਦੇ ਆਧਾਰ 'ਤੇ ਕਿਸੇ ਵੀ ਵਿਅਕਤੀ ਦੀ ਲੋਕੇਸ਼ਨ ਚੈੱਕ ਕਰਨ, ਸੋਸ਼ਲ ਮੀਡੀਆ ਜਿਵੇਂ ਈ-ਮੇਲ, ਵ੍ਹਟਸਐਪ , ਫੇਸਬੁੱਕ, ਟਵਿੱਟਰ 'ਤੇ ਹੋ ਰਹੀਆਂ ਗਤੀਵਿਧੀਆਂ 'ਤੇ ਨਿਗਾਹ ਰੱਖਣ ਆਦਿ ਲਈ ਰਾਹ ਖੁੱਲ੍ਹ ਗਿਆ ਹੈ। ਹੁਕਮਰਾਨਾਂ ਨੂੰ ਇਸ ਜਾਸੂਸੀ ਦਾ ਸ਼ਿਕਾਰ ਹਾਕਮ ਆਪਣੇ ਪਾਰਲੀਮਾਨੀ ਸ਼ਰੀਕਾਂ ਨੂੰ ਵੀ ਬਣਾਉਣ ਤੋਂ ਗੁਰੇਜ਼ ਨਹੀਂ ਹੈ। ਲੋਕਾਂ ਦੀ ਜਾਸੂਸੀ ਦਾ ਜਨੂਨ ਭਗਵੇਂ ਹਾਕਮਾਂ 'ਤੇ ਇਸ ਹੱਦ ਤੱਕ ਛਾਇਆ ਹੋਇਆ ਹੈ ਕਿ ਕੋਵਿਡ-19 ਬਿਮਾਰੀ 'ਤੇ ਨਿਗਾਹ ਰੱਖਣ ਦੇ ਬਹਾਨੇ ਲੋਕਾਂ ਦੇ ਫੋਨਾਂ 'ਤੇ ਲਾਏ ਐਪ ਅਰੋਗਿਆ ਸੇਤੂ ਦਾ ਮੁਖ ਕੰਮ ਵੀ ਜਾਸੂਸੀ ਹੀ ਹੈ।

ਲੋਕਾਂ ਦੀ ਨਿੱਜਤਾ ਉਪਰ ਇਸ ਹਮਲੇ ਦੇ ਮੱਦੇਨਜ਼ਰ ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਪੁਲਿਸ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਨਿੱਜੀ ਜਾਣਕਾਰੀ ਲੈਣ ਦੀ ਹਰ ਕੋਸ਼ਿਸ਼ ਦਾ ਜਥੇਬੰਦ ਸੰਘਰਸ਼ ਰਾਹੀਂ ਅਤੇ ਕਾਨੂੰਨੀ ਅਦਾਰਿਆਂ ਵਿਚ ਚੁਣੌਤੀ ਰਾਹੀ ਡਟਵਾਂ ਵਿਰੋਧ ਕਰਨ, ਕਿਸੇ ਵੀ ਪੁਲਿਸ ਜਾਂ ਪ੍ਰਬੰਧਕੀ ਅਧਿਕਾਰੀ ਵੱਲੋਂ ਨਿੱਜੀ ਜਾਣਕਾਰੀ ਦੀ ਮੰਗ ਨੂੰ ਪੂਰੇ ਜ਼ੋਰ ਨਾਲ ਠੁਕਰਾ ਦੇਣ ਦਾ ਸੱਦਾ ਦਿੱਤਾ ਹੈ।

# ਬਿਹਾਰ ਵਿਧਾਨ ਸਭਾ ਚੋਣਾਂ ਦੇ ਸੰਦਰਭ 'ਚ ਦੇਸ਼ ਦਾ ਰਾਜਸੀ ਭਵਿੱਖ

ਹਿੰਦੀ ਦੀ ਕਹਾਵਤ ਹੈ, 'ਜੋ ਜੀਤਾ, ਵਹੀ ਸਿਕੰਦਰ।' ਬਿਹਾਰ ਵਿਚ ਭਾਜਪਾ, ਨਿਤਿਸ਼ ਕੁਮਾਰ ਦੀ ਜਨਤਾ ਦਲ (ਯੂਨਾਈਟਿਡ) ਅਤੇ ਉਨ੍ਹਾਂ ਦੀਆਂ ਦੋ ਹੋਰ ਸਾਥੀ ਪਾਰਟੀਆਂ 125 ਸੀਟਾਂ ਜਿੱਤ ਕੇ ਸਰਕਾਰ ਬਣਾਉਣ ਦੀ ਦੌੜ ਵਿਚ ਸਫਲ ਹੋਈਆਂ ਹਨ। ਉਨ੍ਹਾਂ ਨੂੰ ਫਸਵੀਂ ਟੱਕਰ ਦੇਣ ਵਾਲੇ ਮਹਾਂਗਠਬੰਧਨ ਨੂੰ 109 ਸੀਟਾਂ ਨਾਲ ਸਬਰ ਕਰਨਾ ਪਿਆ, ਪਰ ਲਾਲੂ ਪ੍ਰਸਾਦ ਯਾਦਵ ਦੀ ਆਰ. ਜੇ. ਡੀ. ਪਾਰਟੀ 75 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਵੱਜੋਂ ਉਭਰੀ ਹੈ। ਇਹ ਫੈਸਲਾ ਹੋਣਾ ਅਜੇ ਬਾਕੀ ਹੈ ਕਿ ਮੁੱਖ ਮੰਤਰੀ ਦੀ ਕੁਰਸੀ ਇਕ ਵਾਰ ਫਿਰ ਨਿਤਿਸ਼ ਕੁਮਾਰ ਨੂੰ ਮਿਲੇਗੀ ਜਾਂ ਭਾਜਪਾ ਨੂੰ? ਭਾਵੇਂ ਚੋਣਾਂ ਤੋਂ ਪਹਿਲਾਂ ਭਗਵਾਂ ਪਾਰਟੀ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਜੇ ਉਨ੍ਹਾਂ ਦੇ ਗਠਬੰਧਨ ਨੂੰ ਮੁੜ ਸਰਕਾਰ ਬਣਾਉਣ ਦਾ ਮੌਕਾ ਮਿਲਿਆ ਤਾਂ ਮੁੱਖ ਮੰਤਰੀ



**ਰਵਿੰਦਰ ਸਿੰਘ ਸੋਢੀ**
ਫੋਨ: 604-369-2371

ਨਿਤਿਸ਼ ਕੁਮਾਰ ਹੀ ਹੋਣਗੇ, ਪਰ ਭਾਰਤੀ ਰਾਜਨੀਤੀ ਵਿਚ ਕੀਤੇ ਵਾਅਦੇ ਘੱਟ ਹੀ ਵਫਾ ਹੁੰਦੇ ਹਨ।

ਇਕ ਗੱਲ ਯਕੀਨੀ ਹੈ ਕਿ ਸਪੀਕਰ ਦਾ ਅਹੁਦਾ ਭਾਜਪਾ ਆਪਣੇ ਕੋਲ ਹੀ ਰੱਖੇਗੀ, ਕਿਉਂਕਿ ਜੇ ਭਵਿੱਖ ਵਿਚ ਕਦੇ ਇਸ ਗਠਜੋੜ ਵਿਚ ਕੋਈ ਤਰੇੜ ਪੈਂਦੀ ਹੈ ਤਾਂ ਸਪੀਕਰ ਦੀ ਮਦਦ ਬਹੁਤ ਕੰਮ ਆਵੇਗੀ। ਦੂਜਾ, ਭਾਜਪਾ ਵੱਧ ਸੀਟਾਂ ਦਾ ਰੋਹਬ ਪਾ ਕੇ ਮੁੱਖ ਮੰਤਰੀ ਦੇ ਮੋਢੇ 'ਤੇ ਬੰਦੂਕ ਰੱਖ ਕੇ ਚਲਾਏਗੀ, ਭਾਵ ਆਪਣੀ ਪਾਰਟੀ ਦੇ ਏਜੰਡੇ ਨੂੰ ਲਾਗੂ ਕਰਨ 'ਤੇ ਜੋਰ ਦੇਵੇਗੀ। ਅਜਿਹੀ ਸਥਿਤੀ ਵਿਚ ਦੇਖਣ ਵਾਲੀ ਗੱਲ ਇਹ ਹੋਵੇਗੀ ਕਿ ਨਿਤਿਸ਼ ਇਸ ਸਥਿਤੀ ਦਾ ਸਾਹਮਣਾ ਕਿਵੇਂ ਕਰਦਾ ਹੈ? ਇਹ ਵੀ ਦੇਖਣ ਵਾਲੀ ਗੱਲ ਹੋਵੇਗੀ ਕਿ ਐਨ. ਡੀ. ਏ. ਦਲਬਦਲੀ ਦੀ ਕਲਾ ਨਾਲ ਆਪਣੇ ਆਮ ਬਹੁਮਤ ਨੂੰ ਕਿਥੇ ਤੱਕ ਲੈ ਕੇ ਜਾਵੇਗੀ? ਭਾਜਪਾ ਹਰ ਹਰਬਾ ਵਰਤ ਕੇ ਆਪਣੇ ਖੇਮੇ ਨੂੰ ਹੋਰ ਤਕੜਾ ਕਰਨ ਦੇ ਯਤਨ ਕਰਦੀ ਰਹੇਗੀ ਤਾਂ ਜੋ ਉਹ ਨਿਤਿਸ਼ 'ਤੇ ਆਪਣਾ ਡਰਾਬਾ ਕਾਇਮ ਰੱਖ ਸਕੇ।

ਬਿਹਾਰ ਦੇ ਸੰਦਰਭ ਵਿਚ ਇਹ ਦੇਖਣਾ ਵੀ ਲਾਜ਼ਮੀ ਹੈ ਕਿ ਐਨ. ਡੀ. ਏ. ਆਮ ਬਹੁਮਤ ਵੀ ਕਿਵੇਂ ਲੈ ਗਈ ਅਤੇ ਮਹਾਂਗਠਬੰਧਨ ਟਿੱਚੇ ਤੋਂ ਕਿਵੇਂ ਖੁੰਝ ਗਿਆ? ਇਹ ਕਿਸੇ ਤੋਂ ਭੁਲਿਆ ਨਹੀਂ ਕਿ ਤੇਜੱਸਵੀ ਯਾਦਵ ਦਾ ਆਧਾਰ ਸਿਰਫ ਆਪਣੇ ਪਿਤਾ ਲਾਲੂ ਪ੍ਰਸਾਦ ਯਾਦਵ ਕਰਕੇ ਹੀ ਹੈ। ਲਾਲੂ ਨੇ ਆਪਣੇ ਸਮੇਂ ਕਿਵੇਂ ਚੰਮ ਦੀਆਂ ਚਲਾਈਆਂ, ਇਸ ਸਬੰਧੀ ਹਰ ਕੋਈ ਜਾਣਦਾ ਹੈ। ਘੁਟਾਲਿਆਂ ਕਾਰਨ ਹੀ ਉਹ ਹੁਣ ਜੇਲ੍ਹ ਦੀ ਹਵਾ ਖਾ ਰਿਹਾ ਹੈ। ਜਦੋਂ ਲਾਲੂ ਅਤੇ ਨਿਤਿਸ਼ ਦੀਆਂ ਪਾਰਟੀਆਂ ਦਾ ਗੱਠਜੋੜ ਸੀ, ਉਸ ਸਮੇਂ ਹੀ ਤੇਜੱਸਵੀ ਯਾਦਵ ਨੂੰ ਉੱਪ ਮੁੱਖ ਮੰਤਰੀ ਦਾ ਅਹੁਦਾ ਮਿਲਿਆ। ਇਹ ਅਹੁਦਾ ਕੋਈ ਉਸ ਦੇ ਰਾਜਸੀ ਕੱਦ ਕਰਕੇ ਨਹੀਂ, ਸਗੋਂ ਉਸ ਦੇ ਪਿਤਾ ਦੀ ਧੌਂਸ ਕਾਰਨ ਸੀ। ਸੋ ਅੱਠਵੀਂ ਜਮਾਤ ਪਾਸ ਤੇਜੱਸਵੀ ਦਾ ਆਮ ਜਨਤਾ ਵਿਚ ਪ੍ਰਭਾਵ ਕੋਈ ਬਹੁਤਾ ਵਧੀਆ ਨਹੀਂ। ਉਸ ਦੀ ਪਾਰਟੀ ਦਾ 75 ਸੀਟਾਂ ਜਿੱਤਣਾ ਸਿਰਫ ਸਤਾ ਪਰਿਵਰਤਨ ਵੱਲ ਇਸ਼ਾਰਾ ਸੀ ਅਤੇ ਦੂਜਾ ਭਾਜਪਾ ਵਲੋਂ ਬਿਹਾਰ ਦੇ ਪਰਵਾਸੀ ਮਜ਼ਦੂਰਾਂ ਨਾਲ ਕੀਤੀ ਬਦਸਲੂਕੀ।

ਕਾਂਗਰਸ ਦਾ ਮਾੜਾ ਪ੍ਰਦਸ਼ਨ ਵੀ ਮਹਾਂਗਠਬੰਧਨ ਦੀ ਹਾਰ ਦਾ ਕਾਰਨ ਬਣਿਆ। ਇਹੋ ਮਾੜਾ ਪ੍ਰਦਰਸ਼ਨ ਐਨ. ਡੀ. ਏ. ਨੂੰ ਮੁੜ ਸੱਤਾ ਵਿਚ ਲੈ ਆਇਆ। ਵੋਟਾਂ ਦੀ ਪ੍ਰਤੀਸ਼ਤ ਕਿਸ ਦੀ ਵੱਧ ਹੈ, ਇਸ ਦੀ ਚਰਚਾ ਕਰਨੀ ਬੇਤੁਕੀ ਹੈ। ਪੰਜਾਬ ਦੀ ਬੇਅੰਤ ਸਿੰਘ ਸਰਕਾਰ ਸਮੇਂ ਜਿੱਤ-ਹਾਰ ਦਾ ਫਰਕ ਵੀਹ ਪੰਜਾਹ ਜਾਂ ਸੌ-ਦੋ ਸੌ ਵੋਟਾਂ ਦਾ ਹੀ ਸੀ, ਪਰ ਵੋਟ ਰਾਜ ਵਿਚ ਜਿੱਤ ਨੂੰ ਦੇਖਿਆ ਜਾਂਦਾ ਹੈ, ਨਾ ਕਿ ਵੋਟ ਪ੍ਰਤੀਸ਼ਤ ਨੂੰ। 2016 ਵਿਚ ਹਿਲੇਰੀ ਕਲਿੰਟਨ ਟਰੰਪ ਨਾਲੋਂ ਵੱਧ ਵੋਟਾਂ ਲੈ ਗਈ ਸੀ, ਪਰ ਉਸ ਨੂੰ ਪ੍ਰੈਜ਼ੀਡੈਂਟ ਦੀ ਚੋਣ ਕਰਨ ਵਾਲੀ ਸਭਾ ਦੀਆਂ ਸੀਟਾਂ ਘੱਟ ਮਿਲੀਆਂ, ਇਸ ਲਈ ਅਮਰੀਕਾ ਦੀ ਪ੍ਰੈਜ਼ੀਡੈਂਟ ਨਾ ਬਣ ਸਕੀ। ਹੁਣ ਵੀ ਟਰੰਪ ਕੋਈ ਵੱਡੇ ਫਰਕ ਨਾਲ ਨਹੀਂ ਹਾਰਿਆ। ਇਸ ਤੋਂ ਇਹ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਮਾੜੇ ਉਮੀਦਵਾਰਾਂ ਨੂੰ ਵੋਟਾਂ ਦੇਣ ਵਾਲੇ ਵੋਟਰਾਂ ਦੀ ਕਮੀ ਨਹੀਂ ਹੁੰਦੀ। ਸੋ, ਜੇ ਬਿਹਾਰ ਵਿਚ ਆਸ ਦੇ ਵਿਰੁੱਧ ਨਤੀਜੇ ਆਏ ਹਨ ਤਾਂ ਬਹੁਤੀ ਹੈਰਾਨੀ ਨਹੀਂ ਹੋਣੀ ਚਾਹੀਦੀ।

ਅਸਲ ਵਿਚ ਜਦੋਂ ਦਾ ਬਿਹਾਰ ਵਿਚ ਚੋਣ ਪ੍ਰਚਾਰ ਸ਼ੁਰੂ ਹੋਇਆ, ਉਦੋਂ ਤੋਂ ਹੀ ਭਾਜਪਾ ਅਤੇ ਜਨਤਾ ਦਲ ਯੂਨਾਈਟਿਡ ਦਾ ਵਤੀਰਾ ਇਕ-ਦੂਜੇ ਪ੍ਰਤੀ ਬਹੁਤਾ ਸੁਖਾਵਾਂ ਨਹੀਂ ਸੀ। ਭਾਜਪਾ ਦੇ ਪੋਸਟਰਾਂ 'ਤੇ ਨਿਤਿਸ਼ ਦੀ ਫੋਟੋ ਨਹੀਂ ਸੀ ਹੁੰਦੀ। ਪ੍ਰਧਾਨ ਮੰਤਰੀ ਜਾਂ ਉਨ੍ਹਾਂ ਦੀ ਪਾਰਟੀ ਦੇ ਨੇਤਾ ਕੇਂਦਰੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਹੀ ਗੁਣਗਾਨ ਕਰਦੇ। ਜਦੋਂ ਬਿਹਾਰ ਦੀ ਗੱਲ ਹੁੰਦੀ ਵੀ ਤਾਂ ਉਸ ਸਮੇਂ ਦੀ ਗੱਲ ਹੁੰਦੀ, ਜਦੋਂ ਤੋਂ ਭਾਜਪਾ ਦਾ ਨਿਤਿਸ਼ ਦੀ ਪਾਰਟੀ ਨਾਲ ਗੱਠਜੋੜ ਹੋਇਆ ਸੀ। ਉਸ ਤੋਂ ਪਹਿਲਾਂ ਤਾਂ ਜਿਵੇਂ ਨਿਤਿਸ਼ ਨੇ ਕੁਝ ਕੀਤਾ ਹੀ ਨਹੀਂ ਸੀ? ਇਹ ਤਾਂ ਬਾਅਦ ਵਿਚ ਦੋਹਾਂ ਪਾਰਟੀਆਂ ਨੇ ਸਾਂਝੀਆਂ ਚੋਣ ਰੈਲੀਆਂ ਕੀਤੀਆਂ।

ਹੁਣ ਬਿਹਾਰ ਵਿਚ ਮੁੱਖ ਮੰਤਰੀ ਦੀ ਕੁਰਸੀ 'ਤੇ ਕੋਈ ਵੀ ਬੈਠੇ, ਸਾਡੇ ਲਈ ਇਸ ਦਾ ਬਹੁਤਾ ਮਹੱਤਵ ਨਹੀਂ, ਸਗੋਂ ਕੁਝ ਹੋਰ ਗੱਲਾਂ 'ਤੇ ਚਰਚਾ ਕਰਨਾ ਅਹਿਮ ਹੈ। ਪਹਿਲੀ ਗੱਲ ਤਾਂ ਇਹੋ ਹੈ ਕਿ ਸਰਕਾਰ ਬਣਾਉਣ ਵਾਲੀਆਂ ਦੋਵੇਂ ਪਾਰਟੀਆਂ ਵਿਚ ਸਭ ਚੰਗਾ ਨਹੀਂ ਹੈ। ਨਿਤਿਸ਼ ਦੀ ਪਾਰਟੀ ਨੂੰ ਪਹਿਲਾਂ ਨਾਲੋਂ ਘੱਟ ਸੀਟਾਂ ਨਾਲ ਹੀ ਸਬਰ ਕਰਨਾ ਪਿਆ ਹੈ। ਇਸ ਦੇ ਅਸਲ ਕਾਰਨ ਕਈ ਹਨ, ਜਿਨ੍ਹਾਂ ਬਾਰੇ ਜਨਤਾ ਦਲ (ਯੂਨਾਈਟਿਡ) ਦੇ ਨੇਤਾ ਭਲੀਭਾਂਤ ਜਾਣੂ ਹਨ। ਦਿੱਲੀ ਵਿਚ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਇਸ ਪਾਰਟੀ ਦੇ ਇਕ ਨੇਤਾ ਨੇ ਇਥੋਂ ਤੱਕ ਕਹਿ ਦਿੱਤਾ ਸੀ ਕਿ ਬੇਗਾਨਿਆਂ ਦੇ ਨਾਲ ਨਾਲ ਆਪਣਿਆਂ ਨੇ ਵੀ ਕੋਈ ਕਸਰ ਨਹੀਂ ਛੱਡੀ। ਅਸਲ ਵਿਚ ਨਿਤਿਸ਼ ਦੀ ਪਾਰਟੀ ਨੂੰ ਖੋਰਾ ਲਾਉਣ ਵਿਚ ਚਿਰਾਗ ਪਾਸਵਾਨ ਦੀ ਪਾਰਟੀ ਦਾ ਵੱਡਾ ਹੱਥ ਸਮਝਿਆ ਜਾ ਰਿਹਾ ਹੈ। ਚੋਣਾਂ ਤੋਂ ਕੁਝ ਦੇਰ ਪਹਿਲਾਂ ਹੀ ਉਹ ਇਸ ਗਠਜੋੜ 'ਚੋਂ ਬਾਹਰ ਨਿਕਲਿਆ ਸੀ। ਉਸ ਨੂੰ ਮਿਲੀ ਤਾਂ ਭਾਵੇਂ ਇਕ ਵੀ ਸੀਟ ਨਹੀਂ, ਪਰ ਇਕ ਅੰਦਾਜ਼ੇ ਮੁਤਾਬਿਕ ਉਹ ਨਿਤਿਸ਼ ਦੀ ਪਾਰਟੀ ਨੂੰ ਕੀਬਨ ਤੀਹ ਸੀਟਾਂ ਦਾ ਨੁਕਸਾਨ ਕਰਵਾ ਗਿਆ। ਉਸ ਦੇ ਅੰਦਾਜ਼-ਏ-ਬਿਆਂ ਤੋਂ ਹੀ ਪਤਾ ਲੱਗ ਰਿਹਾ ਹੈ ਕਿ ਉਹ ਕਿਸ ਦੇ ਇਸ਼ਾਰੇ 'ਤੇ ਕੰਮ ਕਰ ਰਿਹਾ ਹੈ! ਚੋਣ ਨਤੀਜੇ ਆਉਣ ਸਮੇਂ ਦੌਰਾਨ ਹੀ ਉਹ ਐਨ. ਡੀ. ਏ. ਗਠਜੋੜ ਦੀ ਜਿੱਤ ਦਾ ਸਿਹਰਾ ਕਿਸੇ ਵਿਅਕਤੀ ਵਿਸ਼ੇਸ਼ ਦੀਆਂ ਰਾਸ਼ਟਰ ਪੱਖੀ ਯੋਜਨਾਵਾਂ ਨੂੰ ਦੇ ਰਿਹਾ ਸੀ। ਹੋ ਸਕਦਾ ਹੈ ਕਿ ਉਸ ਨੂੰ ਕਿਸੇ ਉੱਚੀ ਕੁਰਸੀ ਦੇ ਸਬਜ਼ਬਾਗ ਦਿਖਾਏ ਗਏ ਹੋਣ! ਖੈਰ, ਬਿੱਲੀ ਥੈਲਿਓਂ ਬਾਹਰ ਆਉਣ ਨੂੰ ਬਹੁਤਾ ਵਕਤ ਨਹੀਂ ਲੱਗਣਾ।

ਬਿਹਾਰ ਚੋਣਾਂ ਨੇ ਦੇਸ਼ ਦੀ ਭਵਿੱਖ ਦੀ ਰਾਜਨੀਤੀ ਸਬੰਧੀ ਕਈ ਤੌਖਲੇ ਵੀ ਪੈਦਾ ਕਰ ਦਿੱਤੇ ਹਨ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਭਗਵਾਂ ਪਾਰਟੀ ਦੀ ਵਿਚਾਰਧਾਰਾ ਅਤੇ ਉਨ੍ਹਾਂ ਦੇ ਕਈ ਰਾਸ਼ਟਰ ਵਿਰੋਧੀ ਫੈਸਲਿਆਂ ਦੇ ਬਾਵਜੂਦ ਉਨ੍ਹਾਂ ਨੂੰ ਵੋਟਾਂ ਮਿਲ ਰਹੀਆਂ ਹਨ; ਭਾਵੇਂ ਉਨ੍ਹਾਂ ਦੇ ਵਿਰੋਧੀ ਲੱਖ ਕਹੀ ਜਾਣ ਕਿ ਵੋਟਿੰਗ ਮਸ਼ੀਨਾਂ ਨਾਲ ਛੇੜ-ਛਾੜ ਕੀਤੀ ਜਾਂਦੀ ਹੈ। ਇਹ ਮੰਨਣ ਵਿਚ ਕੋਈ ਇਨਕਾਰ ਨਹੀਂ ਕਿ ਅਜਿਹੀ ਹੇਰਾ-ਫੇਰੀ ਬਹੁਤੀ ਨਹੀਂ ਤਾਂ ਥੋੜਝੀ ਬਹੁਤ ਜਰੂਰ ਹੁੰਦੀ ਹੋਵੇਗੀ, ਪਰ ਨਿਰਾ-ਪੁਰਾ ਇਸ ਪੱਖ ਨੂੰ ਹੀ ਆਧਾਰ ਬਣਾਉਣਾ ਵੀ ਬਹੁਤੀ ਸਿਆਣਪ ਨਹੀਂ। ਦੂਜੀਆਂ ਪਾਰਟੀਆਂ ਦੇ ਸੂਝਵਾਨ ਨੇਤਾਵਾਂ ਅਤੇ ਰਾਜਸੀ ਮਾਹਰਾਂ ਨੂੰ ਇਸ ਪੱਖ ਦੇ ਵੱਖ ਵਖ ਪਹਿਲੂਆਂ 'ਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਨੋਟਬੰਦੀ ਨਾਲ ਆਮ ਲੋਕਾਂ ਨੂੰ ਜੋ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ, ਕੀ ਜਨਤਾ ਉਸ ਨੂੰ ਭੁੱਲ ਚੁਕੀ ਹੈ?

ਕਰੋਨਾ ਕਰਕੇ ਕੀਤੇ ਲੌਕਡਾਊਨ ਨਾਲ ਕਿਵੇਂ ਗਰੀਬਾਂ ਦੇ ਨਾਲ ਨਾਲ ਮੱਧ ਸ਼੍ਰੇਣੀ ਦੀ ਵੀ ਭੁੱਖੇ ਮਰਨ ਦੀ ਨੌਬਤ ਆ ਗਈ ਸੀ, ਕਿਵੇਂ ਗਰੀਬ ਮਜ਼ਦੂਰਾਂ ਨੂੰ ਆਪਣੇ ਪਿਤਰੀ ਰਾਜਾ ਵੱਲ ਚਾਲੇ ਪਾਉਣ ਸਮੇਂ ਸਰਕਾਰ ਵੱਲੋਂ ਕੋਈ ਮਦਦ ਨਾ ਦਿੱਤੀ ਗਈ, ਕਿਵੇਂ ਭਗਵਾਂ ਪਾਰਟੀ ਇਕ ਧਰਮ ਦੇ ਏਜੰਡੇ ਦੇ ਹੱਕ ਵਿਚ ਖੁੱਲਮ-ਖੁੱਲ੍ਹਾ ਪ੍ਰਚਾਰ ਕਰ ਰਹੀ ਹੈ, ਘੱਟ ਗਿਣਤੀਆਂ ਨੂੰ ਕਿਵੇਂ ਦੂਜੇ ਦਰਜੇ ਦੇ ਨਾਗਰਿਕ ਸਮਝਿਆ ਜਾ ਰਿਹਾ ਹੈ, ਕਿਵੇਂ ਕੁਝ ਸਰਮਾਏਦਾਰ ਲਾਣਿਆਂ ਦੀ ਪੁਸ਼ਤ-ਪਨਾਹੀ ਕੀਤੀ ਜਾ ਰਹੀ ਹੈ, ਕਿਵੇਂ ਲਾਭ ਵਾਲੇ ਸਰਕਾਰੀ ਅਦਾਰਿਆਂ ਨੂੰ ਵੇਚਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਕਿਵੇਂ ਕਰੋਨਾ ਦੇ ਨਾਂ 'ਤੇ ਇਕੱਠੇ ਕੀਤੇ ਧਨ ਦਾ ਕੋਈ ਹਿਸਾਬ ਨਹੀਂ ਦਿੱਤਾ ਜਾ ਰਿਹਾ, ਕਿਵੇਂ ਕਿਸਾਨਾਂ ਨੂੰ ਮਜ਼ਦੂਰ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ-ਆਦਿ ਕਈ ਮੁੱਦਿਆਂ ਦੀ ਅਣਦੇਖੀ ਕਰਕੇ ਪਾਰਟੀ ਦੇ ਹੱਕ ਵਿਚ ਵੋਟਾਂ ਪਾਉਣ ਜਾਂ ਪਵਾਉਣ ਦਾ ਰੁਝਾਨ ਵਧ ਰਿਹਾ ਹੈ! ਇਨ੍ਹਾਂ ਪਹਿਲੂਆਂ ਤੇ ਸੋਚਣ ਦੀ ਲੋੜ ਹੈ ਤਾਂ ਜੋ ਸਾਡੇ ਦੇਸ਼ ਦਾ ਲੋਕ-ਰਾਜ ਸਲਾਮਤ ਰਹਿ ਸਕੇ।

ਵੈਸੇ ਤਾਂ ਅਜਿਹੇ ਰੁਝਾਨਾਂ ਦੀ ਕਾਂਗਰਸ ਦੇ ਲੰਬੇ ਰਾਜਕਾਲ ਸਮੇਂ ਵੀ ਅਣਦੇਖੀ ਹੁੰਦੀ ਰਹੀ ਹੈ ਅਤੇ ਬਹੁਤੀਆਂ ਰਾਜ ਸਰਕਾਰਾਂ ਵੀ ਆਪਣੀਆਂ ਲੋਕ ਵਿਰੋਧੀ ਯੋਜਨਾਵਾਂ ਦੇ ਚਲਦੇ ਮੁੜ ਮੁੜ ਜਿੱਤਦੀਆਂ ਰਹੀਆਂ ਹਨ, ਪਰ ਵਰਤਮਾਨ ਕੇਂਦਰੀ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਨੇ ਤਾਂ ਕਾਂਗਰਸ ਨੂੰ ਬਹੁਤ ਪਿੱਛੇ ਛੱਡ ਦਿੱਤਾ ਹੈ। ਇਹ ਵੀ ਸੱਚ ਹੈ ਕਿ ਵਰਤਮਾਨ ਹਾਲਾਤ ਦੇਖਦਿਆਂ ਇਹ ਹਾਲਾਤ ਜਲਦੀ ਜਲਦੀ ਬਦਲਦੇ ਨਹੀਂ ਲਗਦੇ। ਇਸ ਦਾ ਕਾਰਨ ਇਹ ਨਹੀਂ ਕਿ ਲੋਕ ਅਜਿਹੀ ਸਥਿਤੀ ਨੂੰ ਖੁਸ਼ੀ-ਖੁਸ਼ੀ ਸਵੀਕਾਰ ਕਰ ਰਹੇ ਹਨ। ਆਮ ਜਨਤਾ ਤਾਂ ਦੁਖੀ ਹੈ ਹੀ, ਪਰ ਇਸ ਦਾ ਕੋਈ ਬਦਲ ਨਹੀਂ ਲੱਭ ਰਿਹਾ। ਹਾਕਮ ਪਾਰਟੀ ਨੇ ਇਕ ਤਰ੍ਹਾਂ ਦੀ ਅਰਾਜਕਤਾ ਫੈਲਾਈ ਹੋਈ ਹੈ। ਰਾਜਸੀ ਪੱਧਰ 'ਤੇ ਖਲਾਅ ਜਿਹਾ ਨਜ਼ਰ ਆ ਰਿਹਾ ਹੈ।

ਆਮ ਆਦਮੀ ਪਾਰਟੀ ਦੇ ਭਾਵੁਕ ਪੈਰੋਕਾਰ ਕੇਜਰੀਵਾਲ ਦੇ ਪ੍ਰਧਾਨ ਮੰਤਰੀ ਬਣਨ ਦੀ ਗੱਲ ਕਰਦੇ ਹਨ। ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਬੇਸ਼ਕ ਕਾਬਿਲ-ਏ-ਤਾਰੀਫ ਹੈ, ਪਰ ਇਸ ਪਾਰਟੀ ਦਾ ਦੇਸ਼ ਵਿਆਪੀ ਆਧਾਰ ਕੀ ਹੈ, ਇਸ ਪੱਖ ਨੂੰ ਵੀ ਸਾਹਮਣੇ ਰੱਖਣਾ ਪਵੇਗਾ। ਦਿੱਲੀ ਅਤੇ ਪੰਜਾਬ ਤੋਂ ਇਲਾਵਾ ਇਸ ਪਾਰਟੀ ਨੇ ਆਪਣਾ ਹੇਠਲਾ ਕਾਡਰ ਵਿਕਸਿਤ ਕਰਨ ਵਿਚ ਅਜੇ ਤੱਕ ਵੀ ਬਹੁਤੀ ਸਫਲਤਾ ਪ੍ਰਾਪਤ ਨਹੀਂ ਕੀਤੀ। ਪੰਜਾਬ ਵਿਚ ਵੀ ਇਸ ਪਾਰਟੀ ਦੇ ਆਗੂਆਂ ਨੇ ਜੋ ਖੇਹ ਉਠਾਈ ਹੈ, ਉਸ ਦੀ ਗਰਦ ਅਜੇ ਤੱਕ ਵੀ ਸਾਫ ਨਹੀਂ ਹੋਈ। ਕੀ ਨੇੜ ਭਵਿੱਖ ਵਿਚ ਇਹ ਪਾਰਟੀ ਆਪਣੇ ਬਲ-ਬੂਤੇ ਸਰਕਾਰ ਬਣਾਉਣ ਦੀ ਸਥਿਤੀ ਵਿਚ ਹੋਵੇਗੀ? ਇਹ ਹਾਲੇ ਸਵਾਲ ਹੀ ਬਣਿਆ ਹੋਇਆ ਹੈ। ਸੋਸ਼ਲ ਮੀਡੀਆ 'ਤੇ ਪ੍ਰਚਾਰ ਕਰਨਾ ਹੋਰ ਗੱਲ ਹੈ ਅਤੇ ਅਸਲੀਅਤ ਕੀ ਹੈ, ਇਹ ਹੋਰ ਗੱਲ ਹੈ।

ਮੌਜੂਦਾ ਹਾਲਾਤ ਵਿਚ ਕਾਂਗਰਸ ਦੀ ਹਾਲਤ ਬਹੁਤ ਹੀ ਪੇਤਲੀ ਹੋ ਚੁਕੀ ਹੈ। ਇਹ ਰਾਸ਼ਟਰੀ ਪਾਰਟੀ ਤਾਂ ਕੀ, ਖੇਤਰੀ ਪਾਰਟੀ ਕਹਾਉਣ ਦੀ ਹੱਕਦਾਰ ਵੀ ਨਹੀਂ ਰਹੀ। ਇਸ ਦੀ ਅਜਿਹੀ ਮਾੜੀ ਸਥਿਤੀ ਦਾ ਕਾਰਨ ਇਹ ਆਪ ਹੀ ਹੈ। ਇਸ ਪਾਰਟੀ ਨੂੰ ਹੁਣ ਇਹ ਭੁੱਲਣਾ ਪਵੇਗਾ ਕਿ ਕਦੇ ਇਸ ਦਾ ਰਾਜ ਸਾਰੇ ਦੇਸ਼ ਵਿਚ ਹੁੰਦਾ ਸੀ। ਸਮੇਂ ਦੀ ਗਰਦ ਨੇ ਇਸ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਹੁਣ ਇਸ ਦੀ ਹਾਲਤ ਉਸ ਮੁਰੱਬਿਆਂ ਵਾਲੇ ਜ਼ਿਮੀਂਦਾਰ ਵਰਗੀ ਹੋ ਗਈ ਹੈ, ਜਿਸ ਨੂੰ ਕੋਈ ਆਪਣੇ ਨਾਲ ਸੀਰੀ ਰਲਾਉਣ ਨੂੰ ਵੀ ਤਿਆਰ ਨਹੀਂ। ਜੇ ਕੋਈ ਪਾਰਟੀ ਅਜਿਹਾ ਉੱਦਮ ਕਰਦੀ ਹੈ ਤਾਂ ਕਾਂਗਰਸ ਪਾਰਟੀ ਨੂੰ ਉਸ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਸਮੇਂ ਦੀ ਲੋੜ ਹੈ ਕਿ ਪਾਰਟੀ ਦੀ ਕਮਾਨ ਕਿਸੇ ਸੂਝਵਾਨ ਨੇਤਾ ਦੇ ਹੱਥ ਹੋਣੀ ਚਾਹੀਦੀ ਹੈ, ਨਾ ਕਿ ਗਾਂਧੀ ਪਰਿਵਾਰ ਦੇ ਆਲੇ-ਦੁਆਲੇ ਹੀ ਘੁੰਮੀ ਜਾਵੇ। ਦੂਜੀਆਂ ਪਾਰਟੀਆਂ ਨਾਲ ਮਿਲਵਰਤਣ ਵੇਲੇ ਇਹ ਬੇਲੋੜੀਆਂ ਸ਼ਰਤਾਂ ਨਾ ਥੋਪੇ, ਸਗੋਂ ਆਪਣੀ ਅਸਲੀਅਤ ਦਾ ਧਿਆਨ ਰੱਖੇ। ਕਾਂਗਰਸ ਨੂੰ ਆਪਣਾ ਗੁਆਚਿਆ ਵੱਕਾਰ ਹਾਸਲ ਕਰਨ ਲਈ ਠਰੰਮੇ ਤੋਂ ਕੰਮ ਲੈਣਾ ਪਵੇਗਾ ਅਤੇ ਸਬਰ ਵੀ ਕਰਨਾ ਪਵੇਗਾ।

ਕਾਮਰੇਡਾਂ ਦੀਆਂ ਵੱਖ ਵੱਖ ਪਾਰਟੀਆਂ ਨੂੰ ਵੀ ਇਹ ਅਸਲੀਅਤ ਜਾਣ ਲੈਣੀ ਚਾਹੀਦੀ ਹੈ ਕਿ ਸਾਡੇ ਦੇਸ਼ ਦੀਆਂ ਸਮੱਸਿਆਵਾਂ ਦੇ ਹੱਲ ਲਈ ਰੂਸ ਜਾਂ ਚੀਨ ਦੇ ਮਾਡਲ ਨੇ ਕੰਮ ਨਹੀਂ ਕਰਨਾ। ਸਾਨੂੰ ਆਪਣੇ ਸਥਾਨਕ ਹੱਲ ਲੱਭਣੇ ਪੈਣਗੇ। ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਨੇ ਹੀ ਉਨ੍ਹਾਂ ਨੂੰ ਛਟੀ ਦਾ ਦੁੱਧ ਪਿਲਾ ਦਿੱਤਾ ਹੈ। ਉੱਤਰੀ ਭਾਰਤ ਵਿਚੋਂ ਕਰੀਬ ਕਰੀਬ ਕਾਮਰੇਡਾਂ ਦਾ ਸਫਾਇਆ ਹੀ ਹੋ ਚੁਕਾ ਹੈ। ਹਰ ਸੂਬੇ ਦੀਆਂ ਖੇਤਰੀ ਪਾਰਟੀਆਂ ਨੂੰ ਵੀ ਆਪਣੇ ਮੱਤਭੇਦ ਭੁਲਾ ਕੇ ਇਕ ਪਲੈਟਫਾਰਮ 'ਤੇ ਖੜ੍ਹੇ ਹੋਣਾ ਪਵੇਗਾ, ਤਾਂ ਹੀ ਸਾਂਝੇ ਅਤੇ ਬਗੜੈਲ ਵਿਰੋਧੀ ਨੂੰ ਪਛਾੜਨ ਲਈ ਕੋਈ ਸਾਂਝੀ ਵਿਉਂਤ ਉਲੀਕੀ ਜਾ ਸਕਦੀ ਹੈ। ਹਰ ਵਾਰ ਮੌਕਾ ਖੁੰਝਾ ਕੇ ਵੋਟਿੰਗ ਮਸ਼ੀਨਾਂ ਨੂੰ ਦੋਸ਼ ਦੇਣ ਨਾਲ ਕੁਝ ਹੱਥ ਨਹੀਂ ਆਉਣਾ। ਵੱਖ ਵੱਖ ਰਾਸ਼ਟਰੀ ਅਤੇ ਖੇਤਰੀ ਪਾਰਟੀਆਂ ਲਈ ਇਹ ਆਤਮ ਚਿੰਤਨ ਦਾ ਸਮਾਂ ਹੈ ਕਿ ਉਨ੍ਹਾਂ ਨੇ ਆਪਣੀ ਆਪਣੀ ਹਉਮੈ ਦਾ ਤਿਆਗ ਕਰਕੇ, ਕੁਰਸੀ ਦੀ ਭੁੱਖ ਨੂੰ ਲਾਂਭੇ ਰੱਖ ਕੇ, ਦੇਸ਼ ਦੇ ਲੋਕਰਾਜੀ ਢਾਂਚੇ ਨੂੰ ਬਚਾਉਣਾ ਹੈ ਜਾਂ ਆਪੋ ਆਪਣੀ ਵੱਖਰੀ ਡਫਲੀ ਵਜਾਉਂਦਿਆਂ ਸ਼ਾਤਰ ਰਾਜਸੀ ਟੋਲੇ ਦੇ ਹੇਠ ਲੱਗੇ ਰਹਿਣਾ ਹੈ?



ਨਿਤਿਸ਼ ਕੁਮਾਰ






ਤੇਜੱਸਵੀ ਯਾਦਵ

ਦੀਪਾਂਕਰ ਭੱਟਾਚਾਰੀਆ

## ਬਿਹਾਰ ਵਿਚ ਚੋਣ ਜਿੱਤਣ ਵਾਲੇ 68 ਫੀਸਦੀ ਵਿਧਾਇਕ ਦਾਗੀ

**ਨਵੀਂ ਦਿੱਲੀ:** ਬਿਹਾਰ ਵਿਧਾਨ ਸਭਾ ਚੋਣਾਂ 'ਚ ਜਿੱਤੇ 241 ਵਿਚੋਂ 163 (68 ਫੀਸਦੀ) ਵਿਧਾਇਕਾਂ ਖਿਲਾਫ ਅਪਰਾਧਿਕ ਕੇਸ ਦਰਜ ਹਨ। ਇਨ੍ਹਾਂ ਵਿਧਾਇਕਾਂ ਨੇ ਚੋਣ ਹਲਫਨਾਮਿਆਂ 'ਚ ਇਹ ਜਾਣਕਾਰੀ ਦਿੱਤੀ ਹੈ। ਬਿਹਾਰ ਇਲੈਕਸ਼ਨ ਵਾਚ ਅਤੇ ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ (ਏ.ਡੀ.ਆਰ.) ਮੁਤਾਬਕ ਆਰ.ਜੇ.ਡੀ. ਦੇ ਸਭ ਤੋਂ ਜ਼ਿਆਦਾ ਕਰੀਬ 73 ਫੀਸਦ ਵਿਧਾਇਕ ਕੇਸਾਂ 'ਚ ਫਸੇ ਹੋਏ ਹਨ। ਹਲਫਨਾਮਿਆਂ ਦੇ ਅਧਿਐਨ ਮੁਤਾਬਕ 123 ਵਿਧਾਇਕਾਂ ਖਿਲਾਫ ਹੱਤਿਆ, ਹੱਤਿਆ ਦੀ ਕੋਸ਼ਿਸ਼, ਅਗਵਾ ਅਤੇ ਮਹਿਲਾਵਾਂ ਖਿਲਾਫ ਜੁਰਮਾਂ ਸਮੇਤ ਕਈ ਹੋਰ ਗੰਭੀਰ ਕੇਸ ਬਕਾਇਆ ਹਨ। 2015 ਦੀਆਂ ਵਿਧਾਨ ਸਭਾ ਚੋਣਾਂ 'ਚ ਗੰਭੀਰ ਕੇਸਾਂ ਵਾਲੇ 142 ਵਿਧਾਇਕ ਚੋਣ ਜਿੱਤੇ ਸਨ। ਚੋਣ ਜਿੱਤੇ 123 ਵਿਧਾਇਕਾਂ 'ਚੋਂ 19 ਖਿਲਾਫ ਹੱਤਿਆ, 31 ਖਿਲਾਫ ਹੱਤਿਆ ਦੀ ਕੋਸ਼ਿਸ਼ ਅਤੇ 8 ਖਿਲਾਫ ਮਹਿਲਾਵਾਂ ਨਾਲ ਜ਼ਿਆਦਤੀਆਂ ਦੇ ਕੇਸ ਦਰਜ ਹਨ। ਤੇਜਸਵੀ ਯਾਦਵ ਦੀ ਅਗਵਾਈ ਹੇਠਲੀ ਪਾਰਟੀ ਰਾਸ਼ਟਰੀ ਜਨਤਾ ਦਲ ਦੇ 74 'ਚੋਂ 54 ਵਿਧਾਇਕਾਂ ਖਿਲਾਫ ਅਪਰਾਧਿਕ ਕੇਸ ਬਕਾਇਆ ਪਏ ਹਨ। ਭਾਜਪਾ ਦੇ 73 ਵਿਚੋਂ 47, ਜਨਤਾ ਦਲ (ਯੂ) ਦੇ 43 'ਚੋਂ 20, ਕਾਂਗਰਸ ਦੇ 19 'ਚੋਂ 16, ਸੀ.ਪੀ.ਆਈ-ਐਮ.ਐਲ. ਲਿਬਰੇਸ਼ਨ ਦੇ 12 ਵਿਚੋਂ 10 ਅਤੇ ਏ. ਆਈ. ਐਮ. ਆਈ. ਐਮ. ਦੇ ਸਾਰੇ ਪੰਜ ਵਿਧਾਇਕਾਂ ਖਿਲਾਫ ਅਪਰਾਧਿਕ ਕੇਸ ਬਕਾਇਆ ਹਨ।

## ਓਬਾਮਾ ਵੱਲੋਂ ਟਰੰਪ ਨੂੰ ਹੁਣ ਹਾਰ ਮੰਨ ਲੈਣ ਦੀ ਸਲਾਹ

**ਵਾਸ਼ਿੰਗਟਨ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਉਹ ਡੈਮੋਕ੍ਰੈਟਿਕ ਪਾਰਟੀ ਦੇ ਆਪਣੇ ਵਿਰੋਧੀ ਜੋਅ ਬਾਇਡਨ ਤੋਂ ਹਾਰ ਚੁੱਕੇ ਹਨ ਕਿਉਂਕਿ ਹੁਣ ਚੋਣ ਨਤੀਜਿਆਂ ਦੇ ਬਦਲਣ ਦੀ ਕੋਈ ਉਮੀਦ ਨਹੀਂ ਹੈ।

ਟਰੰਪ ਨੂੰ 232 ਇਲੈਕਟੋਰਲ ਕਾਲੇਜ ਵੋਟ ਮਿਲੇ ਹਨ, ਜਦੋਂ ਕਿ ਬਾਇਡਨ ਨੂੰ 306 ਇਲੈਕਟੋਰਲ ਵੋਟ ਮਿਲੇ ਹਨ ਜੋ ਲੋੜੀਂਦੇ ਗਿਣਤੀ 270 ਤੋਂ ਵਧ ਹੈ।

# ਅੰਧ ਰਾਸ਼ਟਰਵਾਦ ਦੀ ਪਾਣ

ਮੰਗਤ ਰਾਮ ਪਾਸਲਾ

ਅੱਜ ਕੱਲ੍ਹ ਭਾਰਤ 'ਚ 'ਰਾਸ਼ਟਰਵਾਦ' ਦੀ ਕਾਫੀ ਚਰਚਾ ਹੈ। 'ਮੋਦੀ ਭਗਤੀ' ਦਾ ਦੂਸਰਾ ਨਾਮ ਹੈ, 'ਰਾਸ਼ਟਰਵਾਦ!' ਹਾਕਮ ਧਿਰ ਦੇ ਸਾਰੇ ਮੈਂਬਰ (ਸੰਘ ਪਰਿਵਾਰ) ਆਪਣੇ ਆਪ ਨੂੰ 'ਕੌਮਵਾਦ' ਦੇ ਅਲੰਬਰਦਾਰ ਤੇ ਦੇਸ਼ ਭਗਤ ਦੱਸ ਕੇ ਸਾਰੇ ਵਿਰੋਧੀਆਂ ਨੂੰ 'ਦੇਸ਼ ਧ੍ਰੋਹੀ', 'ਗੱਦਾਰ', 'ਪਾਕਿ ਏਜੰਟ' ਭਾਵ ਵੱਖ ਵੱਖ ਸ਼ਬਦਾਂ ਨਾਲ ਨਿਵਾਜ਼ ਰਹੇ ਹਨ। 'ਰਾਸ਼ਟਰਵਾਦ' ਜੇ 'ਅੰਨ੍ਹਾ' ਤੇ ਤਰਕਹੀਣ ਹੋਵੇ ਤਾਂ ਇਹ ਫਾਇਦਾ ਕਰਨ ਦੀ ਥਾਂ ਨੁਕਸਾਨ ਜ਼ਿਆਦਾ ਕਰਦਾ ਹੈ। ਅਡੌਲਫ ਹਿਟਲਰ ਨੇ ਜਰਮਨੀ ਅੰਦਰ ਇਸੇ ਅੰਧ ਰਾਸ਼ਟਰਵਾਦ ਦਾ ਇਸਤੇਮਾਲ ਕਰਕੇ ਸਮੁੱਚੀ ਮਨੁੱਖਤਾ ਨੂੰ ਸਭ ਤੋਂ ਵੱਧ ਖਤਰਨਾਕ ਦੁਸ਼ਮਣ, 'ਫਾਸ਼ੀਵਾਦ' ਦੇ ਸਾਹਮਣੇ ਲਿਆ ਖੜ੍ਹਾ ਕਰ ਦਿੱਤਾ ਸੀ। ਦੂਜੀ ਸੰਸਾਰ ਜੰਗ (1939-1945), ਜੋ ਇਸੇ 'ਫਾਸ਼ੀਵਾਦ' ਦੀ ਦੇਣ ਹੈ, ਨੇ ਜਿਸ ਪੱਧਰ 'ਤੇ ਮਨੁੱਖੀ ਜਾਨਾਂ ਦੀ ਆਹੂਤੀ ਲਈ ਤੇ ਸੰਸਾਰ ਦੀ ਆਰਥਕਤਾ ਨੂੰ ਤਬਾਹ ਕੀਤਾ, ਉਸ ਦਾ ਜ਼ਿਕਰ ਕਰਕੇ ਅੱਜ ਵੀ ਸੰਵੇਦਨਸ਼ੀਲ ਵਿਅਕਤੀ ਕੰਬ ਉਠਦਾ ਹੈ; ਪਰ ਹਿਟਲਰ ਦੇ ਪੈਰੋਕਾਰ ਪੂੰਜੀਵਾਦੀ ਪ੍ਰਬੰਧ ਸਦਕਾ ਸੰਸਾਰ ਨੂੰ ਦਰਪੇਸ਼ ਸਮੱਸਿਆਵਾਂ ਉਭਾਰ ਕੇ ਫਿਰ ਉਸੇ ਤਰ੍ਹਾਂ ਸਿਰ ਚੁੱਕਣ ਦਾ ਯਤਨ ਕਰ ਰਹੇ, ਜਿਵੇਂ ਹਿਟਲਰ ਨੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਲਾਹਾ ਲੈ ਕੇ ਸੱਤਾ ਹਾਸਲ ਕੀਤੀ ਸੀ। ਭਾਰਤ ਅੰਦਰ ਫਾਸ਼ੀਵਾਦੀ ਵਿਚਾਰਧਾਰਾ ਦੇ ਪੈਰੋਕਾਰ ਆਰ. ਐਸ. ਐਸ. 'ਫਾਸ਼ੀਵਾਦੀ ਨਿਜ਼ਾਮ' ਨੂੰ ਸਥਾਪਤ ਕਰਨ ਲਈ 'ਧਾਰਮਿਕ ਕੱਟੜਤਾ' ਦਾ ਵੀ ਇਸਤੇਮਲ ਕਰ ਰਹੇ ਹਨ, ਜੋ ਇਸ ਢਾਂਚੇ ਨੂੰ ਹੋਰ ਵੀ ਖਤਰਨਾਕ ਤੇ ਅਮਾਨਵੀ ਬਣਾ ਦਿੰਦਾ ਹੈ। ਮੋਦੀ ਸਰਕਾਰ ਦੀ ਕਾਇਮੀ ਤੋਂ ਪਿਛੋਂ ਉਸ ਦੀ ਕਾਰਗੁਜ਼ਾਰੀ ਸਪੱਸ਼ਟ ਰੂਪ 'ਚ ਦੇਸ਼ ਅੰਦਰ ਇਕ ਧਰਮ ਆਧਾਰਤ ਫਿਰਕੂ ਫਾਸ਼ੀਵਾਦੀ ਤਰਜ਼ ਦਾ 'ਹਿੰਦੂ ਰਾਸ਼ਟਰ' ਕਾਇਮ ਕਰਨ ਵੱਲ ਸੇਧਤ ਹੈ, ਜੋ 'ਮਨੂੰਵਾਦੀ' ਫਲਸਫੇ ਅਧੀਨ ਕੰਮ ਕਰੇਗੀ।

ਦੇਸ਼ ਦੇ ਆਜ਼ਾਦੀ ਸੰਗਰਾਮ ਦੌਰਾਨ ਵੱਖ ਵੱਖ ਧਰਮਾਂ, ਜਾਤੀਆਂ, ਫਿਰਕਿਆਂ ਤੇ ਰਾਜਸੀ ਵਿਚਾਰਾਂ ਦੇ ਲੋਕ ਜਿਸ ਭਾਵਨਾ ਨਾਲ ਅੰਗਰੇਜ਼ੀ ਸਾਮਰਾਜ ਵਿਰੁੱਧ ਸੰਘਰਸ਼ ਲਈ ਮੈਦਾਨ 'ਚ ਉਤਰੇ ਸਨ, ਉਸ ਨੂੰ ਹੀ 'ਹਕੀਕੀ ਰਾਸ਼ਟਰਵਾਦ' ਕਿਹਾ ਜਾ ਸਕਦਾ ਹੈ। ਉਸ ਰਾਸ਼ਟਰਵਾਦ 'ਚੋਂ ਆਜ਼ਾਦੀ, ਬਰਾਬਰਤਾ, ਸਾਂਝੀਵਾਲਤਾ ਤੇ ਸਦਭਾਵਨਾ ਦੀ ਖੁਸ਼ਬੂ ਆਉਂਦੀ ਸੀ। ਇਸੇ ਖੁਸ਼ਬੂ ਨੂੰ ਭਾਰਤ ਦੇ ਸੰਵਿਧਾਨ 'ਚ ਅੰਕਿਤ ਕਰਨ ਦਾ ਅਧੂਰਾ ਜਿਹਾ ਯਤਨ ਵੀ ਕੀਤਾ ਗਿਆ। ਦੋ ਕੌਮਾਂ ਦੇ ਸਿਧਾਂਤ (ਧਰਮਾਂ) 'ਤੇ ਆਧਾਰਤ ਦੇਸ਼ ਦੀ ਵੰਡ (ਭਾਰਤ ਤੇ ਪਾਕਿਸਤਾਨ) ਸਮੇਂ ਵੀ ਅੰਗਰੇਜ਼ ਸਾਮਰਾਜ ਦੀ ਸਾਜਿਸ਼ ਦਾ ਸ਼ਿਕਾਰ ਹੋਏ ਮੁਸਲਿਮ ਲੀਗ ਤੇ ਕਾਂਗਰਸ ਦੇ ਆਗੂਆਂ ਦੇ ਮਨਾਂ ਅੰਦਰ 'ਅੰਧ ਰਾਸ਼ਟਰਵਾਦ' ਦਾ ਭੂਤ ਸਵਾਰ ਸੀ, ਜਿਸ ਨੇ ਲੱਖਾਂ ਬੇਗੁਨਾਹ ਲੋਕਾਂ ਦੀਆਂ ਜਾਨਾਂ ਲਈਆਂ। ਇਸ ਸੰਦਰਭ 'ਚ ਸੰਘ ਪਰਿਵਾਰ ਦੇ 'ਅੰਧ ਰਾਸ਼ਟਰਵਾਦ' ਨੂੰ ਪਰਖਿਆ ਜਾ ਸਕਦਾ ਹੈ, ਜੋ ਨਵੀਂ ਕਿਸਮ ਦੀ ਸਾਮਰਾਜੀ ਆਰਥਕ ਗੁਲਾਮੀ ਲਈ ਭਾਰਤ ਦੀ ਵਿਦੇਸ਼ੀ ਬਹੁਕੌਮ ਕਾਰਪੋਰੇਸ਼ਨਾਂ ਨਾਲ ਇਕਤਰਫਾ ਸਾਂਝ ਨੂੰ ਹੱਕੀ ਦੱਸ ਰਿਹਾ ਹੈ ਤੇ ਸਾਮਰਾਜ ਨਿਰਦੇਸ਼ਤ ਨਵਉਦਾਰਵਾਦੀ ਆਰਥਕ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕਰਨ ਦਾ ਹਮਾਇਤੀ ਹੈ। ਆਰ. ਐਸ. ਐਸ., ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ (ਜਿਸ ਦੇ ਕਿਰਦਾਰ ਨੇ ਸਾਰੀ ਦੁਨੀਆਂ 'ਚ ਅਮਰੀਕਾ ਦੀ ਥੂਹ ਥੂਹ ਕਰਾ ਦਿੱਤੀ ਹੈ) ਦੀ ਤਰ੍ਹਾਂ 'ਸਮਾਜਵਾਦ' ਭਾਵ ਬਰਾਬਰੀ ਦੇ ਅਸੂਲਾਂ ਵਾਲਾ ਪ੍ਰਬੰਧ, ਜਿਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਖਾਤਮਾ ਹੋਵੇ, ਨੂੰ ਆਪਣਾ ਇਕ ਨੰਬਰ ਦਾ ਦੁਸ਼ਮਣ ਦੱਸਦੀ ਹੈ। ਸੰਘ ਪਰਿਵਾਰ 'ਅੰਧ ਰਾਸ਼ਟਰਵਾਦ' ਦੇ ਨਸ਼ੇ 'ਚ ਹੀ ਧਰਮ ਨਿਰਪੱਖਤਾ ਦਾ ਮਖੌਲ ਉਡਾ ਕੇ ਧਾਰਮਿਕ ਕੱਟੜਤਾ ਦਾ ਗੁਣਗਾਨ ਕਰਦਾ ਹੈ, ਸਹਿਨਸ਼ੀਲਤਾ ਦੀ ਥਾਂ ਅਸਹਿਨਸ਼ੀਲਤਾ ਦਾ ਮੁਦੱਈ ਹੈ ਤੇ ਲੋਕ ਰਾਜੀ ਕਦਰਾਂ ਕੀਮਤਾਂ 'ਤੇ ਅਮਲ ਕਰਨ ਦੀ ਥਾਂ ਤਾਨਾਸ਼ਾਹੀ ਢੰਗ ਨਾਲ ਸਾਰੇ ਲੋਕ ਰਾਜੀ ਸੰਵਿਧਾਨਕ ਅਦਾਰਿਆਂ ਦਾ ਭੋਗ ਪਾਉਣ ਲਈ ਬਜ਼ਿੱਦ ਹੈ।



ਇਸ 'ਅੰਧ ਰਾਸ਼ਟਰਵਾਦ' ਨੂੰ ਲੋਕਾਂ ਅੰਦਰ ਪ੍ਰਵਾਨ ਚੜ੍ਹਾਉਣ ਲਈ 'ਸੰਘ ਪਰਿਵਾਰ' ਸਾਰੇ ਹੀ ਗੁਆਂਢੀ ਦੇਸ਼ਾਂ ਵਿਰੁੱਧ ਧੂੰਆਂ ਧਾਰ ਪ੍ਰਚਾਰ ਕਰਕੇ ਜੰਗੀ ਮਾਹੌਲ ਸਿਰਜਣ ਤੇ ਮਾਨਵਤਾ ਦੀ ਤਬਾਹੀ ਕਰਨ ਵਾਲੇ ਪ੍ਰਮਾਣੂੰ ਹਥਿਆਰਾਂ ਦੀ ਵਰਤੋਂ ਰਾਹੀਂ ਆਪਣੀ 'ਉਤਮਤਾ' ਦਰਸਾਉਣ ਦਾ ਯਤਨ ਕਰਦਾ ਹੈ। ਭਾਰਤ ਦੇ ਇਤਿਹਾਸ 'ਚ ਇਹ ਕਦੀ ਨਹੀਂ ਵਾਪਰਿਆ ਕਿ ਜਦੋਂ ਭਾਰਤ 'ਤੇ ਕਿਸੇ ਦੂਸਰੇ ਦੇਸ਼ ਵਲੋਂ ਹਮਲਾ ਕੀਤਾ ਗਿਆ ਹੋਵੇ ਜਾਂ ਭਾਰਤੀ ਹਿਤਾਂ ਦੇ ਵਿਰੁੱਧ ਕੋਈ ਸਾਜ਼ਿਸ਼ੀ ਕਾਰਵਾਈ ਕੀਤੀ ਹੋਵੇ, ਤਾਂ ਦੇਸ਼ ਦੇ ਸਾਰੇ ਲੋਕ ਸਭ ਮਤਭੇਦ ਭੁਲਾ ਕੇ ਦੇਸ਼ ਹਿਤਾਂ ਦੀ ਰਾਖੀ ਲਈ ਇੱਕਮੁੱਠ ਹੋ ਕੇ ਚੱਟਾਨ ਵਾਂਗ ਖੜ੍ਹੇ ਨਾ ਹੋਏ ਹੋਣ। ਭਵਿੱਖ ਅੰਦਰ ਵੀ ਅਜਿਹਾ ਪੈਂਤੜਾ ਕਾਇਮ ਰਹਿਣਾ ਹੈ। 'ਹਕੀਕੀ ਤੇ ਹਾਂ ਪੱਖੀ ਰਾਸ਼ਟਰਵਾਦ' ਜਿੱਥੇ ਆਪਣੇ ਦੇਸ਼ ਨੂੰ ਪਿਆਰ ਕਰਦਾ ਹੋਇਆ ਸਭ ਲੋਕਾਂ ਦੀ ਸੁੱਖ ਮੰਗਦਾ ਹੈ, ਉਥੇ 'ਅੰਧ ਰਾਸ਼ਟਰਵਾਦ' ਨਫਰਤ ਫੈਲਾ ਕੇ ਜੰਗਾਂ ਰਾਹੀਂ ਦੂਸਰੇ ਦੇਸ਼ਾਂ ਉਪਰ ਕਬਜ਼ੇ ਕਰਨ ਤੇ ਆਮ ਲੋਕਾਂ ਦੀ ਤਬਾਹੀ ਦੇਖਣ 'ਚ ਖੁਸ਼ੀਆਂ ਮਨਾਉਂਦਾ ਹੈ।

ਜੇ ਅੱਜ ਕੋਈ ਸਿਰ ਫਿਰਿਆ ਪਾਕਿਸਤਾਨੀ ਹਾਕਮ, ਫੌਜੀ ਜਰਨੈਲ ਜਾਂ ਜਨੂੰਨੀ ਵਿਅਕਤੀ 'ਅੰਧ ਰਾਸ਼ਟਰਵਾਦ' ਦੇ ਨਸ਼ੇ 'ਚ ਦਿੱਲੀ 'ਚ ਪਾਕਿਸਤਾਨ ਦਾ ਝੰਡਾ ਗੱਡਣ ਦਾ ਘਟੀਆ ਪ੍ਰਚਾਰ ਕਰਦਾ ਹੈ, ਤਾਂ ਉਸ ਦੀ ਅਕਲ ਉਪਰ ਹੱਸਿਆ ਹੀ ਜਾ ਸਕਦਾ ਹੈ। ਇਸੇ ਤਰ੍ਹਾਂ ਜੇ ਕੋਈ ਭਾਰਤ ਦਾ ਨੇਤਾ ਵੈਰ ਭਾਵਨਾ ਅਧੀਨ ਲਾਹੌਰ ਉਪਰ ਭਾਰਤੀ ਤਿਰੰਗਾ ਲਹਿਰਾਉਣ ਵਰਗਾ ਭੜਕਾਊ ਨਾਅਰਾ ਦਿੰਦਾ ਹੈ, ਤਦ ਉਹ ਵੀ ਲੋਕਾਂ ਦਾ ਭਲਾ ਚਾਹੁਣ ਵਾਲਾ ਨਹੀਂ ਹੋ ਸਕਦਾ। ਅਜਿਹੇ ਫਿਰਕੂ ਜਨੂੰਨੀ ਤੱਤ ਨਹੀਂ ਜਾਣਦੇ ਕਿ ਅੱਜ ਦੀ ਦੁਨੀਆਂ ਅੰਦਰ ਕਿਸੇ ਦੇਸ਼ ਦਾ ਦੂਸਰੇ ਦੇਸ਼ 'ਤੇ ਕਬਜ਼ਾ ਕਰਨ ਦੀ ਸੋਚ (ਉਹ ਵੀ ਭਾਰਤ ਤੇ ਪਾਕਿ ਵਰਗੇ ਗਰੀਬ ਦੇਸ਼ਾਂ ਦਾ) ਅਸੰਭਵ ਤੇ ਖਤਰਨਾਕ ਸਿੱਟਿਆਂ ਦੀ ਲਖਾਇਕ ਹੈ। 'ਅੰਧ ਰਾਸ਼ਟਰਵਾਦ' ਹਮੇਸ਼ਾ ਹੀ ਲੁਟੇਰੇ ਵਰਗਾਂ ਵਲੋਂ ਆਮ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਵਲੋਂ ਪਾਸੇ ਹਟਾ ਕੇ ਆਪਣੀਆਂ ਕਮਜ਼ੋਰੀਆਂ ਛੁਪਾਉਣ ਤੇ ਆਪਣੇ ਰਾਜ ਭਾਗ ਦੀ ਲੰਮੇਰੀ ਉਮਰ ਕਰਨ ਦਾ ਹਥਿਆਰ ਰਿਹਾ ਹੈ। ਇਸੇ ਦਿਸ਼ਾ 'ਚ ਬਿਹਾਰ ਅਸੈਂਬਲੀ ਚੋਣਾਂ ਦੇ ਪ੍ਰਚਾਰ ਦੌਰਾਨ ਪ੍ਰਧਾਨ ਮੰਤਰੀ ਵਲੋਂ ਬਿਹਾਰੀਆਂ ਦੀਆਂ ਅਸਲ ਮੁਸੀਬਤਾਂ ਦੇ ਹੱਲ ਕਰਨ ਦਾ ਜ਼ਿਕਰ ਕਰਨ ਦੀ ਜਗ੍ਹਾ ਸਰਹੱਦਾਂ ਉਪਰ ਪਾਕਿਸਤਾਨੀ ਤੇ ਭਾਰਤੀ ਫੌਜ ਵਿਚਾਲੇ ਹੋਈ ਕਿਸੇ ਝੜਪ 'ਚ ਬਿਹਾਰ ਨਾਲ ਸਬੰਧਤ ਫੌਜੀ ਦੀ ਸ਼ਹਾਦਤ ਦਾ ਹਵਾਲਾ 'ਅੰਧ ਰਾਸ਼ਟਰਵਾਦ' ਨੂੰ ਭੜਕਾਉਣ ਵੱਲ ਹੀ ਸੇਧਤ ਸੀ। ਇਹ ਵੱਖਰੀ ਗੱਲ ਹੈ ਕਿ ਸੂਝਵਾਨ ਵੋਟਰਾਂ ਨੇ ਭਾਜਪਾ ਆਗੂਆਂ ਦੇ ਇਸ ਪੱਤੇ ਦੀ ਅਸਲੀਅਤ ਨੂੰ ਸਮੇਂ ਸਿਰ ਜਾਣ ਲਿਆ।

'ਅੰਧ ਰਾਸ਼ਟਰਵਾਦ' ਦੇ ਪ੍ਰਚਾਰ ਨੇ ਇਕ ਪਿੰਡ, ਸ਼ਹਿਰ, ਮੁਹੱਲੇ ਤੇ ਗਲੀ 'ਚ ਦਹਾਕਿਆਂ ਬੱਧੀ ਵਸਦੇ ਵੱਖ ਵੱਖ ਧਰਮਾਂ, ਜਾਤੀਆਂ ਤੇ ਵਿਸ਼ਵਾਸਾਂ ਦੇ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਪਾੜ ਕੇ ਇਕ ਦੂਸਰੇ ਦੇ ਦੁਸ਼ਮਣ ਬਣਾ ਦਿੱਤਾ ਹੈ।

ਕਿੰਨਾ ਚੰਗਾ ਹੋਵੇ ਜੇ ਅਸੀਂ ਰੰਗ-ਬਿਰੰਗੇ ਫੁੱਲਾਂ ਦੀ ਫੁਲਵਾੜੀ ਵਾਂਗ ਵੱਖ ਵੱਖ ਬੋਲੀਆਂ ਬੋਲਣ ਵਾਲੇ, ਵੱਖਰੇ ਸਭਿਆਚਾਰਾਂ ਤੇ ਧਰਮਾਂ ਦੇ ਅਨੁਆਈ ਆਪਣੀ ਸਾਰੀ ਊਰਜਾ ਦੇਸ਼ 'ਚੋਂ ਭੁੱਖ, ਨੰਗ, ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ ਦਾ ਖਾਤਮਾ ਕਰਨ ਹਿਤ 'ਸਾਂਝੀਵਾਲਤਾ' ਵਾਲੇ ਸਮਾਜ ਦੀ ਕਾਇਮੀ ਲਈ ਲਾਈਏ ਤੇ ਹਰ ਉਸ ਹਾਕਮ ਧਿਰ ਨੂੰ ਲੋਕਾਂ 'ਚੋਂ ਨਿਖੇੜੀਏ, ਜੋ ਲੋਟੂ ਪ੍ਰਬੰਧ ਦਾ ਹਮਾਇਤੀ ਹੈ ਤੇ ਲੋਕਾਂ ਨੂੰ ਧਰਮਾਂ, ਜਾਤਾਂ, ਰੰਗਾਂ ਤੇ ਫਿਰਕਿਆਂ ਦੇ ਨਾਮ ਉਪਰ ਵੰਡ ਕੇ ਆਪਣਾ ਉੱਲੂ ਸਿੱਧਾ ਕਰਦਾ ਹੈ। 'ਅੰਧ ਰਾਸ਼ਟਰਵਾਦ' ਦੀ ਕਾਂਵਾਂ ਰੌਲੀ 'ਚ ਸੌੜੀ ਸੋਚ ਦੇ ਮਾਲਕ ਤੱਤਾਂ ਵਲੋਂ ਪਹਿਲਾਂ ਕੋਈ ਨਕਲੀ ਦੁਸ਼ਮਣ ਦਿਖਾ ਕੇ ਜਨ ਸਾਧਾਰਨ ਨੂੰ ਭੜਕਾਉਣ ਦਾ ਯਤਨ ਕੀਤਾ ਜਾਂਦਾ ਹੈ ਤੇ ਫਿਰ ਉਸ ਵਿਰੁੱਧ ਜੰਗੀ ਮਾਹੌਲ ਸਿਰਜਣ ਲਈ 'ਦੇਸ਼ ਭਗਤੀ' ਦੀ ਦੁਹਾਈ ਦਿੱਤੀ ਜਾਂਦੀ ਹੈ। ਇਹ ਸਭ ਕੁਝ ਲੋਕਾਂ ਨੂੰ ਧੋਖਾ ਦੇਣ ਲਈ ਗਿਣੀ ਮਿਥੀ ਯੋਜਨਾ ਤਹਿਤ ਕੀਤਾ ਜਾਂਦਾ ਹੈ।

ਜਿਹੜੇ ਲੋਕ ਦੇਸ਼ ਦੀ ਏਕਤਾ, ਲੋਕਰਾਜੀ ਤੇ ਧਰਮ ਨਿਰਪੱਖ ਸਮਾਜਕ ਤਾਣੇ-ਬਾਣੇ ਦੀ ਮਜ਼ਬੂਤੀ ਤੇ ਗੁਆਂਢੀ ਦੇਸ਼ਾਂ ਨਾਲ ਮਿੱਤਰਤਾ ਭਰੇ ਸਬੰਧ ਕਾਇਮ ਕਰਨ ਦੀ ਅਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ ਦੇਸ਼ ਵਿਰੋਧੀਆਂ ਦੀ ਸੂਚੀ 'ਚ ਸ਼ਾਮਲ ਕਰਕੇ ਅਸਲ ਵਿਚ ਸੰਘੀ ਟੋਲਾ 'ਹਕੀਕੀ ਰਾਸ਼ਟਰਵਾਦੀਆਂ' ਦੀ ਗਿਣਤੀ ਤੇ ਤਾਕਤ ਨੂੰ ਖੋਰਾ ਲਾ ਕੇ ਦੇਸ਼ ਨੂੰ ਕਮਜ਼ੋਰ ਕਰ ਰਿਹਾ ਹੈ। 'ਸਾਰਥਕ ਰਾਸ਼ਟਰਵਾਦ' ਕਿਸੇ ਵੀ ਦੇਸ਼ ਦੀ ਲੋਕ ਵਿਰੋਧੀ ਹਾਕਮ ਧਿਰ ਨਾਲੋਂ ਉਸ ਦੇਸ਼ ਦੇ ਕਿਰਤ ਕਰਨ ਵਾਲੇ ਆਮ ਲੋਕਾਂ ਨੂੰ ਅਲੱਗ ਅਲੱਗ ਕਰਕੇ ਵੇਖਦਾ ਹੈ ਤੇ ਸਮੁੱਚੀ ਮਾਨਵਤਾ ਦੀ ਸੁੱਖ ਮੰਗਦਾ ਹੈ। ਸਾਨੂੰ 'ਅੰਧ ਰਾਸ਼ਟਰਵਾਦ' ਦਾ ਸ਼ਿਕਾਰ ਹੋ ਕੇ ਧਰਮ ਆਧਾਰਤ ਰਾਸ਼ਟਰ ਦੀ ਕਾਇਮੀ ਨਹੀਂ, ਸਗੋਂ ਐਸੀ ਆਰਥਕ ਤੇ ਰਾਜਨੀਤਕ ਵਿਵਸਥਾ ਲੋੜੀਂਦੀ ਹੈ, ਜਿਥੇ ਹਰ ਮਨੁੱਖ ਲੁੱਟ-ਖਸੁੱਟ ਰਹਿਤ ਆਜ਼ਾਦ ਮਾਹੌਲ 'ਚ ਚੰਗੀ ਜ਼ਿੰਦਗੀ ਜੀਅ ਸਕੇ ਤੇ ਸਾਰਾ ਸਮਾਜ ਸੁੱਖ ਸ਼ਾਂਤੀ ਨਾਲ ਉਨਤੀ ਕਰੇ।

---

# ਕਿਸਾਨ ਸੰਘਰਸ਼ ਬਾਰੇ ਕੇਂਦਰ ਸਰਕਾਰ ਦੀ ਪਹੁੰਚ ਵਿਚ ਕਾਣ

## ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਤਿੱਖਾ ਕੀਤਾ



ਸੁਕੰਨਿਆਂ ਭਾਰਦਵਾਜ ਨਾਭਾ
ਫੋਨ: 815-307-3112

ਕਿਸਾਨ ਜਥੇਬੰਦੀਆਂ ਅਤੇ ਕੇਂਦਰੀ ਮੰਤਰੀਆਂ ਦੀ 13 ਨਵੰਬਰ ਵਾਲੀ ਮੀਟਿੰਗ ਬੇਸ਼ੱਕ ਕੋਈ ਸਿੱਟਾ ਨਹੀਂ ਕੱਢ ਸਕੀ ਪਰ ਇੱਕ ਵਾਰੀ ਖੜੋਤ ਜ਼ਰੂਰ ਟੁੱਟੀ ਹੈ। ਉਂਜ, ਜਿਨ੍ਹਾਂ ਮਾਰੂ ਖੇਤੀ ਕਾਨੂੰਨਾਂ ਨੂੰ ਲੈ ਕੇ ਕਿਸਾਨ ਪਿਛਲੇ ਕਰੀਬ ਡੇਢ ਮਹੀਨੇ ਤੋਂ ਕੇਂਦਰ ਸਰਕਾਰ ਖਿਲਾਫ ਮੋਰਚਾ ਮੱਲੀ ਬੈਠੇ ਹਨ, ਉਸ ਦਾ ਮੌਕੇ 'ਤੇ ਕੋਈ ਹੱਲ ਨਹੀਂ ਨਿਕਲ ਸਕਿਆ। ਪੰਜਾਬ ਨੂੰ ਆਉਣ ਜਾਣ ਵਾਲੀਆਂ ਮਾਲ ਗੱਡੀਆਂ ਦੀ ਆਵਾਜਾਈ ਵੀ ਬਹਾਲ ਨਾ ਹੋ ਸਕੀ। ਕੇਂਦਰ ਨੇ ਆਪਣੀ ਉਹੀ ਰਟ ਦੁਹਰਾਈ ਕਿ ਮਾਲ ਗੱਡੀਆਂ ਨਾਲ ਪੈਸੰਜਰ ਗੱਡੀਆਂ ਵੀ ਚਲਾਈਆਂ ਜਾਣ। ਕਿਸਾਨ ਆਗੂਆਂ ਨੇ ਕੇਂਦਰ ਦੀ ਇਸ ਪੇਸ਼ਕਸ ਨੂੰ ਨਕਾਰ ਦਿੱਤਾ। ਕਿਸਾਨਾਂ ਨੇ ਆਪਣੀਆਂ 7 ਨੁਕਾਤੀ ਮੰਗਾਂ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਅਤੇ ਰੇਲਵੇ ਮੰਤਰੀ ਪਿਯੂਸ਼ ਗੋਇਲ ਦੇ ਸਾਹਮਣੇ ਰੱਖੀਆਂ।

ਕੋਵਿਡ-19 ਦੇ ਬਹਾਨੇ 26-27 ਨਵੰਬਰ ਦੇ ਜੰਤਰ ਮੰਤਰ ਦਿੱਲੀ ਵਿਚ ਦਿੱਤੇ ਜਾ ਰਹੇ ਰੋਸ ਧਰਨੇ 'ਦਿੱਲੀ ਚੱਲੋ' ਉਤੇ ਲਗਾਈ ਰੋਕ ਨੂੰ ਗੈਰ ਜਮਹੂਰੀ ਅਤੇ ਉਨ੍ਹਾਂ ਦੇ ਰੋਸ ਪ੍ਰਦਰਸ਼ਨ ਕਰਨ ਦੇ ਹੱਕ ਉਤੇ ਡਾਕਾ ਦੱਸਦਿਆਂ ਕਿਸਾਨਾਂ ਨੇ ਇਸ ਰੋਕ ਨੂੰ ਹਟਾਉਣ ਦੀ ਮੰਗ ਕੀਤੀ। ਕਿਸਾਨ ਆਗੂਆਂ ਨੇ ਆਪਣੇ ਫੈਸਲੇ 'ਤੇ ਅਡਿਗ ਰਹਿੰਦਿਆਂ ਐਲਾਨ ਕੀਤਾ ਕਿ ਉਕਤ ਦੇਸ਼ ਪੱਧਰੀ ਧਰਨਾ ਮਿਥੀਆਂ ਤਰੀਕਾਂ 'ਤੇ ਜ਼ਰੂਰ ਹੋਵੇਗਾ। ਜੇਕਰ ਕੇਂਦਰ ਸਰਕਾਰ ਨੇ ਦਿੱਲੀ ਧਰਨੇ ਲਈ ਜਾਂਦਿਆਂ ਕਿਸਾਨਾਂ ਨੂੰ ਰੋਕਣ ਦੀ ਕੋਸ਼ਿਸ ਕੀਤੀ, ਉਹ ਉਸੇ ਥਾਂ ਬੈਠ ਕੇ ਦਿੱਲੀ ਘੇਰਨਗੇ। ਮੰਗਾਂ ਮੰਨੇ ਜਾਣ ਤਕ ਇਹ ਰੋਸ ਧਰਨਾ ਜਾਰੀ ਰਹੇਗਾ। ਉਧਰ ਇਸ ਦੇਸ਼ ਵਿਆਪੀ ਧਰਨੇ ਲਈ ਲੋਕਾਂ ਵਿਚ ਪੂਰਾ ਉਤਸ਼ਾਹ ਹੈ।

ਸੋ, ਪ੍ਰਾਪਤੀ ਦੇ ਨਾਂ 'ਤੇ ਕਿਸਾਨ ਜਥੇਬੰਦੀਆਂ ਦੇ ਪੱਲੇ ਕੁਝ ਨਹੀਂ ਪਿਆ। ਪੰਜਾਬ ਵਿਚ ਕਿਸਾਨਾਂ ਦੇ ਧਰਨੇ ਬਾ-ਦਸਤੂਰ ਜਾਰੀ ਹਨ। ਉਨ੍ਹਾਂ ਦੀਵਾਲੀ ਵੀ ਆਪਣੇ ਧਰਨਿਆਂ ਤੇ ਮਸ਼ਾਲਾਂ ਬਾਲ ਕੇ ਮਨਾਈ। ਕਿਸਾਨ ਆਗੂਆਂ ਨੇ ਆਪਣੇ ਵਲੋਂ 7 ਨੁਕਾਤੀ ਚਾਰਟਰ ਵਿਚ ਤਿੰਨ ਖੇਤੀ ਕਾਨੂੰਨਾਂ ਸਣੇ ਪਿਛੋਂ ਪਾਸ ਕੀਤੇ ਬਿਜਲੀ ਸੁਧਾਰ ਬਿੱਲ-2020 ਅਤੇ ਪ੍ਰਦੂਸ਼ਣ ਖਿਲਾਫ ਪਾਸ ਕੀਤੇ ਕਾਨੂੰਨਾਂ ਨੂੰ ਕਿਸਾਨਾਂ ਦੀ ਮੌਤ ਦਾ ਵਰੰਟ ਕਰਾਰ ਦਿੰਦਿਆਂ ਰੱਦ ਕਰਨ ਦੀ ਮੰਗ ਕੀਤੀ। ਕਿਸਾਨਾਂ ਦਾ ਕਹਿਣਾ ਸੀ ਕਿ ਇਹ ਕਾਨੂੰਨ ਕਾਰਪੋਰੇਟ ਪੱਖੀ ਨੇ, ਕਿਸਾਨ ਪੱਖੀ ਨਹੀਂ। ਉਨ੍ਹਾਂ ਦਲੀਲ ਦਿੱਤੀ ਕਿ ਜਿਨ੍ਹਾਂ ਰਾਜਾਂ ਵਿਚ ਇਹ ਐਮ.ਐਸ.ਪੀ. ਅਤੇ ਸਰਕਾਰੀ ਖਰੀਦ ਵਾਲਾ ਢਾਂਚਾ ਖਤਮ ਕਰ ਕੇ ਕਾਰਪੋਰੇਟ ਘਰਾਣਿਆਂ ਲਈ ਖੁੱਲ੍ਹਾ ਛੱਡ ਦਿੱਤਾ ਗਿਆ ਸੀ, ਉਥੇ ਕਿਸਾਨੀ ਦਾ ਭੱਠਾ ਬਿਠਾ ਦਿੱਤਾ ਹੈ। ਉਥੋਂ ਦੇ ਹਾਲਾਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ, ਜਦੋਂ ਹਰ ਸਾਲ ਯੂ.ਪੀ., ਬਿਹਾਰ, ਮੱਧ ਪ੍ਰਦੇਸ਼ ਸਮੇਤ ਬਹੁਤ ਸਾਰੇ ਕਣਕ ਝੋਨੇ ਦੀ ਪੈਦਾਵਾਰ ਵਾਲੇ ਰਾਜਾਂ ਦਾ ਝੋਨਾ ਪੰਜਾਬ ਹਰਿਆਣੇ ਦੀਆਂ ਮੰਡੀਆਂ ਵਿਚ ਵਿਕਦਾ ਹੈ। ਇਸ ਲਈ ਸਰਕਾਰੀ ਖਰੀਦ ਅਤੇ ਐਮ.ਐਸ.ਪੀ. ਨੂੰ ਯਕੀਨੀ ਬਣਾਉਣ ਲਈ ਕਾਨੂੰਨ ਬਣਾਇਆ ਜਾਵੇ। ਸਵਾਮੀਨਾਥਨ ਫਾਰਮੂਲੇ ਮੁਤਾਬਕ ਸਾਰੀਆਂ 23 ਫਸਲਾਂ ਜਿਨ੍ਹਾਂ ਉਤੇ ਐਮਐਸਪੀ ਐਲਾਨਿਆ ਜਾਦਾ ਹੈ, ਉਨ੍ਹਾਂ ਦੀ ਖਰੀਦ ਯਕੀਨੀ ਬਣਾਈ ਜਾਵੇ ਤਾਂ ਜੋ ਕਿਸਾਨ ਕਣਕ/ਝੋਨੇ ਦੇ ਫਸਲੀ ਚੱਕਰ ਵਿਚੋਂ ਨਿਕਲ ਸਕਣ।

ਕੰਟਰੈਕਟ ਫਾਰਮਿੰਗ ਦਾ ਤਜਰਬਾ ਉਹ ਗੰਨੇ ਅਤੇ ਆਲੂ ਟਮਾਟਰ ਦੀ ਖੇਤੀ ਵਿਚ ਕਰ ਚੁੱਕੇ ਹਨ। ਕਿਸਾਨਾਂ ਦੇ ਗੰਨੇ ਦੀ ਹਜ਼ਾਰਾਂ ਕਰੋੜ ਬਕਾਇਆ ਰਾਸ਼ੀ ਪਿਛਲੇ ਕਈ ਸਾਲਾਂ ਤੋਂ ਗੰਨਾ ਮਿੱਲਾਂ ਵੱਲ ਖੜ੍ਹੀ ਹੈ। ਆਲੂ ਟਮਾਟਰ ਪੈਪਸੀ ਕੰਪਨੀ ਵਲੋਂ ਬਿਜਾਉਣ ਤੋਂ ਬਾਅਦ ਕੰਪਨੀ ਵਲੋਂ ਨਾਂ ਖਰੀਦਣ ਕਾਰਨ ਸੜਕਾਂ 'ਤੇ ਰੁਲੇ ਹਨ। ਕਿਸੇ ਨੇ ਅੱਜ ਤਕ ਕਿਸਾਨ ਦੀ ਸਾਰ ਨਹੀਂ ਲਈ। ਪ੍ਰਦੂਸ਼ਣ ਵਿਰੋਧੀ ਕਾਨੂੰਨ ਵਿਚ ਜੋ ਇੱਕ ਕਰੋੜ ਰੁਪਏ ਜੁਰਮਾਨੇ ਅਤੇ ਪੰਜ ਸਾਲ ਦੀ ਸਜ਼ਾ ਦੀ ਵਿਵਸਥਾ ਰੱਖੀ ਹੈ, ਉਹ ਤਾਂ 10 ਏਕੜ ਵਾਲਾ ਕਿਸਾਨ ਆਪਣੀ ਸਾਰੀ ਜ਼ਮੀਨ ਵੇਚ ਕੇ ਵੀ ਪੂਰੀ ਨਹੀਂ ਕਰ ਸਕਦਾ। ਕਿਸਾਨ ਦਰਦੀ ਸਰ ਛੋਟੂ ਰਾਮ ਨੇ ਆਪਣੇ ਯਤਨਾਂ ਨਾਲ 1934 ਵਿਚ ਕਰਜ਼ੇ ਕਾਰਨ ਕਿਸਾਨ ਦੀ ਜ਼ਮੀਨ ਦੀ ਕੁਰਕੀ ਨਾ ਕਰਨ ਦਾ ਕਾਨੂੰਨ ਬਣਵਾਇਆ ਸੀ ਜੋ ਨਾ ਕੇਵਲ ਕਿਸਾਨ ਬਲਕਿ ਪਿੰਡਾਂ ਵਿਚ ਰਹਿੰਦੇ ਅਤੇ ਕਿਸਾਨੀ ਨਾਲ ਸਬੰਧਤ ਸਹਾਇਕ ਧੰਦੇ ਕਰਨ ਵਾਲਿਆਂ ਦੀ ਵੀ ਸਰਕਾਰ, ਬੈਂਕ ਜਾਂ ਕਰਜ਼ਾ ਦੇਣ ਵਾਲੀਆਂ ਏਜੰਸੀਆਂ ਕੁਰਕੀ ਨਹੀਂ ਕਰ ਸਕਦੀਆਂ ਸਨ। ਐਮ.ਐਸ.ਪੀ. ਦੀ ਰਿਆਇਤ ਵੀ ਸਰ ਛੋਟੂ ਰਾਮ ਦੀ ਦੇਣ ਹੈ।

1925 ਵਿਚ ਛਪੀ ਪ੍ਰਸਿੱਧ ਕਿਤਾਬ 'ਦਿ ਪੰਜਾਬ ਪੈਜੈਂਟ ਇਨ ਪ੍ਰਾਸਪੈਰਿਟੀ ਐਂਡ ਡੈੱਟ' ਦਾ ਲਿਖਾਰੀ ਅਤੇ ਆਈ.ਸੀ.ਐਸ. ਅਫਸਰ ਸਰ ਮੈਲਕਮ ਲਾਇਲ ਡਾਰਲਿੰਗ ਕਹਿੰਦਾ ਹੈ ਕਿ 'ਕਿਸਾਨ ਕਰਜ਼ੇ ਵਿਚ ਜੰਮਦਾ, ਕਰਜ਼ੇ ਵਿਚ ਜੀਵਨ ਜਿਊਂਦਾ ਅਤੇ ਕਰਜ਼ੇ ਵਿਚ ਹੀ ਮਰ ਜਾਂਦਾ ਹੈ' ਪਰ ਆਜ਼ਾਦ ਭਾਰਤ ਵਿਚ ਰਾਤੋ-ਰਾਤ ਕਿਸਾਨ ਨੂੰ ਨਪੀੜਨ ਵਾਲੇ ਕਾਨੂੰਨ ਸ਼ਾਨ ਨਾਲ ਬਣਾਏ ਜਾ ਰਹੇ ਹਨ। ਕਰਜ਼ਾ ਨਾ ਮੋੜੇ ਜਾਣ 'ਤੇ ਫਾਇਨਾਂਸ ਕੰਪਨੀਆਂ ਵਾਲੇ ਪਿੰਡਾਂ ਵਿਚੋਂ ਘਰਾਂ ਦੇ ਭਾਂਡੇ ਚੁੱਕ ਕੇ ਲਿਜਾ ਰਹੇ ਹਨ।

ਹਿਮਾਚਲ ਪ੍ਰਦੇਸ਼ ਦੀ ਇੱਕ ਫਰਮ ਵਲੋਂ ਪਿਛਲੇ 4 ਸਾਲਾਂ ਵਿਚ ਫਾਜ਼ਿਲਕਾ ਮਾਰਕਿਟ ਤੋਂ 70 ਕਰੋੜ ਰੁਪਏ ਦੇ ਕਰੀਬ ਕਿਨੂੰ ਖਰੀਦਿਆ ਸੀ ਜਿਸ ਦੀ ਮਾਰਕਿਟ ਫੀਸ 2 ਕਰੋੜ 80 ਲੱਖ ਦੇ ਕਰੀਬ ਬਣਦੀ ਸੀ। ਇਹ ਫੀਸ ਪੰਜਾਬ ਮੰਡੀ ਬੋਰਡ ਦੇ ਐਮ.ਡੀ. ਨੇ ਇਹ ਕਹਿ ਕੇ ਉਗਰਾਹੁਣ ਤੋਂ ਇਨਕਾਰ ਕਰ ਦਿੱਤਾ ਕਿ ਨਵੇਂ ਕਾਨੂੰਨਾਂ ਦੇ ਲਾਗੂ ਹੋਣ ਨਾਲ ਇਹ ਫੀਸ ਉਗਰਾਹੁਣੀ ਸਾਡੇ ਅਧਿਕਾਰ ਖੇਤਰ ਵਿਚ ਨਹੀਂ।

ਦੂਜੇ ਪਾਸੇ, ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਇਹ ਨਵੇਂ ਖੇਤੀ ਕਾਨੂੰਨ ਕਿਸਾਨਾਂ ਦੇ ਵਿਰੋਧ ਕਰਨ ਕਾਰਨ ਲਾਗੂ ਨਹੀਂ ਕੀਤੇ ਜਾ ਰਹੇ। ਫਿਰ ਮੰਡੀ ਬੋਰਡ ਕਿਸ ਦੇ ਕਹਿਣ ਉਤੇ ਉਕਤ ਫਰਮ ਨੂੰ ਮੰਡੀ ਫੀਸ ਤੋਂ ਛੋਟ ਦੇ ਰਿਹਾ ਹੈ? ਇਥੇ ਹੀ ਬੱਸ ਨਹੀਂ, ਦਿਹਾਤੀ ਵਿਕਾਸ ਫੰਡ ਜੋ ਕਿਸਾਨ ਤੋਂ ਮਾਰਕਿਟ ਫੀਸ ਦੇ ਰੂਪ ਵਿਚ ਉਗਰਾਹਿਆ ਜਾਂਦਾ ਹੈ, ਉਹ ਕੇਂਦਰ ਵਲੋਂ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਜੀ.ਐਸ.ਟੀ. ਦਾ 10 ਹਜ਼ਾਰ ਕਰੋੜ ਰੁਪਏ ਦਾ ਬਕਾਇਆ ਅਜੇ ਤਕ ਨਹੀਂ ਦਿੱਤਾ, ਨਾ ਹੀ ਦਿੱਤੇ ਜਾਣ ਦੀ ਕੋਈ ਉਮੀਦ ਹੈ। ਚਰਚਾ ਤਾਂ ਇਹ ਵੀ ਹੈ ਕਿ ਕੇਂਦਰ ਸਰਕਾਰ ਜੀ.ਐਸ.ਟੀ. ਦੇ ਰਾਜਾਂ ਦੇ ਅਧਿਕਾਰ ਉਤੇ ਰੋਕ ਲਗਾ ਰਹੀ ਹੈ।

ਜਿਹੜੀ ਲੜਾਈ ਕਿਸਾਨੀ ਕਾਨੂੰਨਾਂ ਨੂੰ ਲੈ ਕੇ ਵਿੱਢੀ ਗਈ ਸੀ, ਉਹ ਰੇਲਵੇ ਆਵਾਜਾਈ ਬਹਾਲ ਕਰਨ ਤਕ ਸੀਮਤ ਕਿਵੇਂ ਹੋ ਗਈ? ਅਸੀਂ ਜਾਲ ਵਿਚ ਫਸ ਗਏ। ਉਹ ਬਲੈਕਮੇਲਿੰਗ 'ਤੇ ਉਤਰ ਆਏ। ਕਿਸਾਨ ਆਗੂ ਇਸ ਹਾਲਤ 'ਤੇ ਸਿਰ ਜੋੜ ਕੇ ਸੋਚਣ। ਦਬਾਅ ਕੇਂਦਰ 'ਤੇ ਨਹੀਂ, ਪੰਜਾਬ 'ਤੇ ਬਣਾ ਦਿੱਤਾ ਹੈ ਜਦੋਂ ਕਿ ਦਬਾਅ ਮੈਦਾਨ ਵਿਚ ਬਣਦਾ ਹੈ ਤੇ ਟੇਬਲ 'ਤੇ ਜਾ ਕੇ ਰਿਲੀਜ਼ ਹੁੰਦਾ ਹੈ। ਅਲ ਜਜ਼ੀਰਾ ਚੈਨਲ ਦਾ ਕਹਿਣਾ ਹੈ ਕਿ 'ਭਾਰਤੀ ਮੀਡੀਆ ਦਿਹਾਤੀ ਜੀਵਨ ਨੂੰ ਮੁੱਖ ਪੰਨੇ 'ਤੇ ਥਾਂ ਨਹੀਂ ਦਿੰਦਾ।' ਸਾਡੇ ਮੀਡੀਆ ਘਰਾਣਿਆਂ ਨੂੰ ਕੰਗਨਾ ਰਣੌਤ ਦੇ ਬੰਗਲੇ ਨੂੰ ਢਾਹੁਣ ਅਤੇ ਸੁਸ਼ਾਂਤ ਸਿੰਘ ਰਾਜਪੂਤ ਦੀ ਕੁਦਰਤੀ ਜਾਂ ਗੈਰ-ਕੁਦਰਤੀ ਮੌਤ ਸਿੱਧ ਕਰਨ ਤੋਂ ਵਿਹਲ ਨਹੀਂ, ਉਹ ਕਿਸਾਨਾਂ ਨੂੰ ਜਿਨ੍ਹਾਂ ਦੀ ਜ਼ਿੰਦਗੀ ਮੌਤ ਦਾ ਸੁਆਲ ਹੈ, ਲਈ ਨਿੱਤ ਨਵੇਂ ਆ ਰਹੇ ਕਾਲੇ ਕਾਨੂੰਨਾਂ ਨੂੰ ਕਿਵੇਂ ਦਿਖਾਉਣ? ਜਦੋਂ ਪਹਿਲੀ ਵਾਰ 21 ਮਾਰਚ ਨੂੰ ਲਾਕਡਾਊਨ ਲੱਗਾ ਸੀ, ਉਦੋਂ ਲੱਖਾਂ ਲੋਕ ਪੈਦਲ ਚੱਲ ਕੇ ਆਪੋ-ਆਪਣੇ ਘਰਾਂ ਤਕ ਪਹੁੰਚੇ। ਉਨ੍ਹਾਂ ਬਾਰੇ ਕਿਸੇ ਸਰਕਾਰ ਨੇ ਨਹੀਂ ਸੋਚਿਆ। ਮੁਖ ਮੀਡੀਆ ਦਾ ਵੀ ਉਹ ਹਿੱਸਾ ਨਹੀਂ ਰਹੇ ਕਿਉਂਕਿ ਕਿਸਾਨਾਂ ਦੇ ਰੋਸ ਪ੍ਰਦਰਸ਼ਨ ਤੇ ਮਜ਼ਦੂਰਾਂ ਦੀਆਂ ਦੁਸ਼ਵਾਰੀਆਂ ਨੂੰ ਦਿਖਾਉਣ ਨਾਲ ਉਨ੍ਹਾਂ ਦੀ ਟੀ.ਆਰ.ਪੀ. ਨਹੀਂ ਵਧਦੀ।

ਕਿਸਾਨ ਵੀਰੋ, ਤੁਸੀਂ ਮੇਰੇ ਨਾਲੋਂ ਵੱਧ ਜਾਣਦੇ ਹੋ ਕਿ ਕੇਂਦਰ ਨੇ ਸੌਖੇ ਹੱਥੀਂ ਕੁਝ ਨਹੀਂ ਦੇਣਾ ਸਗੋਂ ਉਸ ਦੇ ਹਿਟਲਰੀ ਫਰਮਾਨ ਦਿਨ-ਬਦਿਨ ਵਧਦੇ ਹੀ ਜਾਂਦੇ ਹਨ। ਬਿਹਾਰ ਜਿੱਤਣ ਤੋਂ ਬਾਅਦ ਉਹ ਭਾਵੇਂ 2022 ਵਿਚ ਪੰਜਾਬ ਜਿੱਤਣ ਦੇ ਮਨਸੂਬੇ ਪਾਲੀ ਬੈਠਾ ਹੈ, ਪਰ ਉਹ ਪੰਜਾਬ ਨੂੰ ਉਸ ਦਾ ਹੱਕ ਦੇ ਕੇ ਨਹੀਂ ਸਗੋਂ ਬਾਂਹ ਮਰੋੜ ਕੇ ਅੱਗੇ ਲਾਉਣਾ ਚਾਹੁੰਦਾ ਹੈ। ਇਹੋ ਕਾਰਨ ਹੈ ਕਿ ਉਸ ਵਲੋਂ ਪੰਜਾਬ ਦੀਆਂ ਹੱਕੀ ਮੰਗਾਂ ਪ੍ਰਤੀ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਮਿਲਿਆ। ਇਸ ਲਈ 26/27 ਨਵੰਬਰ ਦੇ 'ਦਿੱਲੀ ਚੱਲੋ' ਰੋਸ ਪ੍ਰਦਰਸ਼ਨ ਲਈ ਵਜ਼ਨ ਵਧਾਉਣਾ ਪਏਗਾ।

ਕੇਂਦਰ ਤੇ ਰਾਜਾਂ ਦਾ ਸੰਘੀ ਢਾਂਚਾ ਜੋ ਖਤਮ ਹੋ ਚੁਕਿਆ ਹੈ, ਨੂੰ ਬਹਾਲ ਕਰਨ ਲਈ ਰਾਜ ਸਰਕਾਰ ਤੇ ਸਮੂਹ ਵਿਰੋਧੀ ਪਾਰਟੀਆਂ ਵੀ ਇੱਕਜੁੱਟ ਹੋ ਕੇ ਲੜਾਈ ਲੜਨ। ਕਿਸਾਨ ਮੀਟਿੰਗਾਂ ਦਾ ਦੌਰ ਸ਼ੁਰੂ ਕਰ ਕੇ ਵਪਾਰੀਆਂ, ਖੇਤ ਮਜ਼ਦੂਰਾਂ, ਮੁਲਾਜ਼ਮਾਂ ਸਮੇਤ ਹਰ ਵਰਗ ਨਾਲ ਆਮ ਸਹਿਮਤੀ ਬਣਾਉਣ। ਕੇਂਦਰ ਦੇ ਇਸ ਅੱਖੜ ਰਵੱਈਏ ਨੂੰ ਟੱਕਰ ਦੇਣ ਲਈ ਕਿਸਾਨ ਆਗੂਆਂ ਨੂੰ ਡੂੰਘੀ ਸੋਚ, ਜਥੇਬੰਦਕ ਪਹੁੰਚ, ਏਕਾ, ਤਹੱਮਲ ਸਾਰੀਆਂ ਧਿਰਾਂ ਦੇ ਸਾਂਝੇ ਸਹਿਯੋਗ ਨਾਲ ਆਪਣੇ ਸੰਘਰਸ਼ ਦਾ ਘੇਰਾ ਹੋਰ ਵਿਸ਼ਾਲ ਕਰਨਾ ਪਵੇਗਾ ਤਾਂ ਜਾ ਕੇ ਹੀ ਕੋਈ ਪ੍ਰਾਪਤੀ ਹੋ ਸਕੇਗੀ।

# ਸੰਨ ਸੰਤਾ.ਲੀ ਦੇ ਗੁਨਾਹਾਂ ਦਾ ਲੇਖਾ

ਅਮਰਜੀਤ ਚੰਦਨ
amarjitchandan@gmail.com

ਕਿਸੇ ਬੀਜਿਆ ਏ, ਤੁਸਾਂ ਵੱਢਣਾ ਏਂ।
ਕਿਸੇ ਕੀਤੀਆਂ ਨੇ, ਤੁਸਾਂ ਵਰਤਣਾ ਏਂ।
ਆਪ ਵੇਲੇ ਸਿਰ ਪੁੱਛਣਾ-ਗਿੱਛਣਾ ਸੀ,
ਹੁਣ ਕਿਸੇ ਥੀਂ ਕੀ ਹਿਸਾਬ ਮੰਗੋ। -ਫ਼ੈਜ਼

ਪੰਜਾਬ ਦੇ ਉਜਾੜੇ ਬਾਰੇ ਫ਼ੈਜ਼ ਦੀ ਇਹ ਕੀਤੀ ਸ਼ਾਇਰੀ ਆਪਣੀ ਥਾਂ ਸਹੀ ਏ, ਪਰ ਤਾਰੀਖ਼ ਮੋਇਆਂ ਤੋਂ ਜਿਉਂਦਿਆਂ ਤੋਂ ਹਰ ਵੇਲੇ ਹਿਸਾਬ ਮੰਗਦੀ ਏ। ਤਾਰੀਖ਼ ਦੀ ਵਾਹੀ, ਬੀਜੀ ਦਾ ਵੱਢ ਹਰ ਵੇਲੇ ਪਿਆ ਰਹਿੰਦਾ ਏ। ਪਹਿਲਕਿਆਂ ਦੀਆਂ ਕੀਤੀਆਂ ਮਗਰੋਂ ਆਉਣ ਵਾਲੀਆਂ ਨਸਲਾਂ ਨੂੰ ਭੁਗਤਣੀਆਂ ਪੈਂਦੀਆਂ ਨੇ। ਪੰਜਾਬ ਦੀ ਵੰਡ ਬਾਹਰਲਿਆਂ ਨੇ ਕੀਤੀ ਸੀ; ਇਹ ਪੰਜਾਬ ਦੇ ਲੋਕਾਂ ਤੋਂ ਪੁੱਛ ਕੇ ਨਹੀਂ ਸੀ ਕੀਤੀ ਗਈ। ਤਾਰੀਖ਼ ਐਸੀ ਬਲਾ ਹੈ, ਜੋ ਕਦੇ ਚੁੱਪ ਨਹੀਂ ਕਰਦੀ। ਇਹਦੇ ਕੋਲੋਂ ਕੁਝ ਵੀ ਲੁਕਿਆ ਨਹੀਂ ਹੁੰਦਾ। ਇਹ ਫੱਟ ਭਰਨ ਨਹੀਂ ਦਿੰਦੀ; ਲੂਣ ਭੁੱਕਦੀ ਰਹਿੰਦੀ ਹੈ। ਜਰਮਨ ਕਵੀ ਬ੍ਰੈਖ਼ਤ ਨੇ ਲਿਖਿਆ ਸੀ, "ਜਦ ਲੱਗਿਆ ਫੱਟ ਭਰ ਜਾਵੇ, ਤਾਂ ਇਹਦਾ ਪਿਆ ਨਿਸ਼ਾਨ ਵਧੇਰੇ ਦੁੱਖ ਦਿੰਦਾ ਏ।"

ਪੰਜਾਬੀ ਸੰਤਾ.ਲੀ ਨੂੰ ਆਜ਼ਾਦੀ ਕਰਕੇ ਯਾਦ ਨਹੀਂ ਕਰਦੇ; ਉਹ ਇਹਨੂੰ ਵੱਡੇ ਰੌਲੇ, ਘੱਲੂਘਾਰਾ, ਵੰਡ, ਵੰਡਾਰਾ, ਪਾੜਾ, ਦੰਗੇ-ਫਸਾਦ ਕਹਿੰਦੇ ਹਨ। ਪੰਜਾਬੀ ਲਿਖਾਰੀਆਂ ਦੀਆਂ ਪੰਜਾਬੀ, ਉੜਦੂ, ਹਿੰਦੀ ਤੇ ਅੰਗਰੇਜ਼ੀ ਵਿਚ ਪਾਏ ਕੀਰਨਿਆਂ ਦੀਆਂ ਸੈਂਕੜੇ ਕਿਤਾਬਾਂ ਛਪ ਚੁੱਕੀਆਂ ਨੇ। ਯੂਨੀਵਰਸਿਟੀਆਂ ਦੇ ਖੋਜੀ ਪੋਥੇ ਲਿਖ-ਲਿਖ ਰੱਖੀ ਜਾਂਦੇ ਨੇ। ਚਿੱਤਰਕਾਰਾਂ ਨੇ ਚਿਤਰ ਬਣਾਏ; ਫਿਲਮਾਂ ਦੀ ਕੋਈ ਗਿਣਤੀ ਨਹੀਂ। ਪਾਈ ਕਹਾਣੀ ਦਾ ਸੀਨ ਇੱਕੋ ਹੁੰਦਾ ਏ-ਲੁੱਟਮਾਰ, ਜਬਰ ਜ਼ਨਾਹ, ਆਤਿਸ਼ਜ਼ਨੀ, ਕਤਲ-ਓ-ਗਾਰਤ। ਨਾਂ-ਥਾਂ ਬਦਲ ਲਓ; ਵਕੂਆ-ਵਾਰਦਾਤ ਓਹੀ, ਸੀਨ ਸਾਰੇ ਓਹੀ। ਅਖੀਰ ਵਿਚ ਸ਼ਾਇਰ ਜੀ ਇਨਸਾਨੀਅਤ ਦਾ ਲੈਕਚਰ ਦੇ ਕੇ ਸਟੇਜ ਤੋਂ ਉਤਰ ਜਾਂਦੇ ਨੇ। ਇਸ ਅਜ਼ੀਮ ਡਰਾਮੇ ਦੇ ਪੰਜ ਵੱਡੇ ਕਿਰਦਾਰ ਸਨ। ਹਰ ਪੰਜਾਬੀ ਨੇ ਆਪੋ-ਆਪਣੀ ਪਸੰਦ ਦਾ ਵਿਲਨ ਬਣਾ ਰੱਖਿਆ ਏ, ਜਿਹਦੀ ਬਦਖਵਾਹੀ ਕਰਕੇ ਆਪਣਾ ਦਿਲ ਹੌ.ਲਾ ਕਰ ਲੈਂਦਾ ਏ: ਮਾਉਂਟਬੈਟਨ, ਗਾਂਧੀ, ਨਹਿਰੂ, ਜਿਨਾਹ ਤੇ ਮਾਸਟਰ ਤਾਰਾ ਸਿੰਘ।

ਸਾਰੇ ਤਾਰੀਖ਼ਦਾਨ ਦਸ ਚੁੱਕੇ ਨੇ ਕਿ 3 ਮਾਰਚ 1947 ਨੂੰ ਰਾਵਲਪਿੰਡੀ ਡਿਵੀਜ਼ਨ ਵਿਚ ਪਹਿਲੀ ਤੀਲੀ ਲਾਉਣ ਵਾਲੇ ਮੁਸਲਿਮ ਲੀਗੀ ਸਨ। (ਉਨ੍ਹਾਂ ਮਾਸਟਰ ਤਾਰਾ ਸਿੰਘ ਦੇ ਪਿੰਡ ਦਾ ਜੱਦੀ ਘਰ ਸਾੜ ਦਿੱਤਾ ਸੀ ਤੇ ਉਹਦੇ ਚਾਚੇ ਨੂੰ ਕਤਲ ਕਰ ਦਿੱਤਾ ਸੀ।) ਨਵਾਬ ਮਮਦੋਟ ਦੀ ਸ਼ਹਿ ਨਾਲ ਮੁਸਲਿਮ ਲੀਗੀ, ਮੁਕਾਮੀ ਮੁਸਲਮਾਨ ਪੁਲਸੀਏ, ਨਾਮਕਟੇ ਫੌਜੀ ਤੇ ਪਿੰਡਾਂ ਦਾ ਕੁਤੀੜਵਾਧਾ ਰਲ ਕੇ ਇਹ ਕਾਰਾ ਕਰਦਾ ਸੀ। ਉਦੋਂ ਪੱਛਮੀ ਪੰਜਾਬ ਵਿਚ ਮਾਰੇ ਗਏ ਹਿੰਦੂ-ਸਿੱਖਾਂ ਦੇ ਕਤਲੇਆਮ ਦੇ ਬਦਲੇ ਵਿਚ ਐਨ ਇਹੀ ਕੁਝ ਇਸੇ ਤਰ੍ਹਾਂ ਹਿੰਦੂ-ਸਿੱਖ ਫਸਾਦੀਆਂ ਨੇ ਪੂਰਬੀ ਪੰਜਾਬ ਵਿਚ ਦੁੱਗਣੀ ਗਿਣਤੀ ਵਿਚ ਮੁਸਲਮਾਨ ਮਾਰ ਕੇ ਕੀਤਾ ਸੀ। ਸੰਤਾਲੀ ਦੇ ਉਜਾੜੇ ਵਿਚ ਮਰਿਆਂ ਦੀ ਕੁਲ ਗਿਣਤੀ ਦਸ ਲੱਖ ਤੇ ਉੱਜੜਿਆਂ ਦੀ ਇਕ ਕਰੋੜ ਦੱਸੀ ਜਾਂਦੀ ਹੈ।

ਉਜਾੜੇ ਤੋਂ ਝੱਟ ਬਾਅਦ ਹੀ ਦੋਵੇਂ ਧਿਰਾਂ ਨੇ ਇਕ ਦੂਜੇ ਦੇ ਹੱਥੋਂ ਹੋਈ ਤਬਾਹੀ ਦਾ ਵੇਰਵਾ ਪੇਸ਼ ਕਰ ਦਿੱਤਾ ਸੀ: ਪਾਕਿਸਤਾਨੀ ਸਰਕਾਰ ਨੇ ਅੰਗਰੇਜ਼ੀ ਵਿਚ 'ਦਾ ਸਿੱਖ ਪਲੈਨ' (1948) ਕਿਤਾਬਚਾ ਛਾਪਿਆ ਤੇ ਗੁਰਬਚਨ ਸਿੰਘ ਤਾਲਿਬ ਦਾ ਲਿਖਿਆ 'ਮੁਸਲਿਮ ਲੀਗ ਅਟੈਕਸ ਔਨ ਸਿਖਸ ਐਂਡ ਹਿੰਦੂਜ਼ ਇਨ ਦਾ ਪੰਜਾਬ 1947' ਨਾਂ ਦੀ ਰਿਪੋਰਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਨ 1950 ਵਿਚ ਛਾਪ ਦਿੱਤੀ ਸੀ।


ਸਰਦਾਰੀ ਲਾਲ ਪਰਾਸ਼ਰ ਦੀ 1948 ਵਿਚ ਅੰਬਾਲੇ ਰੀਫੀਊਜ਼ੀ ਕੈਂਪ ਵਿਚ ਬਣਾਈ ਡਰਾਇੰਗ। ਪਰਾਸ਼ਰ ਇਸ ਕੈਂਪ ਦੇ ਨਿਗਰਾਨ ਸਨ। ਉਜਾੜੇ ਤੋਂ ਪਹਿਲੇ ਲਾਹੌਰ ਦੇ ਮੇਓ ਆਰਟ ਕਾਲਜ ਦੇ ਵਾਈਸ ਪ੍ਰਿੰਸੀਪਲ ਹੁੰਦੇ ਸਨ।

### ਰੱਬਾ ਹੁਣ ਕੀ ਕਰੀਏ!

ਸਤੰਬਰ 2007, ਥਾਂ ਲਾਹੌਰ ਗੁਲਬਰਗ ਵਿਚ 'ਲਾਹੌਰ ਚ੍ਰਿਤਕਾਰ' ਨਾਂ ਦੇ ਅਦਾਰੇ ਦਾ ਟਿਕਾਣਾ। ਮੌਕਾ: ਅਜੈ ਭਾਰਦਵਾਜ ਦੀ ਫਿਲਮ 'ਰੱਬਾ ਹੁਣ ਕੀ ਕਰੀਏ' ਮੈਂ ਤੀਹ-ਚਾਲੀ ਜਣਿਆਂ ਨੂੰ ਸੱਦ ਕੇ ਦਿਖਾ ਰਿਹਾਂ। ਇਸ ਵਿਚ ਸੰਤਾ.ਲੀ ਵੇਲੇ ਚੜ੍ਹਦੇ ਪੰਜਾਬ ਵਿਚ ਪਟਿਆਲੇ, ਲੁਧਿਆਣੇ, ਖੰਨੇ ਵਿਚ ਸਿੱਖਾਂ-ਹਿੰਦੂਆਂ ਹੱਥੋਂ ਕੋਹੇ ਹਜ਼ਾਰਾਂ ਮੁਸਲਮਾਨਾਂ ਦੀ ਬਰਬਾਦੀ ਦੀ ਚਸ਼ਮਦੀਦ ਗਵਾਹੀ ਹੈ। ਪਟਿਆਲਾ ਫਰੀਦਕੋਟ ਰਿਆਸਤਾਂ ਦੇ ਸਿੱਖ ਰਾਜਿਆਂ ਨੇ ਆਪਣੀ ਪੁਲਿਸ ਫੌਜ ਨੂੰ ਲੱਭ-ਲੱਭ ਕੇ ਮੁਸਲਮਾਨ ਜਾਨੋਂ ਮਾਰਨ ਦੀ ਖੁੱਲ੍ਹੀ ਛੁੱਟੀ ਦੇ ਰੱਖੀ ਸੀ। ਉਨ੍ਹਾਂ ਸਾਰੇ ਪੰਜਾਬ ਵਿਚ ਨਾਮਕਟੇ ਫੌਜੀਆਂ ਨੂੰ ਜੀਪਾਂ ਤੇ ਹਥਿਆਰ ਵੰਡੇ ਸਨ। ਫਿਲਮ ਦੇ ਅਖੀਰ ਵਿਚ ਲਾਹੌਰ ਦਾ ਫਾਰਸੀ-ਪੜ੍ਹਿਆ ਕਰਮ ਸਿੰਘ ਜਿਵੇਂ ਕੁਲ ਸਿੱਖਾਂ ਦੀ ਤਰਫੋਂ ਮਾਨਸੇ ਕੋਲ ਰੇਲਵੇ ਲਾਈਨ 'ਤੇ ਜਾ ਕੇ ਕਲਮਾ ਪੜ੍ਹਦਾ ਹੈ, ਜਿੱਥੇ ਬਹੁਤ ਸਾਰੇ ਮੁਸਲਮਾਨ ਕਤਲ ਕੀਤੇ ਗਏ ਸਨ।

ਫਿਲਮ ਮੁੱਕਦੀ ਹੈ। ਬੱਤੀ ਜਗਦੀ ਹੈ। ਮੌਤ ਵਰਗੀ ਚੁੱਪ। ਕੋਈ ਬੀਬੀ ਮੇਰੇ ਨਾਲ ਲੜਨ ਨੂੰ ਪੈਂਦੀ ਵੱਖੀਓਂ ਬੋਲਦੀ ਹੈ, "ਤੁਸੀਂ ਇਹ ਫਿਲਮ ਕਿਉਂ ਦਿਖਾਈ ਏ?" ਮੈਂ ਸੰਭਲਦਿਆਂ ਜਵਾਬ ਦਿੰਦਾ ਹਾਂ, "ਇਸ ਲਈ ਕਿ ਅਸੀਂ ਤਾਂ ਚੜ੍ਹਦੇ ਪੰਜਾਬ ਵਿਚ ਸੰਤਾਲੀ ਦੇ ਆਪਣੇ ਕੀਤੇ ਗੁਨਾਹਾਂ ਦਾ ਕਫ਼ਾਰਾ ਕਰਨ ਲੱਗੇ ਹਾਂ। ਤੁਸੀਂ ਵੀ ਕਰੋ। ਤੁਹਾਡੇ ਵਲ ਵੀ ਕੋਈ ਇਸ ਕਿਸਮ ਦੀ ਫਿਲਮ ਬਣਾਵੇ ਕਿ ਹਜ਼ਾਰਾਂ ਸਿੱਖਾਂ-ਹਿੰਦੂਆਂ ਦੇ ਲਹੂ ਨਾਲ ਹੱਥ ਰੰਗਣ ਵਾਲੇ ਕੌਣ ਸਨ? ਉਨ੍ਹਾਂ ਨੇ ਉਨ੍ਹਾਂ ਦਾ ਕੀ ਵਿਗਾੜਿਆ ਸੀ?"

**ਅਗਲਾ ਸੀਨ:** ਅਗਸਤ 2012; ਪਾਕਿਸਤਾਨ ਦੇ ਡਿਪਟੀ ਅਟਾਰਨੀ ਜਨਰਲ ਮੁਹੰਮਦ ਖੁਰਸ਼ੀਦ ਖਾਨ ਦੀਆਂ ਤਸਵੀਰਾਂ ਨਾਲ ਚੜ੍ਹਦੇ ਪੰਜਾਬ ਦੀਆਂ ਅਖਬਾਰਾਂ ਭਰੀਆਂ ਪਈਆਂ ਹਨ। ਬੰਦਾ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਵਿਚ ਬੈਠਾ ਪੇਸ਼ਾਵਰ ਵਿਚ ਮਾਰੇ ਗਏ ਬੇਕਸੂਰ ਸਿੱਖਾਂ ਦੇ ਪਛਤਾਵੇ ਵਿਚ ਸੰਗਤਾਂ ਦੀਆਂ ਜੁੱਤੀਆਂ ਸਾਫ ਕਰ ਰਿਹਾ ਹੈ। (ਸਿੱਖਾਂ ਵਿਚ ਇਹ ਰੀਤ ਏ ਕਿ ਬੰਦਾ ਆਪਣੇ ਕੀਤੇ ਗੁਨਾਹ ਦਾ ਕਫ਼ਾਰਾ ਕਰਨ ਲਈ ਗੁਰਦੁਆਰੇ ਝਾੜੂ ਫੇਰੇ; ਸੰਗਤਾਂ ਦੀਆਂ ਜੁੱਤੀਆਂ ਸਾਫ ਕਰੇ; ਲੰਗਰ ਦੇ ਭਾਂਡੇ ਮਾਂਜੇ।) ਫੇਰ ਖਬਰ ਆਉਂਦੀ ਹੈ ਕਿ ਉਹਨੂੰ ਉਪਰਲਿਆਂ ਨੇ ਨੌਕਰੀਓਂ ਕੱਢ ਦਿੱਤਾ ਏ।

ਇਸ ਤੋਂ ਅਗਲਾ ਸੀਨ: 3 ਸਤੰਬਰ 2017; ਥਾਂ ਲੁਧਿਆਣੇ ਦਾ ਪੰਜਾਬੀ ਭਵਨ। ਮੌਕਾ ਸੰਤਾ.ਲੀ ਦੇ ਗੁਨਾਹਾਂ ਦੇ ਇਕਬਾਲ ਤੇ ਮੁਆਫੀ ਵਾਸਤੇ ਜੁੜੇ ਲੋਕ। ਲੁਧਿਆਣੇ ਦਾ ਨਾਇਬ ਸ਼ਾਹੀ ਇਮਾਮ ਮੋਇਆਂ ਦੀ ਯਾਦ ਵਿਚ ਖਤਮ ਦਿਵਾ ਰਿਹਾ ਹੈ।

---

ਪੰਜਾਬ ਦੇ ਉਜਾੜੇ ਦੀ ਸ਼ਾਇਰੀ ਦੀ ਮੇਰੀ ਸੰਜੋਈ ਕਿਤਾਬ 'ਸੰਨ ਸੰਤਾ.ਲੀ' (ਨਵਯੁਗ, 2018) ਵਿਚ 54 ਕਵੀ ਨੇ। ਇਸ ਵਿਚ ਮੁਸਲਮਾਨਾਂ ਵਿਚੋਂ ਸਿਰਫ ਉਸਤਾਦ ਦਾਮਨ, ਅਹਿਮਦ ਰਾਹੀ ਤੇ ਸ਼ਰੀਫ ਕੁੰਜਾਹੀ ਨੂੰ ਪੰਜਾਬ ਦੇ ਟੋਟੇ ਹੋਣ ਦਾ ਝੋਰਾ ਹੈ। ਸ਼ਾਇਰ ਮਜ਼ਹਰ ਤਿਰਮਜ਼ੀ ਨੇ ਮੈਨੂੰ ਦੱਸਿਆ, "ਪਾਕਿਸਤਾਨੀ ਰਿਆਸਤ ਨੇ ਸੰਤਾ.ਲੀ ਦੇ ਕਤਲ-ਏ-ਆਮ ਨੂੰ ਕੁਰਬਾਨੀ ਦਾ ਨਾਂ ਦਿੱਤਾ, ਤਾਂ ਜੇ ਏਸ ਮੁਕੱਦਸ ਫਰਜ਼ 'ਤੇ ਕੋਈ ਉਂਗਲੀ ਨਾ ਚੁੱਕੇ। ਨਵੇਂ-ਬਣੇ ਮੁਲਕ ਵਿਚ ਕੁਰਬਾਨੀ ਦਾ ਢੋਲ ਪਿੱਟਣ ਲਿਖਾਰੀ ਵੀ ਆਪਣੇ ਫਾਇਦਿਆਂ ਲਈ ਨਾਲ ਰਲ ਗਏ, ਜਿਨ੍ਹਾਂ ਵਿਚ ਉਰਦੂ-ਪੰਜਾਬੀ ਦੇ ਸਭ ਸ਼ਾਮਿਲ ਨੇ। ਇਕ ਉਸਤਾਦ ਦਾਮਨ ਹੀ ਇਕੱਲਾ ਬੈਠਾ ਵੰਡ ਦੇ ਦੁੱਖ ਨੂੰ ਰੋਂਦਾ ਏ।"

ਪੰਜਾਬੀ ਕਿੱਸਾਕਾਰ ਕਿਤਾਬੀ ਜਾਂ ਸਟੇਜੀ ਕਵੀਆਂ ਵਾਂਗ ਲੋਲੋਪੋਪੋ ਕਰਨ ਵਾਲੇ ਨਹੀਂ ਸੀ ਹੁੰਦੇ, ਇਹ ਸਮਾਜੀ ਅਸਲੀਅਤ ਕੋਲ ਖਲੋ ਕੇ ਗੱਲ ਕਰਦੇ ਨੇ। ਇਸ ਵਿਚ ਪੰਜਾਬ ਦੇ ਦੋਹਾਂ ਫਿਰਕਿਆਂ (ਸਿੱਖ-ਹਿੰਦੂ ਤੇ ਮੁਸਲਿਮ) ਦੇ ਆਪਸੀ ਤੁਅੱਸਬ ਦਾ ਖੁੱਲ੍ਹਮ-ਖੁੱਲ੍ਹਾ ਬਿਆਨ ਹੈ। ਇਨ੍ਹਾਂ ਦੀ ਤਹਰੀਰ ਲੋਕਲ ਹਿਸਟਰੀ ਦਾ ਚੰਗਾ ਨਮੂਨਾ ਹੈ। ਇਹੋ ਜਿਹੇ ਦਸ ਤੋਂ ਵਧ ਕਿੱਸੇ 1948-50 ਦੌਰਾਨ ਚੜ੍ਹਦੇ ਪੰਜਾਬ ਵਿਚ ਛਪੇ ਸਨ। ਉਦੋਂ ਕੁ ਹੀ ਲਾਹੌਰ ਵਿਚ ਛਪੇ ਚਰਾਗਦੀਨ ਜੂਨੇ ਕੇ ਵਾਲੇ ਨੇ ਆਪਣੇ ਕਿੱਸੇ ਵਿਚ ਖੂਨ ਦੀਆਂ ਨਦੀਆਂ ਯਾਨਿ ਜ਼ੁਲਮ ਦੀ ਹੱਦ ਵਿਚ ਪਟਿਆਲੇ, ਫਿਰੋਜ਼ਪੁਰ, ਗੁਰਦਾਸਪੁਰ ਜਿਲੇ ਦੇ ਕਾਦੀਆਂ, ਅੰਮ੍ਰਿਤਸਰ ਜਿਲੇ ਦੇ ਵਲਟੋਹਾ, ਅਜਨਾਲੇ ਲਾਗੇ ਕੋਟਲੀ ਪਠਾਣਾਂ ਤੇ ਅੰਮ੍ਰਿਤਸਰ ਸ਼ਹਿਰ ਦੇ ਮਹੱਲੇ ਸ਼ਰੀਫਪੁਰੇ ਵਿਚ ਅਕਾਲ ਸੈਨਾ ਤੇ ਹਿੰਦੂ ਜਨੂਨੀਆਂ ਦੇ ਮੁਸਲਮਾਨਾਂ ਉੱਤੇ ਢਾਹੇ ਜ਼ੁਲਮਾਂ ਦਾ ਬਿਆਨ ਦਰਜ ਕੀਤਾ ਹੈ। ਸਿਬਤੁਲ ਹਸਨ ਜ਼ੈਗ਼ਮ ਦੀ 'ਬਾਰਾਮਾਹ' 2019 ਵਿਚ ਛਪੀ ਮੈਨੂੰ 22 ਮਈ 1996 ਦੀ ਲਿਖੀ ਚਿੱਠੀ ਵਿਚ ਬਹੁਤ ਸਾਰੀਆਂ ਐਸੀਆਂ ਲਿਖਤਾਂ ਦਾ ਵੇਰਵਾ ਹੈ, ਜਿਨ੍ਹਾਂ ਨੂੰ ਹੁਣ ਤਕ ਕਿਸੇ ਖੋਜੀ ਵਿਦਵਾਨ ਨੇ ਘੋਖਿਆ ਨਹੀਂ।

ਮਾਸਟਰ ਤਾਰਾ ਸਿੰਘ ਦਾ ਸਕਾ ਛੋਟਾ ਭਰਾ ਨਿਰੰਜਣ ਸਿੰਘ (1892-1979) ਮਹਾਤਮਾ ਗਾਂਧੀ ਦਾ ਪੈਰੋਕਾਰ ਸੀ। ਇਹ ਕਈ ਸਾਲ ਅੰਮ੍ਰਿਤਸਰ ਦੇ ਖਾਲਸਾ ਕਾਲਜ ਵਿਚ ਪੜ੍ਹਾਉਂਦਾ ਰਿਹਾ। ਫਿਰ ਇਹਨੇ 1940 ਵਿਚ ਲਾਹੌਰ ਵਿਚ ਸਿੱਖ ਨੈਸ਼ਨਲ ਕਾਲਜ ਖੋਲ੍ਹਿਆ ਸੀ। ਇਹਨੇ ਆਪਣੀ ਉਮਰ-ਕਹਾਣੀ ਵਿਚ ਤਾਰਾ ਸਿੰਘ ਦੀਆਂ ਕਰਤੂਤਾਂ ਬਾਰੇ ਇੰਜ ਲਿਖਿਆ:

"ਮੁਸਲਮ ਲੀਗੀਏ ਪਾਕਿਸਤਾਨ ਬਣਾਉਣ 'ਤੇ ਤੁਲੇ ਹੋਏ ਸਨ। ਉਨ੍ਹਾਂ ਦੇ ਸਿਰ 'ਤੇ ਫਿਰਕੂਪੁਣੇ ਦਾ ਭੂਤ ਸਵਾਰ ਹੋ ਗਿਆ ਅਤੇ ਉਨ੍ਹਾਂ ਹਿੰਦੂਆਂ ਤੇ ਸਿੱਖਾਂ ਨੂੰ ਮਾਰਨਾ-ਵੱਢਣਾ ਸ਼ੁਰੂ ਕਰ ਦਿੱਤਾ।...ਲੀਗ ਦੀ ਅਗਵਾਈ ਵਿਚ ਮੁਸਲਮਾਨ ਗੁੰਡਿਆਂ ਨੇ ਉਹ ਅੱਤ ਕੀਤੀ ਕਿ ਜਿਨ੍ਹਾਂ ਦੀ ਮਿਸਾਲ ਇਨਸਾਨ ਦੇ ਇਤਿਹਾਸ ਵਿਚ ਹੋਰ ਕਿਤੇ ਨਹੀਂ ਮਿਲਦੀ। ਹਿੰਦੂ-ਸਿੱਖ ਵੀ ਜਾਗੇ। ਉਨ੍ਹਾਂ ਕਮੇਟੀ ਬਣਾਈ ਤੇ ਮਾਸਟਰ ਤਾਰਾ ਸਿੰਘ ਨੂੰ ਆਪਣਾ ਆਗੂ ਬਣਾਇਆ। ਮਾਸਟਰ ਤਾਰਾ ਸਿੰਘ ਬੜਾ ਦਲੇਰ ਤੇ ਬੜਾ ਤੁੰਦ-ਮਿਜ਼ਾਜ ਦਾ ਆਦਮੀ ਸੀ। ਅਕਾਲੀ ਚੰਗੇ ਜੱਥੇਬੰਦ ਸਨ ਤੇ ਮਾਸਟਰ ਤਾਰਾ ਸਿੰਘ ਉਨ੍ਹਾਂ ਦਾ ਵਾਹਦ ਲੀਡਰ ਸੀ। ਫੇਰ ਬਰਾਬਰ ਦੀ ਖੜਕਣ ਲੱਗ ਪਈ। ਓਧਰ ਮੁਸਲਮਾਨ 10 ਹਿੰਦੂ ਸਿੱਖ ਮਾਰਨ, ਇਧਰੋਂ ਮਾਸਟਰ ਤਾਰਾ ਸਿੰਘ 10 ਮੁਸਲਮਾਨ ਮਾਰ ਦਏ। ਓਧਰੋਂ 1000 ਸ਼ਰਣਾਰਥੀ ਜਾਨ ਬਚਾ ਕੇ ਏਧਰ ਆਉਣ, ਏਧਰੋਂ ਮਾਸਟਰ ਤਾਰਾ ਸਿੰਘ 1000 ਮੁਸਲਮਾਨ ਕੱਢ ਦਏ। ਓਧਰ ਔਰਤਾਂ ਦੀ ਬੇਪਤੀ ਹੋਵੇ, ਏਧਰ ਵੀ ਓਹੋ ਹੀ ਵਤੀਰਾ। ਦੋਵੇਂ ਪਾਸੇ ਬੇਅੰਤ ਜ਼ੁਲਮ ਹੋਏ। ਕੋਈ 70 ਲੱਖ ਦੇ ਕਰੀਬ ਹਿੰਦੂ-ਸਿੱਖ ਓਧਰੋਂ ਏਧਰ ਆਏ ਹੋਣਗੇ ਤੇ ਐਨੇ ਹੀ ਮੁਸਲਮਾਨ ਏਧਰੋਂ ਪਾਕਿਸਤਾਨ ਨੂੰ ਭੇਜੇ ਗਏ।...ਮਾਸਟਰ ਤਾਰਾ ਸਿੰਘ ਨੇ ਸਿੱਖਾਂ ਨੂੰ ਤਾਂ ਬਚਾਇਆ, ਪਰ ਵਟਾਂਦਰੇ ਵਿਚ ਸਿੱਖੀ ਦੇ ਕੇ। ਸਿੱਖੀ ਗਰੀਬਾਂ ਅਨਾਥਾਂ 'ਤੇ ਹੱਥ ਚੁੱਕਣ ਵਿਚ ਨਹੀਂ। ਸਿੱਖੀ ਤਾਂ ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਵਾਂਗ ਸ਼ਹੀਦ ਹੋਣ ਵਿਚ ਹੈ।" (ਜੀਵਨ ਵਿਕਾਸ, ਸਫਾ 233-234, ਨਵਯੁਗ, 1970)


ਨਵਾਬ ਮਮਦੋਟ ਤੇ ਫਰੀਦਕੋਟੀ ਰਾਜਾ ਹਰਿੰਦਰ ਸਿੰਘ

ਸੋ, ਖਾਸ ਕਰਕੇ ਅੰਮ੍ਰਿਤਸਰ ਜਿਲੇ ਵਿਚ ਮੁਸਲਮਾਨਾਂ ਦਾ ਕਤਲੇਆਮ ਅਕਾਲ ਸੈਨਾ ਨੇ ਕੀਤਾ। ਇਹਦੇ ਕਾਤਿਲ ਤਾਂ ਜੱਲਿਆਂਵਾਲੇ ਬਾਗ ਦੇ ਸਾਕੇ ਦੇ ਹੀਰੋ ਸੈਫੁਦੀਨ ਕਿਚਲੂ ਨੂੰ ਵੀ ਮਾਰਨ ਨੂੰ ਫਿਰਦੇ ਸਨ, ਪਰ ਕਮਿਉਨਿਸਟ ਲੀਡਰ ਤੇਜਾ ਸਿੰਘ ਸੁਤੰਤਰ ਦੇ ਬੰਦੇ ਉਹਨੂੰ ਅੰਮ੍ਰਿਤਸਰ ਵਿਚੋਂ ਕੱਢ ਕੇ ਦਿੱਲੀ ਛੱਡ ਕੇ ਆਏ ਸਨ। ਕਮਿਉਨਿਸਟਾਂ ਨੇ ਮੁਸਲਮਾਨਾਂ ਦੀ ਰਾਖੀ ਲਈ ਥਾਂ-ਥਾਂ ਅਮਨ ਕਮੇਟੀਆਂ ਬਣਾਈਆਂ ਹੋਈਆਂ ਸਨ। (ਅਣਫੋਲਿਆ ਵਰਕਾ, ਇੰਦਰ ਸਿੰਘ ਮੁਰਾਰੀ ਦੀ ਉਮਰ-ਕਹਾਣੀ, ਰਵੀ ਸਾਹਿਤ ਪ੍ਰਕਾਸ਼ਨ, 1979)। ਅੰਮ੍ਰਿਤਸਰ ਸ਼ਹਿਰ ਦੇ ਹਿੰਦੂ ਫਸਾਦੀਆਂ ਦਾ ਸਰਗਨਾ ਬਿਜਲੀ ਪਹਿਲਵਾਨ ਸੀ।

ਕਮਿਉਨਿਸਟ ਆਗੂ ਧਨਵੰਤਰੀ ਦੀ ਸੰਤਾ.ਲੀ ਵੇਲੇ ਦੀ ਰਿਪੋਰਟ 'Bleeding Punjab Warns' ਵਿਚ ਲਿਖਿਆ ਹੈ ਕਿ ਗਦਰੀ ਬਾਬੇ ਸੋਹਣ ਸਿੰਘ ਦੇ ਪਿੰਡ ਭਕਨੇ ਦੇ ਨੇੜੇ ਦੇ ਪਿੰਡਾਂ ਵਿਚ ਸੁਰਖ ਝੰਡੇ ਗੱਡ ਕੇ ਕਮਿਉਨਿਸਟ ਮੁਸਲਮਾਨਾਂ ਦੀ ਰਾਖੀ ਕਰਦੇ ਸਨ ਤੇ ਲੰਗਰ ਵਰਤਾਉਂਦੇ ਸਨ; ਪਰ ਐਨ ਇਹਦੇ ਉਲਟ ਅਕਾਲੀ ਆਗੂ ਊਧਮ ਸਿੰਘ ਨਾਗੋਕੇ ਦੇ ਪਿੰਡਾਂ ਵਿਚ ਅਕਾਲ ਸੈਨਾ ਵਾਲੇ ਮੁਸਲਮਾਨਾਂ ਦਾ ਘਾਣ ਕਰ ਰਹੇ ਸਨ। (ਹਵਾਲਾ: ਰਜ਼ਾ ਅਲੀ, Revolutionary Pasts, ਕੈਂਬ੍ਰਿਜ ਯੂਨੀਵਰਸਿਟੀ ਪ੍ਰੈੱਸ, 2020)। ਪ੍ਰੀਤ ਲੜੀ ਵਾਲੇ ਗੁਰਬਖਸ਼ ਸਿੰਘ ਨੇ ਵੀ ਆਪਣੇ ਪਿੰਡ ਪ੍ਰੀਤ ਨਗਰ ਦੁਆਲੇ ਦੇ ਮੁਸਲਮਾਨਾਂ ਦੀ ਰਾਖੀ ਕੀਤੀ ਤੇ ਇਨ੍ਹਾਂ ਦੇ ਪ੍ਰੀਤ ਸੈਨਿਕ ਉਨ੍ਹਾਂ ਨੂੰ ਨਵੇਂ ਬਣੇ ਬਾਰਡਰ ਪਾਰ ਲੰਘਾ ਕੇ ਆਉਂਦੇ ਸਨ।

ਅਕਾਲ ਸੈਨਿਕ ਜੀਵਨ ਸਿੰਘ ਉਮਰਾਨੰਗਲ ਦਾ ਜ਼ਮੀਰ ਕੋਈ ਤੇਰਾਂ ਸਾਲਾਂ ਬਾਅਦ ਜਾਗਿਆ ਤੇ ਉਹਨੇ 1960 ਦੇ ਕਰੀਬ ਦਰਬਾਰ ਸਾਹਿਬ ਅਕਾਲ ਤਖਤ ਵਿਚ ਗੁਰੂ ਮਹਾਰਾਜ ਅੱਗੇ ਪੇਸ਼ ਹੋ ਕੇ ਮੁਆਫੀ ਦੀ ਅਰਦਾਸ ਕੀਤੀ ਤੇ ਜੁੱਤੀਆਂ ਸਾਫ ਕਰਕੇ ਸੰਨ ਸੰਤਾ.ਲੀ ਵਿਚ ਮੁਸਲਮਾਨਾਂ ਨੂੰ ਕਤਲ ਕਰਨ ਦੀ ਭੁੱਲ ਬਖਸ਼ਾਈ ਸੀ ਤੇ ਇਸੇ ਕਰਕੇ ਇਹਨੇ ਸੰਨ ਅੱਸੀਆਂ ਵਿਚ ਖਾਲਿਸਤਾਨੀਆਂ ਦੀ ਮੁਖਾਲਫਤ ਕੀਤੀ ਕਿ ਇਹ ਮੁੜ ਸੰਨ ਸੰਤਾ.ਲੀ ਵਰਤਾਅ ਕੇ ਪੰਜਾਬ ਦੇ ਅਗਾਂਹ ਹੋਰ ਟੋਟੇ ਕਰਨ 'ਤੇ ਤੁਲੇ ਹੋਏ ਹਨ।

### ਗੁਨਾਹਾਂ ਦਾ ਭਾਰ

ਪੰਜਾਬੀ ਲੋਕਾਂ ਦੇ ਸਿਰ 'ਤੇ ਸੰਤਾ.ਲੀ ਦੇ ਗੁਨਾਹਾਂ ਦਾ ਪਿਆ ਭਾਰ ਕਫ਼ਾਰਾ ਕਰਨ ਨਾਲ ਭੁੱਲ ਬਖਸ਼ਾਉਣ ਨਾਲ ਹੀ ਹਟ ਸਕਦਾ ਹੈ। ਕਰਮ ਸਿੰਘ, ਮੁਹੰਮਦ ਖੁਰਸ਼ੀਦ, ਗੰਗਵੀਰ ਰਾਠੌੜ ਵਰਗੇ ਵਿਰਲੇ ਬੰਦੇ ਜ਼ਮੀਰ ਦੀ ਆਵਾਜ਼ ਬੁਲੰਦ ਕਰਦੇ ਹਨ। ਅੰਮ੍ਰਿਤਸਰ ਵਿਚ ਪੰਜਾਬ ਦੀ ਵੰਡ ਦਾ ਮਿਊਜ਼ੀਅਮ ਖੁੱਲ੍ਹ ਗਿਆ ਹੈ। ਲਾਹੌਰ ਵਿਚ ਨਹੀਂ ਖੁੱਲ੍ਹਣਾ। ਕੌਮੀ ਗੁਨਾਹਾਂ ਦਾ ਕਫ਼ਾਰਾ ਕਰਨ ਵਾਲੇ ਮੁਆਫੀ ਮੰਗਣ ਵਾਲੇ ਮੁਲਕਾਂ ਕੌਮਾਂ ਦੇ ਸਰਬਰਾਹ ਹੀ ਹੁੰਦੇ ਨੇ। ਸਾਡੇ ਵੇਲਿਆਂ ਦੀਆਂ ਇਹ ਮਿਸਾਲਾਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਹੁਕਮਰਾਨਾਂ ਨੂੰ ਵਾਰਾ ਨਹੀਂ ਖਾਂਦੀਆਂ: 1997 ਵਿਚ ਬਰਤਾਨੀਆ ਨੇ ਆਇਰਲੈਂਡ ਦੇ ਲੋਕਾਂ ਤੋਂ 19ਵੀਂ ਸਦੀ ਦੇ ਪਾਏ ਆਲੂਆਂ ਦੇ ਕਾਲ ਦੀ ਮੁਆਫੀ ਮੰਗੀ; ਸੰਨ 2010 ਵਿਚ ਰੂਸ ਸਰਕਾਰ ਨੇ ਪੋਲਿਸ਼ ਲੋਕਾਂ ਤੋਂ ਦੂਜੀ ਵੱਡੀ ਜੰਗ ਵੇਲੇ ਕਾਤਿਨ ਨਾਂ ਦੀ ਜਗ੍ਹਾ 'ਤੇ ਸਤਾਲਿਨ

(ਬਾਕੀ ਅਗਲੇ ਸਫੇ 'ਤੇ)


1947 ਵੇਲੇ ਅੰਮ੍ਰਿਤਸਰ ਜਿਲੇ ਵਿਚ ਮੁਸਲਮਾਨਾਂ ਨੂੰ ਮਾਰਨ ਲਈ ਬਣੀ ਅਕਾਲ ਸੈਨਾ ਦੇ ਲੀਡਰ (ਕਾਗਜ਼ਾਂ ਵਿਚ ਇਹਦਾ ਨਾਂ ਅਕਾਲ ਫੌਜ ਤੇ ਅਕਾਲ ਰੈਜੀਮੈਂਟ ਵੀ ਬੋਲਦਾ ਹੈ)। ਖੱਬਿਓਂ: ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, 'ਕਮਾਂਡਰ' ਮਾਸਟਰ ਤਾਰਾ ਸਿੰਘ, ਦਰਸ਼ਨ ਸਿੰਘ ਫੇਰੂਮਾਨ ਤੇ ਆਈ. ਐੱਨ. ਏ. ਵਾਲਾ ਜਨਰਲ ਮੋਹਨ ਸਿੰਘ। ਹੋਰ ਲੀਡਰ, ਜੋ ਇਸ ਤਸਵੀਰ ਵਿਚ ਮੌਜੂਦ ਨਹੀਂ ਹਨ: ਜੀਵਨ ਸਿੰਘ ਉਮਰਾਨੰਗਲ, ਸੋਹਣ ਸਿੰਘ ਜਲਾਲਉਸਮਾ, ਸਰਦੂਲ ਸਿੰਘ ਐਡਵੋਕੇਟ। (ਹਵਾਲਾ: ਅਕਾਲ ਸੈਨਾ ਹੱਥੋਂ ਹੋਏ ਸ਼ਹੀਦ ਗਹਿਲ ਸਿੰਘ ਛੱਜਲਵੱਡੀ ਦੀਆਂ ਧੀਆਂ ਨਾਲ ਗੱਲਾਂ, ਸੁਰਖ ਰੇਖਾ, ਅਕਤੂਬਰ 1983)


1940 ਦੇ ਨੇੜੇ ਲਾਹੌਰ ਦੇ ਸਿੱਖ ਨੈਸ਼ਨਲ ਕਾਲਜ ਵਿਚ ਖਿੱਚੀ ਵੱਡੀ ਤਸਵੀਰ ਵਿਚੋਂ ਕੱਢਿਆ ਟੁਕੜਾ। ਖੱਬਿਓਂ: ਬਲਦੇਵ ਸਿੰਘ (ਇਹ ਸੰਤਾ.ਲੀ ਬਾਅਦ ਭਾਰਤ ਦਾ ਵਜ਼ੀਰ-ਏ-ਦਿਫਾ ਬਣਿਆ), ਪਟਿਆਲੇ ਵਾਲਾ ਰਾਜਾ ਯਾਦਵਿੰਦਰ ਸਿੰਘ, ਪ੍ਰਿੰਸੀਪਲ ਨਿਰੰਜਣ ਸਿੰਘ ਤੇ ਗੋਪਾਲ ਸਿੰਘ ਕੌਮੀ। (ਫੋਟੋਕਾਰ: ਨਿਰੰਜਣ ਸਿੰਘ ਨਕੋਦਰੀ)

# ਪੰਜਾਬ ਯੂਨੀਵਰਸਿਟੀ ਸੈਨੇਟ ਤੇ ਸਿੰਡੀਕੇਟ ਦਾ ਮਸਲਾ


## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੇਰੀ ਸਾਰੀ ਵਿਦਿਆ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਹੈ। ਬੀ. ਏ. ਤਕ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ (ਹੁਸ਼ਿਆਰਪੁਰ) ਦੀ ਤੇ ਐਮ. ਏ. ਪੰਜਾਬ ਯੂਨੀਵਰਸਿਟੀ ਕੈਂਪ ਕਾਲਜ ਨਵੀਂ ਦਿੱਲੀ ਦੀ। ਕੁਦਰਤੀ ਹੈ ਕਿ ਮੈਨੂੰ ਆਪਣੇ ਵਿਸ਼ਵਵਿਦਿਆਲੇ ਦੀ ਠੰਢੀ ਤੱਤੀ ਦੀ ਸਾਰ ਮਿਲਦਿਆਂ ਦੇਰ ਨਹੀਂ ਲੱਗਦੀ। ਇਸ ਯੂਨੀਵਰਸਿਟੀ ਦੇ ਵਰਤਮਾਨ ਵਾਈਸ ਚਾਂਸਲਰ ਨੇ 2020 ਵਿਚ ਸਾਲ ਦੇ ਸ਼ੁਰੂ ਵਾਲੀਆਂ ਦੋ-ਤਿੰਨ ਮੀਟਿੰਗਾਂ ਤੋਂ ਬਿਨਾ ਸੈਨੇਟ ਤੇ ਸਿੰਡੀਕੇਟ ਦੀ ਕੋਈ ਮੀਟਿੰਗ ਨਹੀਂ ਕਰਵਾਈ ਤੇ ਇਨ੍ਹਾਂ ਦੀ ਸਲਾਹ ਲਏ ਬਿਨਾ ਹੀ ਸਾਰੇ ਫੈਸਲੇ ਲੈ ਰਿਹਾ ਹੈ, ਜਿਨ੍ਹਾਂ ਦੀ ਨਿਯਮ ਆਗਿਆ ਨਹੀਂ ਦਿੰਦੇ। ਇਕੱਲੀ ਸੈਨੇਟ ਦੀ ਗੱਲ ਕਰੀਏ ਤਾਂ ਸਾਲ ਵਿਚ ਇਸ ਦੀਆਂ ਘੱਟੋ ਘੱਟ ਤਿੰਨ ਮੀਟਿੰਗਾਂ ਲਾਜ਼ਮੀ ਹਨ ਅਤੇ ਵਾਈਸ ਚਾਂਸਲਰ ਕੋਵਿਡ-19 ਦੀ ਆੜ ਵਿਚ ਇਸ ਨਿਯਮ ਉਤੇ ਪਹਿਰਾ ਨਹੀਂ ਦੇ ਰਹੇ।

ਚੇਤੇ ਰਹੇ, 14 ਅਕਤੂਬਰ 1882 ਵਿਚ ਸਥਾਪਤ ਹੋਈ ਇਹ ਯੂਨੀਵਰਸਿਟੀ ਅਖੰਡ ਹਿੰਦੁਸਤਾਨ ਦੀਆਂ ਮੁੱਢਲੀਆਂ ਪੰਜ ਯੂਨੀਵਰਸਿਟੀਆਂ ਵਿਚੋਂ ਇਕ ਹੈ। ਇਸ ਤੋਂ ਪਹਿਲਾਂ 1857 ਦੌਰਾਨ ਕਲਕੱਤਾ, ਬੰਬਈ ਤੇ ਮਦਰਾਸ ਦੀਆਂ ਤਿੰਨ ਯੂਨੀਵਰਸਿਟੀਆਂ ਸਥਾਪਤ ਹੋ ਚੁਕੀਆਂ ਸਨ ਤੇ ਅਲਾਹਾਬਾਦ ਵਾਲੀ ਇਨ੍ਹਾਂ ਤਿੰਨਾਂ ਤੋਂ ਤੀਹ ਸਾਲ ਪਿੱਛੋਂ 1887 ਵਿਚ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਇਨ੍ਹਾਂ ਪੰਜਾਂ ਯੂਨੀਵਰਸਿਟੀਆਂ ਵਿਚ ਸੈਨੇਟ ਤੇ ਸਿੰਡੀਕੇਟ ਚੁਣੇ ਜਾਣ ਦੀ ਪਰੰਪਰਾ ਹਾਲੇ ਵੀ ਕਾਇਮ ਹੈ। ਇਹ ਵੀ ਕਿ 1966 ਤੱਕ ਅਤੇ ਕਿਸੇ ਹੱਦ ਤੱਕ ਹੁਣ ਵੀ, ਇਸ ਯੂਨੀਵਰਸਿਟੀ ਦਾ ਐਕਟ ਵੀ ਲਾਹੌਰ ਵਾਲੀ ਪੰਜਾਬ ਯੂਨੀਵਰਸਿਟੀ ਨਾਲ ਮਿਲਦਾ-ਜੁਲਦਾ ਹੈ। ਨਵੰਬਰ 1966 ਵਿਚ ਹਰਿਆਣਾ ਦੇ ਹੋਂਦ ਵਿਚ ਆਉਣ ਪਿਛੋਂ ਇਸ ਯੂਨੀਵਰਸਿਟੀ ਨੂੰ ਅੰਤਰਰਾਜੀ ਯੂਨੀਵਰਸਿਟੀ ਦਾ ਦਰਜਾ ਦਿੱਤਾ ਗਿਆ, ਜਿਸ ਨੂੰ



ਪੰਜਾਬ ਯੂਨੀਵਰਸਿਟੀ ਦਾ ਸਟੂਡੈਂਟ ਸੈਂਟਰ

ਵਿਗਾੜਨ ਦੇ ਯਤਨਾਂ ਦੀ ਅਫਵਾਹ ਅੱਜ ਦੇ ਦਿਨ ਖੂਬ ਹਵਾ ਵਿਚ ਹੈ। ਕੱਲ੍ਹ ਨੂੰ ਇਹ ਖਬਰਾਂ ਕੀ ਰੂਪ ਧਾਰਦੀਆਂ ਹਨ, ਬੁੱਧੀਜੀਵੀ ਨਜ਼ਰਾਂ ਇਸ ਉਤੇ ਟਿਕੀਆਂ ਹੋਈਆਂ ਹਨ।

1922 ਤੱਕ ਇਸ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿਚ ਏਧਰ ਵਾਲਾ ਪੰਜਾਬ ਤਾਂ ਕੀ, ਪਾਕਿਸਤਾਨੀ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਤੇ ਜੰਮੂ ਕਸ਼ਮੀਰ; ਬਲੋਚਿਸਤਾਨ ਤੇ ਨਾਰਥ ਵੈਸਟ ਫਰੰਟੀਅਰ ਪ੍ਰਾਵਿੰਸ (ਹੁਣ ਖੈਬਰ ਪਖਤੂਨਖਵਾ) ਸ਼ਾਮਲ ਸਨ। ਜਿਥੋਂ ਮੋਹਿੰਦਰਾ ਕਾਲਜ ਪਟਿਆਲਾ, ਖਾਲਸਾ ਕਾਲਜ ਅੰਮ੍ਰਿਤਸਰ, ਯੂਨੀਵਰਸਿਟੀ ਕਾਲਜ ਲਾਹੌਰ ਤੇ ਸੇਂਟ ਸਟੀਫਨ ਕਾਲਜ ਦਿੱਲੀ ਵਰਗੇ ਵਿਦਿਆਲੇ ਇਸ ਯੂਨੀਵਰਸਿਟੀ ਦੇ ਮਾਨਤਾ ਪ੍ਰਾਪਤ ਕਾਲਜ ਸਨ। ਓਰੀਐਂਟਲ ਕਾਲਜ ਲਾਹੌਰ ਸਮੇਤ ਜਿੱਥੇ 1870 ਤੋਂ ਅਰਬੀ, ਫਾਰਸੀ, ਪੰਜਾਬੀ, ਹਿੰਦੀ, ਸੰਸਕ੍ਰਿਤ ਆਦਿ ਦੀ ਪੜ੍ਹਾਈ ਦਾ ਪੂਰਨ ਪ੍ਰਬੰਧ ਸੀ।

ਇਸ ਯੂਨੀਵਰਸਿਟੀ ਨੂੰ ਮਾਣ ਹੈ ਕਿ ਡਾ. ਮਨਮੋਹਨ ਸਿੰਘ, ਇੰਦਰ ਕੁਮਾਰ ਗੁਜਰਾਲ, ਰੋਮਿਲਾ ਥਾਪਰ, ਰੁਚੀ ਰਾਮ ਸਾਹਨੀ, ਗੋਬਿੰਦ ਖੁਰਾਣਾ, ਸ਼ੰਕਰ ਦਿਆਲ ਸ਼ਰਮਾ ਤੇ ਪੀ. ਸੀ. ਚੈਟਰਜੀ ਵਰਗੀਆਂ ਹਸਤੀਆ ਤੇ ਪਤਵੰਤੇ ਹੀ ਨਹੀਂ, ਮੁਲਕ ਰਾਜ ਆਨੰਦ ਤੇ ਹਜ਼ਾਰੀ ਪ੍ਰਸਾਦ ਦਿਵੇਦੀ ਵਰਗੇ ਉਚ ਦੁਮਾਲੜੇ ਲੇਖਕ ਅਧਿਆਪਕ ਵੀ ਇਸ ਦੇ ਨਾਲ ਜੁੜੇ ਰਹੇ ਹਨ। ਇਸ ਨਾਲ ਆਮ ਯੂਨੀਵਰਸਿਟੀ ਵਾਂਗ ਲਿਖਾਉਣਾ ਘਾਤਕ ਹੋ ਸਕਦਾ ਹੈ।

ਯੂਨੀਵਰਸਿਟੀ ਦੇ ਡੇਢ ਸੌ ਸਾਲ ਦੇ ਇਤਿਹਾਸ ਵਿਚ ਉਚ ਕੋਟੀ ਦੇ ਬੁਧੀਜੀਵੀਆਂ ਤੋਂ ਬਿਨਾ ਹਿੰਦੁਸਤਾਨ ਦੀਆਂ ਇੱਕ ਦਰਜਨ ਰਿਆਸਤਾਂ ਦੇ ਰਾਜੇ, ਮਹਾਰਾਜੇ ਤੇ ਨਵਾਬ ਇਸ ਯੂਨੀਵਰਸਟੀ ਦੇ ਫੈਲੋ ਤੇ ਸੈਨੇਟਰ ਚੁਣੇ ਜਾਂਦੇ ਰਹੇ ਹਨ। ਇਸ ਚੋਣ ਪ੍ਰਕਿਰਿਆ ਨੂੰ ਖਤਮ ਕਰਨ ਦੇ ਕੀ ਨਤੀਜੇ ਨਿਕਲ ਸਕਦੇ ਹਨ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ। ਜਦੋਂ ਕੁਝ ਸਾਲ ਪਹਿਲਾਂ ਇਸ ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਦਾ ਫੈਸਲਾ ਹੋਇਆ ਸੀ ਤਾਂ ਇਸ ਦੇ ਜ਼ਬਰਦਸਤ ਵਿਰੋਧ ਕਾਰਨ ਇਹ ਫੈਸਲਾ ਵਾਪਸ ਲੈਣਾ ਪਿਆ ਸੀ। ਅੱਜ ਦੇ ਦਿਨ ਪੰਜਾਬ ਯੂਨੀਵਰਸਿਟੀ ਦਾ 40 ਫੀਸਦੀ ਖਰਚਾ ਦੇਣ ਵਾਲਾ ਪੰਜਾਬ ਚੁਪ ਚਾਪ ਪ੍ਰਵਾਨ ਕਰ ਲਵੇਗਾ, ਇਸ ਦਾ ਸਵਾਲ ਪੈਦਾ ਨਹੀਂ ਹੁੰਦਾ। ਹਾਲ ਵਿਚ ਹੀ ਪੰਜਾਬ ਦੀ ਕਿਸਾਨੀ ਨਾਲ ਕੀਤੇ ਜਾ ਰਹੇ ਧੱਕੇ ਦਾ ਪੰਜਾਬੀ ਪ੍ਰਤੀਕਰਮ ਇਸ ਦਾ ਗਵਾਹ ਹੈ।

ਯੂਨੀਵਰਸਿਟੀ ਦੇ ਸਾਰੇ ਮਾਮਲਿਆਂ ਦੀ ਨਿਗਰਾਨੀ, ਸਮੇਂ ਸਮੇਂ ਬਣਾਏ ਨਿਯਮਾਂ ਤੇ ਉਪਨਿਯਮਾਂ ਉਤੇ ਪਹਿਰਾ ਦੇਣ ਦੀ ਜ਼ਿੰਮੇਵਾਰੀ ਸੈਨੇਟ ਤੇ ਇਹਦੇ ਵਲੋਂ ਚੁਣੇ ਗਏ ਸਿੰਡੀਕੇਟ ਦੇ ਮੈਂਬਰਾਂ ਦੀ ਹੈ, ਜਿਹੜੇ ਵਾਈਸ ਚਾਂਸਲਰ ਨੂੰ ਦਿੱਤੀ ਜਾਂਦੀ ਸ਼ਕਤੀ ਦਾ ਅਸਲ ਸੋਮਾ ਹਨ। ਵੀ. ਸੀ. ਨੂੰ ਸਿਰਖੁਦ ਹੋ ਕੇ ਇਕੱਲਿਆਂ ਕੋਈ ਵੀ ਫੈਸਲਾ ਲੈਣ ਦਾ ਅਧਿਕਾਰ ਨਹੀਂ। ਜੇ ਐਮਰਜੈਂਸੀ ਵਿਚ ਵੀ. ਸੀ. ਅਜਿਹਾ ਕੋਈ ਫੈਸਲਾ ਲਵੇ ਵੀ, ਤਾਂ ਉਸ ਨੂੰ ਇਸ ਦੀ ਪ੍ਰਵਾਨਗੀ ਸਿੰਡੀਕੇਟ ਤੇ ਸੈਨੇਟ ਤੋਂ ਲੈਣੀ ਲਾਜ਼ਮੀ ਹੈ। 10 ਨਵੰਬਰ 2020 ਨੂੰ ਯੂਨੀਵਰਸਿਟੀ ਦੇ ਸਟੂਡੈਂਟ ਸੈਂਟਰ ਵਿਚ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀਆਂ, ਚੋਣਵੇਂ ਵਿਧਾਇਕਾਂ ਤੇ ਨੌਜਵਾਨਾਂ ਦੀ ਮੀਟਿੰਗ ਵਿਚ ਸੈਨੇਟ ਨੂੰ ਖਤਮ ਕੀਤੇ ਜਾਣ ਦਾ ਵਿਰੋਧ ਦਸਦਾ ਹੈ ਕਿ ਇਸ ਨੂੰ ਪੰਜਾਬ ਤੇ ਪੰਜਾਬੀਅਤ ਦਾ ਪਾਲਣ ਕਰਨ ਵਾਲੀਆਂ ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਕਿਸੇ ਸੂਰਤ ਵਿਚ ਵੀ ਬਰਦਾਸ਼ਤ ਨਹੀਂ ਕਰਨ ਲੱਗੀਆਂ। ਕਿਸੇ ਵੀ ਅਣਉਚਿੱਤ ਫੈਸਲੇ ਦਾ ਵਿਰੋਧ ਕਰਨ ਵਿਚ ਪੰਜਾਬ ਦੇ ਨੌਜਵਾਨ ਕਿਹੋ ਜਿਹੀਆਂ ਕੁਰਬਾਨੀਆਂ ਦੇ ਸਕਦੇ ਹਨ, ਪੰਜਾਬ ਦਾ ਇਤਿਹਾਸ ਇਸ ਦਾ ਗਵਾਹ ਹੈ।

ਅਸੀਂ ਚਾਹਾਂਗੇ ਕਿ ਕੇਂਦਰ ਦੀ ਸਰਕਾਰ ਆਪਣੀ ਨਵੀਂ ਸਿਖਿਆ ਨੀਤੀ ਨੂੰ ਮੁਢ ਕਦੀਮ ਦੀਆਂ ਪੰਜ ਯੂਨੀਵਰਸਿਟੀਆਂ ਤੋਂ ਬਾਹਰ ਹੀ ਅਜ਼ਮਾਏ ਤਾਂ ਚੰਗਾ ਹੈ। ਅੱਜ ਦੇ ਦਿਨ ਭਾਰਤ ਵਿਚ ਲਗਪਗ ਇਕ ਹਜ਼ਾਰ ਯੂਨੀਵਰਸਿਟੀਆਂ ਤੇ ਚਾਲੀ ਹਜ਼ਾਰ ਤੋਂ ਵਧ ਕਾਲਜ ਹਨ-ਉਥੇ ਕਰੇ, ਜੋ ਕਰਨਾ ਹੈ! ਅੱਗ ਨਾਲ ਨਾ ਖੇਡੇ!!

**ਅੰਤਿਕਾ: ਜਗਤਾਰ**

ਪੈਰਾਂ ਨੂੰ ਲਾ ਕੇ ਮਹਿੰਦੀ
ਕੋਈ ਮੇਰੀ ਕਬਰ ਉਤੇ,
ਕਲੀਆਂ ਚੜ੍ਹਾਉਣ ਆਇਆ
ਪਰ ਅੱਗ ਲਾ ਗਿਆ ਹੈ।

# ਸੰਨ ਸੰਤਾਲ਼ੀ ਦੇ ਗੁਨਾਹਾਂ ਦਾ ਲੇਖਾ

*(ਪਿਛਲੇ ਸਫੇ ਦੀ ਬਾਕੀ)*

ਦੇ ਕਰਵਾਏ ਹਜ਼ਾਰਾਂ ਬੰਦਿਆਂ ਦੇ ਕਤਲੇਆਮ ਦੀ ਮੁਆਫੀ ਮੰਗੀ; ਅਮਰੀਕੀ ਸਰਕਾਰ ਨੇ ਪੰਜ ਵਾਕਿਆਤ ਦੀਆਂ ਮੁਆਫੀਆਂ ਮੰਗੀਆਂ, ਇਕ ਆਪਣੇ ਦੇਸ ਦੇ ਕਾਲੇ ਲੋਕਾਂ ਤੋਂ ਬਿਨਾ ਦੱਸਿਆਂ 1932 ਵਿਚ ਉਨ੍ਹਾਂ 'ਤੇ ਕੀਤੇ ਡਾਕਟਰੀ ਤਜਰਬਿਆਂ ਦੀ ਮੁਆਫੀ ਸੀ; 2016 ਵਿਚ ਕੈਨੇਡਾ ਸਰਕਾਰ ਨੇ ਕਾਮਾਗਾਟਾਮਾਰੂ ਦੇ ਸਾਕੇ ਦੀ ਮੁਆਫੀ ਮੰਗੀ; 2019 ਵਿਚ ਚਰਚ ਆਫ ਇੰਗਲੈਂਡ ਦੇ ਕੈਂਟਰਬਰੀ ਦੇ ਲਾਟ ਪਾਦਰੀ ਨੇ ਜੱਲਿਆਂਵਾਲੇ ਬਾਗ ਜਾ ਕੇ 1919 ਦੀ ਭੁੱਲ ਬਖਸ਼ਾਈ।

ਸੰਤਾਲ਼ੀ ਵਿਚ ਕੀਤੀ ਖੁਦਕੁਸ਼ੀ ਦੇ ਆਪਣੀ ਮਰਜ਼ੀ ਦੇ ਹਵਾਲੇ ਦੇ-ਦੇ ਕੇ ਅਸਾਂ ਪੰਜਾਬੀਆਂ ਪਝੱਤਰ ਸਾਲ ਲੰਘਾ ਛੱਡੇ ਨੇ। ਏਨੀ ਵਹਿਸ਼ਤ, ਏਨੀ ਤਬਾਹੀ ਦੁਨੀਆਂ ਦੀ ਤਾਰੀਖ਼ ਵਿਚ ਹੋਰ ਕਿਤੇ ਨਹੀਂ ਦਿਸਦੀ। ਮੈਕਸੀਕੋ ਦਾ ਨਾਵਲਕਾਰ ਕਾਰਲੋਸ ਫੂਏਨਤੇਸ ਤਾਂ ਇਹ ਮੰਨਦਾ ਹੈ ਕਿ ਸਾਰੀ ਵੀਹਵੀਂ ਸਦੀ ਵਿਚ ਦੁਖਾਂਤ (ਟ੍ਰੈਜਿਡੀ, ਸਾਨਿਹਾ) ਹੈ ਈ ਨਹੀਂ। ਇਹਦੇ ਲਿਹਾਜ਼ ਨਾਲ ਤਾਂ ਪੰਜਾਬ ਦੀ ਵੰਡ ਵੱਡਾ ਮੁਜਰਿਮਾਨਾ ਵਾਕਿਆ ਹੈ; ਸਾਨਿਹਾ ਨਹੀਂ:

"ਪੁਰਾਣੇ ਵੇਲਿਆਂ 'ਚ ਦੁਖਾਂਤ ਨਾਲ ਨੇਕੀ ਤੇ ਬਦੀ ਦਾ ਰਿਸ਼ਤਾ ਬਣਦਾ ਸੀ। ਗਰੀਕ ਦੁਖਾਂਤ 'ਚ ਦੋਵੇਂ ਧਿਰਾਂ ਸਹੀ ਹੋ ਸਕਦੀਆਂ ਨੇ ਕਿ ਦੁਸ਼ਟ ਕਰੀਓਨ ਰਿਆਸਤ ਦਾ ਕਾਨੂੰਨਪਾਲ ਹੋਣ ਕਰਕੇ ਸਹੀ ਹੈ ਤੇ ਬੰਦੇ ਦੇ ਹੱਕਾਂ ਲਈ ਡਟਣ ਵਾਲੀ ਐਂਟੀਗਨੀ ਵੀ ਸਹੀ ਹੈ; ਪਰ ਜਦ ਕੋਈ ਸਮਾਜ ਧਰਤੀ 'ਤੇ ਜੰਨਤ ਬਣਾਉਣ 'ਚ ਯਕੀਨ ਕਰਨ ਲਗਦਾ ਹੈ, ਤਾਂ ਦੁਖਾਂਤ ਅਲੋਪ ਹੋ ਜਾਂਦਾ ਹੈ। ਦੁਖਾਂਤ ਦੀ ਥਾਂ ਜੁਰਮ ਦੀ ਚੜ੍ਹ ਮਚ ਜਾਂਦੀ ਏ ਤੇ ਵੀਹਵੀਂ ਸਦੀ ਦੇ ਜੁਰਮ ਲਾਸਾਨੀ ਨੇ।"

ਹੁਣ ਵੇਲਾ ਆ ਗਿਆ ਏ ਕਿ ਅਸੀਂ ਆਪਣੇ ਗੁਨਾਹਾਂ ਦਾ ਇਕਬਾਲ ਕਰੀਏ ਤੇ ਆਪਣੇ ਜ਼ਮੀਰ 'ਤੇ ਪਿਆ ਭਾਰ ਲਾਹ ਛੱਡੀਏ। ਪਿਛਾਂਹ ਤੱਕੀ ਜਾਣ ਨਾਲ ਕਿਸੇ ਦਾ ਕੁਝ ਨਹੀਂ ਸੌਰਨਾ, ਪਰ ਕੀਤਾ ਕੀ ਜਾਵੇ, ਸਾਡੇ ਕੋਲ ਖਲੋ ਕੇ ਗੱਲ ਕਰਨ ਲਈ ਜ਼ਮੀਨ ਈ ਕੋਈ ਨਹੀਂ। ਪੰਜਾਬ ਦਾ ਲੀਡਰ ਕੋਈ ਨਹੀਂ; ਪੰਜਾਬੀ ਕੌਮ ਦਾ ਲੱਜਪਾਲ ਕੋਈ ਨਹੀਂ; ਤਾਰੀਖ਼ ਦੇ ਖੁਆਰ ਕੀਤੇ ਪੰਜਾਬੀਆਂ ਨੂੰ ਮਿਲਾਣ ਵਾਲੀ ਮਰਕਜ਼ੀ ਅਖਲਾਕੀ ਅਥਾਰਿਟੀ ਕੋਈ ਨਹੀਂ। ਸਾਂਝਾ ਮੁਲਕ ਕੋਈ ਨਹੀਂ। ਸਾਡਾ ਤਾਂ ਮਜਮੂਈ ਸ਼ਊਰ (ਕਲੈਕਟਿਵ ਕੌਨਸ਼ਿਅਸਨੈੱਸ) ਈ ਨਹੀਂ ਹੈ। ਜੋ ਹੈ, ਵਾਹਗੇ ਦੇ ਦੋਹੀਂ ਪਾਸੀਂ ਪੰਜਾਬੀ ਹੁਕਮਰਾਨ ਜਮਾਤਾਂ ਨੇ ਉਹਦੀ ਸੂਰਤ ਆਪਣੇ ਵਰਗੀ ਕੁਹਜੀ ਬਣਾ ਛੱਡੀ ਏ। ਕੌਮੀ ਗੁਨਾਹਾਂ ਦੇ ਕਫ਼ਾਰੇ ਕੌਮੀ ਰਿਆਸਤਾਂ ਸਰਕਾਰਾਂ ਕਰਦੀਆਂ ਹੁੰਦੀਆਂ ਨੇ। ਜੇ ਕੱਲ੍ਹ ਨੂੰ ਪੰਜਾਬੀ ਮਿਲ ਕੇ ਭੁੱਲ ਬਖਸ਼ਾਉਣਾ ਵੀ ਚਾਹਣ ਤਾਂ ਮੁਸਲਿਮ ਲੀਗੀਆਂ ਦਾ ਕਿਹੜਾ ਬੰਦਾ ਅੱਗੇ ਨਿਤਰੇਗਾ, ਹਿੰਦੂ ਮਹਾਸਭਾਈਆਂ ਆਰ. ਐੱਸ. ਐੱਸ. ਦਾ ਕਿਹੜਾ ਤੇ ਅਕਾਲੀਆਂ ਦਾ ਕਿਹੜਾ? ਤੇ ਸਾਰੇ ਰਲ ਕੇ ਬੈਠਣਗੇ ਕਿਹੜੀ ਥਾਂ? ਉਹ ਥਾਂ ਕਿੱਥੇ ਹੈ?

***(ਪ੍ਰੀਤ ਲੜੀ, ਨਵੰਬਰ 2020)***



*3 ਸਤੰਬਰ 2017: ਲੁਧਿਆਣੇ ਪੰਜਾਬੀ ਭਵਨ ਵਿਚ ਸੰਤਾਲ਼ੀ ਦੇ ਗੁਨਾਹਾਂ ਦਾ ਇਕਬਾਲ ਤੇ ਮੁਆਫੀ ਵਾਸਤੇ ਗੰਗਵੀਰ ਰਾਠੌੜ ਦੇ ਸੱਦੇ ਜੁੜੇ ਲੋਕਾਂ ਦੇ 'ਕੱਠ ਵਿਚ ਲੁਧਿਆਣੇ ਦਾ ਨਾਇਬ ਸ਼ਾਹੀ ਇਮਾਮ ਮੋਇਆਂ ਦੀ ਯਾਦ ਵਿਚ ਫਾਤਿਹਾ ਪੜ੍ਹ ਰਿਹਾ ਹੈ। (ਫੋਟੋਕਾਰ: ਨਵਜੀਤ ਕੌਰ)*

## ਮਿਨੀ ਕਹਾਣੀ

### ਡੀ. ਜੇ. ਵਾਲੇ

ਮੈਂ ਕਿਸੇ ਕੰਮ ਵਿਚ ਉਲਝਿਆ ਹੋਇਆ ਸਾਂ, ਉਸੇ ਸਮੇਂ ਗੇਟ ਖੜਕਿਆ। ਮੈਂ ਕੋਲ ਖੇਡ ਰਹੇ ਆਪਣੇ ਸੱਤ-ਅੱਠ ਸਾਲ ਦੇ ਬੇਟੇ ਨੂੰ ਵੇਖਣ ਲਈ ਕਿਹਾ। "ਕੌਣ ਹੈ?" ਮੈਂ ਬੇਟੇ ਦੇ ਕੋਲ ਆਉਂਦਿਆਂ ਹੀ ਪੁਛਿਆ।

"ਅੰਕਲ।" ਬੇਟੇ ਨੇ ਸੰਖੇਪ ਜਿਹਾ ਜਵਾਬ ਦਿੱਤਾ।

"ਕਿਹੜੇ ਅੰਕਲ?" ਮੇਰਾ ਧਿਆਨ ਬਾਹਰ ਵੱਲ ਸੀ।

"ਡੀ. ਜੇ. ਵਾਲੇ।" ਬੱਚੇ ਨੇ ਕੁੱਝ ਸੋਚਦਿਆਂ ਜਵਾਬ ਦਿੱਤਾ।

ਮੈਂ ਹੈਰਾਨ ਸੀ ਕਿ ਡੀ. ਜੇ. ਵਾਲਿਆਂ ਨੂੰ ਮੇਰੇ ਤਾਂਈਂ ਕੀ ਕੰਮ ਪੈ ਗਿਆ, ਘਰ ਵਿਚ ਵਿਆਹ ਨਾ ਸ਼ਾਦੀ। ਇਨ੍ਹਾਂ ਸੋਚਾਂ ਵਿਚ ਮੈਂ ਹੱਥ ਝਾੜਦਾ ਗੇਟ ਤੱਕ ਗਿਆ। ਸਾਹਮਣੇ ਦੇਖਿਆ ਤਾਂ ਮੇਰਾ ਦੋਸਤ ਖੜ੍ਹਾ ਸੀ। ਕਿਸੇ ਜਰੂਰੀ ਕੰਮ ਕਾਰਨ ਉਹ ਖੇਤੋਂ ਟਰੈਕਟਰ ਤੇ ਘਰ ਆ ਗਿਆ ਸੀ।

"ਇਹ ਤੇਰੇ ਗੁਰਸੇਵਕ ਅੰਕਲ ਹਨ, ਕਿੰਨੀ ਵਾਰ ਤਾਂ ਘਰ ਆਏ ਹਨ। ਤੂੰ ਡੀ. ਜੇ. ਵਾਲੇ ਕਿਉਂ ਕਿਹਾ!" ਮੈਂ ਬੱਚੇ ਨੂੰ ਝਿੜਕਦਿਆਂ ਕਿਹਾ।

ਬੱਚੇ ਨੇ ਖਾਸ ਫਰੇਮ ਬਣਾ ਕੇ ਲਗਾਏ ਵੱਡੇ ਵੱਡੇ ਸਪੀਕਰਾਂ ਵੱਲ ਉਂਗਲ ਕਰ ਦਿੱਤੀ।

"ਇਸ ਦਾ ਕੀ ਕਸੂਰ? ਜਿਹੋ ਜਿਹੇ ਕੰਮ, ਉਹੋ ਜਿਹਾ ਨਾਮ ਪੈਂਦਾ। ਜੁਆਕਾਂ ਦੇ ਪੁੱਠੇ ਸੌਂਕ...।" ਗੁਰਸੇਵਕ ਨੇ ਹੱਸਦਿਆਂ ਕਿਹਾ। ਫਿਰ ਗੰਭੀਰ ਹੁੰਦਿਆਂ ਬੋਲਿਆ, "ਨਲੂਏ ਦੇ ਵਾਰਿਸ ਵਾਕਿਆ ਹੀ ਨਚਾਰ ਅਤੇ ਡੀ. ਜੇ. ਵਾਲੇ ਬਣ ਕੇ ਰਹਿ ਗਏ।"

***-ਗੁਰਮੀਤ ਸਿੰਘ ਮਰਾੜ੍ਹ***

# ਰੁਦਨ ਦੀ ਰੁੱਤ ਆਈ

ਨਿੰਦਰ ਘੁਗਿਆਣਵੀ
ਫੋਨ: 91-94174-21700

ਦਿਨ ਰੁਦਨ ਚੱਲ ਰਹੇ ਨੇ। ਉਦਾਸ ਰੁੱਤਾਂ ਆਈਆਂ ਰੁਦਨ ਕਰਨ ਦੀਆਂ ਤੇ ਰੁਦਨ ਸੁਣਨ ਦੀਆਂ। ਰੋਸ ਹੈ ਮਨਾਂ ਵਿਚ। ਜੋਸ਼ ਵੀ ਹੈ। ਖਿੱਝ ਵੀ ਹੈ ਤੇ ਕੜਵਾਹਟ ਵੀ। ਕਿਹੋ ਜਿਹਾ ਸਮਾਂ ਹੈ ਏਹ? ਹਰੇਕ ਸੰਵੇਦਨਸ਼ੀਲ ਮਨ ਵਾਲਾ ਵਿਅਕਤੀ ਕਿਸੇ ਨੂੰ ਪੁੱਛ ਰਿਹਾ ਹੈ, ਪਰ ਦੱਸ ਕੋਈ ਨਹੀਂ ਰਿਹਾ ਓਸ ਨੂੰ, ਕਿਹੋ ਜਿਹੇ ਦਿਨ ਆ ਗਏ ਹਨ ਤੇ ਏਹ ਦਿਨ ਵਾਪਸ ਕਦ ਪਰਤਣਗੇ! ਹਵਾ ਵਿਚ ਲਟਕ ਰਿਹਾ ਹੈ ਇਹ ਸਵਾਲ।

ਦੇਸ਼ ਦਾ ਕਿਸਾਨ ਰੁਦਨ ਕਰ ਰਿਹਾ ਹੈ। ਸੜਕਾਂ ਉਤੇ ਪਿੱਟ ਰਿਹਾ ਹੈ। ਚੰਘਾੜ ਰਿਹਾ ਹੈ, ਇੱਕ ਦੂਜੇ ਦੇ ਹੰਝੂ ਪੂੰਝ ਰਿਹਾ ਹੈ। ਕਿਸਾਨ ਕਹਿੰਦਾ ਹੈ ਕਿ ਉਹ ਪੂਰੇ ਮੁਲਕ ਦਾ ਢਿੱਡ ਭਰਦਾ ਹੈ, ਪਰ ਓਹਦਾ ਢਿੱਡ ਕੌਣ ਭਰੇ? ਉਹ ਹਰ ਇੱਕ ਦੀ ਸੁਣਦਾ ਹੈ, ਪਰ ਓਹਦੀ ਕੌਣ ਸੁਣੇ? ਛੇ ਦਹਾਕੇ ਪਹਿਲਾਂ ਗਾ ਗਿਆ ਸੀ ਸਾਡਾ ਉਸਤਾਦ ਯਮਲਾ ਜੱਟ, ਉਹਦਾ ਗਾਇਆ ਸੱਚਾ ਸਿੱਧ ਹੋ ਗਿਆ ਹੈ, ਕੁਝ ਕੁ ਬੋਲ ਤੁਸੀਂ ਵੀ ਸੁਣ ਲਓ:

ਜੱਟਾ ਜੀਵਨ ਜੋਗਿਆ
ਕਿਉਂ ਬਣ ਬੈਠਾ ਅਨਜਾਣ,
ਅੱਜ ਜੱਟਾ ਵੇਲਾ ਆ ਗਿਆ
ਤੂੰ ਆਪਣਾ ਫਰਜ਼ ਪਛਾਣ,
ਤੇਰੀ ਹੱਲ ਤੇ ਪੰਜਾਲੀ ਹੀਰਿਆ
ਪੂਰੇ ਦੇਸ਼ ਦਾ ਰੱਖਿਆ ਮਾਣ,
ਜਿਹਨੂੰ ਧਰਤੀ ਦਾ ਰੱਬ ਆਖਦੇ
ਤੂੰ ਉਹ ਜੱਟਾ ਇਨਸਾਨ।

ਕਿੰਨਾ ਸੱਚ ਹੈ ਏਸ ਗੀਤ ਦੇ ਬੋਲਾਂ ਵਿਚ। ਜੱਟ ਦੇ ਹਲ ਤੇ ਪੰਜਾਲੀ ਨੇ ਮੁਲਕ ਦਾ ਹਮੇਸ਼ਾ ਮਾਣ ਰੱਖਿਆ ਹੈ ਤੇ ਉਹ ਧਰਤੀ ਉਤੇ ਵੱਸਣ ਵਾਲਾ ਰੱਬ ਹੈ। ਪਤਾ ਨਹੀਂ ਉਹ ਕਿਉਂ ਅਨਜਾਣ ਜਿਹਾ ਬਣ ਬੈਠਾ ਹੈ ਜਾਂ ਫਿਰ ਓਸ ਨੂੰ ਅਨਜਾਣ ਬਣਾ ਦਿੱਤਾ ਗਿਆ ਹੈ ਸਭ ਕਾਸੇ ਤੋਂ!

ਕਿਰਸਾਨ ਦੀ ਕਥਾ ਲੰਮੇਰੀ ਹੈ। ਗਮਾਂ ਨੇ ਘੇਰੀ ਹੈ। ਇਸ ਗਮ ਭਰੀ ਕਥਾ ਦੇ ਨਾਲ ਨਾਲ ਕੁਝ ਹੋਰ ਉਦਾਸ ਕਥਾਵਾਂ ਵੀ ਤੁਰ ਰਹੀਆਂ ਨੇ। ਪਿਛਲੇ ਦਿਨੀਂ ਕੁਝ ਖਬਰਾਂ ਬਹੁਤਾਤ ਰੂਪ ਵਿਚ ਅਜਿਹੀਆਂ ਪੜ੍ਹਨ ਨੂੰ ਮਿਲੀਆਂ ਨੇ, ਜਿਨ੍ਹਾਂ ਤੋਂ ਪੜ੍ਹ ਕੇ ਬੜੀ ਸੌਖੀ ਤਰ੍ਹਾਂ ਪਤਾ ਲੱਗਦਾ ਜਾਂਦਾ ਹੈ ਕਿ ਇਨਸਾਨ ਦਿਨੋ-ਦਿਨ ਹੈਵਾਨ ਦੇ ਰੂਪ ਵਿਚ ਤਬਦੀਲ ਹੋਈ ਜਾ ਰਿਹਾ ਹੈ। ਪੁੱਤ ਮਾਪਿਆਂ ਨੂੰ ਮਾਰੀ ਜਾ ਰਹੇ ਨੇ।

ਖਬਰ ਪੜ੍ਹ ਕੇ ਦਿਲ ਢੱਠ ਜਾਂਦਾ ਹੈ ਕਿ ਨਸ਼ੇੜੀ ਪੁੱਤ ਨੇ ਮਾਂ ਤਲਵਾਰ ਨਾਲ ਵੱਢੀ। ਮਾਂ ਕੋਲ ਪੈਸੇ ਨਹੀਂ ਸਨ ਕਿ ਉਹ ਪੁੱਤ ਨੂੰ ਨਸ਼ਾ ਕਰਨ ਵਾਸਤੇ ਪੈਸੇ ਦਿੰਦੀ, ਮਾਂ ਵਿਚਾਰੀ ਤਾਂ ਲੋਕਾਂ ਦੇ ਘਰ ਗੋਹਾ ਕੂੜਾ ਕਰਦੀ ਤੇ ਪੇਟ ਪਾਲਦੀ ਸੀ, ਪੁੱਤ ਦਾ ਵੀ ਤੇ ਆਪਣਾ ਵੀ। ਹੁਣ ਮੈਂ ਅਜਿਹੀਆਂ ਖਬਰਾਂ ਪੜ੍ਹਨਾ ਛੱਡਣ ਲੱਗ ਪਿਆ, ਕਿਉਂਕਿ ਡਿਪਰੈਸ਼ਨ ਕਈ ਕਈ ਦਿਨ ਨਹੀਂ ਜਾਂਦਾ। ਦਵਾਈ ਖਾਣੀ ਪੈਂਦੀ ਹੈ।

ਐ ਪਿਆਰੇ ਪੰਜਾਬ, ਤੈਂ ਕਦੇ ਸੋਚਿਆ ਸੀ ਕਿ ਤੇਰੇ ਪੁੱਤ ਏਨੇ ਜਾਲਮ ਬਣ ਜਾਣਗੇ? ਤੇਰੇ ਪੁੱਤ ਕਿਹੜੇ ਔਝੜੇ ਰਾਹੇ ਪੈ ਗਏ ਨੇ ਪੰਜਾਬ ਪਿਆਰੇ! ਕੁਝ ਖਬਰਾਂ ਤਾਂ ਅਜਿਹੀਆਂ ਸਨ, ਜਿੱਥੇ ਸਾਰੇ ਦੇ ਸਾਰੇ ਟੱਬਰ ਨੇ ਆਤਮ ਹੱਤਿਆ ਕੀਤੀ। ਕਿਸੇ ਸਾਰਾ ਟੱਬਰ ਹੀ ਮਾਰ ਮੁਕਾਇਆ ਤੇ ਆਪ ਵੀ ਮਰ ਗਿਆ, ਕਿਉਂਕਿ ਦੇਰ ਤੋਂ ਸਿਰ ਕਰਜ਼ਾ ਭਾਰੀ ਸੀ ਤੇ ਹੋਰ ਹੋਰ ਭਾਰੀ ਹੋਈ ਜਾ ਰਿਹਾ ਸੀ ਕਰਜਾ। ਇੱਕ ਟੀ. ਵੀ. ਚੈਨਲ ਉਤੇ ਇੱਕ ਕਿਸਾਨ ਬਾਪ ਰੋ ਰਿਹਾ ਸੀ ਕਿ ਤੀਹ ਲੱਖ ਦਾ ਕਰਜਾ ਚੁੱਕਿਆ ਸੀ ਤੇ ਮੁੰਡਾ ਕੈਨੇਡਾ ਭੇਜਿਆ ਸੀ ਪੜ੍ਹਨ ਵਾਸਤੇ। ਹੁਣ ਬਕਸੇ ਵਿਚ ਲਾਸ਼ ਆ ਰਹੀ ਹੈ, ਆਤਮ ਹੱਤਿਆ ਕਰ ਗਿਆ ਉਥੇ। ਇਕੋ ਇੱਕ ਹੀ ਮੁੰਡਾ ਸੀ। ਉਏ ਪੁੱਤਰਾ ਕਰਜਾ ਕੌਣ ਲਾਹੂ? ਸਾਨੂੰ ਕੌਣ ਸੰਭਾਲੂ? ਇਨ੍ਹਾਂ ਸਵਾਲਾਂ ਦੇ ਕਿਸੇ ਕੋਲ ਜੁਆਬ ਨਹੀਂ ਸਨ?

ਸੱਚ ਮੁੱਚ ਹੀ ਰੁਦਨ ਦੀ ਰੁੱਤ ਹੈ। ਹਰ ਕੋਈ ਰੁਦਨ ਕਰਦਾ ਹੀ ਦਿਸ ਰਿਹਾ ਜਾਪਦਾ ਹੈ, ਚਾਹੇ ਕੋਈ ਰੁਦਨ ਦਾ ਵਿਖਾਵਾ ਨਾ ਕਰੇ, ਪਰ ਅੰਦਰੋ ਅੰਦਰੀਂ ਰੁਦਨ ਹੋ ਰਿਹਾ ਹੈ। ਹੇ ਰੱਬਾ ਖੈਰ ਕਰ...ਰੁਦਨ ਦੀ ਰੁੱਤ ਲੰਘ ਜਾਵੇ!

# ਉਦਾਸ ਸਮਿਆਂ ਅੰਦਰ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸਰੀਰਕ ਸਬੰਧਾਂ ਦੀ ਗੱਲ ਕਰਦਿਆਂ ਇਸ ਨੂੰ ਵੱਖ ਵੱਖ ਰੂਪਾਂ ਵਿਚ ਪਰਿਭਾਸ਼ਿਤ ਕਰਦਿਆਂ ਕਿਹਾ ਸੀ, "ਸਰੀਰਕ ਸਬੰਧ ਜ਼ਿੰਦਗੀ ਦੀਆਂ ਸਮੁੱਚੀਆਂ ਕਿਰਿਆਵਾਂ ਵਿਚੋਂ ਸਭ ਤੋਂ ਉਤਮ ਅਤੇ ਸੁੱਚਮ, ਬਸ਼ਰਤੇ ਇਸ ਵਰਤਾਰੇ ਨੂੰ ਸਮੁੱਚ ਨਾਲ ਨਿਭਾਇਆ ਜਾਵੇ। ਇਸ ਵਿਚ ਰੂਹਾਂ ਦੀ ਰਾਜ਼ਦਾਰੀ, ਭਾਈਵਾਲੀ ਅਤੇ ਹਾਜ਼ਰੀ। ਇਹ ਰੂਹ ਤੋਂ ਰੂਹ ਤੀਕ ਦੀ ਪਰਵਾਜ਼, ਅਨੂਠਾ ਜਿਉਣ ਅੰਦਾਜ਼।...ਸਰੀਰਕ ਸਬੰਧ ਸਿਆਣਪ, ਸੱਚੇ, ਸਾਦਗੀ, ਸੰਪੂਰਨਤਾ ਤੇ ਸਮਰਪਿੱਤਾ ਭਿੱਜੇ ਹੋਣ ਤਾਂ ਇਸ ਨਾਲ ਬਹੁਤ ਹੀ ਪੀਢੀ ਤੇ ਪਕੇਰੀ ਸਾਂਝ ਪੈਦਾ ਹੁੰਦੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਉਦਾਸੀ ਤੋਂ ਬਚਣ ਦਾ ਸਭ ਤੋਂ ਵਧੀਆ ਤਰੀਕਾ ਦੱਸਿਆ ਹੈ ਕਿ ਸਾਡੀ ਖੁਸ਼ੀ ਸਾਡੇ ਤੋਂ ਬੇਮੁੱਖ ਨਾ ਹੋਵੇ। ਆਪਣੇ ਆਪ ਵਿਚੋਂ ਹੀ ਨਰੋਈ ਸੋਚ ਅਤੇ ਸੁੰਦਰਤਾ ਦਾ ਅਹਿਸਾਸ ਪੈਦਾ ਹੋ ਸਕਦਾ। ਉਹ ਕਹਿੰਦੇ ਹਨ, "ਉਦਾਸ ਜਰੂਰ ਹੋਵੋ, ਪਰ ਕਦੇ ਵੀ ਨਿਰਾਸ਼ ਜਾਂ ਹਤਾਸ਼ ਨਾ ਹੋਵੋ, ਕਿਉਂਕਿ ਨਿਰਾਸ਼ਾ ਵਿਚੋਂ ਹੀ ਜ਼ਿੰਦਗੀ ਪ੍ਰਤੀ ਉਪਰਾਮਤਾ ਪੈਦਾ ਹੁੰਦੀ। ਹਤਾਸ਼ ਲੋਕ ਤਾਂ ਆਪਣੀ ਕਬਰ ਪੁੱਟਣ ਵਿਚ ਹੀ ਸਦਾ ਮਸ਼ਰੂਫ ਹੁੰਦੇ।...ਜਦ ਬੰਦਾ ਖੁਦ ਸੰਗ ਸੰਵਾਦ ਰਚਾਉਂਦਾ, ਉਦਾਸੀ ਨੂੰ ਅੰਤਰੀਵ ਵਿਚ ਵਸਾਉਂਦਾ ਅਤੇ ਇਸ ਵਿਚੋਂ ਚਾਨਣ ਕਾਤਰਾਂ ਤਲਾਸ਼ਦਾ, ਇਨ੍ਹਾਂ ਨੂੰ ਮਾਰਗ-ਦਰਸ਼ਨਾ ਬਣਾਉਂਦਾ ਤਾਂ ਉਦਾਸੀ ਇਕ ਰਹਿਮਤ ਦੀ ਨਿਆਈਂ ਹੁੰਦੀ।" ਡਾ. ਭੰਡਾਲ ਦਾ ਸੁਨੇਹਾ ਹੈ, "ਉਦਾਸਿਓ! ਕਦੇ ਵੀ ਉਦਾਸੀ ਨੂੰ ਆਪਣੇ ਆਪ 'ਤੇ ਹਾਵੀ ਨਾ ਹੋਣ ਦਿਓ। ਇਸ ਦੇ ਕਾਰਨ ਤਲਾਸ਼ੋ। ਕਾਰਨਾਂ ਦੀਆਂ ਤਹਿਆਂ ਵਿਚੋਂ ਇਨ੍ਹਾਂ ਨੂੰ ਹੱਲ ਕਰਨ ਦੀ ਸੋਝੀ ਪੈਦਾ ਕਰੋ। ਮਨੁੱਖੀ ਚੇਤਨਾ ਵਿਚ ਜਦ ਚਿੰਤਾ ਵਿਚੋਂ ਸੁਚੇਤਨਾ ਅਤੇ ਫਿਕਰ ਵਿਚੋਂ ਸੁੱਖਨਵਰਤਾ ਦੀ ਨਿਸ਼ਾਨਦੇਹੀ ਕਰਨ ਦੀ ਸੁਮੱਤ ਹਾਸਲ ਹੋ ਜਾਵੇ ਤਾਂ ਉਦਾਸੀ ਮਨੁੱਖ ਨੂੰ ਪ੍ਰਭਾਵਤ ਨਹੀਂ ਕਰ ਸਕਦੀ।" -ਸੰਪਾਦਕ***

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
ਫੋਨ: 216-556-2080

ਉਦਾਸੀ ਮਨ ਦੀ ਅਵੱਸਥਾ, ਸਹਿ-ਸੁਭਾਵਕ ਮਾਨਸਿਕ ਪ੍ਰਕਿਰਿਆ, ਸੂਖਮ ਸੋਚਾਂ 'ਤੇ ਪਏ ਅਸਰ ਦੀ ਤਸਦੀਕ ਅਤੇ ਆਪਣੇ ਆਪ ਤੋਂ ਖਿਸਕੀ ਉਮੀਦ।

ਉਦਾਸ ਹੋਣਾ, ਮਨੁੱਖ ਦੇ ਵੱਸ ਨਹੀਂ। ਇਹ ਤਾਂ ਹਾਲਾਤ, ਸਮਾਂ, ਸਥਾਨ, ਸਥਿਤੀ, ਸਰੋਕਾਰਾਂ ਅਤੇ ਆਲੇ-ਦੁਆਲੇ ਵਿਚ ਵਾਪਰਦੀਆਂ ਘਟਨਾਵਾਂ ਦਾ ਪ੍ਰਤੀਕਰਮ। ਇਨ੍ਹਾਂ ਤੋਂ ਨਿਰਲੇਪ ਰਹਿਣਾ ਵਾਲਾ ਸ਼ਾਇਦ ਉਦਾਸ ਨਾ ਹੋਵੇ, ਪਰ ਹਰ ਮਨੁੱਖ ਕਿਸੇ ਨਾ ਕਿਸੇ ਰੂਪ ਵਿਚ ਇਸ ਤੋਂ ਪ੍ਰਭਾਵਤ ਹੋਣ ਤੋਂ ਰਹਿ ਨਹੀਂ ਸਕਦਾ।

ਉਦਾਸੀ ਨਿੱਜੀ ਮੁਸ਼ਕਿਲਾਂ, ਪ੍ਰਸਥਿਤੀਆਂ, ਔਕੜਾਂ, ਹਾਰਾਂ, ਅਸਫਲਤਾਵਾਂ ਅਤੇ ਆਫਤਾਂ ਤੇ ਅੜਚਣਾਂ ਕਾਰਨ ਵੀ ਪਨਪਦੀ। ਨਿੱਜੀ ਰੂਪ ਵਿਚ ਉਦਾਸੀ ਨੂੰ ਮਨੁੱਖ ਆਪਣੀ ਸਮਰੱਥਾ, ਹਿੰਮਤ, ਹੱਠ ਤੇ ਦਲੇਰੀ ਨਾਲ ਨਜਿੱਠਣ ਦੇ ਸਮਰੱਥ ਅਤੇ ਨਜਿੱਠਦਾ ਵੀ, ਪਰ ਜਦ ਉਦਾਸੀ ਪਰਿਵਾਰ, ਸਮਾਜ, ਸੰਸਾਰ ਅਤੇ ਸਮੂਹਿਕ ਰੂਪ ਵਿਚ ਕਿਸੇ ਵਰਤਾਰੇ ਦਾ ਹਿੱਸਾ ਬਣਦੀ, ਸਮੁੱਚੇ ਚੌਗਿਰਦੇ ਨੂੰ ਆਪਣੀ ਲਪੇਟ ਵਿਚ ਲੈਂਦੀ ਤਾਂ ਬਹੁਤ ਕੁਝ ਉਦਾਸੀ ਦੀ ਮਾਰ ਹੇਠ ਆ ਜਾਂਦਾ।

ਉਦਾਸ ਸਮਿਆਂ ਵਿਚ ਮੂਕ ਹੋ ਜਾਂਦੇ ਨੇ ਨਵੇਂ-ਨਰੋਏ ਖਿਆਲ, ਖੁਆਬ ਅਤੇ ਖਤਰਿਆਂ ਨਾਲ ਖੇਡਣ ਦੀਆਂ ਭਾਵਨਾਵਾਂ। ਚਾਨਣੀਆਂ ਰਾਤਾਂ ਵਿਚ ਵੀ ਮੱਸਿਆ ਦਾ ਝਉਲਾ ਪੈਂਦਾ। ਮੰਜ਼ਿਲ ਨੂੰ ਜਾਂਦੇ ਰਾਹਾਂ ਵਿਚ ਖਾਈਆਂ ਤੇ ਖੱਡਿਆਂ ਦੀ ਪਹਿਰੇਦਾਰੀ ਅਤੇ ਮੰਜ਼ਿਲਾਂ ਦੇ ਮਸਤਕ 'ਤੇ ਧੁੰਧਲਕੇ ਦੀ ਸਰਦਾਰੀ।

ਉਦਾਸ ਸਮਿਆਂ ਵਿਚ ਤਿੱੜਕ ਜਾਂਦੇ ਸੁਪਨੇ। ਪਰਾਂ ਵਿਚ ਸਹਿਮ ਜਾਂਦੀ ਪਰਵਾਜ਼। ਅੰਬਰ ਨੂੰ ਕਲਾਵੇ ਵਿਚ ਲੈਣ ਦੀ ਦਲੇਰੀ ਠਿੱਠਕ ਜਾਂਦੀ। ਸਿਸਕਣ ਲੱਗਦੀਆਂ ਤਦਬੀਰਾਂ ਅਤੇ ਤਕਦੀਰਾਂ। ਨਵੇਂ ਰਾਹਾਂ ਨੂੰ ਵਿਊਂਤਣ ਦੀਆਂ ਤਰਕੀਬਾਂ ਵੀ ਆਪਣੀ ਹੋਣੀ 'ਤੇ ਝੂਰਦੀਆਂ।

ਉਦਾਸ ਸਮਿਆਂ ਵਿਚ ਕੰਧਾਂ ਤੋਂ ਡਿੱਗਦੇ ਨੇ ਰੁਦਨ ਦੇ ਲਿਓੜ। ਕਮਰਿਆਂ ਦੀ ਖਾਮੋਸ਼ੀ ਦੇ ਹੋਣਾ ਪੈਂਦਾ ਰੂਬਰੂ। ਕਮਰੇ ਦੀ ਚੁੱਪ ਵਿਚ ਸੁੰਨ ਹੋਇਆ ਵਿਅਕਤੀ ਆਪਣੀ ਗੁੰਮਸ਼ੁਦੀ ਦੀ ਭਾਲ ਵਿਚ ਖੁਦ ਤੋਂ ਵੀ ਬੇਮੁੱਖ ਹੋ ਜਾਂਦਾ।

ਕਈ ਵਾਰ ਉਦਾਸੀ ਥੋੜ੍ਹਚਿਰੀ। ਪਲ ਭਰ ਤੋਂ ਬਾਅਦ ਇਕ ਰੌਣਕ, ਰੁਆਂਸੇ ਚਿਹਰਿਆਂ 'ਤੇ ਫੈਲਦੀ ਅਤੇ ਉਦਾਸ ਸਮਿਆਂ ਦਾ ਚੇਤਾ ਮਨ ਵਿਚੋਂ ਖਾਰਜ ਹੋ ਜਾਂਦਾ, ਪਰ ਜੇ ਉਦਾਸੀ ਦੀ ਉਮਰ ਲੰਮੇਰੀ ਹੋ ਜਾਵੇ ਤਾਂ ਇਹ ਮਾਨਸਿਕ, ਸਰੀਰਕ, ਸਮਾਜਕ ਅਤੇ ਆਰਥਕ ਰੂਪ ਵਿਚ ਬਹੁਤ ਖਤਰਨਾਕ ਹੁੰਦੀ। ਉਦਾਸੀ ਵਿਚ ਡੁੱਬੇ ਲੋਕ ਹੀ ਕਈ ਵਾਰ ਖੁਦਕੁਸ਼ੀ ਵੱਲ ਨੂੰ ਅਹੁਲਦੇ। ਸਰੀਰਕ ਅਲਾਮਤਾਂ ਉਨ੍ਹਾਂ ਨੂੰ ਘੇਰਦੀਆਂ। ਨਿਰਾਸ਼ਾ ਦਾ ਆਲਮ ਉਨ੍ਹਾਂ ਦੀ ਮਾਨਸਿਕਤਾ ਵਿਚ ਹਰਦਮ ਛਾਇਆ ਰਹਿੰਦਾ। ਮਨ 'ਤੇ ਪਏ ਕੁ-ਪ੍ਰਭਾਵਾਂ ਤੋਂ ਸਰੀਰ ਕਦੇ ਵੀ ਅਲੇਪ ਨਹੀਂ ਰਹਿ ਸਕਦਾ। ਇਸ ਨੇ ਹੀ ਮਰਸੀਏ ਦਾ ਅਰੰਭ ਕਰਨਾ ਹੁੰਦਾ।

ਉਦਾਸ ਵਿਅਕਤੀ ਬਹੁਤੀ ਵਾਰ ਚਿੜਚਿੜੇ ਤੇ ਗੁਸੈਲੇ ਹੋ, ਪਰਿਵਾਰਕ ਤੇ ਸਮਾਜਕ ਸਬੰਧਾਂ ਵਿਚਲੇ ਵਿਗਾੜ ਦਾ ਕਾਰਨ ਵੀ ਬਣਦੇ। ਰਿਸ਼ਤਿਆਂ ਵਿਚਲੀ ਕੁੜੱਤਣ ਕਾਰਨ ਉਹ ਹੋਰ ਵੀ ਇਕੱਲੇ ਰਹਿ ਕੇ ਮਾਤਮੀ ਦੁਨੀਆਂ ਵਿਚ ਮਸ਼ਰੂਫ ਹੋ ਜਾਂਦੇ, ਜਿਸ ਕਾਰਨ ਨਕਾਰਾਤਮਕਤਾ ਹਾਵੀ ਹੁੰਦੀ। ਲੋੜ ਹੈ, ਅਜਿਹੀ ਮਾਨਸਿਕਤਾ ਤੋਂ ਬਚਣ ਲਈ ਮਨ ਨੂੰ ਮੁਸ਼ਕਿਲਾਂ ਤੇ ਦੁਸ਼ਵਾਰੀਆਂ ਨਾਲ ਮੱਥਾ ਲਾਉਣ ਅਤੇ ਇਨ੍ਹਾਂ ਵਿਚੋਂ ਉਭਰਨ ਦੀ ਸੁਮੱਤ, ਜ਼ਿੰਦਗੀ ਦਾ ਪਹਿਲਾ ਸਬਕ ਬਣੇ।

ਜਦ ਘਰ ਉਦਾਸ ਹੁੰਦਾ ਤਾਂ ਇਸ ਦੀ ਸਮੁੱਚਤਾ 'ਤੇ ਕਾਲੇ ਵਕਤਾਂ ਦਾ ਪਹਿਰਾ ਲੱਗਦਾ। ਹਾਸਿਆਂ ਦੀ ਰੁੱਤ ਵਿਧਵਾ ਹੋ ਜਾਂਦੀ ਅਤੇ ਖੇੜਿਆਂ ਨੂੰ ਸਿਉਂਕ ਲੱਗਦੀ। ਫਿਰ ਇਕ ਕਮਰੇ ਤੋਂ ਦੂਸਰੇ ਕਮਰੇ ਤੀਕ ਦਾ ਫਾਸਲਾ ਨਾਪਣਾ ਵੀ ਮੁਸ਼ਕਿਲ ਹੁੰਦਾ। ਕਈ ਵਾਰ ਤਾਂ ਇਕ ਬਿਸਤਰੇ ਤੇ ਪਏ ਦੋ ਜੀਆਂ ਵਿਚ ਵੀ ਕਈ ਕੋਹਾਂ ਦੀ ਦੂਰੀ ਹੁੰਦੀ। ਉਦਾਸੀ ਦੇ ਆਲਮ ਵਿਚ ਡੁੱਬੀਆਂ ਰੂਹਾਂ ਵਿਚ ਕੁਝ ਵੀ ਅਜਿਹਾ ਨਹੀਂ ਵਾਪਰਦਾ, ਜਿਸ ਵਿਚੋਂ ਕੁਝ ਚੰਗੇਰਾ ਕਰੇ, ਸੋਚ ਵਿਚ ਖਲਬਲੀ ਪੈਦਾ ਕਰੇ, ਸੁਚਾਰੂ ਸੇਧ ਦੇਵੇ ਅਤੇ ਸੁਪਨਈ ਦੁਨੀਆਂ ਦਾ ਹਿੱਸਾ ਬਣਨ ਵੰਨੀਂ ਪ੍ਰੇਰਿਤ ਕਰੇ।

ਉਦਾਸੀ ਦੀ ਪੈੜ ਜਦ ਚੌਂਕੇ ਨੂੰ ਨੱਪਦੀ ਤਾਂ ਠੰਢੇ ਚੁੱਲ੍ਹਿਆਂ ਦੀ ਹੋਣੀ, ਚੌਂਕੇ-ਚੁੱਲ੍ਹੇ ਦੇ ਨਾਮ ਹੁੰਦੀ। ਅੱਗ ਚੁੰਗਲੀਆਂ ਨਹੀਂ ਕਰਦੀ। ਨਾ ਹੀ ਪਰਿਵਾਰ ਦੇ ਜੀਆਂ ਵਿਚ ਸਾਂਝੇ ਖਾਣੇ ਦੀ ਲਜ਼ੀਜ਼ਤਾ ਨੂੰ ਕਿਆਸਣ ਜਾਂ ਮਾਣਨ ਦਾ ਮੌਕਾ ਜਾਂ ਮਾਣ ਮਿਲਦਾ। ਚੌਂਕੇ ਦੀਆਂ ਉਦਾਸ ਚਿੜੀਆਂ, ਰੋਟੀ ਦੇ ਭੋਰਿਆਂ ਤੋਂ ਵਿਰਵੀਆਂ, ਬਹੁਤ ਦੂਰ ਉਡ ਜਾਂਦੀਆਂ। ਸਵਾਣੀ ਕਾਂਵਾਂ ਨੂੰ ਟੁੱਕ ਵੀ ਕਿਥੋਂ ਪਾਵੇ? ਨਾ ਹੀ ਕੋਈ ਕਾਂ ਉਸ ਦੇ ਬਨੇਰਿਆਂ 'ਤੇ ਬੋਲਦਾ ਅਤੇ ਉਸ ਦੇ ਮਨ ਦੇ ਦਰਦ ਨੂੰ ਫਰੋਲਦਾ?

ਦਰਾਂ ਵਿਚ ਉਤਰੀ ਉਦਾਸੀ ਨੂੰ ਬਜੁਰਗ ਮਾਪੇ ਕਿੰਜ ਮੁਖਾਤਬ ਹੋਣਗੇ, ਜਿਨ੍ਹਾਂ ਦੀ ਤੀਲਾ ਤੀਲਾ ਹੋਈ ਆਸ, ਹਾਵਿਆਂ 'ਚ ਪਤਾ ਨਹੀਂ ਕਿਧਰ ਉਡ ਜਾਂਦੀ ਏ? ਬੰਥਿਆਈ ਨੂੰ ਉਡੀਕਦੇ ਦਰਾਂ ਦੀ ਅਉਧ ਵਿਚ ਸਿਰਫ ਹਿਚਕੀਆਂ ਅਤੇ ਔਂਸੀਆਂ ਦੇ ਬੋਲ ਹੀ ਸੁਣਦੇ। ਕਦੇ ਕਦਾਈਂ ਇਸ ਉਦਾਸੀ ਨੂੰ ਅੰਤਰੀਵ ਵਿਚ ਉਤਾਰ ਕੇ, ਇਸ ਦੇ ਰੂਬਰੂ ਹੋਣਾ ਅਤੇ ਇਸ ਨੂੰ ਨਿਵਾਰਨ ਲਈ ਆਪਣੇ ਘਰਾਂ ਨੂੰ ਪਰਤਣਾ। ਘਰ ਦੀ ਉਦਾਸੀ ਦੇ ਮੁੱਖ 'ਤੇ ਹੁਲਾਸ ਅਤੇ ਖੇੜਾ ਦੇਖ ਕੇ, ਤੁਹਾਡੀਆਂ ਰੂਹਾਂ ਨੂੰ ਇਕ ਸਕੂਨ ਅਤੇ ਸੰਤੁਸ਼ਟੀ ਜਰੂਰ ਹਾਸਲ ਹੋਵੇਗੀ।

ਉਦਾਸ ਮੌਸਮਾਂ ਵਿਚ ਦਰਿਆਂ ਵੀ ਬਰੇਤਾ ਬਣਨ ਲਈ ਬਜ਼ਿੱਦ। ਦਿਨ ਨੂੰ ਕਾਹਲ ਹੁੰਦੀ ਹੈ ਰਾਤ ਬਣਨ ਲਈ। ਸਰਘੀ ਵਿਚੋਂ ਹੀ ਪੈਦਾ ਹੋ ਜਾਂਦਾ ਏ ਸ਼ਾਮ ਦਾ ਘੁਸਮੁਸਾ ਅਤੇ ਚੜ੍ਹਦੀ ਸਵੇਰ ਨੂੰ ਢਲਦੀ ਸ਼ਾਮ ਦਾ ਲਕਬ ਮਿਲਦਾ।

ਉਦਾਸੀ ਜਦ ਕਲਮ ਵਿਚ ਉਤਰਦੀ ਤਾਂ ਇਸ ਦੇ ਨਕਸ਼ਾਂ ਵਿਚ ਸਮਿਆਂ ਦੀ ਕਰੂਪਤਾ ਝਲਕਦੀ, ਜਿਸ ਨੇ ਮਨੁੱਖ ਵਿਚੋਂ ਮਨੁੱਖ ਨੂੰ ਮਨਫੀ ਕਰ ਦਿੱਤਾ ਹੋਵੇ। ਫਿਰ ਮਨੁੱਖਤਾ ਨੂੰ ਕਿਹੜੇ ਅਰਥਾਂ ਨਾਲ ਖਿਆਲੋਗੇ!


ਉਦਾਸ ਮਾਹੌਲ ਦੇ ਰੁਬਰੂ ਹੋਣਾ ਸਭ ਤੋਂ ਔਖਾ ਅਤੇ ਇਸ ਵਿਚੋਂ ਖੁਦ ਨੂੰ ਕਿਵੇਂ ਬਚਾਓਗੇ? ਅੱਜ ਕੱਲ੍ਹ ਜਦ ਯੂਨੀਵਰਸਿਟੀ ਜਾਂਦਾ ਹਾਂ ਤਾਂ ਕਰੋਨਾ ਕਾਰਨ ਵਿਦਿਅਕ ਮਾਹੌਲ ਵਿਚ ਤਾਰੀ ਉਦਾਸੀ ਬਹੁਤ ਹਤਾਸ਼ ਤੇ ਨਿਰਾਸ਼ ਕਰਦੀ ਏ। ਕਿਧਰੇ ਨਹੀਂ ਨਵੀਂ ਸੋਚ ਦੀ ਬੇਬਾਕ ਬਹਿਸ। ਖਿੜਖਿੜਾ ਕੇ ਹੱਸਣਾ। ਜ਼ਿੰਦਗੀ ਨਾਲ ਮਸ਼ਕਰੀਆਂ ਕਰਨ ਦੀ ਅਦਾ। ਖੁਦ ਤੋਂ ਬੇਪ੍ਰਵਾਹੀ। ਕੁਝ ਨਵਾਂ ਨਰੋਇਆ ਅਤੇ ਨਿਵੇਕਲਾ ਸੋਚਣ, ਸਮਝਣ ਅਤੇ ਸਿੱਖਣ ਦਾ ਚਾਅ। ਮਿਲ ਬੈਠ ਕੇ ਵਿਚਾਰ-ਵਟਾਂਦਰਾ ਕਰਨ ਦਾ ਹੁਨਰ ਤੇ ਹਾਸਲ। ਕੱਜੇ ਚਿਹਰਿਆਂ ਪਿੱਛੇ ਕਿੰਜ ਪੜ੍ਹੋਗੇ ਵਿਦਿਆਰਥੀਆਂ ਦੇ ਹਾਵ-ਭਾਵ? ਕਿਵੇਂ ਕਰੋਗੇ ਹਾਵ-ਭਾਵਾਂ ਦੀ ਬਿਆਨੀ? ਬਹੁਤ ਹੀ ਪੀੜਤ ਕਰਦਾ ਏ ਨੌਜਵਾਨਾਂ ਨੂੰ ਸੁਪਨਿਆਂ ਦੀ ਪਰਵਾਜ਼ 'ਤੇ ਲੱਗੀ ਬੇਮੌਸਮੀ ਪਾਬੰਦੀ। ਇਸ ਅਣਹੋਏ ਸਮਿਆਂ ਅੰਦਰ ਆਪਣੇ ਆਪ ਨੂੰ ਸੰਭਾਲਣਾ। ਵਿਦਿਅਕ ਅਦਾਰੇ ਸਿਰਫ ਡਿਗਰੀਆਂ ਤੀਕ ਹੀ ਸੀਮਤ ਨਹੀਂ। ਇਹ ਤਾਂ ਸਮੁੱਚੇ ਵਿਅਕਤੀਤਵ ਦੇ ਵਿਕਾਸ ਅਤੇ ਸਰਬ-ਪੱਖੀ ਵਿਸਥਾਰ ਦਾ ਪ੍ਰਮੁੱਖ ਸਥਾਨ ਹੁੰਦੇ। ਇਥੋਂ ਮਨੁੱਖ ਨੂੰ ਆਪਣੀਆਂ ਤਰਜ਼ੀਹਾਂ ਤੇ ਤਸ਼ਬੀਹਾਂ ਨੂੰ ਨਿਰਧਾਰਤ ਕਰਨ ਅਤੇ ਨਿਸ਼ਾਨਿਆਂ ਨੂੰ ਮਿੱਥ ਕੇ ਉਨ੍ਹਾਂ 'ਤੇ ਪਹੁੰਚਣ ਦੀ ਪ੍ਰੇਰਨਾ ਮਿਲਦੀ। ਉਮਰ ਭਰ ਦੀਆਂ ਸਾਝਾਂ ਸਥਾਪਤ ਹੁੰਦੀਆਂ। ਕਈ ਵਾਰ ਤਾਂ ਜੀਵਨ-ਸਾਥੀ ਦਾ ਨਸੀਬ ਵੀ ਮਿਲਦਾ। ਅਜੋਕੇ ਸਮਿਆਂ ਵਿਚ ਨੌਜਵਾਨ ਮਨਾਂ 'ਤੇ ਪਈ ਝਰੀਟ ਦਾ ਦਰਦ ਬਹੁਤ ਸਮਿਆਂ ਤੀਕ ਰਹਿਣਾ ਹੈ ਅਤੇ ਇਸ ਦਾ ਦਾਗ ਕਦੇ ਵੀ ਨਹੀਂ ਮਿਟਣਾ, ਪਰ ਜ਼ਿੰਦਗੀ ਨੂੰ ਇਕ ਚੁਣੌਤੀ ਸਮਝ ਕੇ ਇਸ ਦੇ ਮੁਹਾਂਦਰੇ ਵਿਚੋਂ ਸੁਰਖ ਸਮਿਆਂ ਦੀ ਨਿਸ਼ਾਨਦੇਹੀ ਕਰਨ ਵਾਲੇ ਸਦਾ ਸੂਰਜਾਂ ਦੇ ਹਾਣੀ ਹੁੰਦੇ। ਮਸ਼ਾਲ ਬਣ ਕੇ ਕਾਲੇ ਦੌਰ ਵਿਚ ਚਾਨਣ ਦਾ ਵਣਜ ਕਰਨ ਤੋਂ ਕਦੇ ਵੀ ਅਵੇਸਲੇ ਜਾਂ ਬੇਧਿਆਨੇ ਨਹੀਂ ਹੋਣਾ ਚਾਹੀਦਾ।

ਉਦਾਸ ਹੋਣਾ ਮਨੁੱਖੀ ਫਿਤਰਤ। ਮਨੁੱਖੀ ਬਿਰਤੀ ਦਾ ਅਹਿਮ ਵਤੀਰਾ ਅਤੇ ਉਤਮ ਗੁਣ। ਇਸ ਰਾਹੀਂ ਮਨੁੱਖੀ ਮਨ ਵਿਚ ਵੱਸੀ ਮਾਨਵਤਾ, ਦਯਾ-ਦ੍ਰਿਸ਼ਟੀ ਤੇ ਹਮਦਰਦੀ ਦਾ ਗਿਆਨ ਹੁੰਦਾ। ਇਸ ਤੋਂ ਅਲੂਫ ਤਾਂ ਸਿਰਫ ਸੰਤ-ਮਹਾਤਮਾ ਹੀ ਹੋ ਸਕਦੇ।

ਉਦਾਸੀ ਮਨੁੱਖੀ ਹਾਵ-ਭਾਵਾਂ ਵਿਚੋਂ ਝਲਕਦੀ। ਬੋਲ-ਚਾਲ ਵਿਚ ਹਾਜ਼ਰ-ਨਾਜ਼ਰ। ਚਾਲ-ਢਾਲ ਵਿਚ ਦ੍ਰਿਸ਼ਟਮਾਨ। ਨਜ਼ਰੀਏ ਵਿਚ ਸਪੱਸ਼ਟ ਝਲਕਦੀ। ਸ਼ਬਦਾਂ ਅਤੇ ਅਰਥਾਂ ਵਿਚ ਸਮੋਈ। ਕਲਮ-ਕਿਰਤ ਜਾਂ ਬੁਰਸ਼-ਕਲਾ ਵਿਚੋਂ ਵੀ ਪ੍ਰਗਟਦੀ। ਮਨ ਵਿਚ ਵੱਸੀ ਉਦਾਸੀ ਨੂੰ ਆਪਣੇ ਬਾਹਰੀ ਪ੍ਰਗਟਾਵੇ ਵਿਚੋਂ ਕਿੰਜ ਮਨਫੀ ਕਰੋਗੇ?

ਉਦਾਸੀ, ਨਕਾਰਾਤਮਕ ਵੀ ਤੇ ਸਕਾਰਾਤਮਕ ਵੀ। ਰਸਾਤਲ ਵੰਨੀਂ ਵੀ ਧਕੇਲਦੀ ਅਤੇ ਅਸਮਾਨਾਂ ਦੀ ਖਬਰਸਾਰ ਵੀ। ਆਪਣੇ ਆਪ ਤੋਂ ਦੂਰੀ ਵੀ ਅਤੇ ਖੁਦ ਦੀ ਨੇੜਤਾ ਵੀ। ਖੁਦ ਤੋਂ ਵਿਛੜਨਾ ਵੀ ਅਤੇ ਆਪਣੇ ਆਪ ਨਾਲ ਮਿਲਾਪ ਵੀ। ਸੁੰਨ-ਸਮਾਧੀ ਵੀ ਅਤੇ ਅਬੋਲ ਅਲਾਪ ਵੀ। ਬਹੁਤ ਰੂਪ ਨੇ ਉਦਾਸੀ ਦੇ। ਮਨੁੱਖ ਨੇ ਉਦਾਸੀ ਨੂੰ ਕਿਸ ਰੂਪ, ਕਿਸ ਅਦਾ, ਕਿਹੜੇ ਅੰਦਾਜ਼ ਤੇ ਦ੍ਰਿਸ਼ਟੀਕੋਣ ਤੋਂ ਕਿਆਸਣਾ ਅਤੇ ਇਸ ਦੀਆਂ ਪਰਤਾਂ ਵਿਚੋਂ ਕੀ ਪ੍ਰਾਪਤ ਕਰਨਾ, ਇਹ ਮਨੁੱਖ 'ਤੇ ਨਿਰਭਰ।

ਕੁਝ ਲੋਕ ਉਦਾਸ ਹੋਣ 'ਤੇ ਖੁਦ ਨੂੰ ਨਸ਼ੇ ਵਿਚ ਗਲਤਾਨ ਕਰਦੇ। ਕੁਝ ਮਿੱਤਰ ਪਿਆਰਿਆਂ ਦੀ ਪਨਾਹ ਵਿਚ ਜਾਂਦੇ। ਕੁਝ ਆਪਣੇ ਸਬੰਧੀਆਂ ਦੀ ਆਗੋਸ਼ ਮਾਣਦੇ ਅਤੇ ਕੁਝ ਆਪਣੇ ਆਪ ਵਿਚੋਂ ਇਕ ਅਜਿਹੇ ਰੂਪ ਦੀ ਸਿਰਜਣਾ ਕਰਦੇ, ਜਿਸ ਬਾਰੇ ਸ਼ਾਇਦ ਉਨ੍ਹਾਂ ਨੂੰ ਵੀ ਪਤਾ ਨਹੀਂ ਹੁੰਦਾ। ਕਈ ਰਿਸ਼ਤੇ ਤੁਹਾਡੀ ਉਦਾਸੀ ਵਿਚੋਂ ਨਿੱਜੀ ਮੁਫਾਦ ਦੀ ਪੂਰਤੀ ਖਿਆਲ ਸਕਦੇ, ਪਰ ਜਦ ਬੰਦਾ ਖੁਦ ਸੰਗ ਸੰਵਾਦ ਰਚਾਉਂਦਾ, ਉਦਾਸੀ ਨੂੰ ਅੰਤਰੀਵ ਵਿਚ ਵਸਾਉਂਦਾ ਅਤੇ ਇਸ ਵਿਚੋਂ ਚਾਨਣ ਕਾਤਰਾਂ ਤਲਾਸ਼ਦਾ, ਇਨ੍ਹਾਂ ਨੂੰ ਮਾਰਗ-ਦਰਸ਼ਨਾ ਬਣਾਉਂਦਾ ਤਾਂ ਉਦਾਸੀ ਇਕ ਰਹਿਮਤ ਦੀ ਨਿਆਈਂ ਹੁੰਦੀ।



***ਉਦਾਸ ਸਮਿਆਂ ਵਿਚ ਸਭ ਤੋਂ ਖੂਬਸੂਰਤ ਹੁੰਦਾ ਏ ਆਪਣੇ ਆਪ ਦੇ ਰੂਬਰੂ ਹੋਣਾ। ਜੀਵਨ-ਸਫਰ ਨੂੰ ਯਾਦ ਕਰਕੇ, ਇਸ ਦੇ ਖੁਸ਼ਗਵਾਰ ਪਲਾਂ ਨੂੰ ਮੁੜ ਤੋਂ ਜਿਉਣਾ। ਯਾਦ ਰੱਖਣਾ! ਸਮਾਂ ਕਦੇ ਸਦੀਵ ਨਹੀਂ ਰਹਿੰਦਾ। ਇਸ ਨੇ ਬਦਲਣਾ ਹੁੰਦਾ ਅਤੇ ਇਸ ਦੇ ਬਦਲਣ ਨਾਲ ਪੱਤਝੱੜ ਵਿਚੋਂ ਹੀ ਬਹਾਰ ਦੀ ਆਮਦ ਹੁੰਦੀ, ਜਿਸ ਨੇ ਰੁੰਡ-ਮਰੁੰਡ ਬਿਰਖਾਂ ਨੂੰ ਕੋਮਲ ਪੱਤੀਆਂ, ਫੁੱਲਾਂ ਅਤੇ ਫਲਾਂ ਨਾਲ ਲੱਦਣਾ ਹੁੰਦਾ।***

ਉਦਾਸੀ ਦਾ ਇਕ ਰੂਪ ਬਾਬੇ ਨਾਨਕ ਦੀ ਉਦਾਸੀ ਵਾਲਾ ਵੀ ਹੁੰਦਾ, ਜਿਸ ਨੇ ਸਮੁੱਚੀ ਲੋਕਾਈ ਨੂੰ ਆਪਣੇ ਅੰਦਰਲੇ ਚਾਨਣ ਦੇ ਸਨਮੁੱਖ ਹੋਣ ਅਤੇ ਅੰਤਰੀਵੀ ਜੋਤ ਜਗਾਉਣ ਦੀ ਪ੍ਰੇਰਨਾ ਦਿੱਤੀ। ਹੱਕ-ਸੱਚ ਦਾ ਹੋਕਰਾ ਸਮਾਜ ਵਿਚ ਦਿੱਤਾ। ਇਕ ਉਦਾਸੀ ਸਾਡੀ ਕਿ ਅਸੀਂ ਆਪਣੀਆਂ ਕਮੀਆਂ, ਕੁਤਾਹੀਆਂ ਜਾਂ ਕੁਹਜਾਂ ਨੂੰ ਕਿਆਸਣ ਤੀਕ ਹੀ ਸੀਮਤ ਹੋ ਕੇ, ਖੁਦ ਨੂੰ ਕੋਸਣ ਤੀਕ ਹੀ ਸੀਮਤ ਹੋ ਜਾਂਦੇ, ਪਰ ਜੋ ਕੁਦਰਤ ਵਲੋਂ ਬਖਸ਼ੀਆਂ ਨਿਆਮਤਾਂ ਦੀ ਸ਼ੁਕਰਗੁਜ਼ਾਰੀ ਵਿਚੋਂ ਆਪਣੀ ਅਸਲੀਅਤ ਤੇ ਹੋਂਦ ਨੂੰ ਨਵੀਆਂ ਬੁਲੰਦੀਆਂ ਤੇ ਪਹੁੰਚਾਉਂਦੇ, ਉਨ੍ਹਾਂ ਲਈ ਉਦਾਸ ਸਮਿਆਂ ਦੇ ਕੋਈ ਅਰਥ ਨਹੀਂ ਹੁੰਦੇ।

ਉਦਾਸ ਸਮਿਆਂ ਵਿਚ ਹੀ ਮਨੁੱਖ ਨੂੰ ਨਵੀਆਂ ਚੁਣੌਤੀਆਂ ਦਾ ਗਿਆਨ ਹੁੰਦਾ। ਇਸ ਵਿਚੋਂ ਉਭਰਨ ਲਈ ਨਵੇਂ ਸਰੋਕਾਰਾਂ ਅਤੇ ਸੋਚਾਂ ਨੂੰ ਅਵੱਲੀ ਤੇ ਦੂਰਦਰਸ਼ੀ ਦਿੱਖ ਦੇ ਕੇ ਮੁਸ਼ਕਿਲਾਂ ਨੂੰ ਹਰਾਉਣਾ ਹੁੰਦਾ।

ਉਦਾਸੀ ਵਿਚੋਂ ਵੀ ਅਜਿਹੀਆਂ ਕਲਾ-ਕਿਰਤਾਂ ਜਾਂ ਕਾਵਿ-ਰਚਨਾਵਾਂ ਪੈਦਾ ਹੁੰਦੀਆਂ, ਜਿਨ੍ਹਾਂ ਨੇ ਕੀਰਤੀਆਂ ਬਣ ਕੇ ਕ੍ਰਿਸ਼ਮਈ ਵਰਤਾਰਿਆਂ ਨੂੰ ਜਨਮ ਦੇਣਾ ਹੁੰਦਾ ਅਤੇ ਮਨੁੱਖੀ ਸੋਚ ਨੂੰ ਵਿਸ਼ਾਲਤਾ ਪ੍ਰਦਾਨ ਕਰਨੀ ਹੁੰਦੀ।

ਉਦਾਸ ਰੁੱਤ ਜਦ ਦਸਤਕ ਦਿੰਦੀ ਤਾਂ ਨਿੰਮੋਝੂਣੀ ਹੋ ਜਾਂਦੀ ਬਹਾਰ। ਫੁੱਲ-ਪੱਤੀਆਂ ਨੂੰ ਮਿਲਦਾ ਪਿਲੱਤਣਾਂ ਦਾ ਸਰਾਪ ਅਤੇ ਡੋਡੀਆਂ ਨੂੰ ਆਪਣੀਆਂ ਸੱਧਰਾਂ ਨੂੰ ਅੰਦਰ ਹੀ ਦਬਾਉਣ ਦੀ ਮਿਲਦੀ ਸਜਾ।

ਉਦਾਸਿਓ! ਕਦੇ ਵੀ ਉਦਾਸੀ ਨੂੰ ਆਪਣੇ ਆਪ 'ਤੇ ਹਾਵੀ ਨਾ ਹੋਣ ਦਿਓ। ਇਸ ਦੇ ਕਾਰਨ ਤਲਾਸ਼ੋ। ਕਾਰਨਾਂ ਦੀਆਂ ਤਹਿਆਂ ਵਿਚੋਂ ਇਨ੍ਹਾਂ ਨੂੰ ਹੱਲ ਕਰਨ ਦੀ ਸੋਝੀ ਪੈਦਾ ਕਰੋ। ਆਪਣੀ ਹਿੰਮਤ ਤੇ ਦਲੇਰੀ ਨਾਲ ਉਦਾਸੀ ਵਿਚੋਂ ਹਾਸਿਆਂ ਦੀ ਰੁੱਤ ਦਾ ਆਗਮਨ ਕਿਆਸੋ। ਮਨੁੱਖੀ ਚੇਤਨਾ ਵਿਚ ਜਦ ਚਿੰਤਾ ਵਿਚੋਂ ਸੁਚੇਤਨਾ ਅਤੇ ਫਿਕਰ ਵਿਚੋਂ ਸੁੱਖਨਵਰਤਾ ਦੀ ਨਿਸ਼ਾਨਦੇਹੀ ਕਰਨ ਦੀ ਸੁਮੱਤ ਹਾਸਲ ਹੋ ਜਾਵੇ ਤਾਂ ਉਦਾਸੀ ਮਨੁੱਖ ਨੂੰ ਪ੍ਰਭਾਵਤ ਨਹੀਂ ਕਰ ਸਕਦੀ।

ਉਦਾਸੀ ਕਦੇ ਕਿਸੇ ਇਕ ਬੋਲ, ਇਸ਼ਾਰੇ, ਘਟਨਾ, ਸੁਨੇਹਾ, ਅਬੋਲ ਕਰਤੂਤ, ਇਕ ਅਵੱਲਾ ਕਦਮ ਜਾਂ ਇਕ ਨਿੱਕੀ ਜਿਹੀ ਅਚੇਤ ਕਿਰਿਆ ਵਿਚੋਂ ਵੀ ਪੈਦਾ ਹੁੰਦੀ। ਕਦੇ ਇਹ ਕਿਸੇ ਲਿਖਤ ਵਿਚੋਂ ਵੀ ਮਨੁੱਖ ਨੂੰ ਆਪਣੇ ਵਹਾਅ ਵਿਚ ਵਹਾਉਂਦੀ। ਕਦੇ ਬਿਗਾਨੀ ਪੀੜਾ ਨੂੰ ਪਾਠਕ ਦੇ ਦੀਦਿਆਂ ਦੇ ਨਾਮ ਲਾਉਂਦੀ।

ਉਦਾਸ ਲੋਕ ਸਦਾ ਨਕਾਰਾਤਮਕ ਵੀ ਨਹੀਂ ਹੁੰਦੇ। ਇਹ ਤਾਂ ਖੁਦ ਵਿਚੋਂ ਖੁਦ ਦੀ ਭਾਲ, ਆਪਣੇ ਆਪ ਦੀ ਸੰਭਾਲ, ਆਪੇ ਨੂੰ ਕੀਤੇ ਸਵਾਲ ਅਤੇ ਮਨੁੱਖੀ ਸਰੋਕਾਰਾਂ ਦਾ ਸਮਝ-ਹੰਗਾਲ ਤੇ ਇਸ ਵਿਚੋਂ ਹੀ ਉਦਾਸ ਪਲਾਂ ਨੂੰ ਖੇੜਿਆਂ ਵਿਚ ਸਕਦੇ ਹਾਂ ਢਾਲ।

ਕਦੇ ਇਕ ਕਵਿਤਾ ਵਿਚ ਮੈਂ ਕਿਹਾ ਸੀ;
ਮੈਂ ਉਦਾਸ ਹੋਵਾਂ
ਤਾਂ ਆਪਣੀ ਬੇਟੀ ਨੂੰ ਫੋਨ ਕਰਦਾ ਹਾਂ
ਮੇਰੀ ਉਦਾਸੀ
ਬੇਟੀ ਦੀਆਂ ਭੋਲੀਆਂ-ਭਾਲੀਆਂ ਗੱਲਾਂ ਵਿਚ ਗੁੰਮ ਜਾਂਦੀ।
ਜੇ ਮੈਂ ਹੋਰ ਉਦਾਸ ਹੋਵਾਂ ਤਾਂ
ਮੈਂ ਹਰਫਾਂ ਦੀ ਪਨਾਹ ਵਿਚ ਜਾਂਦਾ ਹਾਂ
ਮੇਰੀ ਉਦਾਸੀ ਵਰਕਿਆਂ 'ਤੇ ਫੈਲ ਜਾਂਦੀ
ਅਤੇ ਮੇਰੇ ਨਾਮ ਸੁੱਖਨ ਕਰ ਜਾਂਦੀ।
ਜੇ ਮੈਂ ਜ਼ਿਆਦਾ ਉਦਾਸ ਹੋਵਾਂ ਤਾਂ
ਮੈਂ ਆਪਣੇ ਅੰਤਰੀਵ ਵਿਚ ਉਤਰਦਾ
ਖੁਦ ਹੀ ਪ੍ਰਸ਼ਨ ਤੇ ਖੁਦ ਹੀ ਜਵਾਬ ਬਣਦਾ
ਮੇਰੀ ਉਦਾਸੀ
ਅੰਦਰਲੇ ਚਾਨਣ ਦੀ ਝੀਤ ਬਣ ਜਾਂਦੀ।
ਜੇ ਮੈਂ ਬਹੁਤ ਜ਼ਿਆਦਾ ਉਦਾਸ ਹੋਵਾਂ
ਤਾਂ ਮੈਂ ਚੁੱਪ ਹੋ ਜਾਂਦਾ ਹਾਂ
ਅਤੇ ਅੱਜ ਕੱਲ੍ਹ ਮੈਂ ਅਕਸਰ ਚੁੱਪ ਹੀ ਰਹਿੰਦਾ ਹਾਂ।

ਉਦਾਸੀ ਦਰਅਸਲ ਖੁਦ ਨੂੰ ਪੀੜਤ ਕਰਨਾ ਹੁੰਦਾ। ਖੁਦ ਦੀ ਪੀੜਾ ਨੂੰ ਵਿਸਥਾਰਨਾ ਜਾਂ ਇਸ ਪੀੜਾ ਨੂੰ ਲੋਕਾਈ ਲਈ ਸ਼ਰਫ ਬਣਾਉਣਾ, ਇਹ ਮਨੁੱਖੀ ਫਿਤਰਤ 'ਤੇ ਨਿਰਭਰ।

ਉਦਾਸ ਸਮਿਆਂ ਵਿਚ ਹੀ ਪਤਾ ਲੱਗਦਾ ਕਿ ਖੁਸ਼ੀ ਦੇ ਕੀ ਅਰਥ ਨੇ? ਸੁੰਨ-ਸਮਾਧੀ ਵਿਚ ਹੀ ਬੋਲਾਂ ਦੀ ਅਹਿਮੀਅਤ ਸਮਝ ਆਉਂਦੀ। ਰੌਲੇ ਰੱਪੇ ਵਿਚ ਹੀ ਸੰਗੀਤ ਵਿਚਲੇ ਰਿਦਮ ਅਤੇ ਸੁਖਨਮਈ ਅਹਿਸਾਸ ਦੀ ਸਮਝ ਆਉਂਦੀ। ਰਾਤ

*(ਬਾਕੀ ਅਗਲੇ ਸਫੇ 'ਤੇ)*

# ਮੈਨੂੰ ਤਾਂ ਕੁੱਕੜ ਹੀ ਖਾ'ਗੇ

*ਬੰਦਾ ਆਪਣੇ ਵਤਨ ਤੋਂ ਪਰਵਾਸ ਲਈ ਪਰਵਾਜ਼ ਭਰਨ ਲੱਗਿਆਂ ਅੱਖਾਂ ਵਿਚ ਕਈ ਸੁਪਨੇ ਸੰਜੋਅ ਕੇ ਤੁਰਦਾ ਹੈ, ਪਰ ਪਰਾਏ ਮੁਲਕ ਦਾ ਪੱਕਾ ਬਾਸ਼ਿੰਦਾ ਹੋਣ ਲਈ ਉਸ ਨੂੰ ਕੀ ਕੀ ਘਾਲਣਾ ਘਾਲਣੀ ਪੈਂਦੀ ਹੈ, ਇਹ ਹੋਣੀ ਓਹੋ ਹੀ ਜਾਣਦਾ ਹੈ, ਜੋ ਇਸ ਨੂੰ ਪਿੰਡੇ 'ਤੇ ਹੰਢਾ ਚੁਕਾ ਹੁੰਦਾ ਹੈ। ਆਪਣੇ ਘਰ ਯਾਨਿ ਆਪਣੇ ਪਿੱਤਰੀ ਦੇਸ਼ ਵਿਚ ਖੁਸ਼ਹਾਲ ਜ਼ਿੰਦਗੀ ਮਾਣਨ ਵਾਲੇ ਜਦ ਪਰਦੇਸ ਜਾ ਵੱਸਣ ਦੀ ਲਾਲਸਾ ਪਾਲ ਲੈਂਦੇ ਹਨ ਤਾਂ ਇਸ ਦੀ ਪ੍ਰਾਪਤੀ ਲਈ ਉਹ ਕੀ ਕੀ ਪਾਪੜ ਵੇਲਦੇ ਹਨ, ਅਜਿਹਾ ਹੀ ਕੁਝ ਲੇਖਕ ਸੰਤੋਖ ਮਿਨਹਾਸ ਨੇ ਆਪਣੇ ਇਸ ਲੇਖ ਵਿਚ ਬਿਆਨ ਕੀਤਾ ਹੈ। ਇਹ ਕਿਸੇ 'ਕੱਲੇ-ਕਾਰੇ ਦੀ ਨਹੀਂ, ਸਗੋਂ ਪਰਵਾਸ ਨੂੰ ਅਪਨਾ ਚੁਕੇ ਕਰੀਬ ਕਰੀਬ ਹਰ ਸ਼ਖਸ ਦੀ ਕਹਾਣੀ ਹੈ। -ਸੰਪਾਦਕ*

ਪਰਵਾਸ ਆਪਣੀ ਜੰਮਣ ਭੋਇੰ ਤੋਂ ਮੋਹ ਦਾ ਟੁੱਟਣਾ। ਪਰਵਾਸ ਨਵੇਂ ਦਿਸਹੱਦਿਆਂ ਦੀ ਭਾਲ। ਪਰਵਾਸ ਨਵੇਂ ਪੈਂਡਿਆਂ 'ਤੇ ਤੁਰਨ ਦਾ ਚਾਅ। ਪਰਵਾਸ ਚੁੱਲ੍ਹੇ ਦੀ ਅੱਗ ਨੂੰ ਬਲਦੀ ਰੱਖਣ ਦੀ ਕੋਸ਼ਿਸ਼। ਪਰਵਾਸ ਸੁਨਹਿਰੀ ਭਵਿੱਖ ਦੇ ਪਰਵਾਨ ਚੜ੍ਹਨ ਦਾ ਸੁਪਨਾ। ਪਰਵਾਸ ਇੱਕ ਘਰ ਨੂੰ ਅਲਵਿਦਾ ਕਹਿ ਕੇ ਨਵੇਂ ਘਰ ਦੀ ਤਲਾਸ਼। ਪਰਵਾਸ ਆਪਣੀਆਂ ਆਸਾਂ ਉਮੀਦਾਂ ਦੀ ਪੂਰਤੀ ਲਈ ਪੁਟਿਆ ਕਦਮ।

ਪਰਵਾਸ ਕਈ ਕਾਰਨਾਂ ਕਰਕੇ ਹੋ ਸਕਦਾ ਹੈ। ਆਪਣੀ ਮਰਜ਼ੀ ਨਾਲ ਲਿਆ ਫੈਸਲਾ ਵੀ ਹੋ ਸਕਦਾ ਹੈ ਤੇ ਮਜ਼ਬੂਰੀ ਵੱਸ ਵੀ। ਪਰਵਾਸ ਹਰ ਮਨੁੱਖ ਦੇ ਸੁਭਾਅ, ਉਸ ਦੀਆਂ ਆਰਥਕ ਪ੍ਰਸਥਿਤੀਆਂ ਤੇ ਬਾਹਰੀ ਮਾਹੌਲ 'ਤੇ ਵੀ ਨਿਰਭਰ ਕਰਦਾ ਹੈ। ਹੋਰ ਵੀ ਕਈ ਕਾਰਨ ਹੋ ਸਕਦੇ ਹਨ।



ਸੰਤੋਖ ਮਿਨਹਾਸ
ਫੋਨ: 559-283-6376

ਮੱਖਣ ਅਮਰੀਕਾ ਮੇਰੇ ਨਾਲੋਂ ਕੋਈ ਦੋ ਕੁ ਮਹੀਨੇ ਪਹਿਲਾਂ ਆਇਆ ਸੀ। ਮੇਰੇ ਛੋਟੇ ਭਰਾ ਦੇ ਦੋਸਤ ਸੁਰਿੰਦਰ ਸੰਧੂ ਦੇ ਤਾਏ ਦਾ ਪੁੱਤ ਹੈ। ਅਮਰੀਕਾ ਆਉਣ ਤੋਂ ਪਹਿਲਾਂ ਉਹ ਅਤੇ ਉਹਦੀ ਘਰ ਵਾਲੀ ਧਨੌਲਾ ਨੇੜੇ ਕਿਸੇ ਪਿੰਡ ਵਿਚ ਅਧਿਆਪਕ ਲੱਗੇ ਹੋਏ ਸਨ। ਸਰਕਾਰੇ ਦਰਬਾਰੇ ਚੰਗਾ ਅਸਰ ਰਸੂਖ ਸੀ। ਇਸੇ ਲਈ ਲੰਮੇ ਸਮੇਂ ਤੋਂ ਇੱਕੋ ਸਕੂਲ ਵਿਚ ਟਿੱਕੇ ਹੋਏ ਸਨ। ਕਹਿਣ ਨੂੰ ਹੀ ਉਹ ਨੌਕਰੀ ਕਰਦੇ ਸਨ, ਅਸਲ ਵਿਚ ਚੜ੍ਹੇ ਮਹੀਨੇ ਸਿਰਹਾਣੇ ਹੈਠੋਂ ਹੀ ਤਨਖਾਹ ਚੁੱਕਦੇ ਸਨ।

ਲੋਕਾਂ ਨਾਲ ਬਹੁਤਾ ਮੇਲ-ਜੋਲ ਹੋਣ ਕਾਰਨ ਆੜ੍ਹਤ ਦੀ ਦੁਕਾਨ ਵੀ ਕੀਤੀ ਹੋਈ ਸੀ। ਆਮ ਆੜ੍ਹਤੀਆਂ ਵਾਂਗ ਦੁਕਾਨ 'ਤੇ ਬੀਜ ਅਤੇ ਕੀੜੇ ਮਾਰ ਦਵਾਈਆਂ ਵੀ ਰੱਖੀਆਂ ਹੋਈਆਂ ਸਨ। ਚੰਗਾ ਕਾਰੋਬਾਰ ਸੀ। ਪਿੰਡ ਵਿਚ ਵੱਡੀ ਕੋਠੀ ਪਾਈ ਹੋਈ ਸੀ। ਦੂਜੀ ਮੰਜ਼ਿਲ 'ਤੇ ਬਣੀ ਪਾਣੀ ਦੀ ਟੈਂਕੀ ਉਪਰ ਵੱਡੇ ਅੱਖਰਾਂ ਵਿਚ ਸੰਧੂ ਨਿਵਾਸ ਲਿਖਿਆ ਹੋਇਆ ਸੀ ਧੜੱਲੇਦਾਰ ਸਰਦਾ ਪੁਜਦਾ ਜੱਟ, ਅੱਧੇ ਪਿੰਡ ਨੂੰ ਕਰਜ਼ਾਈ ਕਰੀ ਫਿਰਦਾ ਸੀ। ਇੱਕ ਸੋਹਣਾ ਸੁਨੱਖਾ ਮੁੰਡਾ, ਉਹ ਕਾਲਜ ਪੜ੍ਹਦਾ ਸੀ। ਪਿੰਡ ਵਿਚ ਚੰਗੀ ਭੱਲ ਬਣੀ ਹੋਈ ਸੀ। ਆਪਣੇ ਅਮਰੀਕਾ ਵਸਦੇ ਸਕੇ ਸਬੰਧੀਆਂ ਦੀ ਮਦਦ ਨਾਲ ਸਾਲ ਵਿਚ ਕਬੱਡੀ ਦਾ ਇੱਕ ਵੱਡਾ ਟੂਰਨਾਮੈਂਟ ਕਰਾ ਦਿੰਦਾ। ਇਲਾਕੇ ਦੇ ਵੱਡੇ ਰਾਜਸੀ ਲੀਡਰ ਸੱਦ ਕੇ ਪਿੰਡ ਵਿਚ ਬੱਲੇ ਬੱਲੇ ਵੀ ਕਰਾ ਲੈਂਦਾ। ਗੱਲ ਕੀ ਪੂਰਾ ਜੁਗਾੜੀ ਜੱਟ।

ਅਮਰੀਕਾ ਉਹਦੇ ਭਰਾ ਨੇ ਬਲੱਡ ਰਿਲੇਸ਼ਨ 'ਤੇ ਸੱਦਿਆ ਸੀ। ਅਮਰੀਕਾ ਜਾਣ ਦੇ ਚਾਅ 'ਚ ਦੋਹਾਂ ਜੀਆਂ ਨੇ ਸਾਲ ਪਹਿਲਾਂ ਹੀ ਪੈਨਸ਼ਨ ਲੈ ਲਈ। ਭਾਵੇਂ ਦੋਹਾਂ ਦੀ ਰਿਟਾਇਰਮੈਂਟ ਵਿਚ ਅਜੇ ਕਈ ਸਾਲ ਰਹਿੰਦੇ ਸਨ। ਆੜ੍ਹਤ ਦਾ ਕੰਮ ਵੀ ਹੌਲੀ ਹੌਲੀ ਸਮੇਟ ਲਿਆ ਸੀ। ਮੱਖਣ ਦਾ ਇੱਕੋ ਮਕਸਦ ਸੀ ਕਿ ਮੈਂ ਆਪਣੇ ਮੁੰਡੇ ਨੂੰ ਅਮਰੀਕਾ ਸੈਟ ਕਰ ਦੇਵਾਂ। ਇੱਕਲਾ ਮੁੰਡਾ ਤੇ ਖੁੱਲ੍ਹਾ ਖਰਚਾ ਹੋਣ ਕਾਰਨ ਮੰਡੇ ਦੇ ਵਿਗੜਨ ਦਾ ਡਰ ਹਰ ਵੇਲੇ ਬਣਿਆ ਰਹਿੰਦਾ ਸੀ। ਪੰਜਾਬ ਵਿਚ ਚਲਦੇ ਨਸ਼ਿਆ ਦੇ ਦੌਰ ਵਿਚ ਪਿੰਡ ਦੀ ਮੰਡੀਰ ਨੂੰ ਵੀ ਲਾਗ ਲੱਗ ਗਈ ਸੀ। ਇਸ ਲਈ ਉਹ ਚਾਹੁੰਦਾ ਸੀ ਕਿ ਮੁੰਡਾ ਛੇਤੀ ਅਮਰੀਕਾ ਪਹੁੰਚ ਜਾਵੇ।

ਮੱਖਣ ਤੇ ਉਸ ਦੀ ਘਰ ਵਾਲੀ ਨੂੰ ਤਾਂ ਵੀਜ਼ਾ ਮਿਲ ਗਿਆ ਸੀ, ਪਰ ਮੁੰਡੇ ਦੇ ਕੇਸ 'ਚ ਅਮਰੀਕਾ ਅੰਬੈਸੀ ਨੇ ਕੋਈ ਅੜਿੱਕਾ ਢਾਹ ਦਿੱਤਾ। ਅੰਬੈਸੀ ਨਾਲ ਕਾਫੀ ਚਿੱਠੀ ਪੱਤਰ ਵੀ ਕੀਤਾ, ਪਰ ਮੁੰਡੇ ਨੂੰ ਵੀਜ਼ਾ ਨਾ ਮਿਲਿਆ। ਕਿਸੇ ਨੇ ਸਲਾਹ ਦਿੱਤੀ ਕਿ ਅਮਰੀਕਾ ਜਾ ਕੇ ਕੇਸ ਪਾ ਦੇ। ਆਖਰ ਭਰੇ ਮਨ ਨਾਲ ਸਾਲ ਭਰ ਦੀ ਖੱਜਲ ਖੁਆਰੀ ਤੋਂ ਬਾਅਦ ਆਪ ਤਾਂ ਦੋਵੇਂ ਜਣੇ ਅਮਰੀਕਾ ਪਹੁੰਚ ਗਏ, ਪਰ ਮੁੰਡਾ ਇੰਡੀਆ ਰਹਿ ਗਿਆ ਸੀ, ਜਿਹਦੇ ਪਿੱਛੇ ਇਹ ਸਾਰਾ ਧੰਧ ਪਿੱਟਿਆ ਸੀ। ਅਮਰੀਕਾ ਪਹੁੰਚਦੇ ਸਾਰ ਹੀ ਮੱਖਣ ਨੇ ਮੁੰਡੇ ਦੇ ਕੇਸ ਲਈ ਵਕੀਲ ਕਰ ਲਿਆ ਸੀ।

ਮੇਰੇ ਵੀ ਸਾਰੇ ਭੈਣ-ਭਰਾ ਕੈਲੀਫੋਰਨੀਆ ਸਟੇਟ ਦੇ ਸ਼ਹਿਰ ਫਰਿਜ਼ਨੋ ਵਿਚ ਰਹਿੰਦੇ ਹਨ, ਜਿਨ੍ਹਾਂ ਦੇ ਚੰਗੇ ਕਾਰੋਬਾਰ ਹਨ। ਪੁਰਾਣੇ ਆਏ ਹੋਣ ਕਾਰਨ ਆਰਥਕ ਪੱਖੋਂ ਸੌਖੇ ਹਨ। ਮੈਂ ਆਪਣੇ ਛੋਟੇ ਭਰਾ ਕੋਲ ਰਹਿ ਰਿਹਾ ਸਾਂ। ਮੈਨੂੰ ਆਏ ਨੂੰ ਥੋੜ੍ਹੇ ਹੀ ਦਿਨ ਹੋਏ ਸਨ। ਅਜੇ ਮੇਰਾ ਤੋਰਾ-ਫੇਰਾ ਚੱਲ ਰਿਹਾ ਸੀ। ਅਮਰੀਕਾ ਮੈਨੂੰ ਚੰਗਾ ਚੰਗਾ ਲੱਗ ਰਿਹਾ ਸੀ, ਕਿਉਂਕਿ ਅਜੇ ਮੈਨੂੰ ਰਿਸ਼ਤੇਦਾਰਾਂ ਨੂੰ ਮਿਲਾਉਣ ਦੀ ਕਵਾਇਦ ਚਲ ਰਹੀ ਸੀ ਅਤੇ ਸੇਵਾ ਭਾਵ ਚੰਗਾ ਹੋ ਰਿਹਾ ਸੀ; ਪਰ ਨਾਲ ਨਾਲ ਮੇਰੇ ਲਈ ਨੌਕਰੀ ਦੀ ਭਾਲ ਸ਼ੁਰੂ ਹੋ ਚੁਕੀ ਸੀ।

ਇੱਕ ਦਿਨ ਸੁਰਿੰਦਰ ਸੰਧੂ ਗੱਡੀ ਲੈ ਕੇ ਆਇਆ ਤੇ ਆਖਣ ਲੱਗਾ, ਚੱਲ ਆ ਤੈਨੂੰ ਬਾਹਰ ਘੁੰਮਾ-ਫਿਰਾ ਲਿਆਵਾਂ। ਅਸੀਂ ਕੋਈ ਅੱਧੇ ਕੁ ਘੰਟੇ ਦੇ ਸਫਰ ਤੋਂ ਬਾਅਦ ਫਰਿਜ਼ਨੋ ਦੇ ਨੇੜਲੇ ਸ਼ਹਿਰ ਸਿਲਮਾ ਨੂੰ ਪਾਰ ਕਰਕੇ ਦੂਰ ਅੰਗੂਰਾਂ ਦੇ ਖੇਤਾਂ ਵਿਚ ਇੱਕ ਫਾਰਮ ਹਾਊਸ ਵਿਚ ਪਹੁੰਚ ਗਏ। ਇਹ ਸੋਗੀ ਦਾ ਫਾਰਮ ਮੱਖਣ ਦੇ ਭਰਾ ਮਹਿਮਾ ਸਿੰਘ ਦਾ ਸੀ, ਜੋ ਆਪ ਤਾਂ ਸਿਲਮਾ ਟਾਊਨ ਵਿਚ ਇੱਕ ਚੰਗੇ ਘਰ ਵਿਚ ਰਹਿੰਦਾ ਸੀ, ਜਿਹਦਾ ਮੁੰਡਾ ਪੁਲਿਸ ਅਫਸਰ ਤੇ ਨੂੰਹ ਸਕੂਲ ਟੀਚਰ ਹੈ। ਆਪਣੇ ਭਰਾ ਦੀ ਰਿਹਾਇਸ਼ ਦਾ ਪ੍ਰਬੰਧ ਆਪਣੇ ਫਾਰਮ ਹਾਊਸ ਵਿਚ ਕਰ ਦਿੱਤਾ ਸੀ।

ਇਹ ਕਹਿਣ ਨੂੰ ਹੀ ਫਾਰਮ ਹਾਊਸ ਸੀ। ਇਹ ਲੱਕੜ ਦਾ ਇੱਕ ਛੋਟਾ ਜਿਹਾ ਟਰਾਲਾ ਜਿਹਾ ਲੱਗਦਾ ਸੀ, ਬਾਹਰੋਂ ਟੁੱਟੀਆਂ ਫੱਟੀਆਂ ਤੋਂ ਉਸ ਦੀ ਖਸਤਾ ਹਾਲਤ ਵੇਖ ਕੇ ਉਸ ਦੀ ਅੰਦਰਲੀ ਦਿੱਖ ਦਾ ਭਲੀਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਸੀ। ਇਸ ਤਰ੍ਹਾਂ ਦੇ ਇੱਕ-ਦੋ ਘਰ, ਹੋਰ ਵੀ ਨੇੜੇ ਸਨ, ਜਿਨ੍ਹਾਂ ਵਿਚ ਸਪੈਨਿਸ਼ ਮੂਲ ਦੇ ਮਰਦ-ਔਰਤਾਂ ਬੈਠੇ ਸ਼ਾਇਦ ਬੀਅਰ ਪੀ ਰਹੇ ਸਨ। ਉਨ੍ਹਾਂ ਦੇ ਰੱਖੇ ਕੁੱਤੇ ਪਹਿਲਾਂ ਤਾਂ ਭੌਂਕੇ, ਪਰ ਉਨ੍ਹਾਂ ਦੇ ਕਹਿਣ 'ਤੇ ਚੁੱਪ ਕਰਕੇ ਉਨ੍ਹਾਂ ਦੇ ਕੋਲ ਹੀ ਬੈਠ ਗਏ। ਸੁਰਿੰਦਰ ਨੇ ਗੱਡੀ ਇੱਕ ਪਿੱਪਲ-ਨੁਮਾ ਰੁੱਖ ਹੇਠ ਖੜ੍ਹੀ ਕਰ ਦਿੱਤੀ। ਗੱਡੀ ਵੇਖ ਇੱਕ ਸ਼ਖਸ ਅੰਦਰੋਂ ਬਾਹਰ ਹੱਸਦਾ ਹੋਇਆ ਨਿਕਲਿਆ। ਸ਼ਾਇਦ ਉਹਨੇ ਮੈਨੂੰ ਪਛਾਣ ਲਿਆ ਸੀ, ਪਰ ਮੈਂ ਅਜੇ ਉਸ ਨੂੰ ਪਛਾਣਨ ਦੀ ਕੋਸ਼ਿਸ਼ ਕਰ ਰਿਹਾ ਸਾਂ। ਜਦ ਉਸ ਨੇ ਨੇੜੇ ਆ ਮੈਨੂੰ ਮੇਰਾ ਨਾਂ ਲੈ ਕੇ ਬੁਲਾਇਆ ਤਾਂ ਮੈਂ ਉਸ ਦੀ ਅਵਾਜ਼ ਤੋਂ ਪਛਾਣ ਲਿਆ, "ਉਏ! ਤੂੰ ਮੱਖਣ ਐਂ, ਆਹ ਕੀ ਬਣਿਆਂ ਫਿਰਦੈਂ?" ਉਸ ਨੂੰ ਵੇਖ ਕੇ ਮੇਰਾ ਹਾਸਾ ਨਿਕਲ ਗਿਆ। ਉਹ ਥੋੜ੍ਹਾ ਜਿਹਾ ਮੁਸਕਰਾਉਂਦਿਆਂ ਕਹਿਣ ਲੱਗਾ, "ਤੂੰ ਅਜੇ ਨਵਾਂ ਆਇਆਂ, ਥੋੜ੍ਹੇ ਦਿਨ ਠਹਿਰ ਜਾ, ਛੇਤੀ ਪਤਾ ਲੱਗ'ਜੂ! ਛੋਟੇ ਭਾਈ ਏਹ ਅਮਰੀਕਾ ਐ, ਜਿਹੜੀ ਬੰਦੇ ਨੂੰ ਬੰਦਾ ਨਈ ਰਹਿਣ ਦਿੰਦੀ। ਬੰਦਾ ਤਾਂ ਕੀ, ਬੰਦੇ ਦੀ ਸ਼ਕਲ ਵੀ ਵਿਗਾੜ ਦਿੰਦੀ ਐ।" ਮੱਖਣ ਨੇ ਕੱਚਾ ਜਿਹਾ ਹਾਸਾ ਹੱਸਦਿਆਂ ਕਿਹਾ। ਪਤਾ ਨਹੀਂ ਕਿਉਂ ਮੈਨੂੰ ਉਸ ਦੀ ਹਾਲਤ ਵੇਖ ਕੇ ਤਰਸ ਜਿਹਾ ਆਇਆ। ਸ਼ਾਇਦ ਮੈਂ ਅੰਦਰੋਂ ਡਰ ਗਿਆ ਸਾਂ।



ਇੰਡੀਆ ਵਿਚ ਮੱਖਣ ਸਿਹੁੰ ਦਾ ਲੰਮਾ ਚਿੱਟਾ ਦਾਹੜਾ ਖੁੱਲ੍ਹਾ ਛੱਡਿਆ ਹੁੰਦਾ ਸੀ, ਜੋ ਉਸ ਦੀ ਜਟਕਾਨਾ ਸ਼ਖਸੀਅਤ ਨੂੰ ਕਾਫੀ ਫੱਬਦਾ ਸੀ। ਚਿੱਟਾ ਕੁੜਤਾ ਪਜਾਮਾ ਪਾ ਕੇ ਜਦੋਂ ਕਬੱਡੀ ਟੂਰਨਾਮੈਂਟ ਵਿਚ ਘੁੰਮਦਾ ਫਿਰਦਾ ਹੁੰਦਾ ਸੀ ਤਾਂ ਵੱਖਰੀ ਸ਼ਾਨ ਹੁੰਦੀ ਸੀ, ਪਰ ਹੁਣ ਦਾਹੜੀ 'ਤੇ ਮਸ਼ੀਨ ਫੇਰ ਕੇ ਕਾਲੀ ਕੀਤੀ ਹੋਈ ਸੀ, ਜੋ ਉਸ ਦੇ ਸੁਭਾਅ ਦੇ ਉਕਾ ਹੀ ਉਲਟ ਸੀ। ਮੇਰੇ ਅੰਦਰ ਅਮਰੀਕਾ ਬਾਰੇ ਵਿਚਾਰਾਂ ਦੀ ਉਥਲ-ਪੁਥਲ ਹੋਣ ਲੱਗ ਪਈ।

ਮੱਖਣ ਸਾਨੂੰ ਆਪਣੇ ਡੱਬੇ-ਨੁਮਾ ਕਮਰੇ ਅੰਦਰ ਲੈ ਗਿਆ। ਇੱਕ ਬਹੁਤ ਹੀ ਪੁਰਾਣਾ ਜਿਹਾ ਸੋਫਾ, ਜਿਸ ਉਤੇ ਚਾਦਰ ਵਿਛਾਈ ਹੋਈ ਸੀ। ਮੈਂ ਤੇ ਸੁਰਿੰਦਰ ਉਸ ਉਪਰ ਬੈਠ ਗਏ, ਮੱਖਣ ਸਾਡੇ ਸਾਹਮਣੇ ਵਾਲੀ ਕੁਰਸੀ ਉਪਰ ਬੈਠ ਗਿਆ। ਵਿਚਾਲੇ ਸਾਡੇ ਇੱਕ ਛੋਟਾ ਜਿਹਾ ਸਟੂਲ ਸੀ। ਕਮਰੇ ਅੰਦਰ ਪੁਰਾਣੀ ਲੱਕੜ ਦੀ ਸਿਲ ਦੀ ਗੰਧ ਮੇਰੇ ਨੱਕ ਨੂੰ ਚੜ੍ਹਨ ਲੱਗੀ, ਪਰ ਮੈਂ ਉਨ੍ਹਾਂ ਨੂੰ ਮਹਿਸੂਸ ਨਹੀਂ ਹੋਣ ਦਿੱਤਾ।

ਮੱਖਣ ਨੇ ਪੀਣ ਦੀ ਸੁਲਾਹ ਮਾਰੀ, ਸੁਰਿੰਦਰ ਨੇ ਪਹਿਲਾਂ ਹੀ ਨਾਲ ਲਿਆਂਦੀ ਬੋਤਲ ਸਟੂਲ 'ਤੇ ਰੱਖ ਦਿੱਤੀ। ਹਾਸਾ ਮਖੌਲ ਚਲਦਾ ਰਿਹਾ। ਉਹ ਇੱਕ ਇੱਕ ਪੈਗ ਪਾਉਂਦੇ ਸਾਰ ਹੀ ਖਿੱਚ ਗਏ, ਮੈਨੂੰ ਵੀ ਛੇਤੀ ਪੀਣ ਲਈ ਜੋਰ ਪਾਉਣ ਲੱਗੇ। "ਬਾਈ ਕੀ ਕਰਦਾ ਹੁੰਨਾਂ?" ਮੈਂ ਮੱਖਣ ਨੂੰ ਪੁੱਛਿਆ। "ਕਰਨਾ ਕੀ ਐ, ਐਥੇ ਫੌਸਟਰ ਫਾਰਮ ਵਿਚ ਅਪਲਾਈ ਕੀਤਾ ਹੋਇਆ, ਅਜੇ ਪੇਪਰ ਨਹੀਂ ਨਿਕਲੇ।" ਜਦ ਉਹ ਇਹ ਗੱਲ ਕਹਿ ਰਿਹਾ ਸੀ, ਉਸ ਦੇ ਚਿਹਰੇ 'ਤੇ ਰੌਣਕ ਨਹੀਂ ਸੀ। ਮੈਂ ਟਿਕਟਿਕੀ ਲਾ ਕੇ ਉਹਦੇ ਚਿਹਰੇ ਵੱਲ ਤੱਕ ਰਿਹਾ ਸਾਂ। ਉਹਦੇ ਹਾਵ ਭਾਵ ਮੈਨੂੰ ਹੈਰਾਨ ਕਰ ਰਹੇ ਸਨ।

ਅਮਰੀਕਾ 'ਚ ਨਵਾਂ ਨਵਾਂ ਆਇਆ ਹੋਣ ਕਾਰਨ ਮੈਨੂੰ ਨਹੀਂ ਸੀ ਪਤਾ ਕਿ ਇੱਥੇ ਹੁਣ ਨੌਕਰੀਆਂ ਸੌਖੀਆਂ ਨਹੀਂ ਸੀ ਮਿਲਦੀਆਂ। ਮੈਨੂੰ ਦੱਸਿਆ ਕਿ ਫੌਸਟਰ ਫਾਰਮ ਕੁੱਕੜਾਂ ਨੂੰ ਕੱਟਣ ਵਾਲੀ ਫੈਕਟਰੀ ਹੈ, ਜਿੱਥੇ ਕੁੱਕੜਾਂ ਦਾ ਮੀਟ ਤਿਆਰ ਹੁੰਦਾ ਹੈ। ਉਥੇ ਕੰਮ ਬੜਾ ਥਕਾ ਤੇ ਅਕਾ ਦੇਣ ਵਾਲਾ ਹੈ। ਬਹੁਤੇ ਪੰਜਾਬੀ ਇਸੇ ਫੈਕਟਰੀ ਵਿਚ ਹੀ ਕੰਮ ਕਰਦੇ ਹਨ। ਮੱਖਣ ਤਿੰਨ ਕੁ ਪੈਗ ਪੀ ਕੇ ਫਿਸ ਪਿਆ, "ਆਹ ਵੇਖ ਲੈ ਛੋਟੇ ਭਾਈ, ਘੁਮਾਂ ਘੁਮਾਂ ਵਿਚ ਪਾਈਆਂ ਕੋਠੀਆਂ ਛੱਡ ਕੇ ਖੁੱਡੇ ਜਿਹੇ 'ਚ ਤੜੇ ਬੈਠੇ ਆਂ।" ਮੱਖਣ ਨੇ ਸਾਹਮਣੇ ਪਏ ਖਾਲੀ ਗਲਾਸ ਵਿਚ ਵੱਡਾ ਹਾੜਾ ਪਾਇਆ ਤੇ ਅੱਖਾਂ ਵਿਚ ਸਿਮ ਆਏ ਪਾਣੀ ਨੂੰ ਹੱਥ ਨਾਲ ਪੂੰਝਿਆ। ਮੈਨੂੰ ਉਸ ਦੀ ਹਾਲਤ ਵਿਚੋਂ ਆਪਣੀ ਹੋਣੀ ਨਜ਼ਰ ਆਉਣ ਲੱਗ ਪਈ ਸੀ। ਮੈਨੂੰ ਸੁਸਤ ਜਿਹਾ ਬੈਠਾ ਵੇਖ ਮੱਖਣ ਨੇ ਮੇਰੇ ਗਲਾਸ ਵਿਚ ਤਕੜਾ ਜਿਹਾ ਪੈਗ ਪਾਇਆ। ਮੈਂ ਅੰਦਰਲੇ ਡਰ ਨੂੰ ਦੂਰ ਕਰਨ ਲਈ ਇੱਕੋ ਝਟਕੇ ਨਾਲ ਸਾਰਾ ਪੈਗ ਖਿੱਚ ਗਿਆ।

ਜਦੋਂ ਅਸੀਂ ਤੁਰੇ, ਹਨੇਰਾ ਕਾਫੀ ਉਤਰ ਆਇਆ ਸੀ, ਪਰ ਮੱਖਣ ਸਾਨੂੰ ਅਜੇ ਵੀ ਹੋਰ ਬੈਠਣ ਲਈ ਜ਼ੋਰ ਪਾ ਰਿਹਾ ਸੀ। ਸੁਰਿੰਦਰ ਸ਼ਰਾਬ ਪੀ ਕੇ ਵੀ ਗੱਡੀ ਚਲਾ ਕੇ ਘਰ ਲੈ ਆਇਆ। ਅਮਰੀਕਾ ਵਿਚ ਸ਼ਰਾਬ ਪੀ ਕੇ ਗੱਡੀ ਚਲਾਉਣਾ ਵੱਡਾ ਜੁਰਮ ਹੈ। ਟਿਕਟ ਮਿਲਣ 'ਤੇ ਭਾਰੀ ਜੁਰਮਾਨਾ ਅਤੇ ਲਾਈਸੈਂਸ ਸਸਪੈਂਡ ਹੋਣ ਦਾ ਡਰ ਬਣਿਆ ਰਹਿੰਦਾ ਹੈ। ਮੈਂ ਹੈਰਾਨ ਹੋ ਰਿਹਾ ਸਾਂ ਕਿ ਪੰਜਾਬੀ ਫਿਰ ਵੀ ਗੱਡੀਆਂ ਭਜਾਈ ਫਿਰਦੇ ਹਨ।

ਮਹੀਨੇ ਕੁ ਬਾਅਦ ਮੱਖਣ ਮੈਨੂੰ ਇੱਕ ਪਾਰਟੀ 'ਤੇ ਮਿਲਿਆ। ਇਹ ਪਾਰਟੀ ਮੇਰੇ ਛੋਟੇ ਭਰਾ ਦੇ ਦੋਸਤ ਮਨਜੀਤ ਕੁਲਾਰ ਦੇ ਮੁੰਡੇ ਦੇ ਜਨਮ ਦਿਨ ਦੀ ਪਾਰਟੀ ਸੀ। ਅਸੀਂ ਕਾਫੀ ਰਿਸ਼ਤੇਦਾਰ ਦੋਸਤ-ਮਿੱਤਰ ਬੈਠੇ ਦਾਰੂ ਪੀ ਰਹੇ ਸਾਂ, ਨਾਲ ਮੁਰਗਿਆਂ ਨੂੰ ਵੀ ਵਾਢਾ ਲਾਇਆ ਹੋਇਆ ਸੀ। ਮੱਖਣ ਆਉਂਦਾ ਦਿਸਿਆ। ਉਹ ਮਸਾਂ ਹੌਲੀ ਹੌਲੀ ਕਰਕੇ ਸਾਡੇ ਕੋਲ ਪਹੁੰਚਿਆ।

ਮੈਂ ਉਹਦੀ ਹਾਲਤ ਵੇਖ ਕੇ ਆਖਿਆ, "ਹਾਅ ਕੀ ਕਰਾਈ ਫਿਰਦੈ?" ਉਹ ਮਸਾਂ ਹੀ ਕੁਰਸੀ 'ਤੇ ਬੈਠਦਿਆਂ ਬੋਲਿਆ, "ਕਰੌਣਾ ਕੀ ਸੀ, ਸਾਲੇ ਫੌਸਟਰ ਫਾਰਮ 'ਚ, ਕੁੱਕੜ ਵੱਢੀਦੇ ਐ।" ਉਹਦੇ ਹੱਥ ਪੈਰ ਕਾਫੀ ਸੁੱਜੇ ਹੋਏ ਸਨ, ਗੁੱਟ ਤੇ ਰੁਮਾਲ ਦਾ ਕੰਕਣਾ ਜਿਹਾ ਬਣਾ ਕੇ ਲਵੇਟਿਆ ਹੋਇਆ ਸੀ ਅਤੇ ਗਿੱਟਿਆਂ 'ਤੇ ਵੀ ਪੱਟੀਆਂ ਬੰਨ੍ਹੀਆਂ ਹੋਈਆਂ ਸਨ।

"ਆਹ ਕਿਵੇਂ ਸੁੱਜ ਗਏ?" ਮੈਂ ਉਹਦੇ ਹੱਥਾਂ-ਪੈਰਾਂ ਵੰਨੀਂ ਵੇਖ ਕੇ ਕਿਹਾ।

"ਪੁੱਛ ਨਾ ਛੋਟੇ ਭਾਈ, ਉਥੇ ਠੰਡ ਬਹੁਤ ਹੁੰਦੀ ਹੈ ਤੇ ਕੰਮ ਵੀ ਬੜਾ ਔਖਾ, ਢੂਈ ਸਿੱਧੀ ਨਹੀਂ ਹੁੰਦੀ, ਸਾਰਾ ਦਿਨ ਚੱਲ ਸੋ ਚੱਲ ਹੋਈ ਜਾਂਦੀ ਐ। ਛੋਟੇ ਭਾਈ ਕੈਦੀਆਂ ਨਾਲੋਂ ਵੀ ਭੈੜੀ ਜੂਨ ਐ, ਮੈਥੋਂ ਤਾਂ ਇਹ ਕੰਮ ਨਹੀਂ ਹੋਣਾ, ਛੱਡ ਦੇਣੈਂ।" ਉਹ ਅੱਖਾਂ ਭਰ ਆਇਆ ਸੀ।

'ਕੇਰਾਂ ਮੁੰਡਾ ਪਹੁੰਚ ਜੇ, ਆਪਾਂ ਸਾਲੀ ਏਸ ਅਮਰੀਕਾ ਤੋਂ ਕੀ ਲੈਣਾ, ਜਿਹਨੇ ਖੂਨ ਵੀ ਨਿਚੋੜ ਲੈਣਾ ਤੇ ਇੱਜਤ ਵੀ ਖੂਹ ਖਾਤੇ ਪਾ'ਤੀ। ਏਹ ਕਾਹਦੀ ਅਮਰੀਕਾ ਜਿਹਦੇ ਪਿੱਛੇ ਸਰਦਾਰੀਆਂ ਛੱਡ ਕੇ ਕੁੱਕੜ ਵੱਢਦੇ ਫਿਰਦੇ ਆਂ।"

"ਚਲ ਛੱਡ ਬਾਈ ਮੱਖਣ ਸਿਹਾਂ, ਦਿਲ ਢਾਹੁਣ ਵਾਲੀਆਂ ਗੱਲਾਂ ਨਾ ਕਰ, ਚੁੱਕ ਗਲਾਸ ਖਾਲੀ ਕਰ, ਆ ਫੜ ਕੁੱਕੜ, ਏਹ ਤੇਰੇ ਹੀ ਫੌਸਟਰ ਫਾਰਮ ਦੇ ਐ।" ਮੇਰਾ ਛੋਟਾ ਭਰਾ ਦੀਪੀ ਉਹਦੇ ਅੱਗੇ ਮੁਰਗੇ ਵਾਲੀ ਪਲੇਟ ਕਰਦਾ ਬੋਲਿਆ।

"ਛੋਟੇ ਭਾਈ ਸਾਨੂੰ ਕੁੱਕੜ ਕਾਹਨੂੰ ਚੰਗੇ ਲੱਗਦੇ ਐ, ਸਾਨੂੰ ਤਾਂ ਰਾਤ ਨੂੰ ਵੀ ਸੁੱਤਿਆਂ ਪਿਆਂ ਕੁੱਕੜ ਈ ਦੀਹਦੇ ਐ, ਜੇ ਸੱਚ ਪੁੱਛੇ ਛੋਟੇ ਭਾਈ ਲੋਕੀਂ ਤਾਂ ਕੁੱਕੜ ਖਾਂਦੇ ਐ, ਮੈਨੂੰ ਤਾਂ ਕੁੱਕੜ ਹੀ ਖਾ'ਗੇ।" ਮੱਖਣ ਸਿਹੁੰ ਦੀਆਂ ਅੱਖਾਂ 'ਚੋਂ ਪਾਣੀ ਰੋਕਦਿਆਂ ਵੀ ਸਿਮ ਆਇਆ ਸੀ। ਉਹਦੀ ਇਹ ਹਾਲਤ ਵੇਖ ਕੇ ਪਲੇਟ ਪਏ ਮੁਰਗੇ ਕੋਲੋਂ ਮੈਨੂੰ ਵੀ ਡਰ ਆਉਣ ਲੱਗ ਪਿਆ ਸੀ।

"ਮਾਸਟਰਾ ਦਿਲ ਛੋਟਾ ਨਾ ਕਰ, ਬਥੇਰਾ ਚਿਰ ਕੁਰਸੀ 'ਤੇ ਬੈਠ ਕੇ ਮੁਫਤ ਦੀਆਂ ਖਾਧੀਆਂ। ਏਹ ਅਮਰੀਕਾ ਐ, ਏਥੇ ਕੋਹਲੂ ਦਾ ਬਲਦ ਬਣਨਾ ਹੀ ਪੈਣਾ।" ਕੋਲ ਬੈਠੇ ਮਨਜੀਤ ਕੁਲਾਰ ਨੇ ਵਿਅੰਗ ਕੱਸਿਆ। ਮੈਨੂੰ ਆਂਏ ਲੱਗਿਆ ਜਿਵੇਂ ਸਾਰੇ ਜਣੇ ਇਹ ਗੱਲਾਂ ਕਰਕੇ ਮੈਨੂੰ ਸਮਝਾ ਰਹੇ ਹੋਣ, ਕਿਉਂਕਿ ਮੇਰੀ ਵੀ ਨੌਕਰੀ ਲਈ ਇਸੇ ਫੈਕਟਰੀ ਵਿਚ ਅਪਲਾਈ ਕਰਨ ਦੀ ਗੱਲ ਹੋ ਰਹੀ ਸੀ।

# ਉਦਾਸ ਸਮਿਆਂ ਅੰਦਰ

*(ਪਿਛਲੇ ਸਫੇ ਦੀ ਬਾਕੀ)*

ਉਤਰਦੀ ਤਾਂ ਦਿਨ ਦੇ ਸੁਹੱਪਣ ਦੀ ਸੋਝੀ ਮਿਲਦੀ। ਸ਼ਾਮ ਦੇ ਘੁਸਮੁੱਸੇ ਵਿਚ ਹੀ ਸਰਘੀ ਦੀ ਝਰਦੀ ਲੋਅ ਦੀ ਕਰਾਮਾਤ ਦਾ ਪਤਾ ਲੱਗਦਾ।

ਉਦਾਸ ਮਨ ਵਿਚ ਜੇ ਇਹ ਭਾਵਨਾ ਪੈਦਾ ਹੋਵੇ ਕਿ ਮੈਂ ਮੁਸਕਰਾਹਟ ਦਾ ਵਣਜ ਕਰਨਾ ਅਤੇ ਉਦਾਸੀ ਦੀ ਪਰਤ, ਭਾਵਨਾਵਾਂ ਦੀ ਪਿਲੱਤਣ ਨਹੀਂ ਬਣਨ ਦੇਣੀ ਤਾਂ ਉਦਾਸੀ ਕਦੇ ਵੀ ਮਨ-ਬਰੂਹਾਂ 'ਤੇ ਦਸਤਕ ਨਹੀਂ ਦੇ ਸਕਦੀ।

ਦਰਅਸਲ ਉਦਾਸੀ ਤੋਂ ਬਚਣ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਸਾਡੀ ਖੁਸ਼ੀ ਸਾਡੇ ਤੋਂ ਬੇਮੁੱਖ ਨਾ ਹੋਵੇ। ਆਪਣੇ ਆਪ ਵਿਚੋਂ ਹੀ ਨਰੋਈ ਸੋਚ ਅਤੇ ਸੁੰਦਰਤਾ ਦਾ ਅਹਿਸਾਸ ਪੈਦਾ ਹੋ ਸਕਦਾ।

ਉਦਾਸੀ ਵਿਚੋਂ ਹੀ ਉਗਮਦਾ ਏ ਜ਼ਿੰਦਗੀ ਦਾ ਫਲਸਫਾ। ਇਸ ਵਿਚੋਂ ਹੀ ਨਾਜ਼ਲ ਹੁੰਦਾ ਕਿ ਜ਼ਿੰਦਗੀ ਦੀਆਂ ਕਰਮ-ਰੇਖਾਵਾਂ, ਤਕਦੀਰ ਜਾਂ ਕਿਸਮਤ ਨੂੰ ਮਨੁੱਖੀ ਤਰਜ਼ੀਹਾਂ ਤੇ ਤਰਕੀਬਾਂ ਵਿਚੋਂ ਹੀ ਸਮਝਿਆ ਅਤੇ ਸਿਆਣਿਆ ਜਾ ਸਕਦਾ।

ਕਈ ਵਾਰ ਉਦਾਸ ਲੋਕ ਉਹ ਵੀ ਹੁੰਦੇ, ਜੋ ਆਪਣੀ ਉਦਾਸੀ ਨੂੰ ਮਨ ਵਿਚ ਦਬਾਅ ਕੇ ਦੂਸਰਿਆਂ ਨੂੰ ਹਸਾਉਂਦੇ। ਕਦੇ ਉਨ੍ਹਾਂ ਦੇ ਨੈਣਾਂ ਵਿਚ ਛਹਿ ਕੇ ਬੈਠੀ ਉਦਾਸ ਤਵਾਰੀਖ ਨੂੰ ਪੜ੍ਹਨਾ, ਫਿਰ ਪਤਾ ਲੱਗੇਗਾ ਕਿ ਉਦਾਸੀ ਵਿਚੋਂ ਕਿਹੜੀਆਂ ਦੁਆਵਾਂ, ਆਸ਼ਾਵਾਂ ਅਤੇ ਖੈਰਖਾਹਾਂ ਦੀ ਪੈੜ ਨੱਪੀ ਜਾ ਸਕਦੀ ਏ।

ਉਦਾਸ ਜਰੂਰ ਹੋਵੋ, ਪਰ ਕਦੇ ਵੀ ਨਿਰਾਸ਼ ਜਾਂ ਹਤਾਸ਼ ਨਾ ਹੋਵੋ, ਕਿਉਂਕਿ ਨਿਰਾਸ਼ਾ ਵਿਚੋਂ ਹੀ ਜ਼ਿੰਦਗੀ ਪ੍ਰਤੀ ਉਪਰਾਮਤਾ ਪੈਦਾ ਹੁੰਦੀ। ਹਤਾਸ਼ ਲੋਕ ਤਾਂ ਆਪਣੀ ਕਬਰ ਪੁੱਟਣ ਵਿਚ ਹੀ ਸਦਾ ਮਸ਼ਰੂਫ ਹੁੰਦੇ।

ਉਦਾਸੀ ਨੂੰ ਕਦੇ ਨਾਨਕ ਜਿਹੀ ਉਦਾਸੀ ਦੀ ਰੰਗਤ ਦੇਣਾ, ਤੁਹਾਨੂੰ ਪਤਾ ਲੱਗੇਗਾ ਕਿ ਉਦਾਸੀ ਕਿਹੜੀਆਂ ਨਿਆਮਤਾਂ ਨਾਲ ਨਿਵਾਜਦੀ ਏ।

ਬੰਦਾ ਉਦਾਸੀ ਵਿਚੋਂ ਆਸ, ਹਾਰ ਕੇ ਵੀ ਖੁਦ 'ਤੇ ਵਿਸ਼ਵਾਸ, ਰੁਆਂਸੇ ਚਿਹਰਿਆਂ 'ਤੇ ਵੀ ਹੁਲਾਸ ਅਤੇ ਡਿਗਦਿਆਂ ਵੀ ਆਪਣੇ ਆਪ 'ਤੇ ਧਰਵਾਸ ਹੋਵੇ ਤਾਂ ਉਦਾਸ ਵਕਤ ਦੀ ਵਹਿੰਗੀ ਵਿਚ ਨਿਆਸਰਿਆਂ ਲਈ ਆਸਰਾ, ਨਿਥਾਵਿਆਂ ਲਈ ਥਾਂ ਅਤੇ ਬੇਗਾਨਿਆਂ ਲਈ ਅਪਣੱਤ ਦਾ ਖਜਾਨਾ ਹੁੰਦਾ।

ਉਦਾਸ ਸਮਿਆਂ ਵਿਚ ਸਭ ਤੋਂ ਖੂਬਸੂਰਤ ਹੁੰਦਾ ਏ ਆਪਣੇ ਆਪ ਦੇ ਰੂਬਰੂ ਹੋਣਾ। ਜੀਵਨ-ਸਫਰ ਨੂੰ ਯਾਦ ਕਰਕੇ, ਇਸ ਦੇ ਖੁਸ਼ਗਵਾਰ ਪਲਾਂ ਨੂੰ ਮੁੜ ਤੋਂ ਜਿਉਣਾ। ਯਾਦ ਰੱਖਣਾ! ਸਮਾਂ ਕਦੇ ਸਦੀਵ ਨਹੀਂ ਰਹਿੰਦਾ। ਇਸ ਨੇ ਬਦਲਣਾ ਹੁੰਦਾ ਅਤੇ ਇਸ ਦੇ ਬਦਲਣ ਨਾਲ ਪੱਤਝੱੜ ਵਿਚੋਂ ਹੀ ਬਹਾਰ ਦੀ ਆਮਦ ਹੁੰਦੀ, ਜਿਸ ਨੇ ਰੁੰਡ-ਮਰੁੰਡ ਬਿਰਖਾਂ ਨੂੰ ਕੋਮਲ ਪੱਤੀਆਂ, ਫੁੱਲਾਂ ਅਤੇ ਫਲਾਂ ਨਾਲ ਲੱਦਣਾ ਹੁੰਦਾ।

ਚੰਗੇਰੇ ਭਵਿੱਖ ਦੀ ਆਸ ਵਿਚ ਉਦਾਸ ਸਮਿਆਂ ਨੂੰ ਜ਼ਿੰਦਾਦਿਲੀ ਅਤੇ ਦਿਆਨਤਦਾਰੀ ਨਾਲ ਬਤੀਤ ਕਰਕੇ ਹੀ ਜੀਵਨ ਦੀਆਂ ਖੁਰ ਰਹੀਆਂ ਪਰਤਾਂ ਵਿਚੋਂ ਵੀ ਜੀਵਨ ਦੇ ਅਛੂਤੇ ਰਹੱਸਾਂ ਨੂੰ ਰੁਸ਼ਨਾਇਆ ਜਾ ਸਕਦਾ। ਉਦਾਸੀ ਵਿਚੋਂ ਵੀ ਉਮੀਦ, ਉਮੰਗ, ਉਦਮ, ਊਰਜਾ, ਉਤੇਜਨਾ ਅਤੇ ਉਤਪਤੀ ਵਰਗੇ ਭਾਵਾਂ ਨੂੰ ਰੂਹਦਾਰੀ ਵਿਚ ਵਸਾ ਕੇ, ਰੂਹ-ਰੇਜ਼ਤਾ ਨੂੰ ਜੀਵਨ-ਸ਼ੈਲੀ ਦੇ ਨਾਮ ਕੀਤਾ ਜਾ ਸਕਦਾ।

# ਸੋਚਾਂ ਦੀਆਂ ਲੜੀਆਂ ਅਤੇ ਅੱਲ੍ਹੜ ਵਰੇਸ ਦਾ ਨਾਟਕ

**ਕਲਾ ਪਰਿਕਰਮਾ**

ਸਾਡੇ ਕੋਲ ਬਾਲਗ ਵਰਗ ਲਈ ਅਨੇਕਾਂ ਨਾਟਕ ਹਨ। ਬਾਲ ਨਾਟਕ ਬਹੁਤ ਜ਼ਿਆਦਾ ਨਹੀਂ, ਫਿਰ ਵੀ ਇਸ ਦੀ ਹੋਂਦ ਨਜ਼ਰ ਪੈਂਦੀ ਹੈ। ਨਾਟਕ ਮਨ ਦੀ ਗੱਲ ਕਰਦਾ ਹੈ। ਭਾਵਨਾਵਾਂ ਦੀ ਤਰਜਮਾਨੀ ਕਰਦਾ ਹੈ। ਸਮੱਸਿਆ ਦੀ ਪੇਸ਼ਕਾਰੀ ਕਰਦਾ ਹੈ। ਫਿਰ ਕੀ ਕਾਰਨ ਹੈ ਕਿ ਅੱਲ੍ਹੜ ਵਰੇਸ ਦਾ ਨਾਟਕ ਲਗਪਗ ਨਾਦਾਰਦ ਹੈ। ਪੰਜਾਬੀ ਨਾਟਕਕਾਰੀ 'ਚ ਤਾਂ ਮੁਸ਼ਕਿਲ ਨਾਲ ਲੱਭਦਿਆਂ



**ਡਾ. ਸਾਹਿਬ ਸਿੰਘ**
ਫੋਨ: +91-98880-11096

ਲਭਾਉਂਦਿਆਂ ਕੁਝ ਸੰਕੇਤ ਹੀ ਮਿਲਦੇ ਹਨ ਪਰ ਇਸ ਵਿਸ਼ੇ ਨੂੰ, ਇਸ ਉਮਰ ਨੂੰ ਮੁਖਾਤਿਬ ਹੁੰਦਾ ਕੋਈ ਸੰਪੂਰਨ ਨਾਟਕ ਗੈਰ-ਹਾਜ਼ਰ ਹੈ। ਕੀ ਕਾਰਨ ਹਨ? ਕੀ ਅੱਲ੍ਹੜ ਉਮਰ ਦੇ ਜਜ਼ਬਾਤ ਨਾਟਕ ਦੇ ਮੇਚ ਦੇ ਨਹੀਂ? ਕੀ ਅਸੀਂ ਇਨ੍ਹਾਂ ਦੀ ਗੱਲ ਕਰਦਿਆਂ ਸੁਰੱਖਿਅਤ ਮਹਿਸੂਸ ਨਹੀਂ ਕਰਦੇ? ਕੀ ਇਨ੍ਹਾਂ ਦੀ ਗੱਲ ਕਰਦਿਆਂ ਸਾਨੂੰ ਸਮਾਜਕ ਧਾਰਮਿਕ ਚੁਣੌਤੀਆਂ ਨਾਲ ਟਕਰਾਉਣ ਤੋਂ ਡਰ ਲੱਗਦਾ ਹੈ? ਕੀ ਇਹ ਵਰੇਸ ਐਡੀ ਹੀ ਮੂੰਹ ਜ਼ੋਰ ਹੈ ਕਿ ਨਾਟਕਕਾਰਾਂ ਦੇ ਵੱਸ 'ਚ ਨਹੀਂ ਆ ਰਹੀ? ਜਾਂ ਅਸੀਂ ਸਾਰੇ ਵੀ ਉਸ ਸਾਜ਼ਿਸ਼ ਦਾ ਸ਼ਿਕਾਰ ਹਾਂ ਜਿਹੜੀ ਸਾਜ਼ਿਸ਼ ਇਸ ਵਰੇਸ ਨੂੰ ਪਤਿਆ ਕੇ, ਪਲੋਸ ਕੇ ਕਾਬੂ 'ਚ ਰੱਖਣ 'ਚ ਵਿਸ਼ਵਾਸ ਰੱਖਦੀ ਹੈ ਪਰ ਉਸ ਦੀ ਗੱਲ ਸੁਣਨੀ ਨਹੀਂ ਚਾਹੁੰਦੀ। ਬਾਲ ਮਨ ਵੀ ਤਸਵੀਰਾਂ ਵਾਹੁੰਦਾ ਹੈ, ਸੁਪਨੇ ਬੁਣਦਾ ਹੈ, ਖਿਆਲਾਂ ਦੇ ਖੰਭਾਂ 'ਤੇ ਉਡਣ ਦਾ ਯਤਨ ਕਰਦਾ ਹੈ ਪਰ ਅੱਲ੍ਹੜ ਉਮਰ ਦੀਆਂ ਭਾਵਨਾਵਾਂ ਵੱਖਰੀਆਂ ਹੁੰਦੀਆਂ ਹਨ। ਉਹ ਨਾ ਬਾਲਕ ਹੁੰਦਾ ਹੈ, ਤੇ ਨਾ ਬਾਲਗ। ਉਹ ਖਾਲੀ ਵੀ ਨਹੀਂ ਹੁੰਦਾ ਤੇ ਭਰਿਆ ਹੋਇਆ ਵੀ ਨਹੀਂ। ਉਹ ਨਿਆਣਪੁਣੇ ਦੀ ਕੰਧ ਟੱਪ ਚੁੱਕਾ ਹੁੰਦਾ ਹੈ ਪਰ ਅਜੇ ਸਿਆਣਿਆਂ ਦੀ 'ਸਿਆਣਪ' ਤੋਂ ਮਾਸਾ ਕੁ ਦੂਰ ਹੁੰਦਾ ਹੈ। ਉਹਦੀ ਮਾਸੂਮੀਅਤ ਅਜੇ ਮਰੀ ਤਾਂ ਨਹੀਂ ਹੁੰਦੀ ਪਰ ਗੱਲ੍ਹਾਂ ਦੀ ਲਾਲੀ ਭਖਣ ਦੇ ਰਾਹ ਪੈ ਚੁੱਕੀ ਹੁੰਦੀ ਹੈ। ਉਹਦੀਆਂ ਤਸਵੀਰਾਂ ਦੀ ਹੱਦਬੰਦੀ ਉਭਰਨੀ ਸ਼ੁਰੂ ਹੋ ਚੁੱਕੀ ਹੁੰਦੀ ਹੈ। ਉਹਦੇ ਸੁਫਨੇ ਖੌਰੂ ਪਾਉਣ ਵਾਲੀ ਅਵਸਥਾ ਵੱਲ ਵਧ ਰਹੇ ਹੁੰਦੇ ਹਨ। ਉਹਦੇ ਖਿਆਲਾਂ 'ਚ ਉਗੇ ਖੰਭ ਅਵੱਲੀ ਤਾਕਤ ਨਾਲ ਕੰਬਣ ਲੱਗ ਪੈਂਦੇ ਹਨ। ਇਨ੍ਹਾਂ ਦੀ ਉਡਾਰੀ ਨੂੰ ਦਿਸ਼ਾ ਕੌਣ ਦੇਵੇਗਾ?

ਨਾਟਕਕਾਰ ਜਦ ਆਪਣੇ ਨਾਟਕ ਦੀ ਉਸਾਰੀ ਸ਼ੁਰੂ ਕਰਦਾ ਹੈ ਤਾਂ ਇਸ ਦੀਆਂ ਨੀਂਹਾਂ ਆਪਣੇ ਵਿਚਾਰਾਂ ਨਾਲ ਭਰਦਾ ਹੈ। ਉਹਦੇ ਦਿਲ ਦਿਮਾਗ ਨੂੰ ਕਿਸੇ ਫੁਰਨੇ ਨੇ ਘੇਰਿਆ ਹੁੰਦਾ ਹੈ। ਉਹ ਉਠਦਾ ਬਹਿੰਦਾ, ਸੌਂਦਾ ਜਾਗਦਾ ਇਸ ਫੁਰਨੇ ਸੰਗ ਬਾਤਾਂ ਪਾਉਂਦਾ ਹੈ, ਇਸ ਫੁਰਨੇ ਦੀ ਅੰਦਰਲੀ ਤੰਦ ਫੜਨ ਲਈ ਤਰਲੋਮੱਛੀ ਹੋ ਰਿਹਾ ਹੁੰਦਾ ਹੈ। ਅੱਲ੍ਹੜ ਵਰੇਸ ਵੀ ਤਾਂ ਇਹੀ ਅਵਸਥਾ ਹੰਢਾਉਂਦੀ ਹੈ। ਉਹਦੇ ਸਰੀਰ 'ਚ ਕੁਝ ਤਬਦੀਲੀਆਂ ਅਚਾਨਕ ਵਾਪਰ ਰਹੀਆਂ ਹੁੰਦੀਆਂ ਜੋ ਉਹਨੂੰ ਵੀ ਪੂਰੀ ਤਰ੍ਹਾਂ ਸਮਝ ਨਹੀਂ ਆਉਂਦੀਆਂ। ਹਾਰਮੋਨ ਤਾਂ ਤਕਨੀਕੀ ਨਾਮ ਹੈ ਪਰ ਮੱਸ ਫੁੱਟ ਗੱਭਰੂ ਜਾਂ ਅਚਾਨਕ ਅੱਡੀਆਂ ਕੂਚਣ ਦੇ ਰਾਹ ਪਈ ਮੁਟਿਆਰ ਜਿਸ ਦੁਚਿੱਤੀ ਨਾਲ ਘੁਲ ਰਹੇ ਹੁੰਦੇ ਹਨ, ਉਸ ਨੂੰ ਕਿਹੜੀ ਤਕਨੀਕ ਪਕੜ ਕੇ ਕਿਸੇ ਕੁੱਜੇ ਵਿਚ ਬੰਦ ਕਰੇ? ਅਚਾਨਕ ਉਹਨੂੰ ਜੁਆਕਾਂ 'ਚ ਬੈਠਣਾ ਚੰਗਾ ਲੱਗਣੋਂ ਹਟ ਜਾਂਦਾ ਹੈ। ਆਪ ਮੁਹਾਰੇ ਉਹਦੇ ਸਾਹਾਂ ਦੀ ਧੜਕਣ ਉਹਦੇ ਕਾਬੂ ਤੋਂ ਬਾਹਰ ਹੋਣ ਲੱਗਦੀ ਹੈ। ਵਿਰੋਧੀ ਲਿੰਗ ਨੂੰ ਦੇਖ



ਕੇ, ਉਹਦੀ ਸੰਗਤ 'ਚ ਉਠ ਬੈਠ ਕੇ ਉਹਦੀ ਧੌਂਕਣੀ ਤੇਜ਼ ਹੋਣ ਲੱਗਦੀ ਹੈ। ਉਤੋਂ ਸਿਤਮਜ਼ਰੀਫੀ ਇਹ ਕਿ ਨਾਸਮਝ ਚੌਗਿਰਦਾ ਕਦੇ ਤਾਂ ਉਹਨੂੰ ਇਹ ਕਹਿੰਦਾ ਹੈ ਕਿ 'ਤੂੰ ਨਿਆਣਿਆਂ ਸੰਗ ਕਿਓਂ ਨਹੀਂ ਖੇਡਦਾ ਜਾਂ ਖੇਡਦੀ' ਤੇ ਕਦੇ ਸ਼ੱਕ ਕਰਦਾ ਹੈ ਕਿ 'ਸਿਆਣਿਆਂ ਦੀਆਂ ਗੱਲਾਂ 'ਚ ਦਖਲ ਕਿਉਂ ਦੇ ਰਿਹਾ ਏਂ ਜਾਂ ਇਹ ਗੁਸਤਾਖੀ ਕਿਉਂ ਕਰ ਰਹੀ ਏਂ।' ਉਹ ਕੀ ਕਰੇ! ਉਹਦੀ ਜੁਆਕਾਂ ਦੀਆਂ ਖੇਡਾਂ 'ਚ ਦਿਲਚਸਪੀ ਘਟਣ ਲੱਗਦੀ ਹੈ ਤੇ ਵੱਡਿਆਂ ਦੀਆਂ ਗੱਲਾਂ ਰੁੱਖੀਆਂ ਤੇ ਬੇਲੋੜੀਆਂ ਲੱਗ ਰਹੀਆਂ ਹੁੰਦੀਆਂ ਹਨ। ਉਹ ਆਪਣੀ ਵਰੇਸ ਦੀ ਸ਼ਹਿਨਸ਼ਾਹੀ ਹੰਢਾਅ ਰਿਹਾ ਹੁੰਦਾ ਹੈ। ਇੱਥੇ ਹੀ ਸਮਾਜ ਆਪਣੀ ਜ਼ਿੰਮੇਵਾਰੀ ਤੋਂ ਭੱਜਦਾ ਹੈ। ਇੱਥੋਂ ਹੀ ਸਮੱਸਿਆ ਦਾ ਆਗਮਨ ਹੁੰਦਾ ਹੈ। ਅਸੀਂ 'ਸੱਤਾ ਪਸੰਦ ਲੋਕ' ਕਿਸੇ ਨੂੰ ਆਪਣੇ ਮਨ ਦੀ ਬਾਦਸ਼ਾਹੀ ਦੇਣ ਲਈ ਕਦੇ ਤਿਆਰ ਨਹੀਂ ਹੁੰਦੇ। ਇਹ ਸਮੱਸਿਆ ਨਾਟਕ ਰਚਣ ਦੇ ਨੇੜੇ ਦੀ ਸਮੱਸਿਆ ਹੈ। ਸਮਾਜ ਕਦੇ ਨਹੀਂ ਚਾਹੁੰਦਾ ਕਿ ਕੋਈ 'ਮੈਂ ਤਾਂ ਇਕ ਸਾਰੰਗੀ ਹਾਂ!' ਲਿਖੇ। ਤੁਸੀਂ 'ਵੈਜਾਈਨਾ ਟਾਕਸ' ਲਿਖਦੇ ਹੋ ਤਾਂ ਸਮਾਜ ਤੁਹਾਡੇ ਵੱਲ ਸਵਾਲਾਂ ਦੀ ਝੜੀ ਲਗਾ ਦਿੰਦਾ ਹੈ ਤੇ ਐਲਾਨ ਕਰਦਾ ਹੈ ਕਿ ਇਹ ਲਿਖਣ ਦਾ ਤੈਨੂੰ ਹੱਕ ਨਹੀਂ! ਫਿਰ ਅੱਲ੍ਹੜ ਵਰੇਸ ਦੀ ਗੱਲ ਕਰਨ ਲਈ ਹੌਸਲਾ ਤੇ ਜੇਰਾ ਕਿੱਥੋਂ ਆਏਗਾ!

ਡਾ. ਆਤਮਜੀਤ ਜਦੋਂ ਆਪਣੇ ਨਾਟਕ ਦੀ ਕਿਰਦਾਰ ਪਾਲ ਦੇ ਮੂੰਹੋਂ ਇਹ ਸੰਵਾਦ ਅਦਾ ਕਰਵਾਉਂਦਾ ਹੈ, 'ਪੂਰੀ ਤਰ੍ਹਾਂ ਯਾਦ ਹੈ... ਕਿਰਨ ਨੂੰ ਸਭ ਪਤਾ ਹੈ... ਬੇਸਬਰੀ ਨਾਲ ਲਾਲ ਰੰਗ ਦਾ ਇੰਤਜ਼ਾਰ ਕਰ ਰਹੀ ਹੈ...।' ਤਾਂ ਸਭਿਅਕ ਸਮਾਜ ਦੇ ਭਰਵੱਟੇ ਤਣ ਜਾਂਦੇ ਹਨ ਪਰ ਅੱਖਾਂ ਨੀਵੀਆਂ ਹੋ ਜਾਂਦੀਆਂ ਹਨ। ਬਾਰਾਂ ਸਾਲ ਦੀ ਕੁੜੀ ਆਪਣੇ ਮਾਸਿਕ ਧਰਮ ਦਾ ਜਸ਼ਨ ਕਰਨਾ ਚਾਹੁੰਦੀ ਹੈ। ਇਹ ਮੁੱਢੋਂ ਸੁੱਢੋਂ ਇਨਕਲਾਬ ਹੈ! ਨਿਰਾ ਇਨਕਲਾਬ! ਪਰ ਅਸੀਂ ਇਨਕਲਾਬ ਲਈ ਤਿਆਰ ਨਹੀਂ ਹਾਂ। ਪਾਸ਼ ਦੇ ਲਫਜ਼ਾਂ ਵਿਚ ਅਸੀਂ ਜ਼ਿੰਦਗੀ ਜਿਊਣ ਦੇ ਮਾਮਲੇ 'ਚ 'ਸੱਚੇ ਬਾਣੀਏ' ਹਾਂ। ਇਸੇ ਲਈ 'ਮੈਂ ਤਾਂ ਇੱਕ ਸਾਰੰਗੀ ਹਾਂ' ਦਾ ਆਖਰੀ ਦ੍ਰਿਸ਼ (ਜੋ ਅਸਲ ਵਿਚ ਪਹਿਲਾ ਦ੍ਰਿਸ਼ ਹੈ) ਇਕ ਲੋਕ ਗਾਥਾ ਦਾ ਸਹਾਰਾ ਲੈਂਦਾ ਹੈ। ਰਾਣੋ ਆਪਣੀ ਭਾਬੀ ਦਾ ਲਹਿੰਗਾ 'ਖਰਾਬ' ਕਰ ਆਈ ਹੈ, ਕਿਉਂਕਿ ਉਸ 'ਤੇ ਲਾਲ ਰੰਗ ਲੱਗ ਗਿਆ ਹੈ। ਰਾਣੋ ਮਾਂ ਨੂੰ ਦੱਸਦੀ ਹੈ, 'ਮੈਨੂੰ ਪਤਾ ਹੀ ਨਹੀਂ ਲੱਗਾ, ਕਿੱਥੋਂ ਇੰਨਾ ਸਾਰਾ ਖੂਨ ਆ ਗਿਆ... ਤੇ ਮੈਂ ਲਹਿੰਗੇ ਨਾਲ ਪੂੰਝ ਦਿੱਤਾ!' ਮਾਂ ਨਾਰਾਜ਼ ਹੈ। ਪਾਪ ਹੋ ਗਿਆ ਹੈ। ਰਾਣੋ ਹੁਣ ਤਿੰਨ ਦਿਨਾਂ ਲਈ 'ਪਾਪੀ' ਹੈ। ਉਹ ਰਸੋਈ 'ਚ ਨਹੀਂ ਜਾ ਸਕਦੀ। ਭਾਬੀ ਦਾ ਹਠ ਹੈ। ਰਾਣੋ ਦਾ ਕਤਲ ਹੁੰਦਾ ਹੈ। ਲਹਿੰਗਾ ਉਹਦੇ ਖੂਨ ਨਾਲ ਰੰਗਿਆ ਜਾਂਦਾ ਹੈ। ਨਾਟਕਕਾਰ ਇਸ ਲੋਕ ਗਾਥਾ 'ਚ ਫਿਰ ਆਪਣਾ ਰੰਗ ਭਰਦਾ ਹੈ। ਰਾਣੋ ਦੇ ਖੂਨ 'ਚੋਂ ਅੰਬ ਦਾ ਦਰੱਖਤ ਉਗਿਆ। ਇਕ ਰਮਤੇ ਜੋਗੀ ਨੂੰ ਰਾਣੋ ਦੀ ਹੂਕ ਸੁਣੀ। ਉਸ ਨੇ ਦਰੱਖਤ ਦੀਆਂ ਕਿੰਨੀਆਂ ਸਾਰੀਆਂ ਸਾਰੰਗੀਆਂ ਬਣਾ ਦਿੱਤੀਆਂ। ਨਾਟਕਕਾਰ ਦੀ ਇੱਛਾ ਹੈ ਕਿ ਅੱਲ੍ਹੜ ਵਰੇਸ ਦੀ ਸਾਰੰਗੀ ਵਿਚੋਂ ਨਿਕਲਦੀ ਤਾਨ ਨੂੰ ਸੁਣੀਏ ਅਤੇ ਗੌਰ ਕਰੀਏ ਪਰ ਅਸੀਂ ਤਿਆਰ ਨਹੀਂ ਹਾਂ!

ਨਾਟਕ ਨੂੰ ਤਣਾਅ ਚਾਹੀਦੈ, ਟੱਕਰ ਚਾਹੀਦੀ! ਅੱਲ੍ਹੜ ਵਰੇਸ ਦੀ ਟੱਕਰ ਨੂੰ ਸ਼ਾਇਦ ਅਜੇ ਅਸੀਂ ਸ਼ਬਦ ਨਹੀਂ ਦਿੱਤੇ। ਸ਼ਾਇਦ ਇਸ ਤਣਾਅ ਦਾ ਨਿਕਾਸ ਅਭੋਲ ਵਾਪਰਦੀਆਂ ਦੁਖਦਾਈ ਘਟਨਾਵਾਂ, ਅਪੂਰਨ ਖਾਹਿਸ਼ਾਂ ਦਾ ਦੇਰੀ ਨਾਲ ਪ੍ਰਗਟਾਵਾ, ਰਚਨਾਤਮਕ ਸ਼ਕਤੀ ਦੀ ਜ਼ਾਇਆ ਹੁੰਦੀ ਪ੍ਰਕਿਰਿਆ ਦਾ ਸਾਨੂੰ ਅਸਹਿਜ ਲੱਗਣਾ ਅਜੇ ਆਰੰਭ ਨਹੀਂ ਹੋਇਆ। ਸ਼ਾਇਦ ਅਸੀਂ ਇਸੇ ਲਈ 'ਅਤਿਵਾਦੀ' ਹਾਂ। ਜਾਂ ਬਾਲਕ ਹਾਂ ਜਾਂ ਬਾਲਗ! ਵਿਚ ਵਿਚਾਲੇ, ਵੇਗ ਨਾਲ ਲੱਦਿਆ 'ਦਰੱਖਤ' ਸਾਨੂੰ ਨਜ਼ਰ ਨਹੀਂ ਆ ਰਿਹਾ। ਅਸੀਂ ਸ਼ਾਇਦ ਇਸੇ ਲਈ 'ਕਾਲੇ ਸ਼ਹਿਜ਼ਾਦੇ' ਦਲੀਪ ਸਿੰਘ ਦੀ ਬਾਤ ਪਾਉਂਦਿਆਂ ਉਸ ਨੂੰ ਨਾਇਕ ਜਾਂ ਖਲਨਾਇਕ ਦੇ ਤੌਰ 'ਤੇ ਤਾਂ ਉਭਾਰਿਆ ਪਰ ਗਭਰੇਟ ਉਮਰ 'ਚ ਵਾਪਰਦੇ ਅਹਿਸਾਸਾਂ ਸੰਗ ਭਿੜਦੇ 'ਇਨਸਾਨ ਦਲੀਪ ਸਿੰਘ' ਦੀ ਗਾਥਾ ਨਹੀਂ ਛੋਹੀ। ਅਸੀਂ ਸ਼ਾਇਦ ਨਾਇਕ ਖਲਨਾਇਕ ਦੇ ਤਲਿਸਮ ਤੋਂ ਬਾਹਰ ਨਹੀਂ ਨਿਕਲ ਰਹੇ। ਗਭਰੇਟ ਅਵਸਥਾ 'ਚ ਇਨਸਾਨ ਨਾ ਨਾਇਕ ਹੁੰਦਾ ਹੈ, ਨਾ ਖਲਨਾਇਕ। ਉਹ ਸਿਰਫ ਮਨੁੱਖ ਹੁੰਦਾ ਹੈ। ਅਸੀਂ ਮਨੁੱਖ ਦੀ ਬਾਤ ਅਜੇ ਪਾਉਣੀ ਹੈ। ਅਸੀਂ ਇਨਸਾਨ ਦਾ ਨਾਟਕ ਅਜੇ ਰਚਣਾ ਹੈ। ਅੱਲ੍ਹੜ ਵਰੇਸ ਸਾਨੂੰ ਲਲਕਾਰ ਰਹੀ ਹੈ। ਇਸ ਲਲਕਾਰ ਨੂੰ ਡਾ. ਸ਼ਿਆਮ ਸੁੰਦਰ ਦੀਪਤੀ ਨੇ ਹਲਕਾ ਜਿਹਾ ਸੁਣਿਆ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਨਵੰਬਰ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-457



ਤਸਵੀਰ: ਜਗਮੀਤ ਸਿੰਘ ਪੰਧੇਰ

*ਅੰਨ ਦਾਤੇ 'ਤੇ ਹੋਇਆ ਹਮਲਾ, ਲੁੱਟਣ ਦੀ ਹੈ ਸਕੀਮ ਬਣਾਈ।*
*ਲੋਟੂ ਦੇ ਨਾਲ ਸਰਕਾਰ ਰਲ ਗਈ, ਨਵੇਂ ਕਾਲੇ ਕਾਨੂੰਨ ਲਿਆਈ।*
*ਕਿਸਾਨਾਂ ਨੇ ਵੀ ਹੋਕਾ ਦਿੱਤਾ, 'ਇਕੱਠੇ ਹੋ ਜਾਓ ਕਿਰਤੀ ਭਾਈ।'*
*ਵੱਡਿਆਂ ਦੇ ਸੰਗ ਤਾਣ ਕੇ ਮੁੱਕਾ, ਨਿੱਕੀ ਬੱਚੀ ਵੀ ਮੂਹਰੇ ਆਈ*

## ਕੈਪਸ਼ਨ ਮੁਕਾਬਲਾ-455



ਮਾਂ ਧੀ ਦੋਵੇਂ ਨਾਜ਼ੁਕ ਬੜੀਆਂ
ਪਹਿਲੀ ਵਾਰੀ ਚੌਂਕੇ ਚੜ੍ਹੀਆਂ।
ਮਾਂ ਨੂੰ ਰੋਟੀ ਥੱਲਣੀ ਨਾ ਆਵੇ
ਧੀ ਨਿੱਕੀ ਤੋਂ ਵੇਲੀ ਨਾ ਜਾਵੇ।
ਫਿਰ ਵੀ ਦੋਵੇਂ ਖੁਸ਼ੀ ਮਨਾਵਣ
ਇੱਕ ਦੂਜੀ ਨਾਲ ਅੱਖ ਮਿਲਾਵਣ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਮਾਂ ਲੋਹ 'ਤੇ ਰੋਟੀ ਪਕਾਵੇ,
ਕਰਦੀ ਰੀਸਾਂ ਬੱਚੀ।
ਡੰਡੇ ਦਾ ਵੇਲਣਾ ਬਣਾ ਕੇ,
ਬੈਠੀ ਬਾਹਲੀ ਜੱਚੀ।
ਮਾਂ ਧੀ ਨੇ ਫੋਟੋ ਖਿਚਵਾ ਕੇ,
ਕੈਪਸ਼ਨ 'ਤੇ ਪਾ ਦਿੱਤੀ।
ਤਾਜ਼ੀ ਤਾਜ਼ੀ ਰੜ੍ਹਦੀ ਦੇਖ,
ਹਾਏ! ਭੁੱਖ ਲਾ ਦਿੱਤੀ।

*-ਸੇਵਾ ਸਿੰਘ ਨੂਰਪੁਰੀ*

---

ਪਹਿਲਾਂ ਤਾਂ ਮੈਂ ਆਪ ਸਿੱਖਿਆ
ਹੁਣ ਧੀ ਨੂੰ ਵੀ ਸਿਖਾਵਾਂ।
ਇਸ ਵਿਰਸੇ ਨੂੰ ਸੰਭਾਲਣ ਵਿਚ
ਮੈਂ ਆਪਣਾ ਹੱਥ ਵੰਡਾਵਾਂ।

*-ਇੰਦਰਜੀਤ ਮੰਗਾ*

*ਪਿਟਸਬਰਗ, ਕੈਲੀਫੋਰਨੀਆ।*

---

ਰੋਟੀ ਪਕਾਉਂਦੀ ਮੰਮੀ ਨੇ,
ਨਿੱਕੀ ਲਾਡੋ ਆਹਰ ਲਾਈ।
ਟਿੱਕੀ ਵੇਲ ਕੇ ਹੱਸਦੀ ਦੱਸੇ,
ਮੈਂ ਵੀ ਗੋਲ ਰੋਟੀ ਬਣਾਈ।
ਮਾਂ ਨੇ ਕੰਮ ਮੁਕਾਉਣ ਦੀ ਖਾਤਰ,
ਰੱਖਿਆ ਧੀਆਂ ਨੂੰ ਪਰਚਾਈ।

*-ਦਵਿੰਦਰ ਕੌਰ*

---

ਮੰਮੀ ਜਦੋਂ ਵੀ ਰੋਟੀ ਬਣਾਉਂਦੀ
ਨੰਨ੍ਹੀ ਬੱਚੀ ਰੀਸ ਨਾਲ ਰੋਟੀ ਬਣਾਉਂਦੀ।
ਵੱਡੀਆਂ ਹੋ ਸਿੱਖਣ ਸੁਹਜ-ਸਲੀਕਾ
ਸਹੁਰੀਂ ਜਾ ਮਾਪਿਆਂ ਦੇ ਗੁਣ ਗਾਉਂਦੀ।
ਕਿਉਂ ਧੀਆਂ ਨੂੰ ਰੱਖਦੇ ਦੂਜੇ ਦਰਜੇ 'ਤੇ
ਪੁੱਤਰਾਂ ਨੂੰ ਪਹਿਲਾਂ ਭਾਉਂਦੀ।

*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਕੋਰਾ ਬਚਪਨ ਅਮਲ ਕਰਦਾ ਝੱਟ
ਚਾਹੁੰਦਾ ਸ਼ਲਾਘਾ ਪਿਆਰ ਨਾਲ।
ਝੂਰੇ, ਝਿੜਕੋ ਤਾਂ ਮੱਥੇ ਵੱਟ ਪਾਉਂਦਾ
ਦੇਖ ਮਾਂ ਨੂੰ ਰੋਟੀ ਟੁੱਕ ਕਰਦਿਆਂ
ਬੱਚਾ ਫੁੱਲਿਆ ਨਹੀਂ ਸਮਾਉਂਦਾ।
ਲੈ ਖੂੰਡੀ ਹੀ ਪੇੜਾ ਵੇਲ ਫੁਲਕਾ ਬਣਾ ਦਿੱਤਾ
ਦੇਖ ਮਾਂ ਦਾ ਖਿੜਿਆ ਚਿਹਰਾ
ਲੈ ਸ਼ਾਬਾਸ਼ ਬੱਚੇ ਦੇ ਚਿਹਰੇ 'ਤੇ
ਕਿੰਜ ਜਲਾਲ ਆ ਗਿਆ।

*-ਦਰਸ਼ਨਪਾਲ ਦੋਸਾਂਝ*


---

ਧੀ ਹੁੰਦੀ ਆ ਮਾਂ ਦੀ ਲਾਡਲੀ
ਮਾਂ ਨਾਲ ਹਰ ਕੰਮ ਵਿਚ ਹੱਥ ਵਟਾਵੇ।
ਬੇਸ਼ੱਕ ਮਾਂ ਦੀ ਕਰੇ ਰੀਸ ਧੀ ਧਿਆਣੀ
ਪਰ ਬਣਨਾ ਇਹਨੇ ਬਹੁਤ ਸਿਆਣੀ।
ਘਰ ਦੇ ਕੰਮ ਘੱਟ ਹੀ ਸਿੱਖਦੇ
ਉਂਜ ਅੱਜ ਕੱਲ੍ਹ ਦੇ ਨਿਆਣੇ।
ਫੋਨ, ਲੈਪਟਾਪ 'ਤੇ ਖੇਡਣ ਗੇਮਾਂ
ਵੇਖਣ ਕਾਰਟੂਨ, ਸੁਣਨ ਗਾਣੇ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-640-6660*

# "ਮਿੱਟੀ ਦੇ ਪੁੱਤਰੋ"

## "ਉਠ ਜਾਗ ਪੰਜਾਬ ਸਿਆਂ, ਤੇਰੇ ਘਰ 'ਚ ਲੁਟੇਰੇ ਵੜ ਗਏ...।"




ਡਾ. ਗੁਰਨਾਮ ਕੌਰ, ਕੈਨੇਡਾ

ਆਪਣੇ ਹੱਕਾਂ ਦੇ ਹੋ ਰਹੇ ਘਾਣ ਨੂੰ ਲੈ ਕੇ ਕਿਸਾਨਾਂ ਵੱਲੋਂ ਸਮੇਂ ਸਮੇਂ ਮੋਰਚੇ ਲਾਏ ਜਾਂਦੇ ਰਹੇ ਹਨ। ਬਾਦਲ ਅਕਾਲੀ ਦਲ ਦੀ ਪਿਛਲੀ ਸਰਕਾਰ ਵੇਲੇ ਵੀ ਕਿਸਾਨਾਂ ਵੱਲੋਂ ਮੋਰਚਾ ਚੱਲ ਰਿਹਾ ਸੀ, ਜਿਸ ਵਿਚ ਰੇਲਾਂ ਨੂੰ ਰੋਕਣਾ ਵੀ ਸ਼ਾਮਲ ਸੀ। ਉਦੋਂ ਅਕਾਲੀ ਦਲ (ਬਾਦਲ) ਦੀ ਭਾਜਪਾ ਨਾਲ ਕੇਂਦਰ ਅਤੇ ਸੂਬਾ-ਦੋਹਾਂ ਥਧਵਾਂ 'ਤੇ ਸਰਕਾਰ ਵਿਚ ਸਾਂਝ-ਭਿਆਲੀ ਸੀ ਅਤੇ ਇਸ ਸੰਘਰਸ਼ ਨੂੰ ਰੋਕਣ ਲਈ ਹੀ, ਕਿਸਾਨਾਂ ਦਾ ਧਿਆਨ ਹੋਰ ਪਾਸੇ ਲਾਉਣ ਲਈ ਬਰਗਾੜੀ ਵਰਗੀਆਂ ਘਟਨਾਵਾਂ ਨੂੰ ਅੰਜ਼ਾਮ ਦਿੱਤਾ ਗਿਆ ਸੀ, ਕਿਉਂਕਿ ਪੰਜਾਬ ਦੀ ਕਿਸਾਨੀ ਵਿਚ ਸਿੱਖ ਭਾਈਚਾਰਾ ਬਹੁਗਿਣਤੀ ਵਿਚ ਹੈ। ਸ਼ਾਇਦ ਹੁਣ ਵੀ ਇਸੇ ਲਈ ਭਾਜਪਾ ਦੀ ਕੇਂਦਰੀ ਸਰਕਾਰ 50 ਦਿਨ ਤੋਂ ਵੀ ਵੱਧ ਸਮੇਂ ਤੋਂ ਚੱਲ ਰਹੇ ਕਿਸਾਨੀ ਸੰਘਰਸ਼ ਨੂੰ ਵਿਰੋਧੀ ਪਾਰਟੀਆਂ, ਖਾਸ ਕਰਕੇ ਕਾਂਗਰਸ ਪਾਰਟੀ ਵੱਲੋਂ ਚਲਾਇਆ ਜਾ ਰਿਹਾ ਸੰਘਰਸ਼ ਕਹਿ ਕੇ ਟਾਲਦੀ ਆਈ ਹੈ। ਇੱਥੋਂ ਤੱਕ ਕਿ ਭਾਜਪਾ ਦੇ ਪੰਜਾਬ ਨਾਲ ਸਬੰਧਤ ਨੇਤਾ ਵੀ ਸੱਚਾਈ ਨੂੰ ਜਾਣਦੇ ਹੋਣ ਦੇ ਬਾਵਜੂਦ ਇਸ ਨੂੰ ਕਾਂਗਰਸ ਦੇ ਸਿਰ ਮੜ੍ਹਦੇ ਆਏ ਹਨ। ਇੱਕ ਤਰ੍ਹਾਂ ਨਾਲ ਕਿਸਾਨਾਂ ਨੂੰ ਖੁਆਰ ਕਰਨ ਲਈ ਇਹ ਬਹੁਤ ਹੀ ਚਲਾਕੀ ਨਾਲ ਲਿਆ ਗਿਆ ਪੈਂਤੜਾ ਸਮਝਣਾ ਚਾਹੀਦਾ ਹੈ। ਹੁਣ ਵੀ ਕਿਸਾਨ ਜਥੇਬੰਦੀਆਂ ਵੱਲੋਂ ਸਮੇਂ ਸਮੇਂ ਪਰਗਟ ਕੀਤੇ ਜਾਂਦੇ ਖਦਸ਼ਿਆਂ ਅਨੁਸਾਰ ਕੇਂਦਰ ਦੀ ਨੀਅਤ ਅਤੇ ਨੀਤੀ-ਦੋਵਾਂ ਨੂੰ ਦੇਖਦਿਆਂ, ਕੁਝ ਸਾਰਥਕ ਫੈਸਲੇ ਕਿਸਾਨਾਂ ਦੇ ਹੱਕ ਵਿਚ ਹੋਣ, ਭਰੋਸੇ ਨਾਲ ਕੁਝ ਵੀ ਕਿਹਾ ਨਹੀਂ ਜਾ ਸਕਦਾ।

ਸੰਨ 1907 ਵਿਚ ਪੂਰੇ ਇੱਕ ਸੌ ਤੇਰਾਂ ਵਰ੍ਹੇ ਪਹਿਲਾਂ 'ਪੱਗੜੀ ਸੰਭਾਲ ਜੱਟਾ' ਅੰਦੋਲਨ ਚੱਲਿਆ ਸੀ। ਪੱਗੜੀ ਪੰਜਾਬੀਆਂ ਦੀ ਆਮ ਕਰਕੇ ਅਤੇ ਸਿੱਖਾਂ ਦੀ ਖਾਸ ਕਰਕੇ ਸਵੈਮਾਣ ਦੀ ਪ੍ਰਤੀਕ ਹੈ। ਇਹ ਅੰਦੋਲਨ ਕਿਸਾਨ ਦੀ ਇੱਜਤ, ਉਸ ਦੇ ਸਵੈਮਾਣ ਦੀ ਰੱਖਿਆ ਦਾ ਪ੍ਰਤੀਕ ਹੋ ਨਿਬੜਿਆ ਸੀ। ਅੰਗਰੇਜ਼ ਸਰਕਾਰ ਨੇ ਲਾਇਲਪੁਰ (ਹੁਣ ਪਾਕਿਸਤਾਨ) ਦੇ ਬੇਆਬਾਦ ਜੰਗਲੀ ਇਲਾਕੇ ਨੂੰ ਵਸਾਉਣ ਲਈ ਚਨਾਬ ਦਰਿਆ ਵਿਚੋਂ ਜ਼ਮੀਨ ਦੀ ਸਿੰਜਾਈ ਵਾਸਤੇ ਨਹਿਰਾਂ ਕੱਢੀਆਂ। ਇਸ ਖਿੱਤੇ ਨੂੰ ਆਬਾਦ ਕਰਨ ਲਈ ਕਿਸਾਨਾਂ ਅਤੇ ਸਾਬਕਾ ਸਰਕਾਰੀ ਕਰਮਚਾਰੀਆਂ ਨੂੰ ਜ਼ਮੀਨਾਂ ਦੀ ਮੁਫਤ ਅਲਾਟਮੈਂਟ ਅਤੇ ਹੋਰ ਸਹੂਲਤਾਂ ਦੀ ਹੱਲਾਸ਼ੇਰੀ ਦਿੱਤੀ। ਜਲੰਧਰ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਵਗੈਰਾ ਜਿਲਿਆਂ ਤੋਂ ਬਹੁਤ ਸਾਰੇ ਕਿਸਾਨਾਂ ਨੇ ਆਪਣੇ ਘਰ ਅਤੇ ਜ਼ਮੀਨਾਂ ਪਿਛਲੇ ਪਿੰਡਾਂ ਵਿਚ ਛੱਡ ਕੇ ਇਨ੍ਹਾਂ ਉਜਾੜ ਇਲਾਕਿਆਂ ਨੂੰ ਆ ਕੇ ਵਸਾਇਆ; ਦਿਨ-ਰਾਤ ਹੱਡ-ਭੰਨਵੀਂ ਮਿਹਨਤ ਕਰਕੇ ਬੰਜਰ ਜ਼ਮੀਨਾਂ ਨੂੰ ਉਪਜਾਊ ਖੇਤੀ ਯੋਗ ਬਣਾਇਆ। ਜਿਉਂ ਹੀ ਇਹ ਜ਼ਮੀਨਾਂ ਉਪਜ ਦੇਣ ਦੇ ਯੋਗ ਹੋ ਗਈਆਂ, ਸਰਕਾਰ ਨੇ ਨਵੇਂ ਕਾਨੂੰਨ ਲੈ ਆਂਦੇ, ਜਿਨ੍ਹਾਂ ਅਨੁਸਾਰ ਸਰਕਾਰ ਨੇ ਆਪਣੇ ਆਪ ਨੂੰ ਉਪਜਾਊ ਜ਼ਮੀਨਾਂ ਦੀ ਮਾਲਕ ਐਲਾਨ ਦਿੱਤਾ ਅਤੇ ਕਿਸਾਨਾਂ ਨੂੰ ਜ਼ਮੀਨਾਂ ਦੀ ਮਲਕੀਅਤ ਤੋਂ ਬਾਹਰ ਕਰ ਦਿੱਤਾ। ਨਵੇਂ ਕਾਨੂੰਨਾਂ ਨੇ ਕਿਸਾਨਾਂ ਨੂੰ ਸਿਰਫ ਵਟਾਵੇ ਬਣਾ ਦਿੱਤਾ; ਉਹ ਜ਼ਮੀਨ ਵਿਚ ਉਗਿਆ ਕੋਈ ਦਰੱਖਤ ਨਹੀਂ ਸੀ ਕੱਟ ਸਕਦੇ, ਇਸ ਜ਼ਮੀਨ 'ਤੇ ਘਰ ਜਾਂ ਝੌਂਪੜੀ ਨਹੀਂ ਸੀ ਬਣਾ ਸਕਦੇ, ਇਸ ਜ਼ਮੀਨ ਨੂੰ ਵੇਚ ਜਾਂ ਖਰੀਦ ਨਹੀਂ ਸੀ ਸਕਦੇ। ਜੇ ਕੋਈ ਕਿਸਾਨ ਅਜਿਹਾ ਕਰਨ ਦੀ ਹਿੰਮਤ ਕਰਦਾ ਸੀ ਤਾਂ ਉਸ ਨੂੰ ਸਰਕਾਰ ਜ਼ਮੀਨ ਵਿਚੋਂ ਬੇਦਖਲ ਕਰ ਸਕਦੀ ਸੀ। ਇਨ੍ਹਾਂ ਨਵੇਂ ਕਾਨੂੰਨਾਂ ਅਨੁਸਾਰ ਕਿਸਾਨ ਦਾ ਸਿਰਫ ਜੇਠਾ ਪੁੱਤ ਹੀ ਆਪਣੇ ਪਿਉ ਦੀ ਵਾਹੀ ਜ਼ਮੀਨ ਤੱਕ ਪਹੁੰਚ ਕਰ ਸਕਦਾ ਸੀ। ਜੇ ਵੱਡੇ ਪੁੱਤ ਦੀ ਬਾਲਗ ਹੋਣ ਤੋਂ ਪਹਿਲਾਂ ਹੀ ਮੌਤ ਹੋ ਜਾਵੇ ਤਾਂ ਛੋਟੇ ਪੁੱਤ ਨੂੰ ਜ਼ਮੀਨ ਨਹੀਂ ਮਿਲੇਗੀ ਅਤੇ ਜਾਇਦਾਦ 'ਤੇ ਸਰਕਾਰ ਦੀ ਮਲਕੀਅਤ ਹੋ ਜਾਵੇਗੀ। ਸਿਰਫ ਇਹੀ ਨਹੀਂ ਡੇਢ ਦਹਾਕਾ ਬੀਤ ਜਾਣ 'ਤੇ ਵੀ ਚਨਾਬ ਦਰਿਆ 'ਚੋਂ ਨਹਿਰਾਂ ਕੱਢ ਕੇ ਇਸ 20 ਲੱਖ ਏਕੜ ਜ਼ਮੀਨ ਨੂੰ ਸਿੰਜਣ ਦੇ ਇਵਜ਼ ਵਿਚ ਲਾਏ ਟੈਕਸਾਂ ਤੋਂ ਸਰਕਾਰ ਦਾ ਸਿਰਫ ਲਾਗਤ ਵਾਲਾ ਖਰਚਾ ਹੀ ਪੂਰਾ ਨਹੀਂ ਸੀ ਹੋ ਗਿਆ, ਸਗੋਂ ਸਿੰਜਾਈ ਦੇ ਮਾਲੀਏ ਤੋਂ ਹਰ ਸਾਲ ਸੱਤ ਲੱਖ ਤੋਂ ਵੀ ਵੱਧ ਰੁਪਿਆ ਇਕੱਠਾ ਹੋ ਰਿਹਾ ਸੀ।

ਇਨ੍ਹਾਂ ਕਾਲੇ ਕਾਨੂੰਨਾਂ ਦੇ ਲਾਗੂ ਹੋ ਜਾਣ 'ਤੇ ਕਿਸਨਾਂ ਨੂੰ ਆਪਣਾ ਖੂਨ-ਪਸੀਨਾ ਇੱਕ ਕਰਕੇ ਆਬਾਦ ਕੀਤੀਆਂ ਜ਼ਮੀਨਾਂ ਦੀ ਮਾਲਕੀ ਖੋ ਦੇਣ ਦਾ ਪ੍ਰਬੰਧ ਹੋ ਗਿਆ ਸੀ, ਜਿਸ ਕਰਕੇ ਪੰਜਾਬ ਦੇ ਕਿਸਾਨਾਂ ਦਾ ਗੁੱਸਾ ਉਬਾਲੇ ਖਾ ਰਿਹਾ ਸੀ ਤੇ ਕਿਸਾਨ ਪੂਰੇ ਰੋਹ ਵਿਚ ਸਨ। ਸਰਦਾਰ ਅਜੀਤ ਸਿੰਘ ਨੇ ਪਹਿਲਾਂ ਹੀ ਭਾਰਤ ਦੀ ਆਜ਼ਾਦੀ ਦੀ ਲੜਾਈ ਲਈ ਆਪਣੇ ਸਾਥੀਆਂ ਨਾਲ ਮਿਲ ਕੇ 'ਭਾਰਤ ਮਾਤਾ' (ਮਹਿਬੂਬਾਨੇ ਵਤਨ) ਨਾਂ ਦੀ ਅੰਡਰਗਰਾਊਂਡ ਜਥੇਬੰਦੀ ਬਣਾਈ ਹੋਈ ਸੀ ਅਤੇ ਜੱਦੋ-ਜਹਿਦ ਸ਼ੁਰੂ ਕੀਤੀ ਹੋਈ ਸੀ। ਸਰਦਾਰ ਅਜੀਤ ਸਿੰਘ ਅਤੇ ਸਾਥੀਆਂ ਲਈ ਇਹ ਇਕ ਢੁਕਵਾਂ ਮੌਕਾ ਸੀ ਕਿ ਕਿਸਾਨਾਂ ਦੀ ਇਸ ਉਤੇਜਨਾ ਤੇ ਗੁੱਸੇ ਨੂੰ ਇੱਕ ਲਹਿਰ ਦੇ ਰੂਪ ਵਿਚ ਬਦਲ ਦਿੱਤਾ ਜਾਵੇ ਅਤੇ ਉਨ੍ਹਾਂ ਨੇ ਆਪਣੀ ਸੁਚੱਜੀ ਸੋਚ ਨਾਲ ਇਵੇਂ ਹੀ ਕੀਤਾ ਅਤੇ ਪੰਜਾਬ ਭਰ ਵਿਚ ਲਹਿਰ ਫੈਲਣ ਲੱਗੀ। ਬਹੁਤ ਛੇਤੀ ਲਾਹੌਰ ਅਤੇ ਇਸ ਦੇ ਆਸਪਾਸ ਦੇ ਇਲਾਕਿਆਂ ਵਿਚ ਰੈਲੀਆਂ, ਰੋਸ ਦਿਖਾਵੇ ਅਰੰਭ ਕਰ ਦਿੱਤੇ। ਲਾਇਲਪੁਰ ਵਿਖੇ 3 ਮਰਚ 1907 ਨੂੰ ਹੋਈ ਰੈਲੀ ਵਿਚ 'ਝੰਗ ਸਿਆਲ' ਅਖਬਾਰ ਦੇ ਸੰਪਾਦਕ ਬਾਂਕੇ ਦਿਆਲ ਨੇ ਇੱਕ ਗੀਤ 'ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਓਇ' ਗਾਇਆ। ਇਹ ਗੀਤ ਲੋਕਾਂ ਵਿਚ ਏਨਾ ਮਕਬੂਲ ਹੋ ਗਿਆ ਕਿ ਇਸ ਮੋਰਚੇ ਦਾ ਨਾਮ ਹੀ 'ਪੱਗੜੀ ਸੰਭਾਲ ਜੱਟਾ' ਪੈ ਗਿਆ ਅਤੇ ਇਹ ਗੀਤ ਇਸ ਲਹਿਰ ਦੀ ਜ਼ਿੰਦਜਾਨ ਦਾ ਪ੍ਰਤੀਕ ਬਣ ਕੇ ਇਤਿਹਾਸਕ ਹੋ ਨਿਬੜਿਆ।


ਮੌਜੂਦਾ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਵੱਲੋਂ ਕੋਵਿਡ-19 ਕਾਰਨ ਹੋਈ ਤਾਲਾਬੰਦੀ ਦਾ ਫਾਇਦਾ ਉਠਾਉਂਦਿਆਂ ਖੇਤੀ ਸੁਧਾਰਾਂ ਦੇ ਨਾਮ ਹੇਠ ਤਿੰਨ ਸਿੱਧੇ ਖੇਤੀ ਨਾਲ ਸਬੰਧਤ ਕਿਸਾਨ ਵਿਰੋਧੀ ਬਿਲ ਅਤੇ ਚੌਥਾ ਬਿਜਲੀ ਕਾਨੂੰਨ ਮਿਲਾ ਕੇ ਪਹਿਲਾਂ ਚਾਰ ਆਰਡੀਨੈਂਸ ਲਿਆਂਦੇ ਗਏ ਤੇ ਫਿਰ ਜਿਸ ਤਰ੍ਹਾਂ ਇਨ੍ਹਾਂ ਨੂੰ ਗੈਰ-ਜਮਹੂਰੀ ਢੰਗ ਨਾਲ ਕਾਨੂੰਨ ਬਣਾ ਦਿੱਤਾ ਗਿਆ, ਸਾਰੇ ਜਾਣਦੇ ਹੀ ਹਨ। ਇਹ ਕਾਨੂੰਨ ਵੀ ਕੰਪਨੀ ਰਾਜ ਵੱਲੋਂ ਲਿਆਂਦੇ ਕਾਨੂੰਨਾਂ ਵਾਂਗ ਹੀ 'ਕਾਲੇ ਕਾਨੂੰਨ' ਹਨ, ਜੋ ਕੰਟਰੈਕਟ ਫਾਰਮਿੰਗ ਰਾਹੀਂ ਕਿਸਾਨਾਂ ਦੀ ਜ਼ਮੀਨ ਕਰਪੋਰੇਸ਼ਨਾਂ ਦੇ ਕਬਜ਼ੇ ਹੇਠ ਲੈ ਆਉਣਗੇ ਅਤੇ ਕਿਸਾਨਾਂ ਨੂੰ ਆਪਣੇ ਖੇਤ ਵਿਚ ਮੂਲੀ ਤੱਕ ਬੀਜਣ ਜਾਂ ਪੁੱਟਣ ਦਾ ਹੱਕ ਵੀ ਨਹੀਂ ਰਹੇਗਾ; ਕਿਸਾਨ ਜੇ ਚਾਹੇ ਤਾਂ ਆਪਣੇ ਖੇਤ 'ਤੇ ਇੱਕ ਦਿਹਾੜੀਦਾਰ ਦੀ ਤਰ੍ਹਾਂ ਹੀ ਕੰਮ ਕਰ ਸਕੇਗਾ। ਇਨ੍ਹਾਂ ਕਾਨੂੰਨਾਂ ਨੂੰ ਵਾਪਸ ਕਰਾਉਣ ਲਈ ਪੰਜਾਬ ਵਿਚ ਪੰਜਾਹ ਦਿਨਾਂ ਤੋਂ ਉਤੇ ਹੋ ਚੱਲੇ ਹਨ, ਪੰਜਾਬ ਦੀਆਂ 30 ਕਿਸਾਨ ਜਥੇਬੰਦੀਆਂ ਵੱਲੋਂ ਮਿਲ ਕੇ ਚਲਾਏ ਜਾ ਰਹੇ ਸੰਘਰਸ਼ ਨੂੰ। ਹੁਣ ਤੱਕ ਖੇਤੀ ਵਿਗਿਆਨੀਆਂ, ਬੁੱਧੀਜੀਵੀਆਂ ਅਤੇ ਹੋਰ ਮਾਹਿਰਾਂ ਵੱਲੋਂ ਬਹੁਤ ਕੁਝ ਲਿਖਿਆ ਜਾ ਚੁਕਾ ਹੈ। ਭਾਵੇਂ ਨੈਸ਼ਨਲ ਮੀਡੀਆ ਨੇ ਇਸ 'ਤੇ ਕੋਈ ਗੌਰ ਨਹੀਂ ਕੀਤਾ, ਪਰ ਸਥਾਨਕ ਮੀਡੀਆ ਅਤੇ ਸੋਸ਼ਲ ਮੀਡੀਆ ਨੈੱਟਵਰਕ ਤੋਂ ਹੁਣ ਕਰੀਬ ਸਾਰੀ ਦੁਨੀਆਂ ਇਸ ਸੰਘਰਸ਼ ਤੋਂ ਜਾਣੂ ਹੋ ਗਈ ਹੈ। ਕਿਸਾਨਾਂ ਨੂੰ ਦਿੱਲੀ ਬੁਲਾ ਕੇ ਜ਼ਲੀਲ ਕਰਨ, ਪੰਜਾਬ ਦੇ ਭਾਜਪਾ ਲੀਡਰਾਂ ਦਾ ਘਟੀਆ ਰਵੱਈਆ ਸਭ ਦੇ ਸਾਹਮਣੇ ਹੈ। ਹੁਣੇ ਹੁਣੇ ਕੇਂਦਰੀ ਖੇਤੀ ਮੰਤਰੀ ਅਤੇ ਰੇਲ ਮੰਤਰੀ ਨਾਲ ਕਿਸਾਨਾਂ ਦੀਆਂ 29 ਜਥੇਬੰਦੀਆਂ ਵੱਲੋਂ ਬਣਾਈ ਸਾਂਝੀ ਕਮੇਟੀ ਨਾਲ ਦਿੱਲੀ 7 ਘੰਟੇ ਚੱਲੀ ਮੀਟਿੰਗ ਦਾ ਵੀ ਹਾਲੇ ਕੋਈ ਸਿੱਟਾ ਨਹੀਂ ਨਿਕਲਿਆ, ਕਿਉਂਕਿ ਜਿਸ ਤਰੀਕੇ ਨਾਲ ਮਾਲ-ਗੱਡੀਆਂ ਦੀ ਆਵਾਜਾਈ ਬੰਦ ਕਰਕੇ ਪੰਜਾਬ ਦੀ ਆਰਥਕ ਨਾਕਾਬੰਦੀ ਕੀਤੀ ਹੋਈ ਹੈ, ਉਹ ਉਵੇਂ ਦੀ ਉਵੇਂ ਹੀ ਬਰਕਰਾਰ ਹੈ।




ਇਸ ਸੰਘਰਸ਼ ਦਾ ਬਹੁਤ ਹੀ ਹਾਂ-ਮੁਖੀ ਪੱਖ ਇਹ ਹੈ ਕਿ ਇਹ ਸੰਘਰਸ਼ ਸਿਰਫ ਕਿਸਾਨਾਂ ਵੱਲੋਂ ਹੀ ਨਹੀਂ ਲੜਿਆ ਜਾ ਰਿਹਾ, ਸਗੋਂ ਪੰਜਾਬ ਦੀ ਸਮੁੱਚੀ ਜਨਤਾ ਕਿਸਾਨ, ਮਜ਼ਦੂਰ, ਦੁਕਾਨਦਾਰ, ਆੜ੍ਹਤੀਏ, ਅਨਾਜ ਮੰਡੀਆਂ ਨਾਲੇ ਜੁੜੇ ਕਾਮਿਆਂ, ਬੀਬੀਆਂ, ਬੱਚੇ, ਬਜੁਰਗ ਅਤੇ ਸਿਨੇਮਾ, ਨਾਟਕ, ਗਾਇਕੀ ਆਦਿ ਹਰ ਖੇਤਰ ਨਾਲ ਜੁੜੇ ਕਲਾਕਾਰਾਂ ਨੇ ਇਸ ਵਿਚ ਸ਼ਮੂਲੀਅਤ ਕੀਤੀ ਹੈ, ਜੋ ਹਰ ਰੋਜ਼ ਵੱਖ ਵੱਖ ਥਾਂਵਾਂ 'ਤੇ ਲਾਏ ਧਰਨਿਆਂ ਵਿਚ ਆਪਣੀ ਭਰਪੂਰ ਹਾਜ਼ਰੀ ਲੁਆਉਂਦੇ ਹਨ। ਅਸਲ ਵਿਚ ਇਹ ਲੜਾਈ ਹੁਣ ਕਿਸਾਨ ਦੀ ਪੱਗੜੀ ਅਤੇ ਜ਼ਮੀਨ ਦੀ ਮਲਕੀਅਤ ਨੂੰ ਕਾਰਪੋਰੇਸ਼ਨਾਂ ਤੋਂ ਬਚਾਉਣ, ਖੇਤੀ ਮੰਡੀਆਂ, ਘੱਟੋ ਘੱਟ ਸਮਰਥਨ ਮੁੱਲ ਨੂੰ ਬਚਾਉਣ ਦੀ ਹੀ ਨਾ ਰਹਿ ਕੇ ਪੰਜਾਬ ਦੀ ਸਮੁੱਚੀ ਹੋਂਦ ਨੂੰ ਬਚਾਉਣ ਦੀ ਲੜਾਈ ਬਣ ਗਈ ਹੈ; ਪੰਜਾਬ ਦੇ ਇਤਿਹਾਸ, ਪੰਜਾਬ ਦੇ ਸਭਿਆਚਾਰ, ਜਿਸ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਲਗਾਤਾਰ ਹੋ ਰਹੀਆਂ ਹਨ, ਦੀ ਰਾਖੀ ਕਰਨ ਦਾ ਸਵਾਲ ਬਣ ਗਈ ਹੈ। ਕਿਸਾਨ ਇਸ ਸੰਘਰਸ਼ ਦੀ ਅਗਵਾਈ ਆਪ ਕਰ ਰਹੇ ਹਨ ਅਤੇ ਪੰਜਾਬ ਦੀ ਕਿਸੇ ਵੀ ਰਾਜਨੀਤਕ ਪਾਰਟੀ ਦੀ ਅਗਵਾਈ ਨੂੰ ਪਾਸੇ ਰੱਖ ਰਹੇ ਹਨ। ਇਸ ਸੰਘਰਸ਼ ਨੇ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਦੇ ਕਿਸਾਨ ਹਿਤੈਸ਼ੀ ਹੋਣ ਦਾ ਪਖੰਡ ਬਾਖੂਬੀ ਨੰਗਾ ਕਰ ਦਿੱਤਾ ਹੈ। ਪੰਜਾਬ ਭਾਜਪਾ ਨੇ ਤਾਂ ਕੇਂਦਰ ਦੇ ਹੱਕ ਵਿਚ ਹੋਣਾ ਹੀ ਹੈ, ਬਾਦਲ ਅਕਾਲੀ ਦਲ ਅਤੇ 'ਆਪ' ਨੇ ਵੀ ਕੇਂਦਰ ਦੇ ਖਿਲਾਫ ਲੜਾਈ ਵਿੱਢਣ ਦੀ ਥਾਂ ਪੰਜਾਬ ਸਰਕਾਰ ਦੇ ਖਿਲਾਫ ਹੀ ਮੋਰਚਾ ਖੋਲ੍ਹ ਰੱਖਿਆ ਹੈ ਅਤੇ ਆਪਣੀ ਇਕਮੁੱਠਤਾ ਪੰਜਾਬ ਦੇ ਹੱਕ ਵਿਚ ਜਾਹਰ ਨਹੀਂ ਕੀਤੀ। ਕਿਸਾਨ ਮੋਰਚੇ ਨੇ ਪੰਜਾਬ ਅੰਦਰ ਆਪਣੇ ਹੱਕਾਂ ਦੀ ਲੜਾਈ ਲਈ ਇੱਕ ਨਵੀਂ ਜਾਗ੍ਰਿਤੀ ਪੈਦਾ ਕੀਤੀ ਹੈ, ਜੋ ਪਹਿਲੀ ਵਾਰੀ ਸਵੈ-ਇੱਛਤ ਲੜਾਈ ਬਣ ਕੇ ਸਾਹਮਣੇ ਆਈ ਹੈ। ਇਹ ਲੜਾਈ ਬਾਹਰੋਂ ਜਾਂ ਕਿਸੇ ਰਾਜਨੀਤੀ ਤਹਿਤ ਠੋਸੀ ਹੋਈ ਨਹੀਂ ਹੈ।

ਪੰਜਾਬ ਦੇ ਗੀਤਕਾਰ/ਗਾਇਕ, ਜੋ ਇਸ ਸੰਘਰਸ਼ ਵਿਚ ਕਿਸਾਨਾਂ ਦੀ ਅਗਵਾਈ ਵਿਚ ਧਰਨਿਆਂ 'ਤੇ ਪੂਰਾ ਸਾਥ ਦੇ ਰਹੇ ਹਨ, ਨੇ ਪੰਜਾਬ ਦੇ ਨੌਜੁਆਨਾਂ ਨੂੰ ਜਗਾਉਣ ਵਾਲੇ ਕੁਝ ਬਹੁਤ ਗੰਭੀਰ ਅਤੇ ਸੋਝੀ ਭਰਪੂਰ ਗੀਤਾਂ ਰਾਹੀਂ ਵੀ ਹਿੱਸਾ ਪਾਇਆ ਹੈ। ਬੀਰ ਸਿੰਘ ਪੰਜਾਬੀ ਦਾ ਨੌਜੁਆਨ ਗੀਤਕਾਰ, ਲਿਖਾਰੀ ਅਤੇ ਗਾਇਕ ਹੈ। ਉਸ ਦਾ ਕੁਝ ਦਿਨ ਪਹਿਲਾਂ ਹੀ ਇੱਕ ਗੀਤ 'ਮਿੱਟੀ ਦੇ ਪੁੱਤਰੋ ਵੇ, ਅਕਲਾਂ ਨੂੰ ਧਾਰ ਲਗਾਉ' ਆਇਆ ਹੈ, ਜੋ ਉਸ ਨੇ ਧਰਨਿਆਂ ਉਤੇ ਵੀ ਸੁਣਾਇਆ ਹੈ। ਇਹ ਗਈਤ ਪੰਜਾਬ ਦੀ ਨੌਜੁਆਨ ਪੀੜ੍ਹੀ ਨੂੰ ਇੱਕ ਵਧੀਆ ਸੁਨੇਹਾ ਦਿੰਦਾ ਹੈ। ਗੀਤ ਵਿਚ ਸਪੱਸ਼ਟ ਕੀਤਾ ਹੈ ਕਿ ਹੱਕਾਂ ਦੀ ਇਹ ਜੰਗ ਸਮੇਂ ਦੀ ਚੱਲੀ ਹੋਈ ਚਾਲ ਹੈ, ਜਿਸ ਨੂੰ ਅਕਲ ਨਾਲ ਸਮਝ ਕੇ ਲੰਬੇ ਸਮੇਂ ਲਈ ਲੜਨਾ ਪੈਣਾ ਹੈ ਅਤੇ ਨਿਸ਼ਾਨੇ ਸੋਚ ਸਮਝ ਕੇ ਮਿੱਥਣੇ ਪੈਣੇ ਹਨ। ਇਹ ਹਥਿਆਰਾਂ ਦੀ ਲੜਾਈ ਨਹੀਂ, ਨੀਤੀ ਦੀ ਲੜਾਈ ਹੈ, ਜਿਸ ਨੂੰ ਨੀਤੀ ਨਾਲ ਨਜਿੱਠਿਆ ਜਾ ਸਕਦਾ ਹੈ, ਕਿਉਂਕਿ ਇਹ ਲੜਾਈ ਅਗਲੀਆਂ ਨਸਲਾਂ ਦੀ ਹੋਂਦ ਨੂੰ ਬਚਾਉਣ ਦੀ ਲੜਾਈ ਹੈ। ਇਸ ਲੜਾਈ ਦੀ ਗੱਲ ਪਿੰਡਾਂ ਤੱਕ ਸੀਮਤ ਨਾ ਰੱਖ ਕੇ ਸਾਰੀ ਦੁਨੀਆਂ ਤੱਕ ਪਹੁੰਚਾਉਣ ਦੀ ਲੋੜ ਹੈ। ਬਹੁਤ ਵਧੀਆ ਸੁਨੇਹਾ ਦਿੱਤਾ ਹੈ ਕਿ ਹੱਕਾਂ ਲਈ ਮਰਨ ਦੀ ਗੱਲ ਤਾਂ ਹਮੇਸ਼ਾ ਕਰਦੇ ਆਏ ਹਾਂ, ਪਰ ਹੱਕਾਂ ਲਈ ਜਿਉਣਾ ਕਿਵੇਂ ਹੈ, ਇਹ ਸਿੱਖਣ ਦੀ ਲੋੜ ਹੈ। ਹੁਣ ਲੋੜ ਹੈ ਕਿ ਆਪਣੀ ਬੁੱਧੀ ਨੂੰ ਗਿਆਨ ਰਾਹੀਂ ਰੁਸ਼ਨਾ ਕੇ ਜ਼ਿੰਦਗੀ ਜਿਉਣ ਦੇ ਗੀਤ ਲਿਖੀਏ। ਕਿੰਨੀ ਸੁਹਣੀ ਗੱਲ ਕਹੀ ਹੈ ਕਿ 'ਬਰੂਦ ਦੇ ਢੇਰ 'ਤੇ ਬੈਠ ਕੇ ਤੀਲੀ ਨੂੰ ਹੱਥ ਨਹੀਂ ਲਾਈਦਾ' (ਬਰੂਦ ਜਦੋਂ ਫੱਟਦਾ ਹੈ ਤਾਂ ਦੁਸ਼ਮਣ ਦੇ ਨਾਲ ਨਾਲ ਆਪ ਵੀ ਤਬਾਹ ਹੋ ਜਾਈਦਾ ਹੈ)।

ਦੱਸਿਆ ਹੈ ਕਿ ਇਹ ਫਿਕਰ ਹੁਣ ਉਸ ਬਾਗ ਦਾ ਹੈ, ਜਿਸ 'ਤੇ ਕੁਝ ਪੂੰਜੀਪਤੀਆਂ ਨੇ ਅੱਖ ਟਿਕਾ ਲਈ ਹੈ। ਇਸ ਲਈ ਇਹ ਲੜਾਈ ਹੁਣ ਜਾਤ ਜਾਂ ਧਰਮ ਦੀ ਨਹੀਂ, ਸਗੋਂ ਸਮੁੱਚੇ ਪੰਜਾਬ ਦੀਆਂ ਮੰਗਾਂ ਦੀ ਜੰਗ ਹੈ। ਇਸ ਨੂੰ (ਰਾਜਨੀਤਕ ਲੀਡਰਾਂ ਵੱਲੋਂ) ਜਾਤ ਜਾਂ ਧਰਮ ਦੇ ਨਾਂ 'ਤੇ ਵਖਰੇਵੇਂ ਖੜ੍ਹੇ ਕਰਕੇ ਵੰਡਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ, ਜਿਸ ਤੋਂ ਸੁਚੇਤ ਹੋ ਕੇ ਆਪਣਾ ਏਕਾ ਬਰਕਰਾਰ ਰੱਖਣਾ ਹੋਵੇਗਾ। ਇਸੇ ਲਈ ਇਨ੍ਹਾਂ ਸਾਰੇ ਖਦਸ਼ਿਆਂ ਨੂੰ ਸੋਚ ਵਿਚ ਰੱਖ ਕੇ 'ਮਿੱਟੀ ਦੇ ਪੁੱਤਰਾਂ' ਨੂੰ ਆਪਣੀ ਅਕਲ ਨੂੰ ਤਿੱਖੀ ਕਰਨ ਦੀ ਗੁਜ਼ਾਰਿਸ਼ ਕੀਤੀ ਗਈ ਹੈ।







ਇਸੇ ਲੜੀ ਵਿਚ ਆਮ ਆਵਾਮ ਨੂੰ ਖਾਸ ਕਰਕੇ ਨੌਜੁਆਨ ਪੀੜ੍ਹੀ ਨੂੰ, ਜਾਗਦੇ ਰੱਖਣ ਲਈ ਅਤੇ ਹੌਸਲਿਆਂ ਨੂੰ ਬੁਲੰਦ ਕਰਨ ਵਾਲੇ, ਹੋਰ ਗਾਇਕਾਂ ਦੇ ਵੀ ਗੀਤ ਨਸ਼ਰ ਹੋਏ ਹਨ। ਮਸਲਨ ਜੱਸ ਬਾਜਵਾ, ਕੰਵਰ ਗਰੇਵਾਲ, ਰਣਜੀਤ ਬਾਵਾ, ਹਰਫ ਚੀਮਾ ਵਰਗੇ ਕਲਾਕਾਰ, ਜੋ ਲਗਾਤਾਰ ਇੱਕ ਤੋਂ ਬਾਅਦ ਇੱਕ ਧਰਨੇ ਵਿਚ ਆਪਣੀ ਹਾਜ਼ਰੀ ਵੀ ਲੁਆ ਰਹੇ ਹਨ ਅਤੇ ਆਪਣੇ ਗੀਤਾਂ ਰਾਹੀਂ ਨੌਜੁਆਨਾਂ ਨੂੰ ਉਤਸ਼ਾਹਿਤ ਵੀ ਕਰ ਰਹੇ ਹਨ। ਜੱਸ ਬਾਜਵਾ ਨੇ ਆਪਣੇ ਗੀਤ 'ਜੱਟਾ ਤਕੜਾ ਹੋ ਜਾ' ਵਿਚ ਬੜੀ ਬੇਬਾਕੀ ਨਾਲ ਇਹ ਕਾਨੂੰਨ ਲਾਗੂ ਹੋ ਜਾਣ ਨਾਲ ਕੀ ਨਤੀਜੇ ਨਿਕਲਣਗੇ ਅਤੇ ਕਿਵੇਂ ਕੇਂਦਰ ਦੀ ਹਰ ਸਰਕਾਰ ਨੇ ਪੰਜਾਬ ਨਾਲ ਦਗਾ ਕੀਤਾ ਹੈ, ਸਾਡੀ ਮਾਂ ਬੋਲੀ ਨੂੰ ਕਿਵੇਂ ਪਿੱਛੇ ਧੱਕਿਆ ਹੈ, ਆਦਿ ਦੇ ਖੁਲਾਸੇ ਕੀਤੇ ਹਨ।

ਇਸੇ ਤਰ੍ਹਾਂ ਕੰਵਰ ਗਰੇਵਾਲ ਨੇ 'ਜਾਗ ਪੰਜਾਬ ਸਿਆਂ' ਅਤੇ 'ਐਲਾਨ' ਵਰਗੇ ਗੀਤਾਂ ਰਾਹੀਂ ਇੱਕ ਨਵਾਂ ਅਹਿਸਾਸ ਜਗਾਇਆ ਹੈ ਕਿ ਹੁਣ ਆਪਣੀਆਂ ਫਸਲਾਂ ਬਾਰੇ ਫੈਸਲੇ ਵੀ ਕਿਸਾਨ ਆਪ ਕਰੇ ਅਜਿਹਾ ਵਕਤ ਆ ਗਿਆ ਹੈ। ਅਸੀਂ ਸਾਰੇ ਹੀ ਜਾਣਦੇ ਹਾਂ ਕਿ ਇੱਕ ਕਿਸਾਨ ਹੀ ਹੈ, ਜਿਸ ਦੀ ਫਸਲ ਦਾ ਭਾਅ, ਖਾਦ ਅਤੇ ਬੀਜਾਂ ਦੇ ਭਾਅ ਕਿਸਾਨ ਨਹੀਂ ਸਰਕਾਰਾਂ ਨਿਸ਼ਚਿਤ ਕਰਦੀਆਂ ਹਨ। ਰਣਜੀਤ ਬਾਵਾ ਨੇ 'ਕਿੰਨੇ ਆਏ ਕਿੰਨੇ ਗਏ' ਰਾਹੀਂ ਸਾਡੇ ਇਤਿਹਾਸ ਅਤੇ ਸਭਿਆਚਾਰ 'ਤੇ ਹੋ ਰਹੇ ਹਮਲਿਆਂ ਦੀ ਗੱਲ ਕੀਤੀ ਹੈ ਕਿ ਕਿਵੇਂ ਸਾਡੇ ਆਪਣੇ ਇਤਿਹਾਸ ਵਿਚ ਬਦਲਾਅ ਕਰਕੇ ਸਾਡੇ ਬੱਚਿਆਂ ਨੂੰ ਸਾਡੇ ਆਪਣੇ ਇਤਿਹਾਸ ਤੋਂ ਅਣਜਾਣ ਰੱਖਿਆ ਜਾ ਰਿਹਾ ਹੈ। ਹਿੰਮਤ ਸੰਧੂ ਨੇ, 'ਅਸੀਂ ਵੱਢਾਂਗੇ' ਗੀਤ ਰਾਹੀਂ, ਜੇ ਫੈਸਲੇ ਕਿਸਾਨ ਦੇ ਹੱਕ ਵਿਚ ਨਹੀਂ ਹੁੰਦੇ ਤਾਂ 'ਦਿੱਲੀ' ਨਾਲ ਲੜਨ ਦੀ ਗੱਲ ਕੀਤੀ ਹੈ। ਗੁਰਸ਼ਬਦ ਵੱਲੋਂ ਗਾਏ ਸੰਤ ਰਾਮ ਉਦਾਸੀ ਅਤੇ ਸ਼ਿਵ ਕੁਮਾਰ ਬਟਾਲਵੀ ਦੇ ਕਿਸਾਨੀ, ਖਾਸ ਕਰਕੇ ਪੰਜਾਬ ਦੀ ਕਿਸਾਨੀ ਦੀਆਂ ਮੁਸ਼ਕਿਲਾਂ ਨਾਲ ਸਬੰਧਤ ਗੀਤ ਵੀ ਕਾਫੀ ਜ਼ਿਆਦਾ ਸਰਕੂਲੇਸ਼ਨ ਵਿਚ ਹਨ। ਇੱਕ ਗੱਲ ਸਾਰੇ ਗਾਇਕਾਂ ਨੇ ਸਪੱਸ਼ਟ ਕੀਤੀ ਹੈ ਕਿ ਕਿਸਾਨਾਂ ਦੀ ਅਗਵਾਈ ਵਿਚ ਚੱਲਣਾ ਹੈ ਅਤੇ ਜੋਸ਼ ਤੋਂ ਨਹੀਂ, ਹੋਸ਼ ਅਤੇ ਸਿਆਣਪ ਤੋਂ ਕੰਮ ਲੈਣਾ ਹੈ। 'ਸ਼ੰਭੂ ਦਾ ਮੋਰਚਾ' ਵਿਕੇਂਦਰੀਕਰਨ ਅਰਥਾਤ ਸੂਬਿਆਂ ਦੇ ਵੱਧ ਅਧਿਕਾਰਾਂ ਦਾ ਪ੍ਰਤੀਕ ਬਣ ਗਿਆ ਹੈ।

ਪ੍ਰੋਫੈਸਰ ਪੂਰਨ ਸਿੰਘ ਦਾ ਕਥਨ ਹੈ, "ਪੰਜਾਬ ਨਾ ਹਿੰਦੂ, ਨਾ ਮੁਸਲਮਾਨ; ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ।" ਪੰਜਾਬ ਨੂੰ ਗੁਰੂ ਨਾਨਕ ਦੀ ਬਾਣੀ ਦਾ ਓਟ-ਆਸਰਾ ਅਤੇ ਅਗਵਾਈ ਪ੍ਰਾਪਤ ਹੈ। ਗੁਰੂ ਨਾਨਕ ਉਸ ਵੇਲੇ ਐਮਨਾਬਾਦ ਵਿਚ ਸਨ, ਜਦੋਂ ਬਾਬਰ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ। ਗੁਰੂ ਨਾਨਕ ਸਾਹਿਬ ਨੇ ਬਾਬਰ ਦੀ ਫੌਜ ਵੱਲੋਂ ਐਮਨਾਬਾਦ ਵਿਚ ਕੀਤੀ ਤਬਾਹੀ ਅਤੇ ਜ਼ੁਲਮਾਂ ਨੂੰ ਦੇਖਦਿਆਂ ਬਾਬਰ ਦੀ ਫੌਜ ਨੂੰ 'ਪਾਪ ਕੀ ਜੰਞ' ਕਿਹਾ ਹੈ। ਗੁਰੂ ਨਾਨਕ ਨੇ ਹੀ ਉਸ ਵੇਲੇ ਬਾਬਰ ਦੇ ਖਿਲਾਫ ਅਵਾਜ਼ ਉਠਾਈ। ਜਿੱਥੇ ਲੋਧੀ ਹੁਕਮਰਾਨਾਂ ਦੀ ਨਾ-ਅਹਿਲੀਅਤ ਨੂੰ ਉਜਾਗਰ ਕੀਤਾ, ਜੋ ਪਰਜਾ ਦੀ ਜਾਨ ਮਾਲ ਦੀ ਰਾਖੀ ਕਰਨ ਦਾ ਫਰਜ਼ ਨਹੀਂ ਨਿਭਾ ਸਕੇ, ਉਥੇ ਹੀ ਲੋਕਾਂ ਨੂੰ ਵੀ ਆਗਾਹ ਕੀਤਾ ਕਿ ਪੀਰਾਂ ਨੂੰ ਧਿਆ ਕੇ ਜਾਂ ਦੇਵਤਿਆਂ ਦੀ ਪੂਜਾ ਕਰਕੇ ਉਨ੍ਹਾਂ ਕੋਲੋਂ ਮਦਦ ਮੰਗਣ ਨਾਲੋਂ ਆਪਣੀ ਰਾਖੀ ਕਰਨ ਦੇ ਆਪ ਯੋਗ ਬਣਨਾ ਚਾਹੀਦਾ ਹੈ। ਬਾਬਰ ਨਾਲ ਹੀ ਦਿੱਲੀ ਦੀ ਗੱਦੀ 'ਤੇ ਮੁਗਲਾਂ ਦਾ ਜਿੱਥੇ ਰਾਜ ਸਥਾਪਤ ਹੋ ਗਿਆ, ਉਥੇ ਹੀ ਮੁਗਲ ਸ਼ਾਸਕ ਅੱਗੇ ਤੋਂ ਅੱਗੇ ਜ਼ੁਲਮ ਵੀ ਵਧਾਉਂਦੇ ਗਏ ਅਤੇ ਬਾਬੇ ਨਾਨਕ ਦੇ ਜਾਨਸ਼ੀਨ ਇਸ ਜ਼ੁਲਮ ਦਾ ਟਾਕਰਾ ਕਰਦੇ ਗਏ। ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ ਨੇ ਮੁਗਲਾਂ ਦੇ ਜ਼ੁਲਮ ਦੀ ਵਿਰੋਧਤਾ ਵਿਚ ਸ਼ਹਾਦਤ ਦਿੱਤੀ ਅਤੇ ਗੁਰੂ ਹਰਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਨੂੰ ਯੁੱਧ ਲੜਨੇ ਪਏ। ਇਥੋਂ ਹੀ ਦਿੱਲੀ ਦਾ ਤਖਤ 'ਬਾਬਰ ਕੇ' ਦਾ ਪ੍ਰਤੀਕ ਬਣ ਗਿਆ ਅਤੇ ਪੰਜਾਬ 'ਬਾਬੇ ਕੇ' ਦਾ ਪ੍ਰਤੀਕ ਬਣ ਗਿਆ।

ਕੇਂਦਰ ਵਿਚ ਭਾਵੇਂ ਕਿਸੇ ਵੀ ਪਾਰਟੀ ਦੀ ਸਰਕਾਰ ਬਣੀ ਹੈ, ਉਸ ਨੇ ਪੰਜਾਬ ਦੇ ਹੱਕਾਂ ਨਾਲ ਇਨਸਾਫ ਨਹੀਂ ਕੀਤਾ, ਪੰਜਾਬ ਨਾਲ ਧੱਕਾ ਹੀ ਕੀਤਾ ਹੈ। ਪੰਜਾਬ ਦੇ ਪਾਣੀ, ਪੰਜਾਬ ਦੀ ਬੋਲੀ, ਪੰਜਾਬ ਦਾ ਸਭਿਆਚਾਰ, ਪੰਜਾਬ ਦੇ ਪੰਜਾਬੀ ਬੋਲਦੇ ਇਲਾਕੇ, ਪੰਜਾਬ ਦੀ ਰਾਜਧਾਨੀ, ਪੰਜਾਬ ਯੂਨੀਵਰਸਿਟੀ-ਸਭ 'ਤੇ ਡਾਕਾ ਮਾਰਿਆ ਹੈ। ਭਾਜਪਾਈ ਸਰਕਾਰ ਨੇ ਤਾਂ ਸੰਵਿਧਾਨ ਵਿਚ ਤਬਦੀਲੀਆਂ ਦੀ ਲੜੀ ਸ਼ੁਰੂ ਕਰਕੇ ਸੂਬਿਆਂ ਤੋਂ ਉਨ੍ਹਾਂ ਦੇ ਮੂਲ ਅਧਿਕਾਰ ਹੀ ਖੋਹਣੇ ਸ਼ੁਰੂ ਕਰ ਦਿੱਤੇ ਹਨ। ਸਾਡੇ ਖੇਤ ਹੀ ਬਚਦੇ ਹਨ, ਜਿਨ੍ਹਾਂ ਨੂੰ ਸਿਆਣਪ ਅਤੇ ਏਕੇ ਨਾਲ ਹੀ ਬਚਾਇਆ ਜਾ ਸਕਦਾ ਹੈ; ਜੇ ਸਿਆਣਪ ਅਤੇ ਏਕੇ ਨਾਲ ਲੜਾਈ ਨਾ ਲੜੀ ਤਾਂ ਜਿਵੇਂ ਸਭ ਸਰਕਾਰੀ ਅਦਾਰੇ ਵੇਚ ਦਿੱਤੇ ਹਨ ਜਾਂ ਵੇਚਣੇ ਲਾ ਦਿੱਤੇ ਹਨ, ਉਵੇਂ ਹੀ ਕਿਸਾਨਾਂ ਦੀਆਂ ਜ਼ਮੀਨਾਂ ਵੀ ਕਾਰਪੋਰੇਸ਼ਨਾਂ ਦੇ ਹੱਥ ਵੇਚ ਦੇਵੇਗੀ ਕੇਂਦਰ ਸਰਕਾਰ।

ਇਹ ਵੇਲਾ ਹੈ, ਜਿਵੇਂ ਪ੍ਰੋਫੈਸਰ ਪੂਰਨ ਸਿੰਘ ਨੇ ਕਿਹਾ ਹੈ, 'ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ', ਕਿ ਸਾਰੇ ਪੰਜਾਬੀਆਂ ਨੂੰ ਸਭ ਵਖਰੇਵੇਂ ਭੁਲਾ ਕੇ ਇੱਕ-ਮੁੱਠ ਹੋ ਕੇ ਆਪਣੀ ਹੋਂਦ ਨੂੰ ਬਚਾਉਣ ਦੀ ਲੜਾਈ ਲੜਨੀ ਚਾਹੀਦੀ ਹੈ। ਪੰਜਾਬ ਜ਼ਰਾਇਤ-ਆਧਾਰਤ ਸੂਬਾ ਹੋਣ ਕਰਕੇ ਇਸ ਦੇ ਹਰ ਬਸ਼ਰ ਦੀ ਆਰਥਕ ਖੁਸ਼ਹਾਲੀ ਖੇਤੀ ਦੀ ਖੁਸ਼ਹਾਲੀ ਨਾਲ ਜੁੜੀ ਹੋਈ ਹੈ। ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਨੂੰ ਕੁਰਸੀ ਦੀ ਲੜਾਈ ਛੱਡ ਕੇ ਪੰਜਾਬ ਲਈ ਲੜਨਾ ਚਾਹੀਦਾ ਹੈ। ਇਹ ਵੇਲਾ ਹੈ ਆਪਣੇ ਹੱਕਾਂ ਪ੍ਰਤੀ ਸੁਚੇਤ ਅਤੇ ਇਕੱਠੇ ਹੋਣ ਦਾ, ਜਿਵੇਂ ਕੰਵਰ ਗਰੇਵਾਲ ਨੇ ਗਾਇਆ ਹੈ, "ਉਠ ਜਾਗ ਪੰਜਾਬ ਸਿਆਂ, ਤੇਰੇ ਘਰ 'ਚ ਲੁਟੇਰੇ ਵੜ ਗਏ।"

ਗੁਰਬਾਣੀ ਵਿਆਖਿਆ

# ਜਪੁਜੀ-ਸੰਖੇਪ ਸਾਰ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਜਪੁਜੀ ਸਾਹਿਬ ਗੁਰੂ ਨਾਨਕ ਸਾਹਿਬ ਦੀ ਇਕ ਮਹੱਤਵਪੂਰਨ ਬਾਣੀ ਹੈ। ਆਪਣੀ ਸੰਰਚਨਾ ਤੇ ਸਰੋਕਾਰ ਕਰਕੇ ਇਹ ਉਨ੍ਹਾਂ ਦੀਆਂ ਹੋਰ ਬਾਣੀਆਂ ਨਾਲੋਂ ਭਿੰਨ ਹੈ। ਉਨ੍ਹਾਂ ਨੇ ਆਪਣੀ ਦੂਜੀ ਬਾਣੀ ਦੇ ਹੁੰਦੇ ਹੋਏ ਇਸ ਬਾਣੀ ਨੂੰ ਬਣਾਉਣ ਦੀ ਲੋੜ ਇਸੇ ਲਈ ਮਹਿਸੂਸ ਕੀਤੀ ਕਿ ਉਨ੍ਹਾਂ ਨੇ ਇਸ ਵਿਚ ਕੁਝ ਖਾਸ ਕਿਹਾ ਹੈ। ਉਸ ਵੇਲੇ ਦੀ ਰੱਬ ਦੇ ਸਿਜਦੇ ਕਰਨ ਵਾਲੀ ਤੇ ਕਰਮ-ਕਾਂਡਾਂ ਵਿਚ ਭਟਕੀ ਲੁਕਾਈ ਨੂੰ ਪਰਮ-ਸਤਿ ਦੀ ਸਹੀ ਸੇਧ ਦੇਣੀ ਬਹੁਤ ਜਰੂਰੀ ਸੀ। ਉਹ ਆਪਣੇ ਸਿੱਖਾਂ ਸਾਹਮਣੇ ਸਿੱਖੀ ਸਿਧਾਂਤ ਦੀ ਰੂਪ ਰੇਖਾ ਵਾਲੀ ਇਕ ਅਜਿਹੀ ਮੁਢਲੀ ਤੇ ਸੰਖੇਪ ਰਚਨਾ ਰੱਖਣਾ ਚਾਹੁੰਦੇ ਸਨ, ਜਿਸ ਦੇ ਲਗਾਤਾਰ ਅਧਿਐਨ ਨਾਲ ਉਹ ਪਿਛੋਕੜ ਦੇ ਭਰਮ ਭੁਲੇਖਿਆਂ ਤੋਂ ਮੁਕਤ ਹੋ ਕੇ ਸਹੀ ਰਾਹ ਅਪਨਾ ਸਕਣ।

ਉਨ੍ਹਾਂ ਦਾ ਇਕ ਪ੍ਰਯੋਜਨ ਆਪਣੀ ਨਿਰੋਲ ਸਿੱਖੀ ਸਿਧਾਂਤ ਵਾਲੀ ਬਾਣੀ ਨੂੰ ਇਕ ਥਾਂ ਇੱਕਠਾ ਕਰਨਾ ਵੀ ਸੀ ਤਾਂ ਜੋ ਉਨ੍ਹਾਂ ਦੇ ਸਿੱਖ ਉਨ੍ਹਾਂ ਦੇ ਵਿਚਾਰਾਂ ਨੂੰ ਇਕੋ ਸਿਧਾਂਤ ਦੀ ਲੋਅ ਵਿਚ ਪਰਖ ਕੇ ਸਮਝਣ। ਉਨ੍ਹਾਂ ਨੇ ਆਪਣੀ ਬਾਣੀ ਵਿਚੋਂ ਚੁਣ ਚੁਣ ਕੇ ਇਸ ਵਿਚ ਉਹੀ ਭਾਗ ਸ਼ਾਮਲ ਕੀਤੇ, ਜੋ ਉਨ੍ਹਾਂ ਦੀ ਸਮਝ ਅਨੁਸਾਰ ਉਨ੍ਹਾਂ ਦੇ ਸਿੱਖੀ ਸਿਧਾਂਤ ਦੀ ਸਿੱਧੀ ਵਿਆਖਿਆ ਕਰਦੇ ਸਨ। ਉਨ੍ਹਾਂ ਨੇ ਆਪਣੀ ਇਸ ਬਾਣੀ ਦਾ ਸੰਕਲਨ ਆਪਣੀ ਉਮਰ ਦੇ ਅੰਤਲੇ ਸਾਲਾਂ ਵਿਚ ਆਪਣੀ ਹੀ ਦੇਖ ਰੇਖ ਵਿਚ ਆਪਣੇ ਭਰੋਸੇਯੋਗ ਸਿੱਖ ਭਾਈ ਲਹਿਣਾ ਤੋਂ ਕਰਵਾਇਆ। ਇਸ ਲਈ ਇਸ ਵਿਚ ਉਨ੍ਹਾਂ ਦੇ ਦਾਰਸ਼ਨਿਕ ਅਨੁਭਵ ਦਾ ਗੁੜ੍ਹਿਆ ਹੋਇਆ ਤੇ ਅੰਤਿਮ ਨਿਚੋੜ ਹੈ। ਉਨ੍ਹਾਂ ਦਾ ਮਨੋਰਥ ਸੀ ਕਿ ਉਨ੍ਹਾਂ ਦੀ ਸਾਰੀ ਬਾਣੀ ਦੇ ਅਰਥ ਜਪੁਜੀ ਨੂੰ ਪੜ੍ਹ ਕੇ ਵਿਚਾਰੇ ਜਾਣ। ਗੁਰੂ ਅਰਜਨ ਦੇਵ ਨੇ ਇਸ ਨੂੰ ਆਦਿ ਗ੍ਰੰਥ ਵਿਚ ਸਭ ਤੋਂ ਪਹਿਲਾ ਸਥਾਨ ਦੇ ਕੇ ਗੁਰੂ ਸਾਹਿਬ ਦੇ ਇਸ ਸਿਧਾਂਤਕ ਮੰਤਵ ਦੀ ਤਰਜਮਾਨੀ ਕੀਤੀ ਹੈ। ਇਸ ਬਾਣੀ ਨੂੰ ਗ੍ਰੰਥ ਸਾਹਿਬ ਵਿਚ ਉਹ ਸਥਾਨ ਪ੍ਰਾਪਤ ਹੈ, ਜੋ ਕਿਸੇ ਆਧੁਨਿਕ ਰਾਜ ਦੇ ਕਾਨੂੰਨ ਵਿਚ ਉਸ ਦੇ ਸੰਵਿਧਾਨ ਨੂੰ ਹੁੰਦਾ ਹੈ।

ਇਸ ਬਾਣੀ ਦੇ ਅਧਿਐਨ ਪਿਛੋਂ ਇਸ ਦੇ ਸਿੱਟਿਆਂ ਨੂੰ ਇੱਕਠੇ ਤੌਰ 'ਤੇ ਇਕ ਨਜ਼ਰ ਵਿਚੋਂ ਕੱਢਣ ਲਈ ਇਸ ਦਾ ਸੰਖੇਪ ਸਾਰ ਦੇਣਾ ਜਰੂਰੀ ਬਣਦਾ ਹੈ। ਜਪੁਜੀ ਦੀ ਮਾਨਤਾ ਹੈ ਕਿ ਮਨੁੱਖ ਇਕ ਬੌਧਿਕ ਪ੍ਰਵਿਰਤੀ ਵਾਲਾ ਜੀਵ ਹੈ, ਪਰ ਉਸ ਨੂੰ ਆਪਣੇ ਅਤੀਤ ਤੇ ਭਵਿੱਖ ਦੀ ਜਾਣਕਾਰੀ ਨਹੀਂ ਹੈ। ਉਸ ਅੱਗੇ ਸਭ ਤੋਂ ਵੱਡੀ ਚੁਣੌਤੀ ਸੰਸਾਰ ਦੇ ਮੁੱਢ ਤੇ ਸੰਚਾਲਨ ਦਾ ਗਿਆਨ ਹਾਸਲ ਕਰਨਾ ਹੈ, ਪਰ ਇਸ ਬਾਰੇ ਤੱਥਾਂ ਦੀ ਘਾਟ ਹੈ। ਲੋਕਾਂ ਕੋਲ ਪਰਖੇ ਹੋਏ ਠੋਸ ਵਿਚਾਰ ਨਹੀਂ ਹਨ ਤੇ ਨਾ ਹੀ ਪਰਖਣ ਦੀ ਕੋਈ ਸਾਂਝੀ ਨਿਰਪੱਖ ਵਿਧੀ ਹੈ। ਕਈ ਇਸ ਬੁਝਾਰਤ ਨੂੰ ਸਮਾਧੀ ਤੇ ਤੱਪਸਿਆ ਰਾਹੀਂ ਬੁੱਝਣ ਦਾ ਯਤਨ ਕਰਦੇ ਹਨ ਅਤੇ ਕਈ ਭੁੱਖੇ ਰਹਿ ਕੇ, ਮੌਨ ਵਰਤਾਂ ਰਾਹੀਂ ਜਾਂ ਸਿੱਧੀ ਸਿਆਣਪਾਂ ਰਾਹੀਂ ਜਾਣਕਾਰ ਬਣਨਾ ਚਾਹੁੰਦੇ ਹਨ। ਹਰ ਕੋਈ ਆਪਣੀ ਮਰਜੀ ਅਨੁਸਾਰ ਆਪਣਾ ਰਾਹ ਵਰਤ ਕੇ ਆਪਣੀ ਗੱਪ ਕਹਾਣੀ ਘੜ੍ਹ ਲੈਂਦਾ ਹੈ, ਜੋ ਸੱਚਾਈ 'ਤੇ ਪੂਰੀ ਨਹੀਂ ਉਤਰਦੀ।

ਇਸ ਬੇ-ਬੁਨਿਆਦ ਦਿਮਾਗੀ ਹਰਕਤ ਦੇ ਸਿੱਟੇ ਵਜੋਂ ਇਸ ਵਿਸ਼ੇ 'ਤੇ ਮਨਘੜ੍ਹਤ ਵਿਚਾਰਾਂ ਦਾ ਇਕ ਜਾਲ ਜਿਹਾ ਉਸਰਿਆ ਪਿਆ ਹੈ, ਜਿਸ ਨੇ ਪ੍ਰਾਣੀ ਨੂੰ ਸਹੀ ਰਾਹ ਤੋਂ ਭਟਕਾ ਰੱਖਿਆ ਹੈ। ਇਸ ਉਪਰੰਤ ਹੁਣ ਵੱਡੇ ਪ੍ਰਸ਼ਨ ਇਹ ਬਣ ਗਏ ਹਨ ਕਿ ਕਿਵੇਂ ਇਸ ਝੂਠ ਦੀ ਦੀਵਾਰ ਨੂੰ ਤੋੜਿਆ ਜਾਵੇ, ਕਿਵੇਂ ਸੱਚ ਦੇ ਜਾਣੂ ਬਣਿਆ ਜਾਵੇ ਤੇ ਕਿਵੇਂ ਮਨੁੱਖੀ ਜੀਵਨ ਨੂੰ ਕੁਦਰਤੀ ਨਿਯਮਾਂ ਅਨੁਸਾਰ ਜੀਵਿਆ ਜਾਵੇ। ਗੁਰੂ ਸਾਹਿਬ ਦੇ ਉਠਾਏ ਇਹ ਪ੍ਰਸ਼ਨ ਅਜੋਕੇ ਸਿੱਖ ਵਿਦਵਾਨਾਂ ਦੇ ਉਨ੍ਹਾਂ ਪੋਸਟ-ਮਾਡਰਨਿਸਟ ਦਾਅਵਿਆਂ ਨੂੰ ਤਾਰ ਤਾਰ ਕਰਦੇ ਹਨ, ਜਿਨ੍ਹਾਂ ਅਨੁਸਾਰ ਸਿੱਖੀ ਵਿਚ ਗਿਆਨ ਪ੍ਰਾਪਤੀ ਦਾ ਕੋਈ ਸੰਕਲਪ ਨਹੀਂ, ਕਿਉਂਕਿ ਇਹ ਤਾਂ ਬ੍ਰਹਿਮੰਡ ਨੂੰ ਉਚੀ ਆਤਮਿਕ ਅਵਸਥਾ ਰਾਹੀਂ ਦੇਖਣ ਦਾ ਪ੍ਰਸਤਾਵ ਹੈ। (ਪਉੜੀ 1)

ਸਿੱਖੀ ਮਨੁੱਖ ਨੂੰ ਸਭ ਕੁਝ ਭੁੱਲਾ ਕੇ ਮੁੱਢ ਤੋਂ ਖੋਜ ਕਰਨ ਦੀ ਲੋੜ 'ਤੇ ਜੋਰ ਦਿੰਦੀ ਹੈ। ਇਹ ਖੋਜ ੴ ਦੇ ਸੂਤਰ ਅਨੁਸਾਰ ਕਰਨੀ ਸਾਰਥਕ ਹੈ ਤਾਂ ਜੋ ਇਸ ਦੇ ਸਿੱਟੇ ਪੱਖਪਾਤੀ ਨਾ ਹੋਣ, ਇਨ੍ਹਾਂ ਵਿਚ ਕਿਸੇ ਦੀ ਕਹੀ ਕਹਾਈ ਬੇ-ਬੁਨਿਆਦ ਗੱਲ ਦਾ ਰਲ੍ਹਾ ਨਾ ਹੋਵੇ ਤੇ ਇਨ੍ਹਾਂ ਦੀ ਵਿਸ਼ਵਵਿਆਪੀ ਮਾਨਤਾ ਹੋਵੇ। ੴ ਹਿਸਾਬੀ ਗੁਣਾਂ ਵਾਲਾ ਤਰਕ-ਵਿਵੇਕੀ ਸੂਤਰ ਜਾਂ ਗੁਰ ਹੈ, ਜੋ ਅੰਕ-ਗਣਿੱਤ, ਬੀਜ-ਗਣਿੱਤ ਤੇ ਰੇਖਾ-ਗਣਿੱਤ ਦੇ ਮੁਢਲੇ ਚਿੰਨ੍ਹਾਂ ਤੋਂ ਬਣਿਆ ਹੋਇਆ ਹੈ। ਬ੍ਰਹਿਮੰਡ ਦੇ ਮੁੱਢ ਦਾ ਜੋ ਵੀ ਕਾਰਕ ਹੈ ਅਤੇ ਜਿਸ ਕਾਰਨ ਕਰਕੇ ਵੀ ਇਸ ਦੇ ਵਰਤਾਰੇ ਚਲ ਰਹੇ ਹਨ, ਉਹ ਮਨੁੱਖੀ ਗਿਆਨ ਤੋਂ ਪਰ੍ਹੇ ਹੈ ਤੇ ਉਹੀ ਪਰਮ-ਸਤਿ ਹੈ। ਉਸ ਪਰਮ-ਸਤਿ ਦੀਆਂ ਉਪਰੋਥਲੀ ਪ੍ਰਤੱਖ ਵਿਸ਼ੇਸ਼ਤਾਈਆਂ ਨੂੰ ੴ ਦੇ ਗੁਰ ਦੀ ਵਰਤੋਂ ਨਾਲ ਘੋਖ ਕੇ ਜਾਣਿਆ ਜਾ ਸਕਦਾ ਹੈ ਤੇ ਜਾਣਿਆ ਜਾਣਾ ਚਾਹੀਦਾ ਹੈ।

ਅਜਿਹੀਆਂ ਪੱਕੀਆਂ ਤੇ ਸਰਬਵਿਆਪੀ ਵਡਿਆਈਆਂ ਜਾਂ ਗੁਣਾਂ 'ਤੇ ਹੀ ਉਸ ਦਾ ਭਰਮ-ਰਹਿਤ, ਅਸਲੀ ਤੇ ਸੱਚਾ ਨਾਮ ਆਧਾਰਿਤ ਹੋਵੇਗਾ। ਉਸ ਦੇ ਸਾਰੇ ਪ੍ਰਚਲਤ ਕੱਚੇ ਨਾਮ ਉਸ ਦੇ ਅਸਲ ਗੁਣਾਂ ਅਨੁਸਾਰ ਨਹੀਂ ਹਨ, ਇਸ ਲਈ ਇਹ ਭੁਲੇਖਾ ਪਾਊ ਹਨ। ਇਸ ਗੁਰ ਦੇ ਉਪਯੋਗ ਨਾਲ ਜੋ ਕੁਝ ਹੁਣ ਤੀਕ ਪਤਾ ਚੱਲਿਆ ਹੈ, ਉਹ ਇਹ ਹੈ ਕਿ ਪਰਮ-ਸਤਿ ਸੰਸਾਰ ਦਾ ਰਚਣਹਾਰ ਹੈ, ਉਹ ਪ੍ਰਭਾਵ ਰਹਿਤ ਭਾਵ ਸੁਤੰਤਰ ਹੈ, ਪੱਖਪਾਤ ਰਹਿਤ ਹੈ, ਕਾਲ-ਮੁਕਤ ਹੈ, ਬਿੰਬ ਜਾਂ ਪ੍ਰਛਾਈ ਮਾਤਰ ਹੈ, ਜੰਮਣ ਮਰਨ ਤੋਂ ਪਰ੍ਹੇ ਹੈ ਅਤੇ ਸਵੈ-ਪ੍ਰਕਾਸ਼ਿਤ ਭਾਵ ਸਵੈ-ਨਿਰਮਿਤ ਹੈ। ਉਹ ਕਿਸੇ ਨੇ ਥਾਪਿਆ ਜਾਂ ਬਣਾਇਆ ਹੋਇਆ ਨਹੀਂ, ਸਗੋਂ ਆਪਣੇ ਆਪ ਬਣਿਆ ਹੋਇਆ ਹੈ। ਉਸ ਦਾ ਕੋਈ ਆਦਿ ਅੰਤ ਨਹੀਂ, ਕਿਉਂਕਿ ਉਹ ਹਮੇਸ਼ਾ ਤੋਂ ਸੀ ਤੇ ਹੁਣ ਵਾਂਗ ਹਮੇਸ਼ਾ ਹੀ ਬਣਿਆ ਰਹੇਗਾ। (ਮੂਲ-ਮੰਤਰ, ਸਲੋਕ ਤੇ ਪਉੜੀ 5)

ਪਰਮ-ਸਤਿ ਇਕ ਅਜਿਹੀ ਬੁਝਾਰਤ ਹੈ, ਜਿਸ ਦਾ ਉਤਰ ਕੁਦਰਤ ਦੇ ਨਿਯਮਾਂ ਦਾ ਅਧਿਐਨ ਕਰ ਕੇ ਹੀ ਲੱਭਿਆ ਜਾ ਸਕਦਾ ਹੈ। ਇਨ੍ਹਾਂ ਨਿਯਮਾਂ ਦੀ ਝਲਕ ਕੁਦਰਤ ਦੇ ਸਭ ਵਰਤਾਰਿਆਂ ਵਿਚੋਂ ਪੈਂਦੀ ਹੈ। ਨਿਯਮਾਂ ਅਨੁਸਾਰ ਜੀਵ ਬਣਦੇ ਹਨ, ਜੀਵਾਂ ਦੀਆਂ ਕਿਸਮਾਂ ਬਣਦੀਆਂ ਹਨ, ਜੀਵਾਂ ਨੂੰ ਸਤਹਿ-ਵਾਰ ਗੁਣ ਵਡਿਆਈਆਂ ਮਿਲਦੇ ਹਨ ਤੇ ਉਨ੍ਹਾਂ ਨੂੰ ਆਉਣ ਵਾਲੇ ਦੁਖ-ਸੁਖ ਨਿਰਧਾਰਤ ਹੁੰਦੇ ਹਨ। ਕਈ ਜੀਵ ਨਿਯਮ ਅਨੁਸਾਰ ਇਕ ਥਾਂ ਟਿਕੇ ਰਹਿੰਦੇ ਹਨ ਤੇ ਕਈ ਥਾਂ ਥਾਂ ਘੁੰਮਦੇ ਰਹਿੰਦੇ ਹਨ। ਸਭ ਕੁਦਰਤੀ ਅਸੂਲਾਂ ਦੇ ਬੰਨ੍ਹੇ ਹੋਏ ਹਨ, ਇਨ੍ਹਾਂ ਤੋਂ ਬਾਹਰ ਕੁਝ ਵੀ ਨਹੀਂ ਹੈ; ਪਰ ਇਨ੍ਹਾਂ ਨਿਯਮਾਂ ਦਾ ਕਦੇ ਸਹੀ ਅਧਿਐਨ ਨਹੀਂ ਕੀਤਾ ਗਿਆ, ਇਸ ਲਈ ਇਨ੍ਹਾਂ ਬਾਰੇ ਸਹੀ ਰੂਪ ਵਿਚ ਬਹੁਤਾ ਕੁਝ ਨਹੀਂ ਕਿਹਾ ਜਾ ਸਕਦਾ। ਜੇ ਕੁਦਰਤ ਦੇ ਇਹ ਨਿਯਮ ਠੋਸ ਰੂਪ ਵਿਚ ਬੁੱਝੇ ਜਾਣ ਭਾਵ ਖੋਜ ਕਰ ਕੇ ਪਤਾ ਲਾ ਲਏ ਜਾਣ ਤਾਂ ਕੂੜ ਦੀ ਪਾਲ ਬਣੀਆਂ ਮਨ-ਘੜ੍ਹਤ ਕਹਾਣੀਆਂ ਨੂੰ ਠੱਲ ਪਵੇਗੀ। (ਪਉੜੀ 2)

ਪਰ ਖੋਜ ਕਾਰਜ ਵਿਚ ਜੁਟਣ ਦੀ ਥਾਂ ਬੁੱਧੀਜੀਵੀ ਤੇ ਭਗਤ-ਜਨ ਪੂਜਾ-ਪਾਠਾਂ ਵਿਚ ਲੱਗੇ ਹੋਏ ਹਨ। ਜਿੰਨਾ ਕਿਸੇ ਵਿਚ ਜੋਰ ਹੈ, ਉਹ ਉਨੇ ਜੋਰ ਨਾਲ ਗੁਣਗਾਣ ਕਰੀ ਜਾਂਦਾ ਹੈ। ਜਿਨ੍ਹਾਂ ਦੋ ਚਾਰ ਗੁਣਾਂ ਤੇ ਨਿਸ਼ਾਨੀਆਂ ਦਾ ਕਿਸੇ ਨੂੰ ਪਤਾ ਹੈ, ਉਨ੍ਹਾਂ ਨੂੰ ਹੀ ਉਹ ਬਿਆਨੀ ਜਾਂਦਾ ਹੈ। ਕੋਈ ਕਹਿੰਦਾ ਹੈ ਕਿ ਇਸ 'ਤੇ ਵਿਚਾਰ ਕਰਨ ਦਾ ਇਲਮ ਬੜਾ ਔਖਾ ਹੈ, ਕੋਈ ਸਰੀਰ ਪੈਦਾ ਕਰਨ ਤੇ ਵਿਨਾਸ਼ ਕਰਨ ਦੀ ਕੁਦਰਤੀ ਕਾਰਵਾਈ ਨੂੰ ਫੜ ਕੇ ਸਿਫਤਾਂ ਕਰੀ ਜਾਂਦਾ ਹੈ ਤੇ ਕੋਈ ਜੀਵਾਂ ਦੇ ਲਗਾਤਾਰ ਜੰਮਣ-ਮਰਨ ਦੀ ਪ੍ਰਕਿਰਿਆ ਨੂੰ ਲੈ ਕੇ ਹੈਰਾਨ ਹੋਈ ਜਾਂਦਾ ਹੈ। ਕੋਈ ਇਨ੍ਹਾਂ ਵਰਤਾਰਿਆਂ ਦਾ ਚਾਲਕ ਸਾਹਮਣੇ ਨਾ ਦਿਸਣ ਦੀ ਵਿਡੰਬਣਾ ਨੂੰ ਲੈ ਕੇ ਝੂਰੀ ਜਾਂਦਾ ਹੈ ਤੇ ਕੋਈ ਉਸ ਨੂੰ ਆਪਣੇ ਨੇੜੇ ਮਹਿਸੂਸ ਹੋਣ ਦੇ ਸੋਹਲੇ ਗਾਈ ਜਾਂਦਾ ਹੈ। ਜਿੰਨੇ ਮੂੰਹ ਉਨੀਆਂ ਗੱਲਾਂ; ਬਿਆਨ ਕੀਤਿਆਂ ਖਤਮ ਨਾ ਹੋਣ। ਕੁਦਰਤ ਅੱਗੇ ਤੋਂ ਅੱਗੇ ਪਈ ਹੈ। ਇਹ ਜੀਵਾਂ ਨੂੰ ਇੰਨਾ ਕੁਝ ਦੇ ਰਹੀ ਹੈ ਕਿ ਲੈਣ ਵਾਲੇ ਲੈਂਦੇ ਲੈਂਦੇ ਥੱਕ ਜਾਂਦੇ ਹਨ। ਨਿਯਮ ਵਰਤਾਉਣ ਵਾਲੀ ਕੁਦਰਤ ਆਪਣੇ ਨਿਯਮਾਂ ਨੂੰ ਇੰਨਾ ਰਾਹ-ਸਿਰ ਚਲਾ ਰਹੀ ਹੈ ਕਿ ਸੋਚ ਕੇ ਅਨੰਦ ਛਾ ਜਾਂਦਾ ਹੈ। (ਪਉੜੀ 3)

ਸੱਚੇ ਨਿਆਂ ਵਾਲਾ ਸੱਚਾ ਪ੍ਰਬੰਧਕ ਪਰਮ-ਸਤਿ, ਬਿਨਾ ਕਹੇ ਪੁੱਛੇ ਨਿਯਮਾਂ ਅਨੁਸਾਰ ਦਾਤਾਂ ਦੇਈ ਜਾਂਦਾ ਹੈ, ਪਰ ਭਗਤ ਜਨ ਸੋਚਦੇ ਹਨ ਕਿ ਜੇ ਕੋਈ ਹੋਰ ਬੋਲੀ ਬੋਲ ਕੇ ਹੋਰ ਮੰਗੀਏ ਤਾਂ ਸ਼ਾਇਦ ਵਧੇਰੇ ਕੁਝ ਮਿਲ ਜਾਵੇ। ਉਹ ਪੁੱਛਦੇ ਹਨ ਕਿ ਹੋਰ ਕਿਹੜੇ ਵਧੀਆ ਤੇ ਪਿਆਰੇ ਸ਼ਬਦਾਂ ਨਾਲ ਪੂਜਾ ਅਰਦਾਸ ਕਰੀਏ ਤਾਂ ਕਿ ਉਹ ਖੁਸ਼ ਹੋ ਜਾਵੇ ਤੇ ਉਸ ਦੇ ਦਰਬਾਰ ਦੇ ਦਰਸ਼ਨ ਹੋ ਜਾਣ। ਅਜਿਹੇ ਸ਼ਰਧਾਲੂ ਇਹ ਸਮਝ ਲੈਣ ਕਿ ਪ੍ਰਭਾਤ ਦੇ ਹਨੇਰੇ ਵਾਂਗ ਪੱਤ ਓਹਲੇ ਪਹਾੜ ਹੈ। ਬੱਸ ਥੋੜ੍ਹੀ ਖੋਜ ਨਾਲ ਮੰਜ਼ਿਲ 'ਤੇ ਲਹਿਰਾਉਂਦਾ ਪਰਚਮ ਦਿੱਸ ਜਾਵੇਗਾ। ਇਹ ਜਾਣਕਾਰੀ ਪੂਰੀ ਨਹੀਂ, ਪਰ ਇਹ ਗੱਪ ਵੀ ਨਹੀਂ। ਸਵੇਰ ਦੇ ਹਨੇਰੇ ਤੋਂ ਅੱਗੇ ਚਾਨਣ ਹੀ ਆਉਂਦਾ ਹੈ। ਪਰਮ-ਸਤਿ ਸਵੈ-ਉਤਪੰਨ ਹੈ ਤੇ ਉਸ ਦੀ ਹੋਂਦ ਸਦੀਵੀ ਹੈ। ਇਸ ਲਈ ਉਹ ਤਾਂ ਹੈ ਹੀ। ਪਰ ਭਗਤ-ਜਨ ਆਪਣੇ ਨਿਜੀ ਲਾਭਾਂ ਦੀ ਪ੍ਰਾਪਤੀ ਤੇ ਸੁਖਾਂ ਦੀ ਲਾਲਸਾ ਕਾਰਨ ਕਈ ਪ੍ਰਕਾਰ ਦੇ ਭਗਵਾਨ ਪੂਜਦੇ ਰਹਿੰਦੇ




ਹਨ। ਕਈ ਉਨ੍ਹਾਂ ਦੀ ਭਾਲ ਵਿਚ ਤੀਰਥ ਇਸ਼ਨਾਨ ਕਰਨ ਵੀ ਜਾਂਦੇ ਹਨ। ਇਹ ਸਭ ਗੱਲਾਂ ਕਰਨ ਦੀ ਲੋੜ ਨਹੀਂ, ਕਿਉਂਕਿ ਸਾਰੇ ਸੰਸਾਰ ਦੀ ਉਤਪਤੀ ਅਤੇ ਪ੍ਰਤੀਪਾਲਨ ਦਾ ਇਕੋ ਸ੍ਰੋਤ ਹੈ। ਉਹ ਕੂੜੀ ਸੋਚ ਤੇ ਫੋਕਟ ਕਾਰਜਾਂ ਨਾਲ ਨਹੀਂ ਲੱਭਦਾ ਤੇ ਨਾ ਹੀ ਸੰਸਾਰਕ ਸੁੱਖਾਂ ਤੇ ਰੁਤਬਿਆਂ ਨਾਲ ਪ੍ਰਾਪਤ ਹੁੰਦਾ ਹੈ। ਸੱਚੀ ਖੋਜ ਨਾਲ ਹੀ ਉਸ ਦਾ ਗਿਆਨ ਹੋ ਸਕਦਾ ਹੈ। (ਪਉੜੀ 4-7)

ਕਰਮ-ਕਾਂਡਾਂ ਨੂੰ ਉਤਸ਼ਾਹ ਦੇਣ ਵਾਲੀਆਂ ਸਭ ਮਾਨਤਾਵਾਂ ਸੁਣੀਆਂ ਸੁਣਾਈਆਂ ਗੱਲਾਂ ਹਨ। ਸੁਣੀਆਂ ਸੁਣਾਈਆਂ ਗੱਲਾਂ ਪ੍ਰਮਾਣਿਤ ਨਹੀਂ ਹੁੰਦੀਆਂ, ਇਸ ਲਈ ਇਨ੍ਹਾਂ ਨੂੰ ਸੱਚ ਨਹੀਂ ਮੰਨ ਲੈਣਾ ਹੁੰਦਾ। ਸੁਣਨ ਦਾ ਕੀ ਹੈ, ਜੋ ਕੁਝ ਕੋਈ ਬੋਲ ਦੇਵੇ ਉਹੀ ਸੁਣ ਲਿਆ ਜਾਂਦਾ ਹੈ, ਪਰ ਹਰ ਸੁਣੀ ਗੱਲ ਸੱਚ ਨਹੀਂ ਹੁੰਦੀ। ਚਮਤਕਾਰੀ ਸਿੱਧਾਂ ਪੀਰਾਂ, ਪੰਜ ਦੀ ਪਵਿੱਤਰਤਾ, ਧਰਤੀ ਹੇਠਲਾ ਬਲਦ, ਕਾਲ-ਰਹਿਤ ਥਾਂਵਾਂ, ਵਿਸ਼ਨੂੰ, ਇੰਦਰ, ਬ੍ਰਹਮਾ, ਮਹੇਸ਼, ਪਾਰਵਤੀ ਆਦਿ ਦੇਵੀ-ਦੇਵਤਿਆਂ, ਯੋਗ ਵਿਧੀ ਦੇ ਜਾਦੂਈ ਪ੍ਰਭਾਵਾਂ ਤੇ ਵੇਦਾਂ ਸਾਸ਼ਤਰਾਂ ਆਦਿ ਪੰਡਤਾਈ ਗ੍ਰੰਥਾਂ ਦੀ ਪ੍ਰਸ਼ੰਸਾ ਬਾਰੇ ਬੜਾ ਕੁਝ ਸੁਣਨ ਨੂੰ ਮਿਲਦਾ ਹੈ। ਇਹ ਵੀ ਸੁਣਦੇ ਹਾਂ ਕਿ ਅਠਾਹਠ ਤੀਰਥਾਂ ਦਾ ਇਸ਼ਨਾਨ ਅਤੇ ਸਬਰ ਸੰਤੋਖ ਦਾ ਪਾਲਣ ਕਰਨ ਨਾਲ ਸਤਿ ਦਾ ਗਿਆਨ ਹੋ ਜਾਂਦਾ ਹੈ। ਇਸ ਨਾਲ ਸਾਸ਼ਤਰ ਪੜ੍ਹਨ ਵਿਚ ਮਨ ਲਗਦਾ ਹੈ ਤੇ ਮਾਨ-ਪ੍ਰਤਿਸ਼ਠਾ ਮਿਲਦੀ ਹੈ। ਸੁਣਨ ਵਿਚ ਤਾਂ ਵੱਡੇ ਵੱਡੇ ਸੇਖ, ਪੀਰ ਤੇ ਪੀਰਾਂ ਦੇ ਪੀਰ ਪਾਤਸ਼ਾਹ ਵੀ ਆਉਂਦੇ ਹਨ, ਜਿਨ੍ਹਾਂ ਨੇ ਸਾਰੀ ਸ਼ਰੀਅਤ ਕਈ ਕਈ ਵਾਰ ਦੀ ਗਾਹੀ ਦੱਸੀ ਜਾਂਦੀ ਹੈ ਤੇ ਜੋ ਕਹਿਣ ਵਾਲਿਆਂ ਅਨੁਸਾਰ ਅਕਲ ਦੇ ਅੰਨਿਆਂ ਨੂੰ ਵੀ ਗਿਆਨ ਦੇ ਰਾਹ ਪਾ ਦਿੰਦੇ ਹਨ। ਇਹ ਸੁਣੀਆਂ ਗੱਲਾਂ ਸੱਚ ਨਹੀਂ ਹਨ? ਸ਼ਰਧਾਲੂ ਗਣ ਐਵੇਂ ਇਨ੍ਹਾਂ ਫੋਕੀਆਂ ਗੱਲਾਂ ਨਾਲ ਆਪਣੇ ਦੁਖ-ਦਲਿੱਦਰ ਦੂਰ ਹੋਣ ਦੀਆਂ ਆਸਾਂ ਬੰਨ ਕੇ ਗਦ ਗਦ ਹੋਈ ਜਾਂਦੇ ਹਨ। ਉਹ ਸਮਝਦੇ ਹਨ ਕਿ ਏਡੀਆਂ ਵੱਡੀਆਂ ਸ਼ਕਤੀਆਂ ਦੇ ਹੁੰਦਿਆਂ ਉਨ੍ਹਾਂ ਦੇ ਪਾਪ ਤਾਂ ਹੁਣ ਧੋਤੇ ਹੀ ਗਏ! (ਪਉੜੀ 8-11)

ਅਸਲ ਵਿਚ ਦਿਮਾਗ ਦੇ ਵਰਤੇ ਬਿਨਾ ਖੂਹ ਖਾਲੀ ਪਏ ਹਨ। ਅਕਲ ਦੀ ਵਰਤੋਂ ਜਿਸ ਨੂੰ ਮਨਨ ਅਰਥਾਤ ਮੰਨੇ ਕਹਿੰਦੇ ਹਨ, ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦਿੰਦੀ ਹੈ। ਇਸ ਦੀ ਵਡਿਆਈ ਕੀਤਿਆਂ ਵੀ ਨਹੀਂ ਕੀਤੀ ਜਾ ਸਕਦੀ। ਜੇ ਦੁਨੀਆਂ ਦੇ ਸਭ ਲਿਖਾਰੀ ਸਾਰੀ ਲਿਖਣ ਸਮਗਰੀ ਲੈ ਕੇ ਵੀ ਇਸ ਨੂੰ ਵਰਣਨ ਕਰਨ ਦੀ ਕੋਸ਼ਿਸ਼ ਕਰਨ ਤਾਂ ਵੀ ਨਾ ਹੋਵੇ। ਜੇ ਕੋਈ ਗਲਤੀ ਨਾਲ ਕਰ ਵੀ ਲਵੇ ਤਾਂ ਵਾਰ ਵਾਰ ਸੋਚੀ ਜਾਵੇਗਾ ਕਿ ਉਸ ਦੀ ਪ੍ਰਸ਼ੰਸਾ ਵਿਚ ਕੁਝ ਕਮੀ ਰਹਿ ਗਈ ਹੈ। ਇਹ ਅਜਿਹਾ ਮਾਨਸਿਕ ਕਰਮ ਹੈ, ਜੋ ਮਨ ਤੇ ਬੁੱਧੀ ਦਾ ਵਿਕਾਸ ਕਰ ਕੇ ਮਨੁੱਖ ਨੂੰ ਸੰਸਾਰ ਪ੍ਰਤੀ ਸੁਚੇਤ ਕਰਦਾ ਹੈ। ਇਹ ਮਨੁੱਖ ਨੂੰ ਭਰਮ ਭੁਲੇਖਿਆਂ ਵਿਚੋਂ ਕੱਢ ਕੇ ਉਸ ਨੂੰ ਸੱਚ ਨਾਲ ਜੋੜਦਾ ਹੈ। ਮਨਨ ਕਰਨ ਨਾਲ ਸੋਚ ਸੱਚਾਈ ਦੇ ਨੇੜੇ-ਤੇੜੇ ਰਹਿੰਦੀ ਹੈ ਤੇ ਸਮਝ ਵਿਚ ਕੋਈ ਵਿਘਨ ਨਹੀਂ ਪੈਂਦਾ। ਮਨਨ ਕਰਨ ਵਾਲਾ ਵਿਅਕਤੀ ਸਾਧਾਂ ਸੰਤਾਂ ਪਿੱਛੇ ਲਗ ਕੇ ਭਿਖਿਆ ਮੰਗਣ ਨਹੀਂ ਚੜ੍ਹਦਾ, ਸਗੋਂ ਸਿੱਧਾ ਆਪਣੇ ਪਰਿਵਾਰ ਵਲ ਮੁੜ ਕੇ ਅਸਲ ਮੁਕਤੀ ਪਾਉਂਦਾ ਹੈ। ਪਰਮ-ਸਤਿ ਦਾ ਅਸਲ ਨਾਂ ਹੈ ਹੀ ਐਸਾ ਕਿ ਇਸ ਦਾ ਪਤਾ ਕੁਦਰਤ ਦੇ ਨਿਯਮਾਂ ਦਾ ਵਿਚਾਰ ਵਿਸ਼ਲੇਸ਼ਣ ਕਰਨ ਨਾਲ ਲਗਦਾ ਹੈ। ਸੰਸਾਰ ਤਿਆਗ ਕੇ ਸਾਧ ਬਣਨ ਵਾਲੇ ਭਾਵ ਵਿਵੇਕ ਵਿਚਾਰ ਛੱਡ ਕੇ ਭਜਨ ਬੰਦਗੀ ਪਿੱਛੇ ਲਗਣ ਵਾਲੇ ਆਪਣਾ ਜੀਵਨ ਵਿਅਰਥ ਬਰਬਾਦ ਕਰਦੇ ਫਿਰਦੇ ਹਨ। (ਪਉੜੀ 12-15)

ਪਰ ਲੋਕਾਂ ਨੇ ਮਨਨ ਵਿਵੇਕ ਦੀ ਇਸ ਸੋਚ ਵਿਧੀ ਦੀ ਪਾਲਣਾ ਨਹੀਂ ਕਰਦੇ, ਜਿਸ ਕਾਰਨ ਥਾਂ ਥਾਂ ਮਿੱਥ-ਕਥਾਵਾਂ ਪ੍ਰਚਲਤ ਹੋ ਗਈਆਂ ਹਨ। ਇਕ ਅਜਿਹੀ ਕਥਾ ਪੰਜ ਦੀ ਗਿਣਤੀ ਬਾਰੇ ਹੈ। ਪੰਜ ਦੇ ਅੰਕ ਨੂੰ ਸ਼ੁਭ ਮੰਨ ਕੇ ਲੋਕਾਂ ਨੇ ਹਰ ਚੀਜ਼ ਪੰਜ ਪੰਜ ਗਿਣਤੀ ਦੀ ਬਣਾ ਲਈ। ਪੰਚਾਇਤ ਦੇ ਪੰਚ ਵੀ ਪੰਜ, ਰਾਜੇ ਦੇ ਦਰਬਾਰ ਵਿਚ ਮੰਤਰੀ ਵੀ ਪੰਜ, ਅਧਿਆਪਕ ਦੇ ਸ਼ਿਸ਼ ਵੀ ਪੰਜ ਤੇ ਹੋਰ ਸਭ ਚੀਜ਼ਾਂ ਵੀ ਪੰਜ ਪੰਜ। ਲਗਦਾ ਹੈ ਉਨ੍ਹਾਂ ਦੀ ਗਿਣਤੀ ਪੰਜ 'ਤੇ ਅਟਕ ਗਈ ਹੈ। ਉਹ ਬਾਹਰ ਨਿਕਲ ਕੇ ਦੇਖਣ ਤਾਂ ਸਹੀ ਕਿ ਕੁਦਰਤ ਕਿੰਨੀ ਵਿਸ਼ਾਲ ਹੈ। ਜੇ ਕੁਦਰਤ ਦੀ ਗਿਣਤੀ ਕਿਤੇ ਰੁਕਦੀ ਨਹੀਂ ਤਾਂ ਫਿਰ ਉਹ ਪੰਜ ਤੋਂ ਅੱਗੇ ਕਿਉਂ ਨਹੀਂ ਚਲਦੇ? ਇਕ ਦੂਜੀ ਪ੍ਰਚਲਤ ਮਿੱਥ ਕਥਾ ਇਹ ਹੈ ਕਿ ਧਰਤੀ ਬਲਦ ਦੇ ਸਿੰਗ 'ਤੇ ਟਿਕੀ ਹੋਈ ਹੈ। ਕੀ ਇਹ ਸੰਭਵ ਹੋ ਸਕਦਾ ਹੈ? ਕਹਾਣੀ ਬਣਾਉਣ ਵਾਲੇ ਤਾਂ ਬਣਾ ਕੇ ਚਲੇ ਗਏ, ਪਰ ਇਸ ਨੂੰ ਮੰਨਣ ਵਾਲਿਆਂ ਨੇ ਇਹ ਵੀ ਨਹੀਂ ਸੋਚਿਆ ਕਿ ਏਡੀ ਵੱਡੀ ਧਰਤੀ ਨੂੰ ਬਲਦ ਕਿਵੇਂ ਚੁੱਕ ਸਕਦਾ ਹੈ? ਵੱਡਾ ਸਵਾਲ ਇਹ ਕਿ ਬਲਦ ਨੂੰ ਅੱਗੇ ਕਿਸ ਨੇ ਚੁੱਕਿਆ ਹੋਇਆ ਹੈ?

ਇਕ ਹੋਰ ਵਿਅਰਥ ਜਿਹੀ ਮਾਨਤਾ ਇਹ ਹੈ ਕਿ ਤੀਰਥ ਨਹਾਉਣ ਨਾਲ ਪਾਪ ਕਟ ਜਾਂਦੇ ਹਨ! ਅੰਧ-ਵਿਸ਼ਵਾਸੀ ਸ਼ਰਧਾਲੂ ਸੋਚਦੇ ਹਨ ਕਿ ਜਿਵੇਂ ਪਾਣੀ ਤੇ ਸਾਬਣ ਸਰੀਰ ਤੇ ਕਪੜਿਆਂ ਦੀ ਗੰਦਗੀ ਨੂੰ ਧੋ ਦਿੰਦੇ ਹਨ, ਉਵੇਂ ਹੀ ਤੀਰਥ ਅਸ਼ਨਾਨ ਕਰਨ ਨਾਲ ਮਾਨਸਿਕ ਵਿਕਾਰ ਤੇ ਪਾਪ ਧੁਲ ਜਾਂਦੇ ਹਨ। ਉਨ੍ਹਾਂ ਨੂੰ ਅਕਲ ਨਾਲ ਵਿਚਾਰ ਕਰਨਾ ਚਾਹੀਦਾ ਹੈ ਕਿ ਪਾਪ ਕੋਈ ਧੋਣ ਵਾਲੀ ਬਾਹਰਲੀ ਮੈਲ ਨਹੀਂ ਹੁੰਦੇ, ਸਗੋਂ ਕੀਤੇ ਹੋਏ ਮਾੜੇ ਕੰਮਾਂ ਦੇ ਸਿੱਟੇ ਹੁੰਦੇ ਹਨ, ਜੋ ਹਰ ਹਾਲਤ ਵਿਚ ਭੁਗਤਣੇ ਹੀ ਪੈਂਦੇ ਹਨ। ਪਾਪ ਤਾਂ ਵਿਅਕਤੀ ਦਾ ਆਪਣਾ ਕੀਤਾ ਗਲਤ ਕਰਮ ਹੈ, ਇਸ ਲਈ ਇਸ ਨੂੰ ਤਾਂ ਕੋਈ ਦੂਜਾ ਵੀ ਆਪਣੇ ਸਿਰ ਨਹੀਂ ਲੈ ਸਕਦਾ। ਇਕ ਹੋਰ ਗਲਤ ਮਨੌਤ ਇਹ ਹੈ ਕਿ ਤੀਰਥ ਅਸਥਾਨ 'ਤੇ ਜਾ ਕੇ ਪੁੰਨ ਦਾਨ ਕਰਨ ਨਾਲ ਵੱਡੇ ਤਪ ਦਾ ਲਾਭ ਮਿਲ ਜਾਂਦਾ ਹੈ। ਅੰਧ-ਵਿਸ਼ਵਾਸੀ ਸਮਝਦੇ ਹਨ ਕਿ ਅਜਿਹੀ ਤਪੱਸਿਆ ਦੇ ਫਲ ਨਾਲ ਸਭ ਸੁਖ ਮਿਲ ਜਾਂਦੇ ਹਨ, ਪਰ ਯਥਾਰਥ ਵਿਚ ਅਜਿਹਾ ਕੁਝ ਨਹੀਂ ਵਾਪਰਦਾ। ਬਸ, ਦਾਨ ਪੁੰਨ ਕਰਵਾਉਣ ਤੋਂ ਬਾਅਦ ਬ੍ਰਾਹਮਣ ਪੁਜਾਰੀ ਤੀਰਥ ਇਸ਼ਨਾਨੀ ਨੂੰ ਸੰਸਕ੍ਰਿਤ ਦਾ ਸਲੋਕ ਪੜ੍ਹ ਕੇ ਸਵਸਥ ਤੇ ਸੁਖੀ ਜੀਵਨ ਦੀ ਅਸੀਸ ਦੇ ਕੇ ਟਾਲ ਦਿੰਦਾ ਹੈ। (ਪਉੜੀ 16, 20 ਅਤੇ 21)

ਦਰਅਸਲ ਇਹ ਹਉਮੈ ਭਰਪੂਰ ਸੋਚ ਇਸ ਮਾਨਤਾ 'ਤੇ ਟਿਕੀ ਹੈ ਕਿ ਸੰਸਾਰ ਵਿਚ ਕੁਝ ਗਿਣੀਆਂ ਚੁਣੀਆਂ ਚੀਜ਼ਾਂ ਹੀ ਹਨ ਤੇ ਕੁਦਰਤ ਦੇ ਸਭ ਵਰਤਾਰੇ ਸਿਰਫ ਉਨ੍ਹਾਂ ਲਈ ਚਲ ਰਹੇ ਹਨ। ਇਹ ਵਿਸ਼ਵਾਸ ਇਸ ਤੱਥ ਨੂੰ ਅੱਖੋਂ ਓਹਲੇ ਕਰਦਾ ਹੈ ਕਿ ਸੰਸਾਰ ਤਾਂ ਗਿਣਤੀ ਬਾਹਰਾ ਹੈ। ਇੱਥੇ ਤਰ੍ਹਾਂ ਤਰ੍ਹਾਂ ਦੀਆਂ ਕਿਸਮਾਂ, ਰੰਗਾਂ ਤੇ ਨਾਂਵਾਂ ਦੇ ਜੀਵ ਹਨ, ਜਿਨ੍ਹਾਂ ਦਾ ਲੇਖਾ ਜੋਖਾ ਕਦੇ ਨਹੀਂ ਹੋ ਸਕਦਾ। ਸਾਰੇ ਇਕੋ ਲਹਿਰ ਨਾਲ ਬਣੇ ਇਕ ਦਰਿਆ ਤੋਂ ਉਪਜੇ ਛੋਟੇ ਨਦੀਆਂ ਨਾਲਿਆਂ ਵਾਂਗ ਹਨ, ਜੋ ਅੱਗੇ ਆਪਣੀ ਆਪਣੀ ਦਿਸ਼ਾ ਵਿਚ ਵਹਿਣ ਲਗਦੇ ਹਨ। ਅਸੰਖ ਤਰ੍ਹਾਂ ਦੇ ਇਨ੍ਹਾਂ ਜੀਵਾਂ, ਚੀਜ਼ਾਂ ਤੇ ਥਾਂਵਾਂ ਦੇ ਵੱਖ ਵੱਖ ਨਾਮ ਹਨ, ਜੋ ਇਕੋ ਸਾਂਝੇ ਅੱਖਰਾਂ ਨਾਲ ਲਿਖੇ ਜਾਂਦੇ ਹਨ। ਇਹ ਨਾਮ ਕੋਈ ਆਪਣੇ ਕੋਲੋਂ ਸੋਚ ਕੇ ਨਹੀਂ ਰੱਖਦਾ, ਸਗੋਂ ਉਨ੍ਹਾਂ ਦੇ ਗੁਣ, ਵਡਿਆਈਆਂ ਤੇ ਕੰਮਾਂ ਅਨੁਸਾਰ ਰੱਖੇ ਜਾਂਦੇ ਹਨ। ਮਨੁੱਖ ਜਾਤੀ ਨੂੰ ਹੀ ਵੇਖ ਲਵੋ, ਕਈ ਪੜ੍ਹਨ ਪੜ੍ਹਾਉਣ, ਪੂਜਾ ਪਾਠ, ਮੌਨ, ਭਗਤੀ ਤੇ ਗਿਆਨ ਵਿਚਾਰ ਵਿਚ ਲੱਗੇ ਹੋਏ ਹਨ ਤੇ ਕਈ ਦਾਨੀ ਤੇ ਸੂਰਬੀਰ ਹਨ। ਦੂਜੇ ਪਾਸੇ ਕਈ ਚੋਰ, ਹਰਾਮਖੋਰ, ਕਾਤਲ, ਨਿੰਦਕ, ਝੂਠੇ, ਪਾਪੀ, ਮਲੇਸ਼ ਤੇ ਹਿੰਸਕ ਹਨ, ਜੋ ਝੂਠ ਦਾ ਜੀਵਨ ਜਿਉਂਦੇ ਹਨ। ਜਿੱਦਾਂ ਦੇ ਇਨ੍ਹਾਂ ਦੇ ਕੰਮ ਹਨ, ਉੱਦਾਂ ਦੇ ਨਾਮ ਹਨ। ਕੁਦਰਤ ਮੁੱਢ ਤੋਂ ਹੀ ਇੰਨੀ ਵਿਸ਼ਾਲ ਹੈ ਕਿ ਇਸ ਵਿਚਲੀਆਂ ਚੀਜ਼ਾਂ ਨੂੰ ਇਕ ਵਾਰ ਵੀ ਨਹੀਂ ਗਿਣਿਆ ਜਾ ਸਕਦਾ। ਇਸ ਲਈ ਇਨ੍ਹਾਂ ਦੇ ਕਰਮਾਂ-ਕਾਰਾਂ ਦਾ ਹਿਸਾਬ ਇਕ ਇਕ ਕਰਕੇ ਨਹੀਂ, ਸਗੋਂ ਸਾਂਝੇ, ਨਿਰਪੱਖ ਤੇ ਸਰਬਵਿਆਪਕ ਕੁਦਰਤੀ ਸਿਧਾਂਤਾਂ ਅਨੁਸਾਰ ਹੁੰਦਾ ਹੈ। (ਪਉੜੀ 17, 18 ਅਤੇ 19)

ਜਿਸ ਬ੍ਰਹਿਮੰਡ ਦੇ ਅਸੀਂ ਵਾਸੀ ਹਾਂ, ਉਹ ਉਂਜ ਵੀ ਬਹੁਤ ਵੱਡਾ ਹੈ। ਇਸ ਦੇ ਆਕਾਰ ਬਾਰੇ ਬੜਾ ਕੁਝ ਕਿਹਾ ਸੁਣਿਆ ਗਿਆ ਹੈ, ਪਰ ਇਸ ਦੀ ਕੋਈ ਥਾਹ ਨਹੀਂ ਪਾ ਸਕਿਆ। ਇਹ ਕਦੋਂ ਬਣਿਆ, ਕਿੱਦਾਂ ਬਣਿਆ ਤੇ ਕਿਸ ਉਦੇਸ਼ ਨੂੰ ਮੁੱਖ ਰੱਖ ਕੇ ਬਣਿਆ-ਇਸ ਦਾ ਕਿਸੇ ਨੂੰ ਕੋਈ ਭੇਤ ਨਹੀਂ ਹੈ। ਇਸ ਦੇ ਪਸਾਰੇ ਤੇ ਆਦਿ ਅੰਤ ਦਾ ਪਤਾ ਲਾਉਣ ਲਈ ਕਿੰਨੇ ਲੋਕ ਬੇਤਾਬ ਹਨ, ਪਰ ਇਹ ਗਿਆਨ ਨਹੀਂ ਹੋ ਸਕਿਆ, ਕਿਉਂਕਿ ਇਸ ਨੂੰ ਜਿੰਨਾ ਕਹੋ, ਇਹ ਉਡਾ ਹੀ ਲਗਦਾ ਹੈ। ਇਸ ਨੂੰ ਓਹੀ ਜਾਣ ਸਕਦਾ ਹੈ, ਜੋ ਇਸ ਜਿੱਡਾ ਵੱਡਾ ਜਾਂ ਇੰਨਾ ਪੁਰਾਣਾ ਹੋਵੇ, ਉਹ ਵੀ ਤਾਂ, ਜੇ ਉਸ ਦੀ ਨਿਗਾਹ ਤੇ ਕੰਮ ਨਿਰਪੱਖ ਹੋਣ। ਹਾਲ ਦੀ ਘੜੀ ਤਾਂ ਇਹ ਆਪਣੇ ਆਪ ਨੂੰ ਆਪ ਹੀ ਜਾਣਦਾ ਹੈ, ਕਿਉਂਕਿ ਇਸ ਦੇ ਬਣਨ ਵੇਲੇ ਦੂਜਾ ਕੋਈ ਮੌਜੂਦ ਨਹੀਂ ਸੀ। (ਪਉੜੀ 24)

(ਚਲਦਾ)

ਸੰਪਾਦਕ ਦੀ ਡਾਕ

## ਧਾਰਮਿਕ ਕੱਟੜਤਾ ਦਾ ਕੋਹੜ

**ਸੰਪਾਦਕ ਜੀ,**

ਕੁਦਰਤ ਨੇ ਇਸ ਖੂਬਸੂਰਤ ਸੰਸਾਰ ਨੂੰ ਬੜੀਆਂ ਨਿਆਮਤਾਂ ਬਖਸ਼ੀਆਂ ਹਨ, ਪਰ ਨਾਲ ਹੀ ਧਾਰਮਿਕ ਵਖਰੇਵਿਆਂ ਦਾ ਅਸਾਧ ਰੋਗ ਵੀ ਲਾ ਦਿੱਤਾ। ਦੇਖਦੇ ਦੇਖਦੇ ਧਾਰਮਿਕ ਕੱਟੜਤਾ ਦੇ ਕੋਹੜ ਨੇ ਵਿਲੱਖਣ ਕੁਦਰਤ ਦੀ ਚਮਕ ਨੂੰ ਕਾਲੇ ਬੱਦਲਾਂ ਵਾਂਗ ਢਕ ਇਨਸਾਨੀਅਤ ਤੋਂ ਦੂਰ ਲੈ ਜਾਣਾ ਸ਼ੁਰੂ ਕਰ ਦਿੱਤਾ।

ਇਹ ਰੋਗ ਕਿਸੇ ਇੱਕ ਧਰਮ ਨੂੰ ਨਹੀਂ, ਸਗੋਂ ਸਾਰੇ ਧਰਮਾਂ ਨੂੰ ਹੀ ਲਗਭਗ ਇੱਕੋ ਜਿਹਾ ਚੰਬੜਿਆ ਹੈ, ਪਰ ਅਫਸੋਸ ਕਿ ਹਰ ਧਰਮ ਦੇ ਪੈਰੋਕਾਰ ਆਪੋ ਆਪਣੇ ਧਰਮ ਦੀਆਂ ਊਣਤਾਈਆਂ ਵੱਲੋਂ ਅੱਖਾਂ ਮੀਟ ਦੂਜੇ ਧਰਮਾਂ ਦੀਆਂ ਧੱਜੀਆਂ ਉਡਾਉਣ 'ਚ ਅਪਾਰ ਅਨੰਦ ਦਾ ਅਨੁਭਵ ਕਰਦੇ ਹਨ। ਇਸ ਨਾਚੀਜ਼ ਨੂੰ ਪਤਾ ਨਹੀਂ ਕਿਉਂ ਆਪਣੀ ਹੀ ਪੀੜ੍ਹੀ ਹੇਠ ਸੋਟਾ ਫੇਰਨਾ ਰਾਸ ਆਉਂਦਾ ਹੈ, ਭਾਵੇਂ ਇਸ ਲਈ ਬਹੁਤਿਆਂ ਦੀ ਨਾਰਾਜ਼ਗੀ ਸਹੇੜ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।

ਕਦੇ ਕਦਾਈਂ ਕਿਸੇ ਹਮਖਿਆਲ ਦੇ ਨਜ਼ਰੀਂ ਆਉਣ 'ਤੇ ਇੱਕ ਆਸ ਦੀ ਕਿਰਨ ਦਾ ਲਿਸ਼ਕਾਰਾ ਵੀ ਪੈ ਜਾਂਦਾ ਹੈ, ਜਿਵੇਂ ਫੇਸ ਬੁੱਕ 'ਤੇ ਕਿਸੇ ਮਿੱਤਰ ਦੀ ਪੋਸਟ ਤੋਂ ਲਈਆਂ ਗਈਆਂ ਇਨ੍ਹਾਂ ਪੰਕਤੀਆਂ ਪੜ੍ਹਨ ਨਾਲ ਮਹਿਸੂਸ ਕੀਤਾ। ਇਸ 'ਚ 'ਮਿਟੀ ਧੁੰਦ ਜਗ ਚਾਨਣ ਹੋਇਆ' ਦਾ ਸੁਨੇਹਾ ਦੇਣ ਵਾਲੇ ਰਹਿਬਰ ਦੇ ਵਾਰਿਸਾਂ ਦਾ ਅੱਜ ਦਾ ਜੋ ਹਾਲ ਬਿਆਨਿਆ ਹੈ, ਆਪ ਸਭ ਨਾਲ ਸਾਂਝਾ ਕਰਦੇ ਹਾਂ:

ਬਾਬੇ ਤੇਰੇ ਸਿੱਖਾਂ ਨੇ,
ਤੇਰੀਆਂ ਸਿਖਿਆਵਾਂ ਵੱਲ
ਪਿੱਠ ਭੁਆਈ ਹੈ।
ਤੂੰ ਚਾਨਣ ਵੰਡਦਾ ਤੁਰ ਗਿਆ,
ਏਥੇ ਹਨੇਰੀ ਬਦਲੀ ਛਾਈ ਹੈ।
ਵਿਦਵਾਨਾਂ ਤੇਰੀ ਮਹਿਮਾ ਗਾ,
ਆਪਣੀ ਹੀ ਭੱਲ ਬਣਾਈ ਹੈ।
ਤੂੰ ਤੇਰਾ ਤੇਰਾ ਕਹਿੰਦਾ ਸੈਂ,
ਇਨ੍ਹਾਂ ਮੇਰਾ ਮੇਰਾ ਦੀ ਰੱਟ ਲਾਈ ਹੈ।
ਤੂੰ ਭਾਈ ਲਾਲੋ ਦੀ ਬਾਂਹ ਫੜੀ,
ਮਲਿਕ ਭਾਗੋ ਦੀ ਅੱਜ ਚੜ੍ਹਾਈ ਹੈ।
ਪਖੰਡਾਂ ਦੀ ਤੂੰ ਜੜ੍ਹ ਪੁੱਟੀ,
ਵਿਖਾਵਿਆਂ ਦੀ ਫਸਲ ਉੱਗ ਆਈ ਹੈ।
ਤੇਰਾ ਨਾਂ ਵਰਤ ਦੋ ਦੇਸ਼ਾਂ ਨੇ,
ਸ਼ਤਰੰਜ ਦੀ ਬਾਜ਼ੀ ਲਾਈ ਹੈ।
ਤੀਰਥਾਂ ਨੂੰ ਤੂੰ ਭੰਡਿਆ ਸੀ,
ਤੀਰਥ ਦੀ ਅੱਜ ਕਮਾਈ ਹੈ।
ਤੂੰ ਤਾਂ ਕਿਰਤ ਦਾ ਸੰਦੇਸ਼ ਦਿੱਤਾ,
ਅੱਜ ਵਿਹਲੜਾਂ ਦੀ ਬਣ ਆਈ ਹੈ।
ਤੇਰੇ ਨਾਂ ਦੀ ਫੱਟੀ ਲਾ,
ਹੱਟੀ ਸਭਨਾਂ ਅੱਜ ਚਲਾਈ ਹੈ।
ਬਾਬੇ ਤੇਰੇ ਵਾਰਸਾਂ ਨੇ,
ਇੰਜ ਢਾਅ ਇਨਸਾਨੀਅਤ ਨੂੰ ਲਾਈ ਹੈ।

*-ਹਰਜੀਤ ਦਿਓਲ, ਬਰੈਂਪਟਨ*

# ਭਗਤ ਨਾਮਦੇਵ ਜੀ ਦੀ ਬਾਣੀ 'ਚ ਨੈਤਿਕ ਕਦਰਾਂ-ਕੀਮਤਾਂ ਦਾ ਉਪਦੇਸ਼

## 750ਵੇਂ ਜਨਮ ਦਿਹਾੜੇ 'ਤੇ

ਭਗਤ ਨਾਮਦੇਵ ਜੀ ਦੀ ਬਾਣੀ ਵਿਚ ਕਾਮ-ਵਾਸ਼ਨਾ ਅਧੀਨ ਮਨੁੱਖ ਜੋ ਕੁਕਰਮ ਕਰਦਾ ਹੈ, ਉਸ ਦੀ ਨਿਖੇਧੀ ਕੀਤੀ ਗਈ ਹੈ। ਮਨੁੱਖਾਂ ਨੂੰ ਇਨ੍ਹਾਂ ਕੁਕਰਮਾਂ ਤੋਂ ਬਚ ਕੇ ਰਹਿਣ ਦੀ ਪ੍ਰੇਰਨਾ ਦਿੱਤੀ ਗਈ ਹੈ। ਕਾਮ-ਵਾਸ਼ਨਾ ਜਦੋਂ ਹਵਸ ਦਾ ਰੂਪ ਧਾਰਦੀ ਹੈ ਤਾਂ ਮਨੁੱਖ ਦਾ ਸਬਰ ਆਪਣੀ ਪਤਨੀ ਨਾਲ ਜਾਇਜ਼ ਸਬੰਧਾਂ ਤੱਕ ਸੀਮਤ ਨਹੀਂ ਰਹਿੰਦਾ। ਅਜਿਹੇ ਮਨੁੱਖ ਦੀ ਹਾਲਤ ਬਾਰੇ ਭਗਤ ਨਾਮਦੇਵ ਜੀ ਫਰਮਾਉਂਦੇ ਹਨ,

ਘਰ ਕੀ ਨਾਰਿ ਤਿਆਗੈ ਅੰਧਾ॥
ਪਰ ਨਾਰੀ ਸਿਉ ਘਾਲੈ ਧੰਧਾ॥
ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ॥
ਅੰਤ ਕੀ ਬਾਰ ਮੂਆ ਲਪਟਾਨਾ॥
(ਭੈਰਉ, ਨਾਮਦੇਵ ਜੀ, ਪੰਨਾ 1164-65)

ਅਜਿਹੇ ਮਨੁੱਖ ਨੂੰ ਅੰਧਾ ਆਖਿਆ ਹੈ, ਜਿਹੜਾ ਆਪਣੀ ਪਤਨੀ ਨੂੰ ਛੱਡ ਕੇ ਕਿਸੇ ਹੋਰ ਦੀ ਪਤਨੀ ਜਾਂ ਕਿਸੇ ਵੀ ਹੋਰ ਇਸਤਰੀ ਨਾਲ ਨਾਜਾਇਜ਼ ਸਬੰਧ ਜੋੜਦਾ ਹੈ। ਉਸ ਮਨੁੱਖ ਦੀ

ਸੁਖਦੇਵ ਸਿੰਘ ਸ਼ਾਂਤ
ਅਵੋਨ, ਇੰਡੀਆਨਾ
ਫੋਨ: 317-406-0002

ਹਾਲਤ ਉਸ ਤੋਤੇ ਵਰਗੀ ਹੁੰਦੀ ਹੈ, ਜੋ ਸਿੰਮਲ ਰੁੱਖ ਰੂਪੀ ਪਰਾਈ ਇਸਤਰੀ ਨੂੰ ਸੁੰਦਰ ਜਾਣ ਕੇ ਖੁਸ਼ ਹੁੰਦਾ ਹੈ, ਪਰ ਜਿਵੇਂ ਸਿੰਮਲ ਰੁੱਖ ਤੋਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ, ਉਵੇਂ ਹੀ ਪਰਾਈ ਇਸਤਰੀ ਨਾਲ ਸਬੰਧ ਜੋੜ ਕੇ ਉਸ ਨੂੰ ਕੁਝ ਵੀ ਹਾਸਲ ਨਹੀਂ ਹੁੰਦਾ। ਅਜਿਹੇ ਮਨੁੱਖ ਨੂੰ ਅੰਧਾ ਅਤੇ ਤੋਤਾ ਕਹਿਣ ਤੋਂ ਇਲਾਵਾ ਭਗਤ ਜੀ ਨੇ 'ਪਾਪੀ' ਵੀ ਆਖਿਆ ਹੈ। ਇਹ ਪਾਪੀ ਮਨੁੱਖ ਹਵਸ ਦੀ ਅੱਗ ਵਿਚ ਜਲਦਾ ਰਹਿੰਦਾ ਹੈ ਅਤੇ ਇਹ ਹਵਸ ਦੀ ਅੱਗ ਕਦੇ ਬੁਝਦੀ ਵੀ ਨਹੀਂ। ਇਸ ਅੱਗ ਵਿਚ ਹੀ ਜ਼ਿੰਦਗੀ ਭਰ ਸੜ-ਬਲ ਕੇ ਮਨੁੱਖ ਮੁੱਕ ਜਾਂਦਾ ਹੈ। ਇਹ ਵਾਸ਼ਨਾ ਦੀ ਅੱਗ ਉਸ ਨੂੰ ਹਰੀ ਦੇ ਨਾਮ ਤੋਂ ਵੀ ਦੂਰ ਕਰ ਦਿੰਦੀ ਹੈ। ਇਸ ਪ੍ਰਕਾਰ ਉਹ ਨਾਮ-ਰੂਪੀ ਅੰਮ੍ਰਿਤ ਤੋਂ ਵਾਂਝਾ ਹੋ ਕੇ ਹਵਸ ਦੀ ਜ਼ਹਿਰ ਪੀਂਦਾ ਰਹਿੰਦਾ ਹੈ ਅਤੇ ਪਰਮਾਤਮਾ ਦੀ ਭਗਤੀ ਦੇ ਸਿੱਧੇ ਰਸਤੇ ਨੂੰ ਛੱਡ ਕੇ ਜਨਮ-ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ।

ਕਾਮੀ ਜੀਵਨ ਦਾ ਨਕਸ਼ਾ ਖਿੱਚਦਿਆਂ ਭਗਤ ਨਾਮਦੇਵ ਜੀ ਵੇਸਵਾ ਦੇ ਅਖਾੜੇ ਦੀ ਗੱਲ ਵੀ ਕਰਦੇ ਹਨ,

ਜਿਉ ਬੇਸ੍ਵਾ ਕੇ ਪਰੈ ਅਖਾਰਾ॥
ਕਾਪਰੁ ਪਹਿਰਿ ਕਰਹਿ ਸੀਗਾਰਾ॥
ਪੂਰੇ ਤਾਲ ਨਿਹਾਲੇ ਸਾਸ॥
ਵਾ ਕੇ ਗਲੇ ਜਮ ਕਾ ਹੈ ਫਾਸ॥
(ਭੈਰਉ, ਨਾਮਦੇਵ ਜੀ, ਪੰਨਾ 1165)

ਵੇਸਵਾਵਾਂ ਦੇ ਟਿਕਾਣਿਆਂ ਤੇ ਵੇਸਵਾਵਾਂ ਮੁਜਰੇ-ਨਾਚ ਕਰਦੀਆਂ ਹਨ। ਵਧੀਆ-ਵਧੀਆ ਕੱਪੜੇ ਪਾ ਕੇ ਸ਼ਿੰਗਾਰ ਕਰਦੀਆਂ ਹਨ। ਸਾਜ਼ਾਂ ਦੀ ਤਾਲ 'ਤੇ ਉਹ ਨੱਚਦੀਆਂ ਹਨ। ਦੇਖਣ ਵਾਲੇ ਵਿਕਾਰੀ ਹੋ ਕੇ ਇਹ ਨਜ਼ਾਰੇ ਦੇਖਦੇ ਰਹਿੰਦੇ ਹਨ। ਭਗਤ ਨਾਮਦੇਵ ਜੀ ਸਾਨੂੰ ਸਮਝਾਉਂਦੇ ਹਨ ਕਿ ਅਜਿਹੇ ਵਿਕਾਰੀ ਮਨੁੱਖ (ਔਰਤਾਂ ਅਤੇ ਮਰਦ), ਜੋ ਪਰਾਏ ਰੂਪ ਦੇ ਨਸ਼ਈ ਹੁੰਦੇ ਹਨ, ਉਨ੍ਹਾਂ ਦੇ ਗਲਾਂ ਵਿਚ ਜਮਦੂਤਾਂ ਦੀਆਂ ਫਾਹੀਆਂ ਪੈਂਦੀਆਂ ਹਨ। ਇਸ ਪ੍ਰਕਾਰ ਭਗਤ ਨਾਮਦੇਵ ਜੀ ਨੇ ਬੜੇ ਸਖਤ ਸ਼ਬਦਾਂ ਵਿਚ ਪਰ-ਮਰਦ ਅਤੇ ਪਰ-ਇਸਤਰੀ ਪ੍ਰਤੀ ਸਬੰਧ ਜਾਂ ਖਿੱਚ ਰੱਖਣ ਤੋਂ ਵਰਜਿਆ ਹੈ।

ਭਗਤ ਨਾਮਦੇਵ ਜੀ ਪਰ-ਪੁਰਖ ਜਾਂ ਪਰ-ਨਾਰੀ ਦੇ ਸਬੰਧਾਂ ਨੂੰ ਜਿੰਨਾ ਗਲਤ ਸਮਝਦੇ ਹਨ, ਓਨਾ ਹੀ ਪਰ-ਧਨ ਦਾ ਲੋਭ ਗਲਤ ਸਮਝਦੇ ਹਨ। ਪਰਾਏ ਰੂਪ ਅਤੇ ਪਰਾਏ ਧਨ 'ਤੇ ਕਾਬਜ਼ ਹੋਣ ਦੀ ਲਾਲਸਾ ਅਸਲ ਵਿਚ ਹਵਸ ਅਤੇ ਅਤਿ ਦਰਜੇ ਦੇ ਲੋਭ ਦਾ ਪ੍ਰਗਟਾਵਾ ਹੈ। ਇਨ੍ਹਾਂ ਦੋਹਾਂ ਲਾਲਸਾਵਾਂ ਨੂੰ ਤਿਆਗ ਕੇ ਹੀ ਮਨੁੱਖ ਪਰਮਾਤਮਾ ਦੇ ਨੇੜੇ ਹੋ ਸਕਦਾ ਹੈ। ਭਗਤ ਜੀ ਦਾ ਪਵਿੱਤਰ ਫਰਮਾਨ ਹੈ,

ਪਰ ਧਨ ਪਰ ਦਾਰਾ ਪਰਹਰੀ॥
ਤਾ ਕੈ ਨਿਕਟਿ ਬਸੈ ਨਰਹਰੀ॥
(ਭੈਰਉ, ਨਾਮਦੇਵ ਜੀ, ਪੰਨਾ 1163)

ਇਸ ਦੇ ਨਾਲ ਹੀ ਮਨੁੱਖ ਵਿਚ ਇੱਕ ਹੋਰ ਔਗੁਣ ਹੈ, ਪਰ-ਨਿੰਦਾ। ਇਸ ਔਗੁਣ ਦਾ ਮੂਲ ਹੈ, ਮਨੁੱਖ ਨੂੰ ਆਪਣੇ ਗੁਣਾਂ ਦਾ ਹੰਕਾਰ। ਜਿਸ ਔਗੁਣ ਦੀ ਮੌਜੂਦਗੀ ਕਰਕੇ ਉਹ ਕਿਸੇ ਦੇ ਸੁਭਾਅ ਦੀ ਨਿੰਦਿਆ ਕਰਦਾ ਹੈ ਤਾਂ ਉਹ ਨਿੰਦਿਆ ਕਰਦਿਆਂ ਇਹ ਮੰਨ ਕੇ ਚੱਲਦਾ ਹੈ ਕਿ ਉਹ ਖੁਦ ਉਸ ਔਗੁਣ ਤੋਂ ਰਹਿਤ ਹੈ। ਇਹੀ ਨਿੰਦਿਆ ਕਰਨ ਵਾਲੇ ਦਾ ਹੰਕਾਰ ਹੈ। ਭਗਤ ਨਾਮਦੇਵ ਜੀ ਗੁਰੂ ਦੀ ਕਿਰਪਾ ਹੋ ਜਾਣ ਦਾ ਇੱਕ ਫਲ ਇਹ ਵੀ ਦੱਸਦੇ ਹਨ ਕਿ ਪਰ-ਨਿੰਦਾ ਦੀ ਬੁਰਾਈ ਤੋਂ ਮਨੁੱਖ ਮੁਕਤ ਹੋ ਜਾਂਦਾ ਹੈ। ਉਹ ਫਰਮਾਉਂਦੇ ਹਨ,

ਜਉ ਗੁਰਦੇਉ ਸਦਾ ਬੈਰਾਗੀ॥
ਜਉ ਗੁਰਦੇਉ ਪਰ ਨਿੰਦਾ ਤਿਆਗੀ॥
ਜਉ ਗੁਰਦੇਉ ਬੁਰਾ ਭਲਾ ਏਕ॥
ਜਉ ਗੁਰਦੇਉ ਲਿਲਾਟਹਿ ਲੇਖ॥
(ਭੈਰਉ, ਨਾਮਦੇਵ ਜੀ, ਪੰਨਾ 1166-1167)

ਗੁਰੂ ਦੀ ਕਿਰਪਾ ਸਦਕਾ ਮਨੁੱਖ ਦੀ ਵੈਰਾਗੀਆਂ ਵਾਲੀ ਬਿਰਤੀ ਬਣ ਜਾਂਦੀ ਹੈ ਅਤੇ ਉਹ ਪਰ-ਨਿੰਦਾ ਤਿਆਗ ਦਿੰਦਾ ਹੈ। ਉਸ ਮਨੁੱਖ ਲਈ ਬੁਰੇ-ਭਲੇ ਸਭ ਇੱਕ ਹੋ ਜਾਂਦੇ ਹਨ। ਭਗਤ ਨਾਮਦੇਵ ਜੀ ਉਸਤਤਿ-ਨਿੰਦਾ ਦੋਹਾਂ ਤੋਂ ਉੱਪਰ ਉੱਠਣ ਦੀ ਸਿੱਖਿਆ ਦਿੰਦੇ ਹਨ। ਉਹ ਉਪਦੇਸ਼ ਕਰਦੇ ਹਨ, ਪਰਮਾਤਮਾ ਦੀ ਭਗਤੀ ਅਤੇ ਸ਼ੁਭ ਕਰਮ ਕਰਨ ਦਾ ਰਸਤਾ ਨਹੀਂ ਤਿਆਗਣਾ ਚਾਹੀਦਾ ਭਾਵੇਂ ਕੋਈ ਸਾਡੇ 'ਤੇ ਹੱਸੇ, ਭਾਵੇਂ ਕੋਈ ਸਾਡੀ ਨਿੰਦਿਆ ਕਰੇ ਅਤੇ ਭਾਵੇਂ ਕੋਈ ਉਸਤਤ ਹੀ ਕਰੇ। ਇਨ੍ਹਾਂ ਗੱਲਾਂ ਦਾ ਪ੍ਰਭਾਵ ਨਾ ਕਬੂਲਣ ਵਾਲੇ ਵਿਅਕਤੀ ਦੀ ਨੈਤਿਕ-ਅਵਸਥਾ ਬਹੁਤ ਉੱਚੀ ਹੋ ਜਾਂਦੀ ਹੈ ਅਤੇ ਉਹ ਸਹਿਜ-ਸੁਭਾਅ ਹੀ ਸਾਰਿਆਂ ਪ੍ਰਤੀ ਚੰਗਿਆਈ ਕਰਨ ਦੀ ਭਾਵਨਾ ਰੱਖਦਾ ਹੈ। ਅਜਿਹਾ ਮਨੁੱਖ ਫਜ਼ੂਲ ਦੇ ਵਾਦ-ਵਿਵਾਦ ਵਿਚ ਉਲਝ ਕੇ ਆਪਣੇ ਜੀਵਨ ਦਾ ਕੀਮਤੀ ਸਮਾਂ ਨਸ਼ਟ ਨਹੀਂ ਕਰਦਾ ਅਤੇ ਉਹ ਇਹੀ ਸਮਾਂ ਪਰਮਾਤਮਾ ਦੀ ਭਗਤੀ ਵਿਚ ਲਾਉਂਦਾ ਹੈ। ਭਗਤ ਨਾਮਦੇਵ ਜੀ ਦੇ ਪਵਿੱਤਰ ਕਥਨ ਹਨ,

ਭਲੇ ਨਿੰਦਉ ਭਲੇ ਨਿੰਦਉ ਲੋਗੁ॥
ਤਨੁ ਮਨੁ ਰਾਮ ਪਿਆਰੇ ਜੋਗੁ॥੧॥ਰਹਾਉ॥
ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ॥
ਰਸਨਾ ਰਾਮ ਰਸਾਇਨੁ ਪੀਜੈ॥੨॥
—
ਉਸਤਤਿ ਨਿੰਦਾ ਕਰੈ ਨਰੁ ਕੋਈ॥
ਨਾਮੇ ਸ੍ਰੀਰੰਗੁ ਭੇਟਲ ਸੋਈ॥੪॥
(ਭੈਰਉ ਨਾਮਦੇਵ ਜੀ, ਪੰਨਾ 1164)

ਮਾਇਆ ਅਤੇ ਪਦਾਰਥਾਂ ਦੀ ਦੌੜ ਨੇ ਹਮੇਸ਼ਾ ਹੀ ਮਨੁੱਖ ਨੂੰ ਲੋਭੀ, ਹੰਕਾਰੀ ਅਤੇ ਕ੍ਰੋਧੀ ਬਣਾਇਆ ਹੈ। ਮੋਹ ਦੇ ਵਿਕਾਰ ਦਾ ਵੀ ਵੱਡਾ ਸਾਧਨ ਮਾਇਆ ਹੈ। ਮਨੁੱਖ ਆਪਣੇ ਸਵਾਰਥ ਲਈ ਧਰਮ ਨੂੰ ਤਿਲਾਂਜਲੀ ਦੇ ਦਿੰਦਾ ਹੈ ਅਤੇ ਜਾਂ ਫਿਰ ਧਰਮ ਦੀ ਵਰਤੋਂ ਵੀ ਆਪਣੀ ਸਵਾਰਥ-ਪੂਰਤੀ ਲਈ ਕਰਦਾ ਹੈ। ਮਾਇਆ, ਸੱਤਾ ਅਤੇ ਚੌਧਰ ਦੇ ਭੁੱਖੇ ਮਨੁੱਖ ਲਈ ਸਿਧਾਂਤ, ਅਸੂਲ ਅਤੇ ਜ਼ਮੀਰ ਦੀਆਂ ਗੱਲਾਂ ਸਿਰਫ ਮੂੰਹ ਤੋਂ ਕਹਿਣ ਲਈ ਅਤੇ ਦੂਜਿਆਂ ਵਾਸਤੇ ਹੁੰਦੀਆਂ ਹਨ। ਅਜਿਹਾ ਮਨੁੱਖ ਸਿਰਫ ਲੋਕਾਂ ਵਿਚ ਸੱਚਾ ਅਤੇ ਚੰਗਾ ਬਣਨ ਲਈ ਅਜਿਹੀਆਂ ਗੱਲਾਂ ਕਰਦਾ ਹੈ ਕਿ ਉਹ ਨਿਰ-ਸਵਾਰਥ ਜਾਪੇ, ਪਰ ਅਸਲ ਵਿਚ ਉਹ ਆਪਣੇ ਸ਼ਿਕਾਰ ਦੀ ਭਾਲ ਵਿਚ ਬਗਲਾ ਭਗਤ ਬਣਨ ਦੀ ਕੋਸ਼ਿਸ਼ ਕਰਦਾ ਹੈ। ਭਗਤ ਨਾਮਦੇਵ ਜੀ ਮਨੁੱਖ ਦੀ ਐਸੀ ਹਾਲਤ ਦਾ ਬਿਆਨ ਕਰਦਿਆਂ ਫਰਮਾਉਂਦੇ ਹਨ,

ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ॥
ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ॥
ਕਾਹੇ ਕਉ ਕੀਜੈ ਧਿਆਨੁ ਜਪੰਨਾ॥
ਜਬ ਤੇ ਸੁਧੁ ਨਾਹੀ ਮਨੁ ਅਪਨਾ॥੧॥ ਰਹਾਉ॥
ਸਿੰਘਚ ਭੋਜਨੁ ਜੋ ਨਰੁ ਜਾਨੈ॥
ਐਸੇ ਹੀ ਠਗਦੇਉ ਬਖਾਨੈ॥੨॥
ਨਾਮੇ ਕੇ ਸੁਆਮੀ ਲਾਹਿ ਲੇ ਝਗਰਾ॥
ਰਾਮ ਰਸਾਇਨ ਪੀਉ ਰੇ ਦਗਰਾ॥੩॥੪॥
(ਆਸਾ, ਨਾਮਦੇਵ ਜੀ, ਪੰਨਾ 485-486)

ਧਾਰਮਿਕ ਖੇਤਰ ਵਿਚ ਮਨੁੱਖ ਦੀ ਭਗਤੀ ਸੱਚੇ ਦਿਲੋਂ ਕੀਤੀ ਹੋਈ ਹੀ ਪ੍ਰਵਾਨ ਹੁੰਦੀ ਹੈ। ਇਸ ਭਗਤੀ ਲਈ ਮਨੁੱਖ ਵਿਚ ਨੈਤਿਕ ਗੁਣ ਹੋਣੇ ਇੱਕ ਬੁਨਿਆਦੀ ਸ਼ਰਤ ਹੈ। ਭਗਤ ਨਾਮਦੇਵ ਜੀ ਇਸ ਸ਼ਬਦ ਵਿਚ ਸੱਪ, ਬਗਲੇ ਅਤੇ ਸ਼ੇਰ ਦੀਆਂ ਮਿਸਾਲਾਂ ਦੇ ਕੇ ਸਾਨੂੰ ਧਰਮ ਦੇ ਮਾਰਗ 'ਤੇ ਚੱਲਣ ਲਈ ਨੈਤਿਕਤਾ ਗ੍ਰਹਿਣ ਕਰਨ ਦੀ ਸਿੱਖਿਆ ਦੇ ਰਹੇ ਹਨ। ਸੱਪ ਆਪਣੀ ਕੁੰਜ ਛੱਡ ਦਿੰਦਾ ਹੈ, ਪਰ ਅੰਦਰਲੀ ਜ਼ਹਿਰ ਨਹੀਂ ਛੱਡਦਾ। ਮਨੁੱਖ ਵੀ ਬਾਹਰੋਂ ਆਪਣੀ ਖੂਬ ਸਫਾਈ ਕਰ ਲੈਂਦਾ ਹੈ, ਪਰ ਅੰਦਰੋਂ ਔਗੁਣਾਂ ਦੀ ਜ਼ਹਿਰ ਨਹੀਂ ਤਿਆਗਦਾ। ਪਾਣੀ ਵਿਚ ਬਗਲਾ ਸਮਾਧੀ ਲਾਉਂਦਾ ਹੈ, ਪਰ ਉਸ ਦੀ ਅੰਦਰਲੀ ਬਿਰਤੀ ਆਪਣਾ ਸ਼ਿਕਾਰ ਫੜਨ 'ਤੇ ਲੱਗੀ ਹੁੰਦੀ ਹੈ। ਮਨੁੱਖ ਵੀ ਬਾਹਰੋਂ ਭਗਤੀ ਕਰਦਾ ਦਿਸਦਾ ਹੈ, ਪਰ ਅੰਦਰਲੇ ਵਿਕਾਰ ਨਾਲ-ਨਾਲ ਚੱਲਦੇ ਰਹਿੰਦੇ ਹਨ। ਸ਼ੇਰ ਕਿਉਂਕਿ ਕਮਜ਼ੋਰ ਜਾਨਵਰਾਂ ਨੂੰ ਮਾਰ ਕੇ ਖਾਂਦਾ ਹੈ, ਇਸ ਲਈ ਉਸ ਦਾ ਭੋਜਨ ਜ਼ੁਲਮ ਦੀ ਕਮਾਈ ਹੈ।

ਭਗਤ ਨਾਮਦੇਵ ਐਸੇ ਮਨੁੱਖ ਨੂੰ ਵੱਡਾ ਠੱਗ ਆਖਦੇ ਹਨ, ਜੋ ਦਸਾਂ ਨਹੁੰਆਂ ਦੀ ਕਿਰਤ-ਕਮਾਈ ਕਰਨ ਦੀ ਥਾਂ ਦੂਜਿਆਂ ਦੇ ਹੱਕ ਮਾਰ ਕੇ ਮਾਇਆ ਇਕੱਠੀ ਕਰਦਾ ਹੈ। ਇਹੋ ਜਿਹੇ ਮਨੁੱਖ ਦਾ ਮਨ ਸਾਫ ਨਹੀਂ ਰਹਿ ਸਕਦਾ ਅਤੇ ਅਜਿਹਾ ਮਨੁੱਖ ਸੱਪ, ਬਗਲੇ ਅਤੇ ਸ਼ੇਰ ਦੀਆਂ ਬਿਰਤੀਆਂ ਵਾਲਾ ਹੀ ਹੁੰਦਾ ਹੈ। ਐਸਾ ਮਨੁੱਖ ਮਲਕ ਭਾਗੋ ਹੁੰਦਾ ਹੈ। ਲੋੜ ਤੋਂ ਵੱਧ ਮਾਇਆ ਇਕੱਠੀ ਕਰਨ ਦੀ ਬਿਰਤੀ ਵਾਲੇ ਮਨੁੱਖ ਦੀ ਭੈੜੀ ਦਸ਼ਾ ਭਗਤ ਨਾਮਦੇਵ ਜੀ ਨੇ ਸਾਰਗ ਰਾਗ ਦੇ ਇੱਕ ਸ਼ਬਦ ਵਿਚ ਮਿਸਾਲਾਂ ਦੇ ਕੇ ਬਿਆਨ ਕੀਤੀ ਹੈ,

ਕਾਏਂ ਰੇ ਮਨ ਬਿਖਿਆ ਬਨ ਜਾਇ॥
ਭੂਲੌ ਰੇ ਠਗਮੂਰੀ ਖਾਇ॥੧॥ਰਹਾਉ॥
ਜੈਸੇ ਮੀਨੁ ਪਾਨੀ ਮਹਿ ਰਹੈ॥
ਕਾਲ ਜਾਲ ਕੀ ਸੁਧਿ ਨਹੀ ਲਹੈ॥
ਜਿਹਬਾ ਸੁਆਦੀ ਲੀਲਿਤ ਲੋਹ॥
ਐਸੇ ਕਨਿਕ ਕਾਮਨੀ ਬਾਧਿਓ ਮੋਹ॥੧॥
ਜਿਉ ਮਧੁ ਮਾਖੀ ਸੰਚੈ ਅਪਾਰ॥
ਮਧੁ ਲੀਨੋ ਮੁਖਿ ਦੀਨੀ ਛਾਰਿ॥
ਗਊ ਬਾਛ ਕਉ ਸੰਚੈ ਖੀਰੁ॥
ਗਲਾ ਬਾਂਧਿ ਦੁਹਿ ਲੇਇ ਅਹੀਰੁ॥੨॥
ਮਾਇਆ ਕਾਰਨਿ ਸ੍ਰਮੁ ਅਤਿ ਕਰੈ॥
ਸੋ ਮਾਇਆ ਲੈ ਗਾਡੈ ਧਰੈ॥
ਅਤਿ ਸੰਚੈ ਸਮਝੈ ਨਹੀ ਮੂੜ੍ਹ॥
ਧਨੁ ਧਰਤੀ ਤਨੁ ਹੋਇ ਗਇਓ ਧੂੜਿ॥੩॥
ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ॥
ਸਾਧ ਸੰਗਤਿ ਕਬਹੂ ਨਹੀ ਕਰੈ॥
ਕਹਤ ਨਾਮਦੇਉ ਤਾ ਚੀ ਆਣਿ॥
ਨਿਰਭੈ ਹੋਇ ਭਜੀਐ ਭਗਵਾਨ॥੪॥੧॥
(ਸਾਰੰਗ, ਨਾਮਦੇਵ ਜੀ, ਪੰਨਾ 1252)

ਇਸ ਸ਼ਬਦ ਦੀ ਖੂਬਸੂਰਤੀ ਇਸ ਗੱਲ ਵਿਚ ਹੈ ਕਿ ਇਸ ਵਿਚ ਮਨੁੱਖ ਦੇ ਮਨ ਨੂੰ ਸਿੱਧਾ ਸੰਬੋਧਨ ਕਰਕੇ ਅਤੇ ਮਿਸਾਲਾਂ ਦੇ ਕੇ ਮੂੜ ਜਾਂ ਮੂਰਖ ਕਹਿੰਦੇ ਹੋਏ ਵੀ ਬੜੇ ਪਿਆਰ ਨਾਲ ਸਿੱਧੇ ਰਸਤੇ 'ਤੇ ਚੱਲਣ ਲਈ ਪ੍ਰੇਰਿਆ ਗਿਆ ਹੈ। ਪੰਜ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਿਚੋਂ ਸਿੱਧੇ ਤੌਰ 'ਤੇ ਮੋਹ, ਕਾਮ ਅਤੇ ਕ੍ਰੋਧ ਦਾ ਇਸ ਸ਼ਬਦ ਵਿਚ ਪ੍ਰਤੱਖ ਜ਼ਿਕਰ ਆਇਆ ਹੈ। ਲੋਭ ਅਤੇ ਹੰਕਾਰ ਵੀ ਇਨ੍ਹਾਂ ਵਿਕਾਰਾਂ ਦੇ ਨਾਲ ਹੀ ਜੁੜੇ ਹੋਏ ਵਿਕਾਰ ਹਨ। ਇਨ੍ਹਾਂ ਵਿਕਾਰਾਂ ਦੀ ਜੜ੍ਹ ਹੈ, ਤ੍ਰਿਸ਼ਨਾ। ਤ੍ਰਿਸ਼ਨਾ ਕਰਕੇ ਮਨੁੱਖੀ ਮਨ ਸੁਹਾਵਣੇ ਲੱਗਦੇ ਜੰਗਲ ਰੂਪੀ ਸੰਸਾਰ ਵਿਚ ਘੁੰਮਦਾ ਹੋਇਆ ਬਾਹਰੋਂ ਸੋਹਣੇ ਦਿਸਦੇ ਧਤੂਰੇ ਫਲ ਹੀ ਖਾਈ ਜਾ ਰਿਹਾ ਹੈ। ਮੱਛੀ ਆਪਣੀ ਜੀਭ ਦੇ ਸੁਆਦ ਕਰਕੇ ਜਾਲ ਨਾਲ ਲੱਗੀ ਹੋਈ ਲੋਹੇ ਦੀ ਕੁੰਡੀ ਦੁਆਰਾ ਫੜੀ ਜਾਂਦੀ ਹੈ। ਮਧੂ-ਮੱਖੀ ਸ਼ਹਿਦ ਇਕੱਠਾ ਕਰਦੀ ਰਹਿੰਦੀ ਹੈ, ਪਰ ਸਾਰਾ ਸ਼ਹਿਦ ਛੱਤਾ ਨਿਚੋੜ ਕੇ ਮਨੁੱਖ ਲੈ ਜਾਂਦਾ ਹੈ ਤੇ ਉਸ ਨੂੰ ਕੁਝ ਨਹੀਂ ਮਿਲਦਾ। ਗਊ ਆਪਣੇ ਵੱਛੇ ਲਈ ਥਣਾਂ ਵਿਚ ਦੁੱਧ ਇਕੱਠਾ ਕਰਦੀ ਹੈ, ਪਰ ਉਸ ਗਊ ਦਾ ਮਾਲਕ ਮਨੁੱਖ ਸਾਰਾ ਦੁੱਧ ਚੋ ਕੇ ਲੈ ਜਾਂਦਾ ਹੈ।

ਇਉਂ ਮੂਰਖ ਮਨੁੱਖ ਵੀ ਮਾਇਆ ਇਕੱਠੀ ਕਰਨ ਲਈ ਲੋੜ ਤੋਂ ਵੱਧ ਮਿਹਨਤ ਕਰਦਾ ਹੈ ਅਤੇ ਫਿਰ ਉਸ ਨੂੰ ਲੁਕਾ-ਲੁਕਾ ਕੇ ਸੰਭਾਲ ਕੇ ਰੱਖਦਾ ਹੈ। ਪਹਿਲਾਂ ਪੁਰਾਣੇ ਸਮਿਆਂ ਵਿਚ ਮਨੁੱਖ ਧਨ-ਦੌਲਤ ਜ਼ਮੀਨ ਹੇਠ ਟੋਆ ਪੁੱਟ ਕੇ ਦਬਾ ਦਿੰਦਾ ਸੀ ਅਤੇ ਬਹੁਤ ਵਾਰੀ ਉਸ ਤੋਂ ਬਿਨਾ ਕਿਸੇ ਹੋਰ ਨੂੰ ਪਤਾ ਨਾ ਹੋਣ ਕਰਕੇ ਉਸ ਦੇ ਮਰਨ ਮਗਰੋਂ ਵੀ ਇਹ ਧਨ-ਦੌਲਤ ਧਰਤੀ ਵਿਚ ਹੀ ਦੱਬਿਆ ਰਹਿ ਜਾਂਦਾ ਸੀ। ਹੁਣ ਵੀ ਬੈਂਕਾਂ ਵਿਚ ਬਹੁਤ ਸਾਰਾ ਧਨ ਐਸਾ ਪਿਆ ਰਹਿੰਦਾ ਹੈ, ਜਿਸ ਦਾ ਮਰਨ ਵਾਲੇ ਦੇ ਵਾਰਸਾਂ ਨੂੰ ਪਤਾ ਹੀ ਨਹੀਂ ਹੁੰਦਾ ਜਾਂ ਫਿਰ ਇਉਂ ਵੀ ਹੁੰਦਾ ਹੈ ਕਿ ਮੂਰਖ ਮਨੁੱਖ ਸਾਰੀ ਉਮਰ ਤੰਗ ਹੋ ਕੇ, ਮਿਹਨਤ ਕਰਕੇ ਜਾਂ ਠੱਗੀਆਂ ਮਾਰ ਕੇ ਧਨ ਇਕੱਠਾ ਕਰਦਾ ਰਹਿੰਦਾ ਹੈ ਅਤੇ ਉਸ ਨੂੰ ਵਰਤਣ ਵਾਲੇ ਜਾਂ ਉਜਾੜਨ ਵਾਲੇ ਉਸ ਦੇ ਵਾਰਸ ਹੁੰਦੇ ਹਨ। ਉਹ ਆਪ ਇਸ ਧਨ ਦਾ ਸੁਖ ਨਹੀਂ ਲੈ ਸਕਦਾ। ਮਾਇਆ ਦੇ ਇਸ ਚੱਕਰਵਿਊ ਵਿਚ ਫਸ ਕੇ ਮੂਰਖ ਮਨੁੱਖ ਕਾਮ, ਕ੍ਰੋਧ ਅਤੇ ਤ੍ਰਿਸ਼ਨਾ ਦੀ ਅੱਗ ਵਿਚ ਸੜਦਾ ਰਹਿੰਦਾ ਹੈ ਅਤੇ ਕਦੇ ਸਾਧਸੰਗਤ ਵਿਚ ਨਹੀਂ ਜਾਂਦਾ। ਸਾਧਸੰਗਤ ਵਿਚ ਜਾ ਕੇ ਉਸ ਨੂੰ ਗੁਰ-ਉਪਦੇਸ਼ ਰਾਹੀਂ ਮਾਇਆ ਦੇ ਇਸ ਜੰਜਾਲ ਦੀ ਸਮਝ ਪੈਣੀ ਸੀ ਅਤੇ ਉਸ ਦਾ ਇਸ ਤੋਂ ਛੁਟਕਾਰਾ ਹੋਣਾ ਸੀ। ਜ਼ਾਹਰ ਹੀ ਹੈ ਕਿ ਹਰੀ-ਸਿਮਰਨ ਅਤੇ ਸਾਧਸੰਗਤ ਕਰਨ ਦੀ ਥਾਂ ਮਨੁੱਖ ਮਾਇਆ ਵਿਚ ਗਲਤਾਨ ਹੋ ਕੇ ਅਨੈਤਿਕ ਸੁਭਾਅ ਦਾ ਮਾਲਕ ਬਣ ਜਾਂਦਾ ਹੈ। ਮਾਇਆ ਇਕੱਠੀ ਕਰਨ ਦੇ ਲਾਲਚ ਵਿਚ ਅਤੇ ਪਰਿਵਾਰ ਦੇ ਮੋਹ ਵਿਚ ਉਹ ਬਹੁਤ ਸਾਰੇ ਪਾਪ ਕਰਦਾ ਹੈ, ਝੂਠ ਬੋਲਦਾ ਹੈ, ਦੂਜਿਆਂ ਨਾਲ ਧੋਖੇ ਕਰਦਾ ਹੈ ਅਤੇ ਨੈਤਿਕ ਕਦਰਾਂ-ਕੀਮਤਾਂ ਤੋਂ ਵਾਂਝਾ ਹੋ ਜਾਂਦਾ ਹੈ।

ਧਨ-ਦੌਲਤ, ਰਾਜ-ਸੱਤਾ ਅਤੇ ਜਵਾਨੀ ਦਾ ਨਸ਼ਾ ਮਨੁੱਖ ਨੂੰ ਰੱਬ ਚੇਤੇ ਨਹੀਂ ਰਹਿਣ ਦਿੰਦਾ। ਇਸ ਨਸ਼ੇ ਨੂੰ ਅਸੀਂ ਹੰਕਾਰ ਦਾ ਨਾਮ ਦੇ ਸਕਦੇ ਹਾਂ। ਭਗਤ ਨਾਮਦੇਵ ਜੀ ਨੇ ਇਸ ਨੂੰ 'ਗਰਬ' ਆਖਿਆ ਹੈ। ਹੰਕਾਰ ਦਾ ਔਗੁਣ ਇੱਕ ਐਸਾ ਔਗੁਣ ਹੈ, ਜੋ ਬੰਦੇ ਦੇ ਬਾਕੀ ਸਾਰੇ ਗੁਣਾਂ ਨੂੰ ਵੀ ਔਗੁਣਾਂ ਵਿਚ ਬਦਲਣ ਦੀ ਸਮਰੱਥਾ ਰੱਖਦਾ ਹੈ। ਧਨਾਸਰੀ ਰਾਗ ਦੇ ਇੱਕ ਸ਼ਬਦ ਵਿਚ ਭਗਤ ਨਾਮਦੇਵ ਜੀ ਨੇ ਕੌਰਵਾਂ, ਯਾਦਵਾਂ ਅਤੇ ਰਾਵਣ ਦੀਆਂ ਮਿਸਾਲਾਂ ਦੇ ਕੇ ਦੱਸਿਆ ਹੈ ਕਿ ਇਹ ਮਹਿਲ-ਮਾੜੀਆਂ, ਰਾਜ, ਜਾਇਦਾਦ, ਹਾਥੀ, ਘੋੜੇ, ਫੌਜਾਂ ਅਤੇ ਧਨ-ਦੌਲਤ ਸਭ ਕੁਝ ਇਥੇ ਹੀ ਰਹਿ ਜਾਣਾ ਹੈ। ਸੋਨੇ ਦੀ ਬਣੀ ਹੋਈ ਲੰਕਾ ਦਾ ਮਾਲਕ ਰਾਵਣ ਕਿੱਥੇ ਹੈ! ਦੁਰਯੋਧਨ ਵਰਗੇ ਬਲੀ ਵੀ ਇੱਥੇ ਨਹੀਂ ਰਹੇ।

ਮਾਰਕੰਡ ਰਿਸ਼ੀ ਨੇ ਬਹੁਤ ਲੰਮੀ ਉਮਰ ਭੋਗੀ, ਪਰ ਸਾਰੀ ਉਮਰ ਉਹ ਕੱਖਾਂ ਦੀ ਕੁੱਲੀ ਵਿਚ ਹੀ ਰਿਹਾ। ਜਿਨ੍ਹਾਂ ਯਾਦਵਾਂ ਨੇ ਹੰਕਾਰ ਵਿਚ ਆ ਕੇ ਦੁਰਬਾਸਾ ਰਿਸ਼ੀ ਨੂੰ ਮਜ਼ਾਕ ਕੀਤਾ, ਉਨ੍ਹਾਂ ਦੀ ਕੁੱਲ ਹੀ ਖਤਮ ਹੋ ਗਈ। ਮਾਇਆ ਕਿਸੇ ਦੇ ਨਾਲ ਨਹੀਂ ਜਾਂਦੀ। ਇਸ ਲਈ ਮਾਇਆ ਦੀ ਬਹੁਤਾਤ ਕਰਕੇ ਹੰਕਾਰ ਕਰਨਾ ਅਤੇ ਗਰੀਬਾਂ, ਸੰਤਾਂ ਅਤੇ ਫਕੀਰਾਂ ਨੂੰ ਮਜ਼ਾਕ ਕਰਨਾ ਹਮੇਸ਼ਾ ਹੀ ਪੁੱਠਾ ਪੈਂਦਾ ਹੈ। ਧਨਾਸਰੀ ਰਾਗ ਦੇ ਇਸ ਸ਼ਬਦ ਦੀਆਂ ਰਹਾਉ ਦੀਆਂ ਪੰਕਤੀਆਂ ਵਿਚ ਭਗਤ ਨਾਮਦੇਵ ਜੀ ਸਮਝਾ ਰਹੇ ਹਨ ਕਿ ਸਾਨੂੰ ਪਰਮਾਤਮਾ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ ਅਤੇ ਕਦੇ ਵੀ ਹੰਕਾਰ ਨਹੀਂ ਕਰਨਾ ਚਾਹੀਦਾ। ਪਵਿੱਤਰ ਫਰਮਾਨ ਹੈ,

ਹਮਰੋ ਕਰਤਾ ਰਾਮੁ ਸਨੇਹੀ॥
ਕਾਹੇ ਰੇ ਨਰ ਗਰਬੁ ਕਰਤ ਹਹੁ
ਬਿਨਸਿ ਜਾਇ ਝੂਠ ਦੇਹੀ॥੧॥ਰਹਾਉ॥
(ਧਨਾਸਰੀ, ਨਾਮਦੇਵ ਜੀ, ਪੰਨਾ 692)

ਇਉਂ ਅਸੀਂ ਕਹਿ ਸਕਦੇ ਹਾਂ ਕਿ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਨੈਤਿਕਤਾ ਦਾ ਉਪਦੇਸ਼ ਸਾਨੂੰ ਉੱਘੜਵੇਂ ਰੂਪ ਵਿਚ ਪ੍ਰਾਪਤ ਹੁੰਦਾ ਹੈ ਅਤੇ ਇਹ ਗੱਲ ਵੀ ਸੁੱਤੇ-ਸਿੱਧ ਸਪੱਸ਼ਟ ਹੁੰਦੀ ਹੈ ਕਿ ਹਰੀ-ਸਿਮਰਨ ਅਤੇ ਵਿਕਾਰਾਂ ਤੋਂ ਰਹਿਤ ਜੀਵਨ ਦਾ ਆਪਸ ਵਿਚ ਅਟੁੱਟ ਸਬੰਧ ਹੈ। ਪਰਮਾਤਮਾ ਦੀ ਭਗਤੀ ਦਾ ਮਾਰਗ ਹਰੀ-ਸਿਮਰਨ ਅਤੇ ਨੈਤਿਕ ਜੀਵਨ-ਵਿਹਾਰ ਦੇ ਸੁਮੇਲ ਨਾਲ ਹੀ ਸੰਪੂਰਨ ਹੁੰਦਾ ਹੈ।

# ਘਟਿ ਘਟਿ ਜੋਤਿ ਤੁਮਾਰੀ

## ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ
**ਬਿਲਾਵਲ ਮਹਲਾ ੧॥**
ਮਨੁ ਮੰਦਰੁ ਤਨੁ ਵੇਸ ਕਲੰਦਰੁ
ਘਟ ਹੀ ਤੀਰਥਿ ਨਾਵਾ॥
ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ
ਬਾਹੁੜਿ ਜਨਮਿ ਨ ਆਵਾ॥
ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ॥
ਕਉਣੁ ਜਾਣੈ ਪੀਰ ਪਰਾਈ॥
ਹਮ ਨਾਹੀ ਚਿੰਤ ਪਰਾਈ॥ਰਹਾਉ॥
ਅਗਮ ਅਗੋਚਰ ਅਲਖ ਅਪਾਰਾ
ਚਿੰਤਾ ਕਰਹੁ ਹਮਾਰੀ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ
ਘਟਿ ਘਟਿ ਜੋਤਿ ਤੁਮਾਰੀ॥
ਸਿਖ ਮਤਿ ਸਭ ਬੁਧਿ ਤੁਮਾਰੀ
ਮੰਦਿਰ ਛਾਵਾ ਤੇਰੇ॥
ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ
ਗੁਣ ਗਾਵਾ ਨਿਤ ਤੇਰੇ॥
ਜੀਅ ਜੰਤ ਸਭਿ ਸਰਣਿ ਤੁਮ੍ਹਾਰੀ
ਸਰਬ ਚਿੰਤ ਤੁਧੁ ਪਾਸੇ॥
ਜੋ ਤੁਧੁ ਭਾਵੈ ਸੋਈ ਚੰਗਾ
ਇਕ ਨਾਨਕ ਕੀ ਅਰਦਾਸੇ॥

ਗੁਰੂ ਨਾਨਕ ਸਾਹਿਬ ਆਖਦੇ ਹਨ, ਇਹ ਮੇਰਾ ਮਨ ਮੇਰੇ ਪ੍ਰਭੂ ਪ੍ਰੀਤਮ ਦੇ ਰਹਿਣ ਲਈ ਮੰਦਿਰ ਬਣ ਗਿਆ ਹੈ, ਮੇਰਾ ਸਰੀਰ ਭਾਵ ਮੇਰਾ ਹਰ ਇਕ ਗਿਆਨ ਇੰਦਰਾ ਮੰਦਿਰ ਦੀ ਯਾਤਰਾ ਕਰਨ ਵਾਲਾ ਕਲੰਦਰ ਫਕੀਰ ਬਣ ਗਿਆ ਹੈ; ਹੁਣ ਮੈਂ ਹਿਰਦੇ ਰੂਪੀ ਤੀਰਥ ਉਤੇ ਹੀ ਇਸ਼ਨਾਨ ਕਰ ਲੈਂਦਾ ਹਾਂ, ਪ੍ਰਭੂ ਦੀ ਸਿਫਤਿ ਸਾਲਾਹ ਦਾ ਸ਼ਬਦ ਮੇਰੇ ਪ੍ਰਾਣਾਂ ਵਿਚ ਵਸ ਗਿਆ ਹੈ, ਮੈਨੂੰ ਯਕੀਨ ਹੋ ਗਿਆ ਹੈ ਕਿ ਮੈਂ ਮੁੜ ਕੇ ਜਨਮ ਵਿਚ ਨਹੀਂ ਆਵਾਂਗਾ।

ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ॥
ਕਉਣੁ ਜਾਣੈ ਪੀਰ ਪਰਾਈ॥
ਹਮ ਨਾਹੀ ਚਿੰਤ ਪਰਾਈ॥ ਰਹਾਉ॥

ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਗੁਰਦੇਵ ਜੀ ਆਖਦੇ ਹਨ, ਹੇ ਮੇਰੀ ਮਾਂ! ਮੇਰਾ ਮਨ ਉਸ ਦਇਆ ਦੇ ਸਮੁੰਦਰ ਮਿਹਰਬਾਨ ਪ੍ਰਭੂ ਦੇ ਚਰਨਾਂ ਵਿਚ ਵਿੰਨ੍ਹ ਗਿਆ ਹੈ, ਮੈਂ ਪ੍ਰਭੂ ਤੋਂ ਬਿਨਾ ਕਿਸੇ ਹੋਰ ਦੀ ਆਸ ਹੀ ਨਹੀਂ ਰੱਖਦਾ; ਕਿਉਂਕਿ ਹੇ ਮਾਂ ਮੈਨੂੰ ਯਕੀਨ ਹੋ ਗਿਆ ਹੈ ਕਿ ਉਸ ਪ੍ਰਭੂ ਤੋਂ ਬਿਨਾ ਕੋਈ ਹੋਰ ਕਿਸੇ ਦਾ ਦੁੱਖ ਦਰਦ ਸਮਝ ਹੀ ਨਹੀਂ ਸਕਦਾ, ਇਸ ਲਈ ਮੈਂ ਪ੍ਰਭੂ ਦੀ ਸ਼ਰਨ ਆ ਗਿਆ ਹਾਂ।

ਅਗਮ ਅਗੋਚਰ ਅਲਖ ਅਪਾਰਾ
ਚਿੰਤਾ ਕਰਹੁ ਹਮਾਰੀ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ
ਘਟਿ ਘਟਿ ਜੋਤਿ ਤੁਮਾਰੀ॥

ਸਾਹਿਬ ਸਤਿਗੁਰੂ ਪਿਤਾ ਜੀ ਸ਼ਬਦ ਦੀਆਂ ਇਨ੍ਹਾਂ ਪੰਕਤੀਆਂ ਵਿਚ ਬਖਸ਼ਿਸ਼ ਕਰਦੇ ਆਖਦੇ ਹਨ, ਹੇ ਅਪਹੁਚ, ਹੇ ਅਗੋਚਰ, ਹੇ ਅਦ੍ਰਿਸ਼ਟ, ਹੇ ਬੇਅੰਤ ਮਿਹਰਬਾਨ ਪ੍ਰਭੂ ਜੀ! ਤੂੰ ਹੀ ਸਾਡੀ ਸਭ ਜੀਵਾਂ ਦੀ ਚਿੰਤਾ ਭਾਵ ਸੰਭਾਲ ਕਰਦਾ ਹੈਂ; ਤੂੰ ਜਲ ਵਿਚ, ਧਰਤੀ ਵਿਚ, ਅਕਾਸ਼ ਵਿਚ-ਹਰ ਥਾਂ ਹੀ ਭਰਪੂਰ ਵਿਆਪਕ ਹੈਂ ਅਤੇ ਹਰ ਇਕ ਜੀਵ ਦੇ ਹਿਰਦੇ ਵਿਚ ਹੀ ਤੇਰੀ ਜੋਤਿ ਮੌਜੂਦ ਹੈ। ਹੇ ਪ੍ਰਭੂ ਜੀ! ਤੂੰ ਹੀ ਸਭ ਦਾ ਮਾਲਕ ਹੈਂ, ਪ੍ਰਤਿਪਾਲਕ ਹੈ ਅਤੇ ਤੂੰ ਹੀ ਸਾਡੀ ਰਖਿਆ ਕਰਦਾ ਹੈ।

ਸਿਖ ਮਤਿ ਸਭਿ ਬੁਧਿ ਤੁਮਾਰੀ
ਮੰਦਿਰ ਛਾਵਾ ਤੇਰੇ॥
ਤੁਝ ਬਿਨੁ ਅਵਰੁ ਨ ਜਾਣ ਮੇਰੇ ਸਾਹਿਬਾ
ਗੁਣ ਗਾਵਾ ਨਿਤ ਤੇਰੇ॥

ਸਾਨੂੰ ਕਲਜੁਗ ਦੇ ਜੀਵਾਂ ਨੂੰ ਉਪਦੇਸ਼ ਕਰਦਿਆਂ ਸਤਿਗੁਰੂ ਕਹਿੰਦੇ ਹਨ, ਹੇ ਮੇਰੇ ਮਿਹਰਬਾਨ ਪਰਮੇਸ਼ਰ ਪਿਤਾ ਜੀ! ਸਾਰੇ ਹੀ ਜੀਵਾਂ ਦੇ ਮਨ ਅਤੇ ਸਰੀਰ ਤੇਰੇ ਹੀ ਤਾਂ ਬਣਾਏ ਹੋਏ ਹਨ; ਸਿਖਿਆ, ਅਕਲ, ਬੁਧੀ ਜੋ ਵੀ ਹੈ, ਸਾਰੇ ਜੀਵਾਂ ਨੂੰ ਤੈਥੋਂ ਹੀ ਪ੍ਰਾਪਤ ਹੁੰਦੀ ਹੈ। ਹੇ ਮਿਹਰਾਂ ਦੇ ਮਾਲਕ ਪ੍ਰਭੂ ਜੀ! ਤੇਰੇ ਬਿਨਾ ਮੈਂ ਹੋਰ ਕਿਸੇ ਨੂੰ ਨਹੀਂ ਜਾਣਦਾ, ਮੈਂ ਤਾਂ ਤੇਰੇ ਹੀ ਗੁਣ ਗਾਇਨ ਕਰਦਾ ਹਾਂ ਜੀ।

ਜੀਅ ਜੰਤ ਸਭਿ ਸਰਣਿ ਤੁਮ੍ਹਾਰੀ
ਸਰਬ ਚਿੰਤ ਤੁਧੁ ਪਾਸੇ॥
ਜੋ ਤੁਧੁ ਭਾਵੈ ਸੋਈ ਚੰਗਾ
ਇਕ ਨਾਨਕ ਕੀ ਅਰਦਾਸੇ॥

ਸ਼ਬਦ ਦੀਆਂ ਅਖੀਰਲੀਆਂ ਪੰਕਤੀਆਂ ਵਿਚ ਸਾਹਿਬ ਸਤਿਗੁਰੂ ਮਾਲਕ ਦੇ ਚਰਨਾਂ ਵਿਚ ਅਰਦਾਸ ਪਏ ਕਰਦੇ ਹਨ, ਹੇ ਮੇਰੇ ਮਿਹਰਬਾਨ ਪ੍ਰਭ ਜੀ! ਸਾਰੇ ਜੀਵ ਜੰਤ ਤੇਰੇ ਹੀ ਆਸਰੇ ਹਨ; ਤੈਨੂੰ ਹੀ ਸਾਰਿਆਂ ਦੀ ਸਾਂਭ ਸੰਭਾਲ ਦੀ ਚਿੰਤਾ ਹੈ। ਹੇ ਪ੍ਰਭੂ! ਤੇਰੇ ਦਰ 'ਤੇ ਮੇਰੀ ਬਸ ਇਹੋ ਹੀ ਬੇਨਤੀ ਹੈ ਕਿ ਜੋ ਤੇਰੀ ਰਜ਼ਾ ਹੋਵੇ, ਉਹ ਹੀ ਮੈਨੂੰ ਚੰਗੀ ਲੱਗੇ; ਮੈਂ ਸਦਾ ਤੇਰੀ ਰਜ਼ਾ ਵਿਚ ਰਾਜ਼ੀ ਰਹਾਂ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਰਜਣਾ

*ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ 15 ਨਵੰਬਰ 1920 ਨੂੰ ਹੋਈ। ਇਸ ਦਾ ਮੁੱਖ ਕਾਰਜ ਗੁਰਦੁਆਰਾ ਪ੍ਰਬੰਧਾਂ ਵਿਚ ਸੁਧਾਰ ਸੀ, ਪਰ ਮਗਰੋਂ ਜਾ ਕੇ ਗੁਰਦੁਆਰਾ ਸੁਧਾਰ ਲਹਿਰ ਨੇ ਪੰਜਾਬ ਦੀ ਸਿਆਸਤ ਉਤੇ ਡੂੰਘਾ ਅਸਰ ਪਾਇਆ ਅਤੇ ਸਿੱਖਾਂ ਨੇ ਆਜ਼ਾਦੀ ਦੀ ਲੜਾਈ ਵਿਚ ਵਧ-ਚੜ੍ਹ ਕੇ ਹਿੱਸਾ ਲਿਆ। ਸਿੱਖਾਂ ਦੇ ਇਹ ਕਾਰਨਾਮੇ ਇਤਿਹਾਸ ਅੰਦਰ ਸੁਨਹਿਰੀ ਅੱਖਰਾਂ ਵਿਚ ਲਿਖੇ ਹੋਏ ਹਨ। ਸ਼੍ਰੋਮਣੀ ਕਮੇਟੀ ਦੀ ਸਿਰਜਣਾ ਅਤੇ ਗੁਰਦੁਆਰਾ ਸੁਧਾਰ ਲਹਿਰ ਬਾਰੇ ਵਿਸਥਾਰ ਸਹਿਤ ਚਰਚਾ ਉਘੇ ਲੀਡਰ (ਮਰਹੂਮ) ਸੋਹਨ ਸਿੰਘ ਜੋਸ਼ ਨੇ ਆਪਣੀ ਮਸ਼ਹੂਰ ਕਿਤਾਬ 'ਅਕਾਲੀ ਮੋਰਚਿਆਂ ਦਾ ਇਤਿਹਾਸ' ਵਿਚ ਕੀਤੀ ਹੈ। ਇਹ ਲੇਖ ਇਸੇ ਕਿਤਾਬ ਵਿਚੋਂ ਲਿਆ ਗਿਆ ਹੈ। -ਸੰਪਾਦਕ*



ਗੁਰਦੁਆਰਾ ਨਨਕਾਣਾ ਸਾਹਿਬ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੁਢਲੇ ਦੌਰ ਦੀ ਸਰਗਰਮੀ ਹੋਈ।

ਅਕਾਲ ਤਖਤ ਦੇ ਕਬਜ਼ੇ ਨੇ ਤੇ ਅਕਾਲੀ ਜਥਿਆਂ ਦੇ ਵਜੂਦ ਵਿਚ ਆਉਣ ਨੇ ਕੇਂਦਰੀ ਜਥੇਬੰਦੀਆਂ ਕਾਇਮ ਕਰਨ ਦੇ ਹਾਲਾਤ ਪੈਦਾ ਕਰ ਦਿੱਤੇ। ਅਨਾਰਕੀ ਬੁਰਛਾਗਰਦੀ ਤੇ ਬੇ-ਮੁਹਾਰਪੁਣੇ ਨੂੰ ਰੋਕਣ ਲਈ ਗੁਰਦੁਆਰਿਆਂ ਦੇ ਕੇਂਦਰੀ ਪ੍ਰਬੰਧ ਤੇ ਜਥਿਆਂ ਨੂੰ ਬੰਧੇਜ ਵਿਚ ਰੱਖਣ ਲਈ ਕੇਂਦਰੀ ਜਥੇਬੰਦੀਆਂ ਝਟਪਟ ਕਾਇਮ ਕਰਨਾ ਵਕਤ ਦੀ ਪੁਕਾਰਵੀਂ ਮੰਗ ਸੀ। ਇਸ ਜ਼ਰੂਰੀ ਕੰਮ ਵੱਲ ਅਣਗਹਿਲੀ ਪੰਥ ਲਈ ਬੜੀ ਹਾਨੀਕਾਰਕ ਸਾਬਤ ਹੋ ਸਕਦੀ ਸੀ। 'ਹੰਨੇ ਬੰਨੇ ਦੀ ਮੀਰੀ' ਵਿਰੋਧ ਪੈਦਾ ਕਰਦੀ ਸੀ ਅਤੇ ਅੰਗਰੇਜ਼ ਹਾਕਮਾਂ ਦੇ ਹੱਥਾਂ ਵਿਚ ਖੇਡਣ ਲਈ ਰਾਹ ਪੱਧਰਾ ਕਰਦੀ ਸੀ। ਰੋਜ਼ਾਨਾ ਅਕਾਲੀ ਕੇਂਦਰੀ ਜਥੇਬੰਦੀਆਂ ਸਿਰਜਨ ਤੇ ਬੜਾ ਜ਼ੋਰ ਦੇ ਰਿਹਾ ਸੀ।



ਇਸ ਕਾਰਜ ਦੇ ਸਿਰੇ ਚਾੜ੍ਹਨ ਲਈ 15 ਨਵੰਬਰ 1920 ਨੂੰ ਸਮੂਹ ਸਿੱਖਾਂ ਦੇ ਪ੍ਰਤੀਨਿਧਾਂ ਦਾ ਇਕ ਇਕੱਠ ਜਥੇਦਾਰ ਅਕਾਲ ਤਖਤ ਵੱਲੋਂ ਅੰਮ੍ਰਿਤਸਰ ਸੱਦਿਆ ਗਿਆ। ਇਸ

**ਸੋਹਨ ਸਿੰਘ ਜੋਸ਼**

ਵਿਚ ਸ਼ਾਮਲ ਹੋਣ ਦੇ ਸੱਦਾ-ਪੱਤਰ ਤਖਤਾਂ, ਸਿੰਘ ਸਭਾਵਾਂ, ਗੁਰਦੁਆਰਿਆਂ, ਫੌਜਾਂ, ਕਾਲਜਾਂ, ਸਕੂਲਾਂ, ਸਿੱਖ ਰਿਆਸਤਾਂ ਅਤੇ ਮੁੱਕਦੀ ਗੱਲ ਹਰ ਇਕ ਸਿੱਖ ਸੰਪਰਦਾਇ ਨੂੰ ਘੱਲੇ ਗਏ। ਇਸ ਇਕੱਠ ਦਾ ਸੱਦਾ ਸਭ ਪਹਿਲੂ ਸੋਚ ਕੇ, ਬਗੈਰ ਕਿਸੇ ਭਿੰਨ-ਭੇਦ ਜਾਂ ਵਿਤਕਰੇ ਦੇ ਦਿੱਤਾ ਗਿਆ ਸੀ ਤਾਂ ਜੋ ਕਿਸੇ ਸੰਪਰਦਾਇ ਦੇ ਸਿੱਖ ਨੂੰ ਕੋਈ ਸ਼ਿਕਾਇਤ ਨਾ ਰਹੇ। ਅਕਾਲ ਤਖਤ ਦਾ ਸੱਦਾ ਹੁਕਮਨਾਮੇ ਦਾ ਦਰਜਾ ਰੱਖਦਾ ਸੀ।

ਅਕਾਲੀ ਤੇ ਹੋਰ ਪੰਥਕ ਅਖਬਾਰਾਂ ਨੇ 15 ਨਵੰਬਰ ਦੇ ਇਕੱਠ ਦਾ ਜ਼ੋਰਾਂ ਨਾਲ ਪ੍ਰਚਾਰ ਸ਼ੁਰੂ ਕਰ ਦਿੱਤਾ। ਸਰਕਾਰੀ ਅਫਸਰ ਹੁਣ ਤੱਕ ਅਵੇਸਲੇ ਨਹੀਂ ਸਨ ਬੈਠੇ ਹੋਏ। ਉਹ ਨਵੇਂ ਪੈਦਾ ਹੋਏ ਹਾਲਾਤ ਨੂੰ ਨਜਿੱਠਣ ਲਈ ਪੰਜਾਬ ਸਰਕਾਰ ਸਕੱਤਰੇਤ ਤੇ ਗਵਰਨਰ ਨਾਲ ਮਿਲ ਕੇ ਪਾਲਿਸੀ ਬਣਾ ਰਹੇ ਸਨ ਅਤੇ ਗਵਰਨਰ ਚਿੱਠੀ ਪੱਤਰ ਰਾਹੀਂ ਤੇ ਮਿਲ ਕੇ ਗਵਰਨਰ ਜਨਰਲ (ਵਾਇਸਰਾਇ) ਨਾਲ ਇਸ ਪਾਲਿਸੀ ਬਾਰੇ ਮਸ਼ਵਰੇ ਕਰ ਕੇ ਮਨਜ਼ੂਰੀ ਲੈ ਰਿਹਾ ਸੀ। ਗੁਰਦੁਆਰਿਆਂ ਦੇ ਅਹਿਮ ਪ੍ਰਬੰਧ ਬਾਰੇ ਕੋਈ ਡਿਪਟੀ ਕਮਿਸ਼ਨਰ ਜਾਂ ਕਮਿਸ਼ਨਰ ਇਕੱਲਾ ਕੋਈ ਫੈਸਲਾ ਨਹੀਂ ਸੀ ਲੈ ਸਕਦਾ। ਏਹੋ ਜੇਹੇ ਅਹਿਮ ਫੈਸਲੇ 'ਮੁਕਾਮੀ' (ਸੂਬਾਈ) ਸਰਕਾਰ ਵੀ ਕੇਂਦਰੀ ਸਰਕਾਰ ਨਾਲ ਸਲਾਹ-ਮਸ਼ਵਰਾ ਕਰਕੇ ਕਰਦੀ ਸੀ ਅਤੇ ਕੇਂਦਰੀ ਸਰਕਾਰ ਵੱਲੋਂ ਲੰਡਨ ਦੇ ਇੰਡੀਆ ਹਾਊਸ ਨੂੰ ਹਰ ਫੈਸਲੇ ਦੀ ਜਾਣਕਾਰੀ ਭੇਜੀ ਜਾਂਦੀ ਸੀ।

ਅੰਗਰੇਜ਼ ਸਰਕਾਰ ਦੇ ਕਾਰਜ-ਕਰਮ ਤੋਂ ਨਾ ਜਾਣੂ ਹੋਣ ਕਰਕੇ ਕਈ ਵਾਰ ਇਹ ਪ੍ਰਚਾਰ ਕੀਤਾ ਜਾਂਦਾ ਸੀ ਕਿ ਇਹ ਕਈ ਕੁ ਅਫਸਰ ਹਨ, ਜਿਹੜੇ ਗੁਰਦੁਆਰਿਆਂ ਦਾ ਸੁਧਾਰ ਨਹੀਂ ਹੋਣ ਦੇਣਾ ਚਾਹੁੰਦੇ ਅਤੇ ਸਿੱਖਾਂ ਨਾਲ ਦੁਸ਼ਮਣੀ ਕਰਦੇ ਹਨ, ਸਮੁੱਚੀ ਸਰਕਾਰ ਨਹੀਂ। ਇਹ ਗੱਲਾਂ ਬੇਸਮਝੀ ਦੇ ਕਾਰਨ ਕੀਤੀਆਂ ਜਾਂਦੀਆਂ ਸਨ। ਗਵਰਨਰ ਪੰਜਾਬ ਦੇ ਅਤੇ ਵਾਇਸਰਾਇ ਹਿੰਦੁਸਤਾਨ ਦੇ ਛੋਟੇ ਤੇ ਵੱਡੇ ਰੱਬ ਸਨ, ਜਿਨ੍ਹਾਂ ਦੀ ਮੋਹਰ ਲੱਗਣ ਤੋਂ ਬਗੈਰ ਕੋਈ ਪਾਲਿਸੀ ਤੈਅ ਨਹੀਂ ਹੋ ਸਕਦੀ ਸੀ। ਅਕਾਲੀ ਤੇ ਪ੍ਰਦੇਸੀ ਅਖਬਾਰ ਵੀ ਕਈ ਵਾਰ ਅਫਸਰਾਂ ਦੇ ਜ਼ੁਲਮ ਨੂੰ ਨਿੱਜੀ ਫੈਸਲਾ ਆਖਣ ਲੱਗ ਪੈਂਦੇ ਸੀ। ਪਰ ਕਿਸੇ ਵੱਡੀ ਰਾਜਸੀ ਜਾਂ ਧਾਰਮਿਕ ਤਹਿਰੀਕ ਨਾਲ ਕਿਵੇਂ ਨਜਿੱਠਿਆ ਜਾਵੇ, ਕੇਂਦਰ ਦੇ ਮਸ਼ਵਰੇ ਪਿੱਛੇ ਪੰਜਾਬ ਸਰਕਾਰ ਦਾ ਅਖੀਰੀ ਫੈਸਲਾ ਹੁੰਦਾ ਸੀ, ਜਿਹੜਾ ਹਰ ਇਕ ਨੂੰ ਮੰਨਣਾ ਪੈਂਦਾ ਸੀ।

ਪੰਜਾਬ ਸਰਕਾਰ ਦੀ ਨਵੀਂ ਪਾਲਿਸੀ ਹੁਣ ਇਹ ਸੀ ਕਿ ਪਿਛਲੇ ਮੋਹਰੇ ਕੁਝ ਪਿਟ ਰਹੇ ਤੇ ਕੁਝ ਪਿਟ ਗਏ ਹਨ, ਉਹ ਕੰਮ ਨਹੀਂ ਦੇ ਸਕਦੇ, ਇਸ ਲਈ ਗੁਰਦੁਆਰਾ ਪ੍ਰਬੰਧ ਵਿਚ ਹੱਥ ਰੱਖਣ ਲਈ ਕੋਈ ਹੋਰ ਦਾਅ ਮਾਰੋ। ਇਸ ਦਾਅ-ਮਾਰ ਪਾਲਿਸੀ ਦਾ ਪ੍ਰਗਟਾਅ 15 ਨਵੰਬਰ ਦੇ ਪੰਥਕ ਇਕੱਠ ਤੋਂ ਦੋ ਦਿਨ ਪਹਿਲਾਂ ਹੋਇਆ। ਸਰਕਾਰ ਨੇ ਉਸ ਨੂੰ ਮਹਾਰਾਜਾ ਪਟਿਆਲਾ ਨਾਲ ਮਸ਼ਵਰਾ ਕਰਕੇ 36 ਆਦਮੀਆਂ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੇਸ਼ ਕਰ ਦਿੱਤੀ, ਜਿਹੜਾ ਸਰਕਾਰ ਦਾ 'ਫਰਜ਼ੰਦਿ ਅਰਜ਼ਮੰਦ' ਤੇ 'ਪੰਜੇ ਐਬ ਸ਼ਰੱਈ' ਸੀ। ਇਸ ਵਿਚ ਪੰਥ ਦੀਆਂ ਅੱਖੀਆਂ ਪੂੰਝਣ ਲਈ ਕੁਝ ਇਕ ਸੁਧਾਰਵਾਦੀਆਂ ਵਿਚੋਂ ਵੀ ਰੱਖੇ ਗਏ ਸਨ ਪਰ ਬਾਹਲੀ ਗਿਣਤੀ ਵਫਾਦਾਰਾਂ ਦੀ ਸੀ।

36 ਆਦਮੀਆਂ ਦੀ ਕਮੇਟੀ ਬਣਾਉਣ ਦੇ ਦੋ ਮਕਸਦ ਸਨ। ਇਕ ਸਿੱਖਾਂ ਨੂੰ ਜਥੇਬੰਦ ਹੋਣੋਂ ਰੋਕਣਾ ਅਤੇ ਦੂਜਾ ਸਿੱਖਾਂ ਵਿਚ ਫੁੱਟ ਪਾ ਕੇ ਗੁਰਦੁਆਰਿਆਂ ਉਤੇ ਆਪਣਾ ਕਬਜ਼ਾ ਜੀ-ਹਜ਼ੂਰੀਆਂ ਰਾਹੀਂ ਰੱਖਣਾ। ਪਰ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰ ਦੀ ਇਹ ਚਲਾਕੀ ਨਾਕਾਮ ਕਰ ਦਿੱਤੀ। ਸਰਕਾਰ ਨੇ ਇਸ ਨੂੰ ਆਪਣੀ ਮਰਜ਼ੀ ਦੇ ਖਿਲਾਫ ਚੈਲੰਜ ਸਮਝਿਆ ਅਤੇ ਏਹੋ ਚੈਲੰਜ ਅਗਲੀਆਂ ਘਟਨਾਵਾਂ ਪੈਦਾ ਕਰਨ ਦਾ ਸੋਮਾ ਬਣ ਗਿਆ।

15-16 ਨਵੰਬਰ ਨੂੰ ਦੋ ਦਿਨ ਅਕਾਲ ਤਖਤ ਉਤੇ ਪੰਥਕ ਇਕੱਠ ਹੋਇਆ। ਨੁਮਾਇੰਦਾ ਹੋਣ ਦੀ ਅਤੇ ਸਿੱਖੀ ਦੀਆਂ ਸ਼ਰਤਾਂ ਪੂਰੀਆਂ ਕਰਨ ਦੀ ਪੜਤਾਲ ਪਹਿਲੋਂ ਹੋ ਚੁੱਕੀ ਸੀ। ਇਹ ਸਿੱਖ ਇਤਿਹਾਸ ਵਿਚ ਪਹਿਲਾ ਇਕੱਠ ਸੀ, ਜਿਹੜਾ ਸਿੱਖ ਰਾਜ ਪਿੱਛੋਂ ਵੱਧ ਤੋਂ ਵੱਧ ਨੁਮਾਇੰਦਾ ਤੇ ਭਰਵਾਂ ਸੀ। ਇਸ ਵਿਚ ਭਿੰਨ-ਭਿੰਨ ਰਾਜਸੀ, ਧਾਰਮਿਕ ਤੇ ਸਭਿਆਚਾਰਕ ਖਿਆਲਾਂ ਦੇ ਸਿੱਖਾਂ ਨੇ ਹਿੱਸਾ ਲਿਆ ਅਤੇ ਉਨ੍ਹਾਂ ਨੇ ਗੁਰਦੁਆਰਿਆਂ ਦੇ ਸੁਧਾਰ ਸਬੰਧੀ ਸਰਬਸੰਮਤੀ ਨਾਲ ਫੈਸਲੇ ਲਏ। ਅੰਗਰੇਜ਼-ਪੱਖੀ ਪਾਲਿਸੀ ਦੇ ਕਾਰਨ ਚੀਫ ਖਾਲਸਾ ਦੀਵਾਨ ਹੁਣ ਤੱਕ ਢੇਰ ਸਾਰਾ ਭੰਡਿਆ ਗਿਆ ਸੀ, ਪਰ ਸਿੱਖਾਂ ਵਿਚ ਅਜੇ ਗੁਰਦੁਆਰਿਆਂ ਦਾ ਸੁਧਾਰ ਕਰਨ ਦੇ ਦਾਅ-ਪੇਚਾਂ ਤੇ ਤਰੀਕਿਆਂ ਸਬੰਧੀ ਚੇਤਨਤਾ ਤੇ ਕਤਾਰਬੰਦੀ ਨਹੀਂ ਸੀ ਹੋਈ।

ਵੱਡੀ, ਆਮ ਕਮੇਟੀ ਜਿਸ ਦਾ ਨਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਵਾਨ ਹੋਇਆ, 175 ਮੈਂਬਰਾਂ ਦੀ ਚੁਣੀ ਗਈ। ਇਸ ਵਿਚ 36 ਉਹ ਮੈਂਬਰ ਵੀ ਸ਼ਾਮਲ ਕਰ ਲਏ ਗਏ, ਜਿਹੜੇ ਸਰਕਾਰ ਨੇ ਨਾਮਜ਼ਦ ਕੀਤੇ ਸਨ। ਇਹ ਫੈਸਲਾ ਉਸ ਵੇਲੇ ਸਿਆਣਪ ਭਰਿਆ ਸੀ ਅਤੇ ਅੰਗਰੇਜ਼ ਸਰਕਾਰ ਦੀ ਕੁਟਿਲ-ਨੀਤੀ ਨੂੰ ਮਾਤ ਦੇਣ ਵਾਲਾ ਸੀ। ਇਸ ਨਾਲ ਕਈ ਬਹਿਸਾਂ ਜਿਹੜੀਆਂ ਉਠ ਸਕਦੀਆਂ ਸਨ, ਨਹੀਂ ਉਠੀਆਂ। ਇਕੱਠ ਬੜੇ ਸੁਖਾਵੇਂ ਤੇ ਸੋਹਣੇ ਵਾਅ-ਮੰਡਲ ਵਿਚ ਹੋਇਆ।

ਚੋਣ ਉਤੇ ਹੋ ਚੁੱਕੀ ਸੀ। ਥੱਲੇ ਦੀਵਾਨ ਸਜਿਆ ਹੋਇਆ ਸੀ ਅਤੇ ਲੋਕ ਉਤੇ ਹੋਈ ਕਾਰਵਾਈ ਸੁਣਨ ਲਈ ਬੜੇ ਉਤਾਵਲੇ ਬੈਠੇ ਉਡੀਕ ਕਰ ਰਹੇ ਸਨ। ਬਾਵਾ ਹਰਕਿਸ਼ਨ ਸਿੰਘ ਨੇ ਪਹਿਲੋਂ ਆਪਣੀਆਂ ਭੁੱਲਾਂ ਬਖਸ਼ਾਉਣ ਵਾਲਿਆਂ ਦਾ ਜ਼ਿਕਰ ਕੀਤਾ ਅਤੇ ਉਨ੍ਹਾਂ ਦਾ ਨਾਮ ਲਿਆ, ਜਿਨ੍ਹਾਂ ਨੂੰ ਸੁਧਾਈ ਵੇਲੇ 'ਤਨਖਾਹਾਂ' ਲੱਗੀਆਂ ਸਨ। ਜਦੋਂ ਉਹ ਸਜ਼ਾਵਾਂ ਪ੍ਰਵਾਨ ਕਰਨ ਦੀਆਂ ਗੱਲਾਂ ਕਰ ਰਹੇ ਸਨ ਤਾਂ ਸਾਰਿਆਂ ਦੀ ਅੱਖਾਂ ਮੁੜ-ਮੁੜ ਸ. ਸੁੰਦਰ ਸਿੰਘ ਮਜੀਠੀਏ ਵੱਲ ਉਠਦੀਆਂ ਸਨ। ਲੋਕ ਜਾਨਣਾ ਚਾਹੁੰਦੇ ਸਨ ਕਿ ਮਜੀਠੀਏ ਨੂੰ ਪਿਛਲੇ ਗੁਨਾਹਾਂ ਦੀ ਕੀ ਸਜ਼ਾ ਦਿੱਤੀ ਗਈ ਹੈ, ਕਿਉਂਕਿ ਉਹ ਲੋਕਾਂ ਦੀਆਂ ਨਜ਼ਰਾਂ ਵਿਚ ਪੁੱਜ ਕੇ ਜੀ-ਹਜ਼ੂਰੀਆ, ਢਿੱਲੜ ਅਤੇ ਸੁਆਰਥੀ ਸੀ ਅਤੇ ਸਿੱਖਾਂ ਵਿਚ ਗਦਰੀ ਇਨਕਲਾਬੀਆਂ ਦੇ ਖਿਲਾਫ ਅਸਿੱਖ ਹੋਣ ਦੇ ਫਤਵੇ ਦੇਣ ਕਰਕੇ ਬੜਾ ਬਦਨਾਮ ਹੋ ਚੁੱਕਾ ਸੀ।

ਬਾਵਾ ਜੀ ਨੇ ਸ. ਸੁੰਦਰ ਸਿੰਘ ਦੀ ਪੁਜ਼ੀਸ਼ਨ ਬੜੇ ਵਿਸਥਾਰ ਨਾਲ ਬਿਆਨ ਕੀਤੀ, ਫੇਰ ਸੁੰਦਰ ਸਿੰਘ ਨੇ ਖੁਦ ਭਰੇ ਦੀਵਾਨ ਵਿਚ ਖਲੋ ਕੇ ਕਿਹਾ: ਮੈਂ ਹੁਣ ਤੱਕ ਜੋ ਕੁਝ ਕੀਤਾ ਹੈ, ਗੁਰੂ ਨੂੰ ਹਾਜ਼ਰ-ਨਾਜ਼ਰ ਜਾਣ ਕੇ ਕਹਿੰਦਾ ਹਾਂ- ਪੰਥ ਦੇ ਭਲੇ ਲਈ ਆਪਣੀ ਯੋਗਤਾ ਅਨੁਸਾਰ ਕੀਤਾ ਹੈ। ਮੈਂ ਕੋਈ ਗੱਲ ਨਿਜ ਦੇ ਸੁਆਰਥ ਲਈ ਨਹੀਂ ਕੀਤੀ। ਜੇ ਮੈਂ ਕੋਈ ਭੁੱਲ ਕੀਤੀ ਹੈ ਤਾਂ ਪੰਥ ਬਖਸ਼ਿੰਦ ਹੈ, ਪਰ ਇਹ ਸਭ ਰਿਆਕਾਰੀ ਸੀ। ਉਸ ਨੇ ਸਗੋਂ ਆਖਿਆ ਕਿ ਮੈਂ ਤਾਂ ਕੋਈ ਭੁੱਲ ਨਹੀਂ ਕੀਤੀ, ਪਰ ਜੇ ਤੁਸੀਂ ਸਮਝਦੇ ਹੋ ਕਿ ਮੈਂ ਕੋਈ ਭੁੱਲ ਕੀਤੀ ਹੈ ਤਾਂ ਗੁਰੂ ਬਖਸ਼ਿੰਦ ਹੈ। ਉਸ ਨੇ ਗੁਰੂ ਤੇ ਗੁਰਬਾਣੀ ਦਾ ਆਸਰਾ ਲੈ ਕੇ ਲੋਕਾਂ ਦੀ ਅੱਖੀਂ ਘੱਟਾ ਪਾ ਦਿੱਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ ਅਤੇ ਚੀਫ ਖਾਲਸਾ ਦੀਵਾਨ ਦੇ ਪੁਰਾਣੇ ਆਗੂ ਮੁੜ ਫੇਰ ਮੁੱਖ ਅਹੁਦਿਆਂ ਉਤੇ ਬੈਠ ਗਏ, ਪਰ ਥੋੜ੍ਹੇ ਚਿਰ ਲਈ ਹੀ। ਸ. ਸੁੰਦਰ ਸਿੰਘ ਤਾਂ ਅੰਗਰੇਜ਼ ਰਾਜ ਨਾਲ ਟੱਕਰ ਤੋਂ ਪਹਿਲੋਂ ਹੀ ਭੱਜ ਗਿਆ ਅਤੇ ਬਾਕੀ ਦੇ ਟੱਕਰ ਆਉਣ ਤੇ ਸਿਰ ਲੁਕਾ ਕੇ ਬਹਿ ਗਏ ਜਾਂ ਢੀਠਾਂ ਵਾਂਗ ਸਰਕਾਰ ਦੀ ਵਿੰਗੇ-ਸਿੱਧੇ ਤਰੀਕੇ ਨਾਲ ਮਦਦ ਕਰਦੇ ਰਹੇ।

ਪਿੱਛੋਂ ਚੋਣ ਦਾ ਐਲਾਨ ਕੀਤਾ ਗਿਆ। ਇਸ ਚੋਣ ਵਿਚ ਚੀਫ ਖਾਲਸਾ ਦੀਵਾਨ ਦੇ 'ਕੁਦਰਤੀ' ਤੇ 'ਖਾਨਦਾਨੀ' ਲੀਡਰ ਫਿਰ ਉਤੇ ਆ ਗਏ। ਸ. ਸੁੰਦਰ ਸਿੰਘ ਮਜੀਠੀਆ ਕਮੇਟੀ ਦੇ ਪ੍ਰਧਾਨ, ਸ. ਹਰਬੰਸ ਸਿੰਘ ਅਟਾਰੀ ਮੀਤ ਪ੍ਰਧਾਨ ਤੇ ਸ. ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ ਚੁਣੇ ਗਏ। ਇਹ ਉਸ ਵੇਲੇ ਦੀ ਕੱਚੀ ਤੇ ਧੁੰਆਂਖੀ ਹਾਲਤ ਦਾ ਅਸਲੀ ਪ੍ਰਗਟਾਅ ਸੀ, ਪਰ ਅੰਗਰੇਜ਼ ਸਰਕਾਰ ਦੇ ਘਰ ਵਿਚ ਘਿਓ ਦੇ ਦੀਵੇ ਬਾਲੇ ਗਏ, ਕਿਉਂਕਿ ਗੁਰਦੁਆਰਾ ਲਹਿਰ ਨੂੰ ਵੱਸ ਵਿਚ ਰੱਖਣ ਲਈ ਉਨ੍ਹਾਂ ਦੇ ਆਪਣੇ ਬੰਦੇ ਹੀ ਫੇਰ ਪ੍ਰਧਾਨ, ਮੀਤ ਪ੍ਰਧਾਨ ਤੇ ਸਕੱਤਰ ਬਣ ਗਏ ਸਨ। ਸਰਕਾਰ ਨੂੰ ਸਬੂਤ ਮਿਲ ਗਿਆ ਕਿ ਪੰਥ ਦੇ ਅਸਲ ਪ੍ਰਤੀਨਿਧ ਏਹੋ 'ਕੁਦਰਤੀ' ਆਗੂ ਹਨ। ਉਨ੍ਹਾਂ ਨੇ ਤਾਬੜ-ਤੋੜ ਸ. ਸੁੰਦਰ ਸਿੰਘ ਮਜੀਠੀਏ ਨੂੰ ਇਨਾਮ ਵਜੋਂ ਪੰਜਾਬ ਸਰਕਾਰ ਦੀ ਐਗਜ਼ੈਕਟਿਵ ਕੌਂਸਲ ਦਾ ਮੈਂਬਰ ਲੈ ਲਿਆ। ਬਿੱਲੀ ਦੇ ਭਾਗੀਂ ਛਿੱਕਾ ਟੁੱਟਾ। ਸਰਦਾਰ ਜੀ ਦੀ ਉਮੰਗ ਪੂਰੀ ਹੋ ਗਈ, ਉਨ੍ਹਾਂ ਆ ਵੇਖਿਆ ਨਾ ਤਾਅ, ਝੱਟ ਕੁਝ ਚਿਰ ਪਿੱਛੋਂ ਕਮੇਟੀ ਤੋਂ ਅਸਤੀਫਾ ਦੇ ਦਿੱਤਾ ਅਤੇ ਐਗਜ਼ੈਕਟਿਵ ਕੌਂਸਲ ਦੀ ਮੈਂਬਰੀ ਦੀ ਕੁਰਸੀ ਉਤੇ ਜਾ ਬੈਠੇ ਅਤੇ ਸਿੱਖਾਂ ਦੀ ਮਾਰ ਕੁਟਾਈ, ਜੇਲ੍ਹ ਭਿਜਵਾਈ ਅਤੇ ਕਤਲੇਆਮ ਵਿਚ ਹਿੱਸੇਦਾਰ ਬਣ ਕੇ 'ਗੁਰੂ ਨੂੰ ਹਾਜ਼ਰ-ਨਾਜ਼ਰ ਜਾਣ ਕੇ' ਸਿੱਖ ਪੰਥ ਦੀ ਸੇਵਾ ਕਰਨ ਲੱਗੇ।

*ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਾਇਮ ਕਰਨਾ ਬੜਾ ਮਹੱਤਵ-ਪੂਰਨ ਜਥੇਬੰਦਕ ਕਦਮ ਸੀ। ਇਸ ਨੇ ਸਿੱਖਾਂ ਦੀ ਖਿੱਲਰੀ ਹੋਈ ਤਾਕਤ ਨੂੰ ਇੱਕਮੁੱਠ ਤੇ ਮਜ਼ਬੂਤ ਕਰ ਦਿੱਤਾ। ਕੇਂਦਰ ਬਣਨ ਨਾਲ 'ਹੰਨੇ ਬੰਨੇ ਮੀਰੀ' ਦਾ ਖਤਰਾ ਜਾਂਦਾ ਰਿਹਾ। ਸ਼੍ਰੋਮਣੀ ਕਮੇਟੀ ਦੇ ਫੈਸਲੇ ਸਮੁੱਚੇ ਪੰਥ ਦੇ ਫੈਸਲੇ ਮੰਨੇ ਜਾਣ ਅਤੇ ਅਮਲ ਵਿਚ ਲਿਆਂਦੇ ਜਾਣ ਲੱਗ ਪਏ ਅਤੇ ਕੇਂਦਰ ਨੇ ਛੇਤੀ ਹੀ, ਫੈਸਲੇ ਤੋੜਨ ਵਾਲਿਆਂ ਦੇ ਕੰਨ ਖਿੱਚਣ ਦੀ ਤਾਕਤ ਹਾਸਿਲ ਕਰ ਲਈ। ਸਿੱਖ ਸ਼੍ਰੋਮਣੀ ਕਮੇਟੀ ਨੂੰ ਸਰਕਾਰ ਤੇ ਭੈਅ ਦੀਆਂ ਨਜ਼ਰਾਂ ਨਾਲ ਵੇਖਣ ਲੱਗ ਪਏ।*

ਸਰਕਾਰ ਦੀਆਂ ਨਜ਼ਰਾਂ ਵਿਚ "ਗੁਰਦੁਆਰਾ ਸੁਧਾਰ ਲਹਿਰ ਹੁਣ ਤੱਕ ਵਿਧਾਨਕ ਲੀਹਾਂ ਤੇ ਚਲ ਰਹੀ ਸੀ ਅਤੇ ਨਰਮ-ਖਿਆਲ ਧੜਾ ਕਿਸੇ ਤਾਬੜ-ਤੋੜਵੀਂ ਮੁਹਿੰਮ ਉਤੇ ਠੰਢਾ ਪਾਣੀ ਪਾਉਣ ਲਈ ਕਾਫੀ ਮਜ਼ਬੂਤ ਸੀ। ਨਵੇਂ ਸਾਲ ਦੇ ਚੜ੍ਹਨ ਤੇ ਕੁਝ ਧੁੱਸੇਮਾਰ ਅਕਾਲੀਆਂ ਨੇ, ਜਿਨ੍ਹਾਂ ਵਿਚੋਂ ਸਭ ਤੋਂ 'ਕੁਨਾਮ' ਤੇਜਾ ਸਿੰਘ ਚੂਹੜਕਾਣਾ ਅਤੇ ਕਰਤਾਰ ਸਿੰਘ ਝੱਬਰ ਸਨ- ਗੁਰਦੁਆਰਿਆਂ ਉਤੇ ਕਬਜ਼ਿਆਂ ਦੀ ਮੁਹਿੰਮ ਫੇਰ ਸ਼ੁਰੂ ਕਰ ਦਿੱਤੀ। ਏਸੇ ਵੇਲੇ ਪੇਂਡੂ ਇਲਾਕਿਆਂ ਵਿਚ ਧਾਰਮਿਕ ਤੇ ਰਾਜਸੀ ਪ੍ਰੋਪੈਗੰਡਾ ਸ਼ੁਰੂ ਕਰ ਦਿੱਤਾ ਗਿਆ ਅਤੇ ਸਿੱਖਾਂ ਦੇ ਧਾਰਮਿਕ ਜੋਸ਼ ਦੀ ਇਕਸਾਰ ਮਿਹਨਤ ਨਾ ਪਰਵਰਿਸ਼ ਕੀਤੀ ਗਈ। ਗੁਰਦੁਆਰਾ ਸੁਧਾਰ ਦਾ ਸਵਾਲ ਸ਼੍ਰੋਮਣੀ ਸਵਾਲ ਬਣ ਗਿਆ ਅਤੇ ਸਿੱਖਾਂ ਦੀ ਕਮੇਟੀ, ਜਿਹੜੀ ਮੁੱਢ ਵਿਚ ਦਰਬਾਰ ਸਾਹਿਬ ਦੇ ਪ੍ਰਬੰਧ ਬਾਰੇ ਵਿਚਾਰ ਕਰਨ ਲਈ ਅੰਮ੍ਰਿਤਸਰ ਵਿਚ ਬਣਾਈ ਗਈ ਸੀ, ਸਿੱਖ ਮਨੋਰਥ ਲਈ ਆਪਣੇ ਜੋਸ਼ ਵਿਚ ਹਰਕਤ ਵਿਚ ਆ ਕੇ ਸਰਗਰਮੀ ਦੇ ਨਵੇਂ ਅਤੇ ਜ਼ਿਆਦਾ ਵਿਸ਼ਾਲ ਖੇਤਰ ਵਿਚ ਦਾਖਲ ਹੋ ਗਈ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਮ ਥੱਲੇ ਮੈਦਾਨ ਵਿਚ ਉਤਰ ਆਈ, ਜਿਸ ਦਾ ਐਲਾਨੀਆ ਨਿਸ਼ਾਨਾ, ਤਮਾਮ ਸਿੱਖ ਗੁਰਦੁਆਰਿਆਂ ਅਤੇ ਧਾਰਮਿਕ ਸੰਸਥਾਵਾਂ ਦਾ ਕੰਟਰੋਲ ਹਾਸਿਲ ਕਰਨਾ ਅਤੇ ਪ੍ਰਵਾਨਿਤ ਲੀਹਾਂ ਉਤੇ ਉਨ੍ਹਾਂ ਦਾ ਪ੍ਰਬੰਧ ਕਰਨਾ ਸੀ। ਇਸ ਤੇ ਨਰਮ-ਖਿਆਲ ਮੈਂਬਰਾਂ ਦਾ ਕੋਈ ਅਸਰ ਜਾਂ ਅਧਿਕਾਰ ਨਹੀਂ ਸੀ ਰਿਹਾ। ਕਮੇਟੀ ਅਮਲੀ ਤੌਰ ਤੇ ਉਨ੍ਹਾਂ ਅਤਿਵਾਦੀਆਂ ਦੀ ਟੋਲੀ ਦੇ ਕਬਜ਼ੇ ਵਿਚ ਚਲੀ ਗਈ, ਜਿਨ੍ਹਾਂ ਲਈ ਧਾਰਮਿਕ ਸੁਧਾਰ ਦਾ ਮਨੋਰਥ ਅਤਿਵਾਦੀ ਕੌਮਵਾਦ ਨਾਲੋਂ ਕੋਈ ਵੱਖਰਾ ਨਹੀਂ ਸੀ।"

1921 ਦੇ ਚੜ੍ਹਨ ਪਿੱਛੋਂ ਛੇਤੀ ਹੀ ਸਰਕਾਰੀ ਹਾਕਮਾਂ ਨੇ ਅਕਾਲੀ ਤਹਿਰੀਕ ਦਾ ਉਤਲਾ ਨਿਰਣਾ ਤੇ ਤੋਲ-ਜੋਖ ਕਰ ਲਿਆ ਸੀ ਅਤੇ ਉਨ੍ਹਾਂ ਨੂੰ ਇਸ ਦੇ ਵਧਣੋਂ ਰੋਕਣ ਦਾ ਬੰਦੋਬਸਤ ਕਰਨ ਦਾ ਫਿਕਰ ਪੈਦਾ ਹੋ ਗਿਆ ਸੀ। ਉਨ੍ਹਾਂ ਨੂੰ ਵੱਡੀ ਕਮੇਟੀ ਬਣਾ ਕੇ ਸਰਕਾਰ ਦੇ 36 ਨਾਮਜ਼ਦ ਮੈਂਬਰਾਂ ਨੂੰ ਇਸ ਵਿਚ ਸ਼ਾਮਲ ਕਰ ਦੇਣਾ ਵੀ ਚੰਗਾ ਨਹੀਂ ਸੀ ਲੱਗਾ, ਕਿਉਂਕਿ ਪਹਿਲੀ ਕਮੇਟੀ ਨੇ ਅਕਾਲ ਤਖਤ ਦੀ ਮੀਟਿੰਗ ਵਿਚ ਸਰਕਾਰ ਦੀ 36 ਮੈਂਬਰੀ ਨਾਮਜ਼ਦ ਸਲਾਹਕਾਰ ਕਮੇਟੀ ਬਣਾਉਣ ਦੀ ਹਰਕਤ ਨੂੰ ਨਾਪਸੰਦ ਕੀਤਾ ਸੀ ਅਤੇ ਆਖਿਆ ਸੀ ਕਿ ਸਰਕਾਰ ਨੂੰ ਗੁਰਦੁਆਰਾ ਪ੍ਰਬੰਧ ਲਈ ਕਮੇਟੀ ਬਣਾਉਣ ਦਾ ਕੋਈ ਹੱਕ ਨਹੀਂ, ਇਹ ਹੱਕ ਸਿਰਫ ਖਾਲਸਾ ਪੰਥ ਨੂੰ ਹੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਾਇਮ ਕਰਨਾ ਬੜਾ ਮਹੱਤਵ-ਪੂਰਨ ਜਥੇਬੰਦਕ ਕਦਮ ਸੀ। ਇਸ ਨੇ ਸਿੱਖਾਂ ਦੀ ਖਿੱਲਰੀ ਹੋਈ ਤਾਕਤ ਨੂੰ ਇੱਕਮੁੱਠ ਤੇ ਮਜ਼ਬੂਤ ਕਰ ਦਿੱਤਾ। ਕੇਂਦਰ ਬਣਨ ਨਾਲ 'ਹੰਨੇ ਬੰਨੇ ਮੀਰੀ' ਦਾ ਖਤਰਾ ਜਾਂਦਾ ਰਿਹਾ। ਸ਼੍ਰੋਮਣੀ ਕਮੇਟੀ ਦੇ ਫੈਸਲੇ ਸਮੁੱਚੇ ਪੰਥ ਦੇ ਫੈਸਲੇ ਮੰਨੇ ਜਾਣ ਅਤੇ ਅਮਲ ਵਿਚ ਲਿਆਂਦੇ ਜਾਣ ਲੱਗ ਪਏ ਅਤੇ ਕੇਂਦਰ ਨੇ ਛੇਤੀ ਹੀ, ਫੈਸਲੇ ਤੋੜਨ ਵਾਲਿਆਂ ਦੇ ਕੰਨ ਖਿੱਚਣ ਦੀ ਤਾਕਤ ਹਾਸਿਲ ਕਰ ਲਈ। ਸਿੱਖ ਸ਼੍ਰੋਮਣੀ ਕਮੇਟੀ ਨੂੰ ਸਰਕਾਰ ਤੇ ਭੈਅ ਦੀਆਂ ਨਜ਼ਰਾਂ ਨਾਲ ਵੇਖਣ ਲੱਗ ਪਏ।

ਪਰ ਅਕਾਲ ਤਖਤ ਤੋਂ ਭੱਜ ਗਏ ਪੁਜਾਰੀ ਅਜੇ ਵੀ ਵਿਸ ਘੋਲੀ ਜਾਂਦੇ ਸਨ ਅਤੇ ਸ਼੍ਰੋਮਣੀ ਕਮੇਟੀ ਦੀ ਇਹ ਆਖ ਕੇ ਵਿਰੋਧਤਾ ਕਰੀ ਜਾਂਦੇ ਸਨ ਕਿ ਇਹ ਕਮੇਟੀ ਬਾਕਾਇਦਾ ਨਿਯਮਾਂ ਅਨੁਸਾਰ ਨਹੀਂ ਕਾਇਮ ਕੀਤੀ ਗਈ। ਸੱਦਾ-ਪੱਤਰਾਂ ਉਤੇ ਨਾ ਅਕਾਲ ਤਖਤ ਦੀ ਮੋਹਰ ਸੀ, ਨਾ ਦਰਬਾਰ ਸਾਹਿਬ ਦੀ। ਇਹ ਸਿੱਖਾਂ ਦੀ ਪ੍ਰਤੀਨਿਧ ਨਹੀਂ, ਵਗੈਰਾ। ਪਰ ਨਗਾਰਖਾਨੇ ਵਿਚ ਇਸ ਤੂਤੀ ਦੀ ਆਵਾਜ਼ ਨੂੰ ਕੌਣ ਸੁਣਦਾ ਸੀ। ਇਹ ਨਾ ਪੰਥ ਦੇ ਰਹੇ, ਨਾ ਸਰਕਾਰ ਦੇ। ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਵੇਲਾ ਸੰਭਾਲ ਲਿਆ ਸੀ, ਇਹ ਵੇਲੇ ਦੀ ਨਮਾਜ਼ ਗੁਆ ਕੇ, ਕੁਵੇਲੇ ਦੀਆਂ ਟੱਕਰਾਂ ਮਾਰ ਰਹੇ ਸਨ। ਇਨ੍ਹਾਂ ਸਾਹਮਣੇ ਭੱਲੇ-ਪਕੌੜੀਆਂ ਜਾਂ ਆਲੂ-ਛੋਲੇ ਵੇਚਣ ਤੋਂ ਛੁੱਟ ਹੋਰ ਕੋਈ ਰਾਹ ਨਹੀਂ ਸੀ ਰਹਿ ਗਿਆ।

# ਸਿੱਖ ਅਤੇ ਸਿੱਖ ਧਰਮ ਦੀ ਸਮਝ

## ਵਿਚਾਰ-ਚਰਚਾ

***ਤਬਦੀਲੀ ਕੁਦਰਤ ਦਾ ਅਟੱਲ ਨੇਮ ਹੈ, ਪਰ ਅਮਰਜੀਤ ਸਿੰਘ ਮੁਲਤਾਨੀ ਨੇ ਆਪਣੇ ਇਸ ਲੇਖ ਵਿਚ ਸਿੱਖ ਅਤੇ ਸਿੱਖੀ ਅੰਦਰ ਹੋ ਰਹੀਆਂ ਤਬਦੀਲੀਆਂ ਨੂੰ ਰਤਾ ਕੁ ਵੱਖਰੇ ਕੋਣ ਤੋਂ ਦੇਖਣ ਦਾ ਯਤਨ ਕੀਤਾ ਹੈ। ਉਹ ਆਪਣੀਆਂ ਸਾਰੀਆਂ ਗੱਲਾਂ ਦਾ ਧੁਰਾ ਖਰੀ ਸਿੱਖੀ ਨੂੰ ਬਣਾਉਂਦਾ ਹੈ ਅਤੇ ਵੱਖ-ਵੱਖ ਹਵਾਲਿਆਂ ਨਾਲ ਪਿਛਲ-ਕਦਮੀ ਪੈੜਚਾਲ ਦੀ ਨਿਸ਼ਾਨਦੇਹੀ ਕਰਦਾ ਹੈ। -ਸੰਪਾਦਕ***

ਕਲਕੱਤੇ ਮੇਰਾ ਦੋਸਤ ਸੁਰਜੀਤ ਸਿੰਘ ਆਮ ਤੌਰ 'ਤੇ ਗੁਰੂ ਘਰਾਂ ਬਾਰੇ ਬਹੁਤ ਪੁਰਾਣੀ ਕਹਾਵਤ ਕਿਹਾ ਕਰਦਾ ਸੀ, "ਇੱਕ ਭਾਪਾ, ਭਾਪਾ; ਦੋ ਭਾਪੇ ਸਿੰਘ ਸਭਾ।" ਗੱਲ ਸੁਣਨ ਵਿਚ ਮਜ਼ਾਕ ਜਿਹੀ ਲੱਗਦੀ ਹੈ, ਪਰ ਆਜ਼ਾਦੀ ਤੋਂ ਪਹਿਲਾਂ ਅਤੇ ਵੰਡ ਤੋਂ ਠੀਕ ਬਾਅਦ ਭਾਰਤ ਵਿਚ ਸਿੰਘ ਸਭਾਵਾਂ ਨੇ ਦੇਸ਼ ਅਤੇ ਕੌਮ ਦੀ ਬਹੁਤ ਸੇਵਾ ਕੀਤੀ ਹੈ। ਉਨ੍ਹਾਂ ਵਕਤਾਂ ਵਿਚ ਗੁਰੂ ਘਰਾਂ ਨੇ ਦੇਸ਼ ਦੀ ਆਜ਼ਾਦੀ ਲਈ ਕੌਮੀ ਪ੍ਰਵਾਨਿਆਂ ਨੂੰ ਲਾਮਬੰਦ ਹੋਣ ਲਈ ਬਹੁਤ ਵੱਡਾ ਪਲੈਟਫਾਰਮ ਮੁਹੱਈਆ ਕਰਵਾਇਆ ਸੀ। ਕੈਨੇਡਾ ਅਤੇ ਅਮਰੀਕਾ ਦੇ ਸਿੱਖਾਂ ਦਾ ਭਾਰਤ

**ਅਮਰਜੀਤ ਸਿੰਘ ਮੁਲਤਾਨੀ**
multaniny@gmail.com

ਦੇਸ਼ ਦੀ ਆਜ਼ਾਦੀ ਦੇ ਜੰਗ ਵਿਚ ਬਹੁਤ ਅਹਿਮ ਯੋਗਦਾਨ ਰਿਹਾ ਹੈ। ਉਸ ਵਕਤ ਸਿੱਖਾਂ ਦਾ ਨਿਸ਼ਾਨਾ ਦੋਹਰਾ ਸੀ। ਇਕ ਤਾਂ ਵਿਦੇਸ਼ ਆਪਣੀ ਸਥਾਪਤੀ ਦਾ ਰਾਹ ਪੱਕਾ ਕਰਨਾ ਅਤੇ ਨਾਲ ਹੀ ਆਪਣੇ ਗੁਲਾਮ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਚਿੰਤਾ ਕਰਨਾ। ਕਿੰਨੇ ਵੱਡੇ ਜਿਗਰੇ ਤੇ ਬੁਲੰਦ ਕਿਰਦਾਰ ਦੇ ਮਾਲਕ ਸਨ ਉਹ ਸਿੱਖ। ਉਨ੍ਹੀਂ ਦਿਨੀਂ ਗੁਰੂ ਘਰਾਂ ਦਾ ਪ੍ਰਬੰਧ ਕਰਨ ਵਾਲੇ ਸਿੱਖ ਵਧੇਰੇ ਕਰਕੇ ਗੁਰੂ ਤੋਂ ਡਰਨ ਵਾਲੇ ਅਤੇ ਦੇਸ਼ ਤੇ ਕੌਮ ਦੀ ਚਿੰਤਾ ਕਰਨ ਵਾਲੇ ਹੁੰਦੇ ਸਨ। ਉਨ੍ਹਾਂ ਸ਼ੁਰੂਆਤੀ ਦਹਾਕਿਆਂ ਦੌਰਾਨ ਸ਼ਹਿਰਾਂ ਵਿਚ ਵਧੇਰੇ ਕਰਕੇ ਸਕੂਲ ਵੀ ਗੁਰੂਦੁਆਰੇ ਦੀ ਹਦੂਦ ਵਿਚ ਹੀ ਹੁੰਦੇ ਸਨ। ਖਾਲਸਾ ਸਕੂਲਾਂ ਅਤੇ ਕਾਲਜਾਂ ਨੇ ਸਿੱਖਾਂ, ਪੰਜਾਬੀਆਂ ਦੇ ਨਾਲ-ਨਾਲ ਗੈਰ ਪੰਜਾਬੀਆਂ ਨੂੰ ਵੀ ਸਿਖਿਅਤ ਕਰਨ ਵਿਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਉਨ੍ਹੀਂ ਦਿਨੀਂ ਗੁਰੂ ਘਰ ਦੇ ਪ੍ਰਬੰਧਕਾਂ ਤੇ ਪੁਰਾਣੇ ਰਾਜਸੀ ਲੀਡਰਾਂ ਨੂੰ ਚੌਧਰ ਅਤੇ ਨਿੱਜੀ ਲਾਭ ਨਾਲੋਂ ਸਮਾਜ ਦਾ ਭਲਾ ਕਰਨਾ ਵੱਧ ਪਿਆਰਾ ਹੁੰਦਾ ਸੀ। ਮੈਂ ਇੱਥੇ ਇੱਕ ਘਟਨਾ ਦਾ ਜ਼ਿਕਰ ਜ਼ਰੂਰੀ ਸਮਝਦਾ ਹਾਂ। ਹੁਸ਼ਿਆਰ ਪੁਰ ਜ਼ਿਲ੍ਹੇ ਅਧੀਨ ਪੈਂਦੇ ਕਸਬਾ ਟਾਂਡਾ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਿਲਡਿੰਗ ਦੀ ਵਿਸ਼ਾਲਤਾ ਪੱਖੋਂ ਉਨ੍ਹੀਂ ਦਿਨੀਂ ਪੂਰੇ ਪੰਜਾਬ ਵਿਚ ਦੂਜੇ ਨੰਬਰ 'ਤੇ ਸੀ। ਇਸ ਬਿਲਡਿੰਗ ਦਾ ਨਿਰਮਾਣ ਪ੍ਰਸਿੱਧ ਅਕਾਲੀ ਲੀਡਰ ਗਿਆਨੀ ਕਰਤਾਰ ਸਿੰਘ ਨੇ ਆਪਣੀ ਜੱਦੀ ਖੇਤੀ ਯੋਗ ਜ਼ਮੀਨ ਵੇਚ ਕੇ ਕੀਤਾ ਸੀ। ਮੇਰੀ ਇਹ ਉਦਾਹਰਨ ਦੇਣ ਦਾ ਅਸਲ ਭਾਵ ਇਹ ਦੱਸਣਾ ਹੈ ਕਿ ਉਸ ਵਕਤ ਦੇ ਅਕਾਲੀ ਲੀਡਰ ਦਾ ਕਿਰਦਾਰ ਕਿੰਨਾ ਉਚਾ ਤੇ ਸੁੱਚਾ ਸੀ ਅਤੇ ਉਹ ਲੋਕ ਭਲਾਈ ਦਾ ਕੰਮ ਨਿਜੀ ਤੌਰ 'ਤੇ ਕਰਨ ਦਾ ਮਾਦਾ ਵੀ ਰੱਖਦੇ ਸਨ। ਉਸ ਦੇ ਮੁਕਾਬਲੇ ਅੱਜ ਦੇ ਅਕਾਲੀ ਲੀਡਰਾਂ ਦਾ ਕਿਰਦਾਰ ਕਿੰਨਾ ਨਿਵਾਣ ਵੱਲ ਜਾ ਰਿਹਾ ਹੈ, ਇਸ ਬਾਰੇ ਸਾਰੇ ਸਿੱਖ ਭਲੀ ਭਾਂਤ ਜਾਣੂ ਹਨ।

ਭਾਰਤ ਦੀ ਵੰਡ ਤੋਂ ਬਾਅਦ ਜਦੋਂ ਸਿੱਖਾਂ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਜਾ ਕੇ ਵੱਸਣਾ ਸ਼ੁਰੂ ਕੀਤਾ ਤਾਂ ਵੱਡੀ ਗਿਣਤੀ ਵਿਚ ਸਿੰਘ ਸਭਾਵਾਂ ਹੋਂਦ ਵਿਚ ਆਈਆਂ। ਵੱਖ-ਵੱਖ ਵੱਡੇ ਸ਼ਹਿਰਾਂ ਦੇ ਮੁਹੱਲਿਆਂ ਵਿਚ ਬਹੁਤ ਸਾਰੇ ਗੁਰੂਦੁਆਰਿਆਂ ਦਾ ਨਿਰਮਾਣ ਹੋਇਆ। ਕਿਤੇ-ਕਿਤੇ ਸੁਚੱਜੇ ਪ੍ਰਬੰਧਾਂ ਦੀ ਘਾਟ ਕਾਰਨ ਕਦੇ ਕਦਾਈਂ ਗੁਰੂ ਅਪਮਾਨ ਵਾਲੇ ਹਾਦਸੇ ਹੋ ਜਾਂਦੇ ਸਨ। ਭਾਰਤ ਅਤੇ ਪੰਜਾਬ ਵਿਚ ਅਜਿਹੀ ਘਟਨਾ ਦਾ ਵਾਪਰਨਾ ਉਦੋਂ ਅੱਜ ਵਾਂਗ ਬ੍ਰੇਕਿੰਗ ਨਿਊਜ਼ ਨਹੀਂ ਹੁੰਦੀ ਸੀ। ਉਦੋਂ ਸ਼ਾਇਦ ਸਿੱਖਾਂ ਨੂੰ ਦਸਾਂ ਗੁਰੂਆਂ ਦੇ ਸ਼੍ਰੋਮਣੀ ਪ੍ਰਤੀਨਿਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਪਾਰ ਸ਼ਕਤੀ 'ਤੇ ਖੁਦ ਨਾਲੋਂ ਵੀ ਵਧੇਰੇ ਭਰੋਸਾ ਸੀ, ਤੇ ਉਨ੍ਹਾਂ ਨੂੰ ਯਕੀਨ ਹੁੰਦਾ ਸੀ ਕਿ ਉਨ੍ਹਾਂ ਦਾ ਗੁਰੂ ਖੁਦ ਆਪ ਹੀ ਇੰਨਾ ਸਮਰੱਥ ਹੈ ਕਿ ਉਹ ਖੁਦ ਹੀ ਅਜਿਹੀਆਂ ਨਿੰਦਣਯੋਗ ਘਟਨਾਵਾਂ ਤੇ ਆਪਣੇ ਵਿਸ਼ਾਲ ਹਿਰਦੇ ਨਾਲ ਗਲਤ ਕੰਮ ਕਰਨ ਵਾਲੇ ਪਾਪੀ ਨੂੰ ਸਜ਼ਾ ਦੇ ਸਕਦਾ ਹੈ, ਕਿਉਂਕਿ ਗੁਰੂਆਂ ਤੋਂ ਵੱਧ ਨਿਆਂ ਪਸੰਦ ਅਤੇ ਸ਼ਕਤੀਸ਼ਾਲੀ ਕੌਣ ਹੋ ਸਕਦਾ ਹੈ? ਪਰ ਹੌਲੀ-ਹੌਲੀ ਜਾਗਰੂਕਤਾ ਅਤੇ ਸਿੱਖਿਆ ਦੀ ਲੋਅ ਵਿਚ ਗੁਰੂ ਦਾ ਸਿੱਖ ਫਲਦਾਰ ਅਤੇ ਘਣਛਾਂਵਾਂ ਦਰੱਖਤ ਬਣਨ ਦੀ ਥਾਂ ਸਿੰਬਲ ਰੁੱਖ ਵਾਂਗ ਉਚਾ ਦਿਖਣ ਦੀ ਚਾਹਤ ਵਿਚ ਇੰਨਾ ਸ਼ਕਤੀਸ਼ਾਲੀ ਹੁੰਦਾ ਗਿਆ ਕਿ ਉਸ ਨੇ ਮਨੁੱਖਤਾ ਨੂੰ ਸੁਰੱਖਿਆ ਦੇਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੁਰੱਖਿਆ ਨੂੰ ਆਪਣੇ ਘੇਰੇ ਵਿਚ ਲੈ ਲਿਆ। ਉਸ ਨੇ ਲੋੜ ਅਨੁਸਾਰ ਇਕ ਸੰਸਥਾ ਬਣਾ ਲਈ ਤੇ ਉਸ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੇਤ ਸਿੱਖ ਧਰਮ 'ਤੇ ਆਪਣਾ ਦਾਅਵਾ ਕਾਇਮ ਕਰ ਲਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਅਤੇ ਸੰਭਾਲ ਲਈ ਰਹਿਤਾਂ 'ਤੇ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦਾ ਏਕਾਧਿਕਾਰ ਹੈ। ਸਾਰੀ ਦੁਨੀਆਂ ਵੇਖ ਰਹੀ ਹੈ ਕਿ ਸੰਸਾਰ ਦੇ ਸਭ ਤੋਂ ਸਮਰੱਥ ਅਤੇ ਬਖਸ਼ੰਦ ਗੁਰੂ ਦੇ ਨਾਮ ਤੇ ਆਪੋ-ਆਪਣੀਆਂ ਹੱਟੀਆਂ ਚਲਾਉਣ ਲਈ ਕੁਝ ਆਪ-ਹੁਦਰੇ ਸਿੱਖਾਂ ਵੱਲੋਂ ਕਿਹੋ ਜਿਹੀ ਕਾਵਾਂ-ਰੌਲੀ ਪਾਈ ਜਾ ਰਹੀ ਹੈ ਤੇ ਗੁਰੂ ਤੇ ਸਿੱਖਾਂ ਨੂੰ ਸ਼ਰਮਸਾਰ ਕੀਤਾ ਜਾ ਰਿਹਾ ਹੈ।

ਵਿਦੇਸ਼ਾਂ ਵਿਚ ਤਾਂ ਹਾਲਤ ਹੋਰ ਵੀ ਗੰਭੀਰ ਹੈ। ਭਾਰਤ ਵਿਚ ਤਾਂ ਕਦੇ ਦੋ ਭਾਪੇ ਮਿਲ ਕੇ ਸਿੰਘ ਸਭਾ ਬਣਾਉਂਦੇ ਹੁੰਦੇ ਸਨ ਪਰ ਵਿਦੇਸ਼ਾਂ ਵਿਚ ਕਿਸੇ ਵੀ ਇਲਾਕੇ ਵਿਚ ਜਦੋਂ ਕੁਝ ਸਿੱਖ ਪਰਿਵਾਰਾਂ ਦਾ ਜਮਾਵੜਾ ਹੁੰਦਾ ਹੈ ਤਾਂ ਉਨ੍ਹਾਂ ਪਰਿਵਾਰਾਂ ਵਿਚੋਂ ਉਹ ਵਿਅਕਤੀ, ਜਿਸ ਦਾ ਕਾਰੋਬਾਰ ਚੰਗਾ ਚੱਲ ਪਿਆ ਹੁੰਦਾ ਹੈ ਜਾਂ ਜਿਸ ਨੂੰ ਕੁਝ ਬਣਨ ਦੀ ਛੂਤ ਲੱਗ ਜਾਂਦੀ ਹੈ, ਉਹ ਆਪਣੇ ਖੁਆਬਾਂ ਦੀ ਪੂਰਤੀ ਲਈ ਬਾਕੀਆਂ ਨੂੰ 'ਗੁਰੂ ਘਰ' ਦੇ ਨਾਮ ਹੇਠ ਇੰਜ ਲਾਮਬੰਦ ਕਰਦਾ ਹੈ ਕਿ ਬਾਕੀਆਂ ਕੋਲ ਉਸ ਦੀ ਹਾਂ ਵਿਚ ਹਾਂ ਮਿਲਾਉਣ ਤੋਂ ਬਿਨਾ ਕੋਈ ਚਾਰਾ ਨਹੀਂ ਹੁੰਦਾ। ਵਧੇਰੇ ਲੋਕ ਤਾਂ ਰੱਬ ਦੇ ਘਰ ਦੀ ਖੁਸ਼ੀ ਪ੍ਰਾਪਤ ਕਰਨ ਖਾਤਰ ਹੀ ਨਾਲ ਤੁਰ ਪੈਂਦੇ ਹਨ। ਨਾ ਤਾਂ ਇਨ੍ਹਾਂ ਦੇ ਮੋਢੀ ਨੂੰ, ਤੇ ਨਾ ਹੀ ਬਾਕੀਆਂ ਵਿਚੋਂ ਕਿਸੇ ਨੂੰ 'ਗੁਰੂ ਘਰ ਅਥਵਾ ਗੁਰਦੁਆਰਾ ਸਾਹਿਬ' ਦੇ ਅਰਥ ਜਾਂ ਮਕਸਦ ਦਾ ਗਿਆਨ ਨਹੀਂ ਹੁੰਦਾ। ਉਨ੍ਹਾਂ ਸਾਰਿਆਂ ਦੀ ਜਾਣਕਾਰੀ ਸਿਰਫ ਬਿਲਡਿੰਗ ਬਣਾਉਣ ਤੱਕ ਹੁੰਦੀ ਹੈ ਜਿਸ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਅਤੇ ਰਾਤ ਨੂੰ ਸੁਖ ਆਸਨ ਕਰਨ ਲਈ ਵੱਖਰਾ ਤੇ ਨਿਵੇਕਲਾ ਸਥਾਨ ਹੋਏ ਅਤੇ ਸਭ ਤੋਂ ਜ਼ਰੂਰੀ ਲੰਗਰ ਤਿਆਰ ਕਰਨ ਤੇ ਛਕਾਉਣ ਲਈ ਵੱਖਰੀ ਜਗ੍ਹਾ ਵੀ ਹੋਏ।

ਇਹ ਸਭ ਹੋ ਜਾਏ ਤਾਂ ਉਨ੍ਹਾਂ ਅਨੁਸਾਰ ਗੁਰੂ ਘਰ ਤਿਆਰ ਹੈ। ਪਾਠੀ ਸਿੰਘ ਵੀ ਉਨ੍ਹਾਂ ਦੀ ਆਪਣੀ ਸਮਝ ਅਨੁਸਾਰ ਮਿਲ ਜਾਂਦਾ ਹੈ। ਗੁਰੂ ਘਰ ਆਰੰਭ ਹੋਣ 'ਤੇ ਸਾਰੇ ਹੀ ਆਪਣੇ ਆਪ ਨੂੰ ਵਡਭਾਗਾ ਸਮਝਦੇ ਹਨ। ਸ਼ੁਰੂਆਤ ਵਿਚ ਜਦੋਂ ਗੋਲਕ ਛੋਟੀ ਹੁੰਦੀ ਹੈ, ਖਰਚੇ ਪੂਰੇ ਕਰਨ ਲਈ ਪ੍ਰਬੰਧਕਾਂ ਨੂੰ ਆਪਣੇ ਕੋਲੋਂ ਪੈਸੇ ਪਾਉਣੇ ਪੈਂਦੇ ਹਨ। ਇਸ ਸਮੇਂ ਤੱਕ ਤਾਂ ਸਭ ਠੀਕ ਚੱਲਦਾ ਹੈ। ਹੌਲੀ-ਹੌਲੀ ਆਲੇ-ਦੁਆਲੇ ਜਦੋਂ ਨਵਾਂ ਗੁਰੂ ਘਰ ਖੁੱਲ੍ਹਣ ਦੀ ਖਬਰ ਫੈਲਦੀ ਹੈ ਤਾਂ ਨੇੜਲੇ ਹੋਰਨਾਂ ਗੁਰੂ ਘਰਾਂ ਦੇ ਪ੍ਰਬੰਧਕਾਂ ਦੀਆਂ ਕਾਰਗੁਜ਼ਾਰੀਆਂ ਤੋਂ ਜਾਂ ਪ੍ਰਬੰਧਕਾਂ ਵੱਲੋਂ ਲੰਮੇ ਸਮੇਂ ਤੱਕ ਮੈਨੇਜਮੈਂਟ 'ਤੇ ਮਾਰੇ ਜੱਫੇ ਤੋਂ ਕੁਝ ਅਸੰਤੁਸ਼ਟ ਲੋਕ ਨਵੇਂ ਗੁਰੂ ਘਰ ਦੀਆਂ ਰੌਣਕਾਂ ਵਿਚ ਵਾਧਾ ਕਰਦੇ ਹਨ। ਜਦੋਂ ਸੰਗਤਾਂ ਦੀ ਗਿਣਤੀ ਵਧ ਜਾਂਦੀ ਹੈ, ਡਾਲਰ ਗੋਲਕਾਂ ਦੀ ਸਮਰੱਥਾ ਤੋਂ ਵੱਧ ਬਾਹਰ ਹਰਿਆਲੀ ਦਾ ਨਜ਼ਾਰਾ ਪੇਸ਼ ਕਰਨ ਲੱਗ ਪੈਂਦੇ ਹਨ ਤਾਂ ਫਿਰ ਪ੍ਰਬੰਧਕਾਂ ਦਾ ਚੱਜ ਆਚਾਰ ਵੀ ਬਦਲਣ ਲੱਗ ਪੈਂਦਾ ਹੈ।

ਪ੍ਰਬੰਧਕਾਂ/ਪੁਜਾਰੀਆਂ ਨੂੰ ਵੀ ਦਿਵਯ ਗਿਆਨ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿਰਫ ਸੱਚੇ ਸਿੱਖ ਲਈ ਹੀ ਬਹੁਤ ਵੱਡੀ ਸ਼ਕਤੀ ਹਨ। ਫਿਰ ਪ੍ਰਬੰਧਕ/ਪੁਜਾਰੀ ਆਪਣੇ ਦਿਵਯ ਗਿਆਨ ਦੀ ਲੋਅ 'ਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਿੱਖ ਧਰਮ/ਸਿੱਖੀ ਦੀ ਸੇਵਾ ਦੇ ਨਾਮ ਤੇ ਆਪਣੇ ਵਿਰੋਧੀਆਂ ਪ੍ਰਤੀ ਡਾਂਗ-ਸੋਟਾ ਤੇ ਘਾਤਕ ਹਥਿਆਰ ਦੀ ਵਰਤੋਂ ਕਰਦੇ ਹੋਏ ਸਿੱਖ ਸਿਧਾਂਤਾਂ ਨੂੰ ਤਾਰ-ਤਾਰ ਕਰਦੇ ਹਨ। ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੋਈ ਪ੍ਰਵਾਹ ਨਹੀਂ ਹੁੰਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਗਤਾਂ ਦੀ ਹਾਜ਼ਰੀ ਵਿਚ ਸ਼ਰੇਆਮ ਬੇਹੁਰਮਤੀ ਕਰਕੇ ਅਗਲੇ ਦੀਵਾਨ 'ਤੇ ਫਿਰ ਉਹੀ ਪ੍ਰਬੰਧਕ ਸੰਗਤਾਂ ਨੂੰ ਧਾਰਮਿਕ ਗਿਆਨ ਪਰੋਸ ਰਹੇ ਹੁੰਦੇ ਹਨ। ਕਿੰਨੀ ਵੱਡੀ ਤ੍ਰਾਸਦੀ ਹੈ, ਸੂਰਾ ਕਹਾਉਣ ਵਾਲੇ ਸਿੱਖ ਉਸ ਘੜੀ ਅੱਖਾਂ ਤੋਂ ਅੰਨ੍ਹਾ ਬਣ ਕੇ ਡੰਗ ਟਪਾ ਲੈਂਦੇ ਹਨ, ਕਿਸੇ ਦੀ ਨਾਬਰੀ ਨਾ ਮੰਨਣ ਵਾਲੇ ਸਿੱਖ ਫਿਰ ਉਨ੍ਹਾਂ ਹੀ ਦਿਵਯ ਤੇ ਜ਼ਰੂਰੀ ਬਣ ਗਏ (Indispensable) ਪ੍ਰਬੰਧਕਾਂ ਦੇ ਅੱਗੇ ਪਿੱਛੇ ਟਹਿਲੂਆਂ ਵਾਂਗ ਫਿਰਦੇ ਹਨ।




***ਭਾਈ ਕਾਹਨ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਵਿਚ ਗੁਰੂਦੁਆਰੇ ਨੂੰ ਇੰਜ ਪਰਿਭਾਸ਼ਿਤ ਕੀਤਾ ਗਿਆ ਹੈ: 'ਸਿੱਖਾਂ ਦਾ ਗੁਰੂਦੁਆਰਾ, ਵਿਦਿਆਰਥੀਆਂ ਲਈ ਸਕੂਲ, ਆਤਮ ਜਿਗਿਆਸਾ ਵਾਲਿਆਂ ਲਈ ਉਪਦੇਸ਼ਕ ਆਚਰਯ, ਰੋਗੀਆਂ ਲਈ ਸ਼ਫਾਖਾਨਾ, ਭੁੱਖਿਆਂ ਲਈ ਅੰਨਪੂਰਨਾ, ਇਸਤਰੀ ਜਾਤਿ ਦੀ ਪੱਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫਿਰਾਂ ਲਈ ਵਿਸ਼ਰਾਮ ਦਾ ਸਥਾਨ ਹੈ'।***

ਭਾਈ ਕਾਹਨ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਵਿਚ ਗੁਰੂਦੁਆਰੇ ਨੂੰ ਇੰਜ ਪਰਿਭਾਸ਼ਿਤ ਕੀਤਾ ਗਿਆ ਹੈ: 'ਸਿੱਖਾਂ ਦਾ ਗੁਰੂਦੁਆਰਾ, ਵਿਦਿਆਰਥੀਆਂ ਲਈ ਸਕੂਲ, ਆਤਮ ਜਿੱਗਿਆਸਾ ਵਾਲਿਆਂ ਲਈ ਉਪਦੇਸ਼ਕ ਆਚਰਯ, ਰੋਗੀਆਂ ਲਈ ਸ਼ਫਾਖਾਨਾ, ਭੁੱਖਿਆਂ ਲਈ ਅੰਨਪੂਰਨਾ, ਇਸਤਰੀ ਜਾਤਿ ਦੀ ਪੱਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫਿਰਾਂ ਲਈ ਵਿਸ਼ਰਾਮ ਦਾ ਸਥਾਨ ਹੈ'।

ਹਰ ਸਿੱਖ ਨੂੰ ਇਹ ਜ਼ਰੂਰ ਜਾਣ ਲੈਣਾ ਚਾਹੀਦਾ ਹੈ ਕਿ ਉਹ ਗੁਰੂ ਘਰ ਜਿੱਥੇ ਉਹ ਸ਼ਰਧਾ ਵਸ ਜਾਂਦੇ ਹਨ, ਕੀ ਉਹ ਉਪਰੋਕਤ ਕਸੌਟੀ 'ਤੇ ਪੂਰੇ ਉਤਰਦੇ ਹਨ? ਉਪਰੋਕਤ ਕਸੌਟੀ 'ਤੇ ਪੂਰਾ ਖਰਾ ਉਤਰਨਾ ਤਾਂ ਦੂਰ ਦੀ ਗੱਲ ਹੈ, ਕੋਈ ਵੀ ਗੁਰੂ ਘਰ ਇਸ ਕਸੌਟੀ ਦੇ ਨੇੜੇ ਤੇੜੇ ਵੀ ਨਜ਼ਰ ਨਹੀਂ ਆਉਂਦਾ। ਵਿੱਦਿਆ ਦੇ ਮਾਮਲੇ ਵਿਚ ਤਾਂ ਕਈ ਦਹਾਕੇ ਪਹਿਲਾਂ ਵਾਲੇ ਘੱਟ ਪੜ੍ਹੇ-ਲਿਖੇ ਸਿੱਖ ਵੱਧ ਖਰੇ ਸਨ। ਉਨ੍ਹਾਂ ਦੇ ਚਲਾਏ ਵਿੱਦਿਅਕ ਅਦਾਰੇ ਤੇ ਸੰਸਥਾਵਾਂ ਅੱਜ ਵੀ ਚੱਲ ਰਹੇ ਹਨ, ਵਰਨਾ ਅੱਜ ਦੇ ਅਗਾਂਹਵਧੂ ਪ੍ਰਬੰਧਕਾਂ ਦਾ ਵਸ ਚੱਲੇ ਤਾਂ ਉਹ ਫੌਰਨ ਉਨ੍ਹਾਂ ਦੀ ਥਾਂ ਨੋਟ ਛਾਪਣ ਵਾਲੇ ਵਪਾਰਕ ਕੇਂਦਰਾਂ ਵਿਚ ਬਦਲ ਦੇਣ। ਪੁਰਾਣੇ ਸਿੱਖ ਗੁਰੂ ਘਰਾਂ ਵਿਚ ਖੈਰਾਤੀ ਡਿਸਪੈਂਸਰੀਆਂ ਵੀ ਚਲਾਉਂਦੇ ਸਨ। ਭੁੱਖਿਆਂ ਲਈ ਅੰਨ ਪੂਰਨਾ ਤਾਂ ਹਰ ਗੁਰੂ ਘਰ ਹੈ। ਆਤਮ ਜਿੱਗਿਆਸਾ ਵਾਲਿਆਂ ਲਈ ਉਪਦੇਸ਼ਕ ਆਚਰਯ ਬਣਨ ਦਾ ਸਬਬ ਕਿਤੇ ਵੀ ਨਹੀਂ ਹੈ। ਭਾਈ ਗੁਰਦਾਸ ਜੀ ਨੇ ਤਾਂ 'ਘਰ-ਘਰ ਅੰਦਰ ਧਰਮਸਾਲ' ਦੀ ਕਾਮਨਾ ਕੀਤੀ ਸੀ, ਪਰ ਹੁਣ ਤਾਂ ਥਾਂ-ਥਾਂ 'ਤੇ ਟਕਸਾਲਾਂ ਦਾ ਰੁਝਾਨ ਹੈ। ਇਕ ਰਹਿਤ ਦੀ ਥਾਂ ਰਹਿਤਾਂ ਦਾ ਜਾਲ ਫੈਲਿਆ ਹੋਇਆ ਹੈ। ਜਿਉਂਦੇ ਜਾਗਦੇ ਤੇ ਚੌਕਸ ਸਿੱਖਾਂ ਦੀ ਮੌਜੂਦਗੀ ਦੇ ਬਾਵਜੂਦ ਕਈ ਧਾਰਮਿਕ ਡੇਰਿਆਂ ਨੇ ਆਪਣੇ ਵੱਖਰੇ ਗੁਟਕੇ ਛਾਪੇ ਹੋਏ ਹਨ। ਇਸਤਰੀ ਜਾਤਿ ਦੀ ਪੱਤ ਰੱਖਣ ਦੇ ਮਾਮਲੇ ਵਿਚ ਵੀ ਗੁਰੂ ਘਰਾਂ ਦੇ ਨਿਜ਼ਾਮ ਕੋਈ ਠੋਸ ਉਪਰਾਲੇ ਨਹੀਂ ਕਰਦੇ।

ਹਰ ਸਿੱਖ ਨੂੰ ਚਾਹੀਦਾ ਹੈ ਕਿ ਉਹ ਹਮੇਸ਼ਾਂ ਹਰ ਘਟਨਾ ਆਪਣੀਆਂ ਅੱਖਾਂ ਨਾਲ ਹੀ ਦੇਖਣ ਦੀ ਆਦਤ ਪਾਵੇ ਅਤੇ ਹਰ ਗੱਲ ਵੀ ਆਪਣੇ ਕੰਨਾਂ ਨਾਲ ਸੁਣੇ, ਫਿਰ ਕਿਸੇ ਵੀ ਘਟਨਾ 'ਤੇ ਆਪਣਾ ਪ੍ਰਤੀਕਰਮ ਦੇਵੇ। ਇਹ ਨਹੀਂ ਕਿ ਕਿਸੇ ਦੀ ਸੁਣੀ-ਸੁਣਾਈ ਗੱਲ 'ਤੇ ਭਰੋਸਾ ਕਰਕੇ। ਕਿਸੇ ਦੀ ਗੱਲ ਸੁਣ ਕੇ ਫਿਰ ਉਸ 'ਤੇ ਅਮਲ ਸਿਰਫ ਭੇਡਾਂ ਜਿਹੀ ਫਿਤਰਤ ਵਾਲੇ ਮਨੁੱਖ ਹੀ ਕਰਦੇ ਹਨ। ਅਸੀਂ ਵਿਦੇਸ਼ਾਂ ਵਿਚ ਰਹਿੰਦੇ ਹਾਂ, ਸਾਨੂੰ ਇਨ੍ਹਾਂ ਦੀਆਂ ਚੰਗੀਆਂ ਗੱਲਾਂ ਗ੍ਰਹਿਣ ਕਰਨੀਆਂ ਚਾਹੀਦੀਆਂ ਹਨ। ਸਾਨੂੰ ਉਨ੍ਹਾਂ ਦੀ ਹਰ ਉਸ ਗੱਲ ਦੀ ਨਿਸ਼ਾਨਦੇਹੀ ਕਰਨੀ ਚਾਹੀਦੀ ਹੈ ਜੋ ਉਹ ਕਰਦੇ ਹਨ ਪਰ ਅਸੀਂ ਨਹੀਂ ਕਰਦੇ। ਨਿਰਪੱਖਤਾ ਨਾਲ ਇਹ ਜ਼ਰੂਰ ਸਮਝਣਾ ਚਾਹੀਦਾ ਹੈ ਕਿ ਉਹ ਸਾਡੇ ਨਾਲੋਂ ਸਮਾਜ ਵਜੋਂ ਅਤੇ ਦੇਸ਼ ਵਜੋਂ ਕਿਉਂ ਉਨਤ ਹਨ? ਕਿਉਂ ਅਸੀ ਖੁਸ਼ਹਾਲੀ ਲਈ ਉਨ੍ਹਾਂ ਦੇ ਦੇਸ਼ ਵਿਚ ਆਏ ਹਾਂ? ਅਸੀਂ ਇਹ ਸਭ ਆਪਣੇ ਜਨਮ ਵਾਲੇ ਦੇਸ਼ ਵਿਚ ਕਿਉਂ ਨਹੀਂ ਕਰ ਸਕੇ? ਇੱਕ ਜੋ ਸਭ ਤੋਂ ਪ੍ਰਤੱਖ ਅੰਤਰ ਇਨ੍ਹਾਂ ਵਿਕਸਿਤ ਅਤੇ ਵਿਕਾਸ ਕਰ ਰਹੇ ਦੇਸ਼ਾਂ ਵਿਚ ਨਜ਼ਰ ਆਉਂਦਾ ਹੈ, ਉਹ ਹੈ ਧਰਮ। ਧਰਮ ਹਰ ਮਨੁੱਖ ਦੇ ਰੂਹ ਦੀ ਖੁਰਾਕ ਹੁੰਦਾ ਹੈ, ਇਸ ਲਈ ਧਰਮ ਹਰ ਥਾਂ ਹੈ। ਦੁਨੀਆਂ ਵਿਚ ਕੋਈ ਅਜਿਹਾ ਦੇਸ਼ ਖੋਜਣਾ ਅਸੰਭਵ ਜਿਹਾ ਸਵਾਲ ਹੈ ਜਿੱਥੇ ਧਰਮ ਨਹੀਂ ਹੈ। ਇਨ੍ਹਾਂ ਵਿਕਸਿਤ ਦੇਸ਼ਾਂ ਵਿਚ ਸਭ ਤੋਂ ਵੱਡਾ ਤੇ ਅਜੀਬ ਫਰਕ ਜੋ ਆਮ ਤੌਰ 'ਤੇ ਸਹਿਜ ਕੀਤੇ ਹੀ ਸਮਝਿਆ ਜਾ ਸਕਦਾ ਹੈ, ਉਹ ਹੈ ਇਨ੍ਹਾਂ ਦੇਸ਼ਾਂ ਦੀ ਵੱਡੀ ਆਬਾਦੀ ਦਾ ਧਾਰਮਿਕ ਤੌਰ 'ਤੇ ਸੀਮਤ ਹੋਣਾ। ਇਨ੍ਹਾਂ ਦੇ ਚਰਚਾਂ ਵਿਚ ਐਤਵਾਰ ਵਾਲੇ ਦਿਨ ਦੀ ਹਾਜ਼ਰੀ ਬੜੀ ਸੀਮਤ ਅਤੇ ਸੀਮਤ ਸਮੇਂ ਲਈ ਹੁੰਦੀ ਹੈ। ਪ੍ਰਾਰਥਨਾਵਾਂ ਵੀ ਇਨ੍ਹਾਂ ਦੀਆਂ ਆਮ ਹੀ ਹੁੰਦੀਆਂ ਹਨ।

ਦੂਜੇ ਪਾਸੇ ਵਿਕਾਸ ਕਰ ਰਹੇ ਦੇਸ਼ਾਂ ਵਿਚ ਸਮਾਜਕ ਤੇ ਆਰਥਕ ਵਿਕਾਸ ਦੀ ਰਫਤਾਰ ਕਦੇ ਵੀ ਪੱਛਮੀ ਦੇਸ਼ਾਂ ਨੂੰ ਪਛਾੜਨ ਵਾਲੀ ਨਹੀਂ ਰਹੀ ਹੈ। ਵਿਕਾਸ ਕਰ ਰਹੇ ਦੇਸ਼ਾਂ ਵਿਚ ਧਰਮ/ਰਾਜਨੀਤਕਾਂ ਦਾ ਗਲਬਾ, ਸਮਾਜ ਅਤੇ ਰਾਜਨੀਤੀ ਵਿਚ ਇੰਨਾ ਜ਼ਿਆਦਾ ਹੈ ਕਿ ਉਥੇ ਦੀ ਆਰਥਕਤਾ ਨਾਲੋਂ ਧਰਮ/ਰਾਜਨੀਤਕਾਂ ਦੀ ਪ੍ਰਫੁੱਲਤਾ ਨੂੰ ਪਹਿਲ ਮਿਲਦੀ ਹੈ। ਧਰਮ ਆਮ ਲੋਕਾਂ ਦੇ ਦਿਮਾਗ 'ਤੇ ਇੰਨਾ ਹਾਵੀ ਰਹਿੰਦਾ ਹੈ, ਉਹ ਹਰ ਕੰਮ ਕਰਨ ਤੋਂ ਪਹਿਲਾਂ ਉਸ ਨੂੰ ਆਪਣੇ ਧਾਰਮਿਕ ਅਕੀਦੇ ਦੇ ਸ਼ੀਸ਼ੇ ਵਿਚੋਂ ਦੀ ਦੇਖਦਾ ਹੈ। ਵਿਕਾਸ ਕਰ ਰਹੇ ਦੇਸ਼ਾਂ ਵਿਚ ਧਰਮਾਧਿਕਾਰੀ/ਰਾਜਨੀਤਕ ਅਤੇ ਧਾਰਮਿਕ ਸਥਾਨ/ਰਾਜਨੀਤੀ ਨਾਲ ਜੁੜੇ ਵਿਅਕਤੀ ਇਨ੍ਹਾਂ ਦੇਸ਼ਾਂ ਦੀ ਆਰਥਕਤਾ ਤੇ ਹਾਵੀ ਹਨ। ਇਨ੍ਹਾਂ ਧਰਮਾਧਿਕਾਰੀਆਂ/ਰਾਜਨੀਤਕਾਂ ਦੀ ਨਜ਼ਰ ਵਿਚ ਲੋਕ ਕਲਿਆਣ ਦਾ ਕੋਈ ਮਹੱਤਵ ਨਹੀਂ ਹੁੰਦਾ। ਇਨ੍ਹਾਂ ਲਈ ਨਿੱਜੀ ਲਾਭ ਸਭ ਤੋਂ ਉਪਰ ਹੁੰਦਾ ਹੈ। ਉਨ੍ਹਾਂ ਨੂੰ ਲੋਕਾਂ ਦੀ ਗਰੀਬੀ ਵਿਚ ਆਪਣਾ ਭਵਿੱਖ ਵਧੇਰੇ ਸੁਰੱਖਿਅਤ ਲੱਗਦਾ ਹੈ। ਵਿਕਾਸ ਕਰ ਰਹੇ ਦੇਸ਼ਾਂ ਦੇ ਲੋਕ ਅਗਾਂਹਵਧੂ ਦੇਸ਼ਾਂ ਵਿਚ ਆ ਕੇ ਵੀ ਸਥਾਨਕ ਲੋਕਾਂ ਵੱਲੋਂ ਆਪਣੇ ਧਰਮ ਨਾਲ ਬਣਾਇਆ ਤਵਾਜ਼ਨ ਸਮਝਦੇ ਨਹੀਂ, ਬਲਕਿ ਆਪਣੇ ਪਿਤਰੀ ਮੁਲਕਾਂ ਤੋਂ ਧਰਮ ਦੀ ਪੰਡ ਲਿਆਉਣੀ ਨਹੀਂ ਭੁੱਲਦੇ ਅਤੇ ਇੱਥੇ ਫਿਰ ਉਸੇ ਪੰਡ ਨੂੰ ਢੋਈ ਜਾਂਦੇ ਹਨ।

ਹਰ ਸਿੱਖ ਨੂੰ ਇਹ ਗੱਲ ਹਮੇਸ਼ਾਂ ਯਾਦ ਰੱਖਣੀ ਚਾਹੀਦੀ ਹੈ ਕਿ ਉਹ ਸਿੱਖ ਸਮਾਜ ਦਾ ਰਾਜਦੂਤ ਹੈ ਅਤੇ ਗੁਰੂ ਨਾਨਕ ਦਾ ਪ੍ਰਤੀਨਿਧੀ ਹੈ। ਸਾਡੇ ਆਲੇ-ਦੁਆਲੇ ਵੱਸਦੇ ਗੈਰ ਲੋਕਾਂ ਵਿਚ ਸਾਡਾ ਰਹਿਣ ਸਹਿਣ, ਸਾਡੇ ਪਰਿਵਾਰਕ ਰਿਸ਼ਤੇ ਅਤੇ ਸਾਡਾ ਚਾਲ-ਚਲਨ ਹੀ ਉਨ੍ਹਾਂ ਦੇ ਦਿਲ ਵਿਚ ਸਾਡੇ ਬਾਰੇ ਚੰਗੇ ਜਾਂ ਮਾੜੇ ਹੋਵਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਹਰ ਸਿੱਖ ਨੂੰ ਹਮੇਸ਼ਾਂ ਸੁਚੇਤ ਰਹਿਣਾ ਚਾਹੀਦਾ ਹੈ ਕਿ ਇਕੱਲੇ ਉਸ ਵੱਲੋਂ ਚੁੱਕਿਆ ਮਾੜਾ ਕਦਮ ਕਿਤੇ ਸਾਰੇ ਸਿੱਖਾਂ ਦੀ ਬਦਖੋਈ ਅਤੇ ਹੇਠੀ ਦਾ ਕਾਰਨ ਤਾਂ ਨਹੀਂ ਬਣ ਰਿਹਾ? ਗੁਰੂ ਨਾਨਕ ਨੇ ਉਚੀਆਂ ਸਦਾਚਾਰਕ ਕਦਰਾਂ ਸਦਕਾ ਹੀ ਆਪਣੇ ਵੇਲੇ ਦੇ ਹਿੰਦੂ ਅਤੇ ਇਸਲਾਮ ਧਰਮਾਂ ਨੂੰ ਵਖਤ ਪਾ ਦਿੱਤਾ ਸੀ। ਇਸਲਾਮ ਨੇ ਰਾਜਸੀ ਤਾਕਤ ਦੇ ਜ਼ਰੀਏ ਸਿੱਖ ਧਰਮ ਨਾਲ ਆਢਾ ਲਾਇਆ ਸੀ ਜਿਸ ਦੀਆਂ ਮਿਸਾਲਾਂ ਨਾਲ ਸਿੱਖ ਇਤਿਹਾਸ ਭਰਿਆ ਪਿਆ ਹੈ। ਹਿੰਦੂ ਧਰਮਾਧਿਕਾਰੀਆਂ ਨੇ ਆਪਣੀਆਂ ਲੂੰਬੜ ਚਾਲਾਂ ਭੇਖੀ ਸਿੱਖਾਂ ਦੇ ਮਾਰਫਤ ਗੁਰੂ ਇਤਿਹਾਸ ਅਤੇ ਗੁਰਬਾਣੀ ਵਿਚ ਮਿਲਾਵਟ ਕਰਕੇ ਚੱਲੀਆਂ। ਇਸ ਦਾ ਪ੍ਰਤੱਖ ਪ੍ਰਮਾਣ ਅੱਜ ਸਿੱਖਾਂ ਦੇ ਸਾਹਮਣੇ ਹੈ, ਜਦੋਂ ਹਿੰਦੂ ਦਾਅਵਾ ਕਰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਦੇਵਤਿਆਂ ਦਾ ਨਾਮ ਬਹੁਤਾਤ ਵਿਚ ਆਉਂਦਾ ਹੈ।

ਮੇਰਾ ਨਿੰਜੀ ਮਤ ਹੈ ਕਿ ਇਹ ਸਭ ਸਾਡੇ ਪੁਰਖੇ ਸਿੱਖਾਂ ਦੀ ਗਫਲਤ ਕਾਰਨ ਵਾਪਰਿਆ ਹੈ। ਗੁਰੂ ਨਾਨਕ ਦੀ ਮਿਥਿਹਾਸਕ ਹਿੰਦੂ ਦੇਵਤਿਆਂ ਦੇ ਨਾਲ ਕੋਈ ਤੁਲਨਾ ਨਹੀਂ। ਸਿੱਖ ਧਰਮ ਜੀਵਤ ਹੈ ਅਤੇ ਇਸ ਦਾ ਇਤਿਹਾਸ ਹੈ। ਹਿੰਦੂ ਧਰਮ ਪੂਰੇ ਤੌਰ 'ਤੇ ਮਿਥਿਹਾਸ ਹੈ। ਪੂਰਵ ਕਾਲ ਵਿਚ ਹਿੰਦੂਆਂ ਦੇ ਵਡੇਰਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਜਿਹੇ ਉਚ ਕੋਟੀ ਦੇ ਵਿਦਵਾਨ ਦੇ ਨਾਮ ਤੇ ਉਨ੍ਹਾਂ ਨੇ ਹਿੰਦੂ ਧਰਮ ਨਾਲ ਮਿਲਦਾ ਜੁਲਦਾ ਅਡੰਬਰ ਭਰਪੂਰ ਧਾਰਮਿਕ ਬਾਣੀ ਅਤੇ ਸਾਹਿਤ ਰਚਿਆ ਹੈ ਜਿਸ ਦੀਆਂ ਉਦਾਹਰਨਾਂ ਉਹ ਹਰ ਵਾਰ ਦਿੰਦੇ ਹਨ। ਇਸ ਤੋਂ ਇਲਾਵਾ ਸਿੱਖ ਗੁਰੂਆਂ ਦੀਆਂ ਜਨਮ ਸਾਖੀਆਂ ਵੀ ਹਿੰਦੂ ਦੇਵਤਿਆਂ ਦੀ ਤਰਜ਼ 'ਤੇ ਹੀ ਲਿਖੀਆਂ ਗਈਆਂ ਹਨ। ਇਨ੍ਹਾਂ ਤੋਂ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਗਿਆ ਹੈ ਕਿ ਸਿੱਖਾਂ ਦੇ ਗੁਰੂ/ਗੁਰਬਾਣੀ ਅਤੇ ਹਿੰਦੂ ਦੇਵਤੇ/ਬਾਣੀ ਇਕ ਸਮਾਨ ਹਨ।

ਅੰਗਰੇਜ਼ੀ ਦੇ ਮਸ਼ਹੂਰ ਲੇਖਕ ਮਰਹੂਮ ਖੁਸ਼ਵੰਤ ਸਿੰਘ ਵੱਲੋਂ ਲਿਖਤ 'ਏ ਹਿਸਟਰੀ ਆਫ ਦਿ ਸਿੱਖਸ' ਦੇ ਪਹਿਲੇ ਖੰਡ ਦੇ ਸਫਾ 281 ਦੇ ਹੇਠਾਂ ਫੁੱਟ ਨੋਟ ਵਿਚ ਲਿਖਿਆ ਹੈ: ਸਿੱਖ ਮਿਸਲਾਂ ਦੀ ਚੜ੍ਹਤ ਵੇਲੇ ਵੱਡੀ ਗਿਣਤੀ ਵਿਚ ਹਿੰਦੂ ਸਿੱਖ ਧਰਮ ਵਿਚ ਤਬਦੀਲ ਹੋਏ ਸਨ (ਜਿਸ ਨੂੰ ਉਹ ਹਿੰਦੂ ਧਰਮ ਦੀ ਹੀ ਸ਼ਾਖਾ ਸਮਝਦੇ ਸਨ)। ਉਹ ਹਿੰਦੂ ਆਪਣੇ ਨਾਲ ਰਵਾਇਤਾਂ ਅਤੇ ਪੂਰਵ-ਧਾਰਨਾਵਾਂ ਲਿਆਏ ਸਨ ਅਤੇ ਵੱਡੇ ਪੱਧਰ 'ਤੇ ਨਾਨਕ ਅਤੇ ਗੁਰੂਆਂ ਦੇ ਧਰਮ ਨੂੰ ਬਦਲਿਆ ਸੀ। ਬ੍ਰਾਹਮਣਾਂ ਨੇ ਮੁੜ ਆਪਣਾ ਪ੍ਰਭਾਵ ਪ੍ਰਾਪਤ ਕਰ ਲਿਆ ਸੀ ਅਤੇ ਜਾਤ-ਪਾਤ ਦੀਆਂ ਪੂਰਵ-ਧਾਰਨਾਵਾਂ ਅਤੇ ਗਊ ਪੂਜਾ ਨੂੰ ਮੁੜ ਲਾਗੂ ਕਰ ਦਿੱਤਾ ਸੀ। ਸਿੱਖ ਰਜਵਾੜਾਸ਼ਾਹੀ ਜੋ ਵਧੇਰੇ ਕਰਕੇ ਜੱਟ ਸੀ, ਆਪਣੇ ਆਪ ਨੂੰ ਕਸ਼ਤਰੀ ਸਮਝਣ ਲੱਗ ਪਈ ਸੀ ਅਤੇ ਕਸ਼ਤਰੀਆਂ ਦੀਆਂ ਰਵਾਇਤਾਂ ਦੀ ਨਕਲ ਉਤਾਰਨ ਲੱਗ ਪਏ ਸਨ।

***ਅੰਗਰੇਜ਼ੀ ਦੇ ਮਸ਼ਹੂਰ ਲੇਖਕ ਮਰਹੂਮ ਖੁਸ਼ਵੰਤ ਸਿੰਘ ਵੱਲੋਂ ਲਿਖਤ 'ਏ ਹਿਸਟਰੀ ਆਫ ਦਿ ਸਿੱਖਸ' ਦੇ ਪਹਿਲੇ ਖੰਡ ਦੇ ਸਫਾ 281 ਦੇ ਹੇਠਾਂ ਫੁੱਟ ਨੋਟ ਵਿਚ ਲਿਖਿਆ ਹੈ: ਸਿੱਖ ਮਿਸਲਾਂ ਦੀ ਚੜ੍ਹਤ ਵੇਲੇ ਵੱਡੀ ਗਿਣਤੀ ਵਿਚ ਹਿੰਦੂ ਸਿੱਖ ਧਰਮ ਵਿਚ ਤਬਦੀਲ ਹੋਏ ਸਨ (ਜਿਸ ਨੂੰ ਉਹ ਹਿੰਦੂ ਧਰਮ ਦੀ ਹੀ ਸ਼ਾਖਾ ਸਮਝਦੇ ਸਨ)। ਉਹ ਹਿੰਦੂ ਆਪਣੇ ਨਾਲ ਰਵਾਇਤਾਂ ਅਤੇ ਪੂਰਵ-ਧਾਰਨਾਵਾਂ ਲਿਆਏ ਸਨ ਅਤੇ ਵੱਡੇ ਪੱਧਰ 'ਤੇ ਨਾਨਕ ਅਤੇ ਗੁਰੂਆਂ ਦੇ ਧਰਮ ਨੂੰ ਬਦਲਿਆ ਸੀ। ਬ੍ਰਾਹਮਣਾਂ ਨੇ ਮੁੜ ਆਪਣਾ ਪ੍ਰਭਾਵ ਪ੍ਰਾਪਤ ਕਰ ਲਿਆ ਸੀ ਅਤੇ ਜਾਤ-ਪਾਤ ਦੀਆਂ ਪੂਰਵ-ਧਾਰਨਾਵਾਂ ਅਤੇ ਗਊ ਪੂਜਾ ਨੂੰ ਮੁੜ ਲਾਗੂ ਕਰ ਦਿੱਤਾ ਸੀ। ਸਿੱਖ ਰਜਵਾੜਾਸ਼ਾਹੀ ਜੋ ਵਧੇਰੇ ਕਰਕੇ ਜੱਟ ਸੀ, ਆਪਣੇ ਆਪ ਨੂੰ ਕਸ਼ਤਰੀ ਸਮਝਣ ਲੱਗ ਪਈ ਸੀ ਅਤੇ ਕਸ਼ਤਰੀਆਂ ਦੀਆਂ ਰਵਾਇਤਾਂ ਦੀ ਨਕਲ ਉਤਾਰਨ ਲੱਗ ਪਏ ਸਨ।***

# ਜੋਗਿੰਦਰ ਸਿੰਘ ਜੋਗੀ ਦੀ ਆਪ ਬੀਤੀ

ਪੰਜਾਬੀ ਖੇਡ ਸਾਹਿਤ 16



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

'ਜੱਗ ਦਾ ਜੋਗੀ' ਏਸ਼ੀਆ ਦੇ ਚੈਂਪੀਅਨ ਜੋਗਿੰਦਰ ਸਿੰਘ ਜੋਗੀ ਦੀ ਸਵੈਜੀਵਨੀ ਹੈ, ਜੋ 1996 ਵਿਚ ਛਪੀ। ਉਹਦੇ ਮੁਖਬੰਦ ਦਾ ਨਾਂ ਮੈਂ 'ਇਸ ਜੋਗੀ ਦੀ ਚਾਲ ਨਿਰਾਲੀ' ਰੱਖਿਆ ਸੀ। ਉਸ ਨੇ 1962, 66 ਤੇ 70 ਦੀਆਂ ਏਸ਼ਿਆਈ ਖੇਡਾਂ ਵਿਚ ਗੋਲਾ ਸੁੱਟਣ 'ਚੋਂ ਇਕ ਬਰਾਂਜ਼ ਤੇ ਦੋ ਗੋਲਡ ਮੈਡਲ ਜਿੱਤੇ ਸਨ। 1966 ਵਿਚ ਐੱਨ. ਆਈ. ਐੱਸ. ਪਟਿਆਲੇ ਲੱਗੇ ਕੋਚਿੰਗ ਕੈਂਪ 'ਚ ਕਈ ਦਿਨਾਂ ਦੇ ਮੇਲ-ਮਿਲਾਪ ਮਗਰੋਂ ਮੈਂ ਉਹਦਾ ਸ਼ਬਦ ਚਿੱਤਰ ਉਲੀਕਿਆ ਸੀ, ਜੋ ਦਿੱਲੀ ਦੇ ਸਾਹਿਤਕ ਰਸਾਲੇ 'ਆਰਸੀ' ਵਿਚ 'ਜੰਗਲੀ ਮੋਰ' ਸਿਰਲੇਖ ਹੇਠ ਛਪਿਆ। ਮੁਢਲੇ ਵਾਕ ਸਨ: ਉਹਦਾ ਕੱਦ ਵੀ ਉੱਚਾ ਹੈ ਤੇ ਲਲਕਾਰਾ ਵੀ ਉੱਚਾ। ਜਦੋਂ ਉਹ ਜੋਸ਼ ਨਾਲ ਗੋਲਾ ਸੁੱਟਦਾ ਹੈ ਤਾਂ ਨਾਲ ਹੀ ਜ਼ੋਰ ਦੀ ਕਹਿੰਦਾ ਹੈ, 'ਹਊਪਾ।' ਉਹਦੀ ਉੱਚੀ ਅਵਾਜ਼ 'ਚ ਨਿਕਲੀ 'ਹਊਪਾ' ਸਟੇਡੀਅਮ ਦੀਆਂ ਪੌੜੀਆਂ 'ਤੇ ਬੈਠਿਆਂ ਨੂੰ ਵੀ ਸੁਣ ਜਾਂਦੀ ਹੈ, ਜਿਵੇ ਫੈਰ ਹੋਇਆ ਹੋਵੇ...!

1995 ਵਿਚ ਕੈਨੇਡਾ ਦੇ ਟਾਪੂ ਨਨਾਇਮੋ ਦੀ ਸੈਰ ਕਰਨ ਮਗਰੋਂ ਅਸੀਂ ਜੋਗਿੰਦਰ ਸਿੰਘ ਦੇ ਭਰਾ ਸਵਰਨ ਸਿੰਘ ਬੈਂਸ ਦੇ ਘਰ ਬੈਠੇ ਸਾਂ। ਗੱਲਾਂ ਬਾਤਾਂ ਦੌਰਾਨ ਗੱਲ ਚੱਲੀ ਕਿ ਜੋਗਿੰਦਰ ਸਿੰਘ ਦੀ ਜੀਵਨੀ ਲਿਖੀ ਜਾਏ। ਉਹ ਇਹ ਕਾਰਜ ਮੈਥੋਂ ਕਰਵਾਉਣਾ ਚਾਹੁੰਦੇ ਸਨ। ਜੋਗੀ ਨਾਲ ਹੋਏ ਚਿੱਠੀ ਪੱਤਰ ਤੋਂ ਮੈਂ ਜਾਣ ਚੁਕਾ ਸਾਂ ਕਿ ਉਹਦੀ ਲਿਖਤ ਵਿਚ ਸਾਦਗੀ ਤੇ ਸ਼ੇਅਰੋ ਸ਼ਾਇਰੀ ਦਾ ਸਾਹਿਤਕ ਰਸ ਵੀ ਹੈ। ਮੈਨੂੰ ਯਕੀਨ ਸੀ ਕਿ ਉਹ ਖੁਦ ਆਪਣੀ ਸਵੈਜੀਵਨੀ ਲਿਖ ਸਕਦਾ ਹੈ। ਉੱਦਣ ਜੋਗੀ ਤੋਂ 'ਹਾਂ' ਕਰਵਾ ਲਈ ਕਿ ਉਹ ਆਪਣੀ ਹੱਡਬੀਤੀ ਆਪ ਲਿਖੇਗਾ। ਉਥੇ ਬੈਠਿਆਂ ਹੀ ਕਿਤਾਬ ਦੀ ਰੂਪ ਰੇਖਾ ਉਲੀਕ ਲਈ ਤੇ ਸਵੈਜੀਵਨੀ ਦਾ ਨਾਂ ਰੱਖ ਲਿਆ, 'ਜੱਗ ਦਾ ਜੋਗੀ।'

ਉਹਦਾ ਬਚਪਨ ਦਾ ਨਾਂ 'ਛੋਟਾ' ਸੀ, ਫੌਜ ਦਾ 'ਟਾਈਗਰ', ਖੇਡ ਮੁਕਾਬਲਿਆਂ ਦਾ 'ਇੰਡੀਆ' ਤੇ ਪਟਿਆਲੇ ਕੁੜੀਆਂ ਪਿਆਰ ਨਾਲ 'ਜੋਗੀ' ਕਹਿਣ ਲੱਗ ਪਈਆਂ ਸਨ। ਜਦੋਂ ਉਹ ਤਰਾਈ ਦੇ ਜੰਗਲਾਂ ਵਿਚ ਕੁਹਾੜੇ ਨਾਲ ਦਰੱਖਤ ਕੱਟ ਰਿਹਾ ਸੀ ਤਾਂ ਉਹਦਾ ਨਾਂ 'ਆਰਾ' ਪੈ ਗਿਆ ਸੀ ਤੇ ਜ਼ਮੀਨ ਵਾਹੁਣ ਵੇਲੇ 'ਟਰੈਕਟਰ।' ਦੁੱਧ ਦੇਣੋਂ ਭੱਜੀ ਮੱਝ ਨੂੰ ਹਲ ਜੋੜ ਕੇ ਥਕਾਉਣ ਪਿੱਛੋਂ ਧਾਰ ਕੱਢਣ, ਉਜਾੜਾ ਕਰਦੀਆਂ ਘੋੜੀਆਂ ਨੂੰ ਘੁਲਾੜੀ ਜੋੜਨ ਤੇ ਹਿਰਨੀ ਦਾ ਦੁੱਧ ਚੁੰਘਣ ਕਰਕੇ ਜੋਗਿੰਦਰ ਦਾ ਨਾਂ 'ਜ਼ਾਲਮ' ਵੀ ਪੈ ਗਿਆ ਸੀ। ਆਟਾ ਪਿਹਾ ਕੇ ਮੁੜਦਿਆਂ ਬੌਲਦ ਨਾਲ ਜੁੜ ਕੇ ਸੱਤ ਮੀਲ ਗੱਡਾ ਖਿੱਚਣ ਕਰਕੇ ਉਹਦਾ ਨਾਂ 'ਅਫਲਾਤੂਨ' ਪਿਆ। ਨਾਂ ਤਾਂ ਉਹਦੇ ਹੋਰ ਵੀ ਪਏ, ਪਰ 'ਜੋਗੀ' ਉਸ ਨੂੰ ਸਭ ਤੋਂ ਵੱਧ ਪਸੰਦ ਸੀ। ਅਸੀਂ ਉਹਦੀ ਆਤਮ ਕਥਾ ਦੇ ਨਾਂ 'ਰਮਤਾ ਜੋਗੀ', 'ਘਰ ਦਾ ਜੋਗੀ' ਤੇ 'ਜੋਗੀ ਦਾ ਜੋਗ' ਵਿਚਾਰੇ, ਪਰ ਉਹਨੂੰ 'ਜੱਗ ਦਾ ਜੋਗੀ' ਵਧੇਰੇ ਜਚਿਆ।

ਉਸ ਨੇ ਹੱਡ ਬੀਤੀ ਅਰੰਭ ਕੀਤੀ: ਘਰ ਫੂਕ ਤਮਾਸ਼ਾ ਵੇਖਾਂਗੇ, ਕਹਿਣੋਂ ਨਾ ਸ਼ਰਮਾਵਾਂ ਮੈਂ, ਜੱਗ ਬੀਤੀ ਹਰ ਕੋਈ ਆਖੇ, ਹੱਡ ਬੀਤੀ ਸੁਣਾਵਾਂ ਮੈਂ...ਖੇਡਾਂ ਛੱਡਣ ਮਗਰੋਂ ਮੇਰੀ ਇਹ ਤਮੰਨਾ ਸੀ ਕਿ ਮੈਂ ਆਪਣੀ ਜ਼ਿੰਦਗੀ ਵਿਚ ਜੋ ਸਿੱਖਿਆ ਤੇ ਕਮਾਇਆ, ਉਹ ਆਉਣ ਵਾਲੀਆਂ ਪੀੜ੍ਹੀਆਂ ਤਕ ਪਹੁੰਚਾਇਆ ਜਾਵੇ। ਕਾਮਯਾਬੀ ਲਈ ਮਿਹਨਤ ਤੋਂ ਵੱਡਾ ਹੋਰ ਕੋਈ ਗੁਰ ਨਹੀਂ। ਮੇਰੇ ਜੀਵਨ ਵਿਚ ਬਹੁਤ ਸਾਰੀਆਂ ਔਕੜਾਂ ਆਈਆਂ, ਜਿਹੜੀਆਂ ਤੁਹਾਨੂੰ ਪੜ੍ਹਨ ਨੂੰ ਮਿਲਣਗੀਆਂ। ਜਿਵੇਂ ਮੈਂ ਕਿਸੇ ਨਾ ਕਿਸੇ ਕਾਰਨ ਹਰ ਕੰਮ ਕਰਨ ਵਿਚ ਲੇਟ ਹੋਇਆ। ਮੇਰੇ ਭੈਣ ਭਰਾਵਾਂ ਵਿਚ ਮੇਰਾ ਛੇਵਾਂ ਨੰਬਰ ਸੀ। ਜੰਮਣ ਵਿਚ ਲੇਟ, ਭਰਤੀ ਹੋਣ ਵਿਚ ਲੇਟ, ਫੌਜ ਵਿਚ ਅਫਸਰ ਬਣਨ ਦੀ ਸੋਚੀ, ਉਹ ਵੀ ਲੇਟ। ਗੋਲਾ ਸੁੱਟਣਾ ਸ਼ੁਰੂ ਕੀਤਾ ਤਾਂ ਉਹ ਵੀ ਬਹੁਤ ਲੇਟ। ਇੰਨਾ ਲੇਟ ਕਿ ਸਹੀ ਅਭਿਆਸ ਇਕੱਤੀਵੇਂ ਸਾਲ ਵਿਚ ਜਾ ਕੇ ਕੀਤਾ। ਇਸ ਦੀ ਕਮੀ ਪੂਰੀ ਕਰਨ ਲਈ ਮੈਂ ਫਿਰ ਕਦੇ ਵੀ ਆਪਣੀ ਡਿਊਟੀ ਜਾਂ ਪ੍ਰੈਕਟਿਸ ਤੋਂ ਲੇਟ ਨਹੀਂ ਹੋਇਆ।

...ਮੈਂ ਇੰਡੀਆ ਤੋਂ ਕੈਨੇਡਾ ਨੂੰ ਆ ਰਿਹਾ ਸਾਂ। ਲੰਡਨ ਦੇ ਹੀਥਰੋ ਏਅਰਪੋਰਟ 'ਤੇ 9 ਘੰਟੇ ਰੁਕਣਾ ਸੀ। ਮਨ ਵਿਚ ਸੋਚਿਆ ਕਿ ਆਪਣੀ ਜ਼ਿੰਦਗੀ ਦੇ ਸਫਰ ਨੂੰ ਪੰਨਿਆਂ 'ਚ ਉਤਾਰਨ ਦਾ ਸਮਾਂ ਆ ਗਿਆ ਹੈ। ਚਾਰੇ ਪਾਸੇ ਗੋਰੀਆਂ ਪੈਲਾਂ ਪਾਉਂਦੀਆਂ ਫਿਰ ਰਹੀਆਂ ਸਨ। ਲਾਈਟਾਂ ਲਿਸ਼ਕਾਰੇ ਮਾਰਦੀਆਂ ਸਨ। ਉਥੇ ਬੈਠੇ ਸਾਰੀ ਉਮਰ 'ਚ ਮਾਰੀਆਂ ਮੱਲਾਂ ਚੇਤੇ ਆਉਣ ਲੱਗ ਪਈਆਂ। ਜ਼ਿੰਦਗੀ ਦੇ ਸਿੱਖੇ ਸਬਕ ਤੇ ਸਹੀਆਂ ਮੁਸੀਬਤਾਂ ਸਤਾਉਣ ਲੱਗੀਆਂ। ਰੱਬ ਦਾ ਨਾਂ ਲੈ ਕੇ ਆਪਣੀ ਜੀਵਨੀ ਇਸ ਕਿਤਾਬ ਵਿਚ ਲਿਖਣ ਲਈ ਕਲਮ ਫੜ ਲਈ...।

15 ਅਪਰੈਲ 1935 ਦਾ ਸੁਹਾਵਣਾ ਦਿਨ ਸੀ। ਰੱਬ ਦਾ ਨਿੱਤਨੇਮ ਕਰਨ ਵਾਲੀ ਲੰਬੀ ਲੰਝੀ ਮਾਤਾ ਧਨਵੰਤ ਕੌਰ ਦੀ ਕੁੱਖੋਂ, ਪਿਤਾ ਰਣਜੀਤ ਸਿੰਘ ਦੇ ਘਰ, ਪਿੰਡ ਕਿਸ਼ਨਪੁਰਾ, ਜਿਲਾ ਅੰਬਾਲਾ (ਹੁਣ ਰੂਪਨਗਰ) ਵਿਖੇ ਇਕ ਝੀਖ ਜਿਹੇ ਬਾਲਕ ਨੇ ਜਨਮ ਲਿਆ, ਜਿਸ ਦੇ ਬਚਣ ਦੀ ਬਹੁਤੀ ਆਸ ਨਹੀਂ ਸੀ। ਕਈ ਮਹੀਨੇ ਪਿੰਡ ਵਾਲੇ ਕਹਿੰਦੇ ਰਹੇ ਕਿ ਕਿਸ਼ਨਪੁਰੇ ਵਿਚ ਇਸ ਤੋਂ ਕਮਜ਼ੋਰ





ਬੱਚਾ ਸ਼ਾਇਦ ਹੀ ਕੋਈ ਹੋਰ ਜੰਮਿਆ ਹੋਵੇ...!

ਉਹ ਪੰਜ ਭਰਾ ਤੇ ਤਿੰਨ ਭੈਣਾਂ ਸਨ। ਪਰਿਵਾਰ ਦਾ ਜੱਦੀ ਪੁਸ਼ਤੀ ਕਿੱਤਾ ਖੇਤੀਬਾੜੀ ਸੀ, ਪਰ ਕਿਸ਼ਨਪੁਰੇ ਦੀ ਜ਼ਮੀਨ ਪਰਿਵਾਰ ਦੇ ਗੁਜ਼ਾਰੇ ਜੋਗੀ ਨਹੀਂ ਸੀ। ਉਹ ਅੱਠ ਸਾਲ ਦਾ ਹੋ ਕੇ ਪੜ੍ਹਨ ਲੱਗਾ। ਉਹ ਲਿਖਦੈ, "ਮੈਂ ਪਹਿਲੀ ਜਮਾਤ ਚਾਰ ਮਹੀਨਿਆਂ ਵਿਚ ਹੀ ਪਾਸ ਕਰ ਲਈ ਸੀ। ਸ਼ੁਰੂ ਵਿਚ ਇਕ ਔਕੜ ਅਜਿਹੀ ਆਈ, ਜਿਹੜੀ ਸਾਰੀ ਉਮਰ ਯਾਦ ਰਹੇਗੀ। ਉਰਦੂ ਦੇ ਕਾਇਦੇ ਵਿਚ ਇਕ ਮੁਹਾਰਨੀ ਆਉਂਦੀ ਸੀ, ਜੀਮ ਜਬਰ ਜੀਮ ਜੱਜ, ਜੀਮ ਜੇਰ ਜੀਮ ਜਿੱਜ, ਜੀਮ ਪੇਸ਼ ਜੀਮ ਜੁੱਜ। ਮਾਸਟਰ ਮੰਗਤੂ ਖਾਨ ਨੇ ਜ਼ੋਰ ਲਾ ਲਿਆ। ਡੰਡੇ ਵੀ ਜੜੇ। ਚਾਚੇ ਦੇ ਮੁੰਡੇ ਨੇ ਵੀ ਵਾਹ ਲਾ ਲਈ, ਪਰ ਇਹ ਜੀਮ ਮੇਰੇ ਮੂੰਹ 'ਤੇ ਨਾ ਚੜ੍ਹੀ। ਸ਼ਾਮ ਨੂੰ ਜਦੋਂ ਅਸੀਂ ਬੌਲਦ ਬੌਲਦ ਖੇਡ ਰਹੇ ਸਾਂ ਤਾਂ ਅਚਾਨਕ ਇਹ ਮੁਹਾਰਨੀ ਮੇਰੀ ਜ਼ਬਾਨ 'ਤੇ ਚੜ੍ਹ ਗਈ। ਮੈਂ ਦੌੜਿਆ ਫਿਰਦਾ ਰਿਹਾ ਨਾਲੇ ਜੀਮ ਜਬਰ ਜੀਮ ਜੱਜ ਦੀ ਮੁਹਾਰਨੀ ਗਾਉਂਦਾ ਰਿਹਾ। ਫੇਰ ਨ੍ਹੀਂ ਇਹ ਭੁੱਲੀ।

ਮੈਂ ਬਾਕੀ ਜੁਆਕਾਂ ਨਾਲੋਂ ਕਿਤੇ ਲੰਬਾ ਸਾਂ। ਦੂਜੀ ਕਲਾਸ ਵਿਚ ਹੀ ਮਾਸਟਰਾਂ ਨੇ ਮੈਨੂੰ ਫੁੱਟਬਾਲ ਤੇ ਕਬੱਡੀ ਦੀ ਟੀਮ ਵਿਚ ਰੱਖ ਲਿਆ। ਮਾਸਟਰਾਂ ਨੇ ਮੈਨੂੰ ਇਕ ਹੋਰ ਕੰਮ ਦੇ ਦਿੱਤਾ। 'ਫੜ ਐਹ ਰੁੱਕਾ ਤੇ ਸਿੰਘ ਭਗਵੰਤਪੁਰੇ ਸਕੂਲ ਦੇ ਹੈੱਡ ਮਾਸਟਰ ਨੂੰ ਦੇ ਆ।' ਸਿੰਘ ਸਾਥੋਂ 5-6 ਕਿਲੋਮੀਟਰ ਸੀ। ਨਿੱਤ ਦੌੜੇ ਜਾਣਾ, ਦੌੜੇ ਆਉਣਾ। ਇਸ ਨਾਲ ਸਿਹਤ ਤਾਂ ਬਣਦੀ ਸੀ, ਪਰ ਪੜ੍ਹਾਈ ਦਾ ਨੁਕਸਾਨ ਹੁੰਦਾ ਸੀ। ਸਨਿੱਚਰਵਾਰ ਨੂੰ ਮਾਸਟਰ ਮੰਗਤੂ ਖਾਨ ਨੇ ਆਉਂਦੇ ਹੀ ਜੁਗਰਾਫੀਆ ਸੁਣਨਾ ਸ਼ੁਰੂ ਕਰ ਦਿੱਤਾ। ਉਸ ਨੇ ਰੱਜ ਕੇ ਮੁੰਡੇ ਕੁੱਟੇ। ਅਸੀਂ ਚੌਥੀ ਜਮਾਤ ਵਿਚ ਸਿਰਫ 7 ਮੁੰਡੇ ਸਾਂ। ਦੁਪਹਿਰ ਤਕ 4 ਰਹਿ ਗਏ। ਇਕ ਦਿਨ ਸੁਆਲ ਦਾ ਜਵਾਬ ਨਾ ਆਉਣ ਕਰਕੇ ਮੈਂ ਅੱਗੇ ਤੇ ਮਾਸਟਰ ਮੰਗਤੂ ਪਿੱਛੇ। ਮੈਂ ਡਾਹੀ ਨਾ ਦਿੱਤੀ, ਪਰ ਮੈਨੂੰ ਦੌੜਦੇ ਨੂੰ ਜਵਾਬ ਯਾਦ ਆ ਗਿਆ। ਫਿਰ ਵੀ ਇਕ ਡੰਡਾ ਦਾਨ ਵਿਚ ਮਿਲ ਹੀ ਗਿਆ!

ਮੈਂ 1953 ਵਿਚ ਦਸਵੀਂ ਪਾਸ ਕੀਤੀ। ਮੈਨੂੰ ਦੋ ਕਾਲਜਾਂ ਤੋਂ ਚਿੱਠੀਆਂ ਆਈਆਂ, ਕਿਉਂਕਿ ਕਾਲਜਾਂ ਨੂੰ ਖਿਡਾਰੀਆਂ ਦੀ ਲੋੜ ਹੁੰਦੀ ਹੈ, ਪਰ ਘਰ ਵਾਲਿਆਂ ਇਹ ਕਹਿ ਕੇ ਪੜ੍ਹਨੋਂ ਹਟਾ ਲਿਆ ਕਿ ਬੱਸ ਬਥੇਰਾ ਪੜ੍ਹ ਲਿਆ। ਫੇਰ ਮੈਂ ਕਿਸ਼ਨਪੁਰੇ ਤੋਂ 80 ਮੀਲ ਦੂਰ ਜਿਲਾ ਕਰਨਾਲ ਦੇ ਪਿੰਡ ਕਲਿਓੜ ਚਲਾ ਗਿਆ, ਜਿਥੇ ਸਾਡੀ 80 ਬਿੱਘੇ ਜ਼ਮੀਨ ਸੀ। ਇਕ ਦਿਨ ਭਰਾ ਕਹਿਣ ਲੱਗਾ, ਕਣਕ ਵੱਢਣ ਲਈ ਤਕੜਾ ਹੋ ਜਾ। ਹੁਣ ਮਿੱਟੀ ਨਾਲ ਮਿੱਟੀ ਹੋ ਕੇ ਵੀ ਵੇਖ ਲੈ। ਮੈਨੂੰ ਤਾਏ ਨੇ ਪਹਿਲਾਂ ਹੀ ਚੰਡਿਆ ਹੋਇਆ ਸੀ। ਅਸੀਂ ਤਿੰਨ ਦਿਨ ਤੇ ਦੋ ਰਾਤਾਂ ਲਗਾਤਾਰ ਵਾਢੀ ਕਰਦੇ ਰਹੇ। ਤੀਜੀ ਰਾਤ ਕੰਡਿਆਂ ਨੇ ਵਾਹ ਨਾ ਚੱਲਣ ਦਿੱਤੀ ਤਾਂ ਕਿਤੇ ਘਰ ਮੁੜੇ।

ਕਈ ਵਾਰ ਕਲਿਓੜ ਚਿੱਠੀ ਆ ਜਾਂਦੀ ਕਿ ਕਿਸ਼ਨਪੁਰੇ ਵਾਲੀਬਾਲ ਦਾ ਮੈਚ ਹੈ, ਤੂੰ ਖੇਡਣ ਜ਼ਰੂਰ ਆਉਣਾ। ਮੈਂ ਮੈਚ ਵਾਲੇ ਦਿਨ ਸਵੇਰੇ ਸਾਈਕਲ 'ਤੇ ਲੱਤ ਦੇਣੀ ਤੇ ਖੇਡਣ ਪਹੁੰਚ ਜਾਣਾ। ਬਜ਼ੁਰਗਾਂ ਨੇ ਕਹਿਣਾ, "ਇਹ ਪਤਲੂ ਜਿਆ ਥਕਦਾ ਈ ਨਹੀਂ।"

ਫਿਰ ਮੇਰਾ ਬਾਂਗਰ ਦਾ ਦਾਣਾ ਪਾਣੀ ਖਤਮ ਹੋ ਗਿਆ। ਮੈਨੂੰ ਹੁਕਮ ਹੋਇਆ ਕਿ ਕਿਸ਼ਨਪੁਰੇ ਤੋਂ ਫਾਤਾਂ ਝੋਟੀ ਲੈ ਕੇ ਅੰਬਾਲੇ ਪਹੁੰਚ। 55 ਮੀਲ ਦਾ ਪੈਂਡਾ ਮਾਰ ਕੇ ਮੈਂ ਅੰਬਾਲੇ ਪਹੁੰਚਾ। ਅਸੀਂ ਟਰੱਕਾਂ 'ਤੇ ਸਮਾਨ ਤੇ ਡੰਗਰ ਲੱਦ ਕੇ ਯੂ. ਪੀ. ਦੇ ਜੰਗਲਾਂ ਵੱਲ ਵਹੀਰਾਂ ਘੱਤ ਦਿੱਤੀਆਂ...। ਰਾਮ ਨਗਰੇ ਜ਼ਮੀਨ ਸੀ। ਉਥੇ ਸਿਰਫ ਤਿੰਨ ਘਰ ਸਨ। ਉਹ ਵੀ ਆਪੋ ਆਪਣੀ ਜ਼ਮੀਨ 'ਚ ਝਾਲੇ ਪਾ ਕੇ ਬੈਠੇ ਸਨ। ਚਾਰੇ ਬੰਨੇ ਕੋਠੇ ਜਿੱਡਾ ਘਾਹ ਤੇ ਜੰਗਲੀ ਦਰੱਖਤ ਜਿਵੇਂ ਖੈਰ, ਢੱਕ, ਗੁੱਲੁਰ, ਟਾਹਲੀ ਆਦਿ ਬੇਅੰਤ ਨਸਲਾਂ ਦੇ ਸੰਘਣੇ ਰੁੱਖ ਸਨ। ਇਹ ਸਭ ਕੁਝ ਰੱਬ ਨੇ ਜੰਗਲੀ ਜਾਨਵਰਾਂ ਦੇ ਰਹਿਣ ਲਈ ਬਣਾਇਆ ਸੀ। ਇਥੇ ਹੀ ਜੰਗਲੀ ਜੋਗੀ ਨੇ ਜਾ ਧੂਣਾ ਰਮਾਇਆ। ਮੱਛਰ ਤੇ ਜੋਕਾਂ ਦਾ ਅੰਤ ਨਹੀਂ ਸੀ। ਰਾਮ ਨਗਰਾ ਛੜਿਆਂ ਦਾ ਬਸੇਰਾ ਸੀ, ਜਿਥੇ ਸ਼ਾਮਾਂ ਨੂੰ ਗਿੱਦੜ ਕੂਕਦੇ, ਰਾਤਾਂ ਨੂੰ ਸ਼ੇਰ ਇੰਦਾਂ ਬੁੱਕਦੇ ਜਿਵੇਂ ਬਰਸਾਤਾਂ ਵਿਚ ਬੱਦਲ ਗਰਜਦੇ। ਸਵੇਰੇ ਤੁਰੇ ਜਾਂਦਿਆਂ ਦੇ ਜੋਕਾਂ ਲੱਗ ਜਾਂਦੀਆਂ, ਇਸ ਕਰਕੇ ਲੂਣ ਦੀ ਡਲੀ ਜੋਕਾਂ ਲਾਹੁਣ ਲਈ ਨਾਲ ਹੀ ਰੱਖਦੇ ਸਾਂ। ਪਹਿਲੇ ਚਾਰ ਪੰਜ ਦਿਨ ਸ਼ੇਰਾਂ ਤੋਂ ਡਰ ਲੱਗਦਾ ਰਿਹਾ। ਫਿਰ ਜੰਗਲਾਂ ਵਿਚ ਰੱਜ ਕੇ ਸ਼ਿਕਾਰ ਖੇਡਿਆ। ਸ਼ੇਰਾਂ ਤੇ ਜੰਗਲੀ ਜਾਨਵਰਾਂ ਦੇ ਘਰ ਨੂੰ ਆਪਣਾ ਘਰ ਬਣਾ ਲਿਆ। ਪਾੜ੍ਹੇ, ਚੀਤਲ, ਰੋਝ, ਗੋਂਦਾਂ, ਜੰਗਲੀ ਮੱਝਾਂ, ਜੰਗਲੀ ਸੂਰ ਤੇ ਸ਼ੇਰਾਂ ਨਾਲ ਟੱਕਰ ਲੈਣ ਦੀ ਠਾਣ ਲਈ। ਸਾਡੀ ਜ਼ਮੀਨ ਨਾਲ ਲੱਗਦੀ ਭੋਇੰ ਕਿਸੇ ਨੇ ਆਬਾਦ ਕੀਤੀ ਸੀ, ਪਰ ਜਾਨਵਰਾਂ ਨੇ ਫਸਲ ਨਾ ਰਹਿਣ ਦਿੱਤੀ। ਮਾਲਕ ਬੇਬਸ ਹੋ ਕੇ ਚਲੇ ਗਏ। ਅਸੀਂ ਜ਼ਮੀਨ ਵਾਹ ਕੇ ਇਕ ਬੋਰੀ ਬੀਜ ਪਾਇਆ, ਕਣਕ ਬਹੁਤ ਸੋਹਣੀ ਉੱਗੀ। ਅਸੀਂ ਦੋਵੇਂ ਭਰਾ ਤੇ ਇਕ ਕੁੱਤਾ ਕਣਕ ਦੀ ਰਖਵਾਲੀ ਕਰਦੇ। ਚਾਰੇ ਪਾਸੇ ਮੁੱਢੀਆਂ ਦੇ ਧੂਣੇ ਜਗਦੇ ਰਹਿੰਦੇ। ਸਾਰੀ ਰਾਤ 'ਹੋਏ ਹਾਏ' ਕਰਦਿਆਂ ਵੀ ਜਾਨਵਰ ਕਣਕ ਜੜ੍ਹੀਂ ਲਾ ਜਾਂਦੇ। ਜਿੰਨਾ ਬੀਜ ਪਾਇਆ, ਮਸਾਂ ਉਨੇ ਹੀ ਦਾਣੇ ਹੋਏ। ਜੰਗਲ ਦਾ ਘਾਹ ਕੱਟ ਕੇ ਤੇ ਦਰੱਖਤ ਵੱਢ ਕੇ ਝਾਲੇ ਬਣਾ ਰਹਿਣਾ ਪੈਂਦਾ ਸੀ, ਜਿਨ੍ਹਾਂ ਨੂੰ ਹਰ ਵਕਤ ਅੱਗ ਲੱਗਣ ਦਾ ਡਰ ਰਹਿੰਦਾ ਸੀ। ਦਿਨੇ ਜੋਕਾਂ ਲਹੂ ਪੀਂਦੀਆਂ ਤੇ ਰਾਤਾਂ ਨੂੰ ਮੱਛਰ ਤੋੜ ਤੋੜ ਖਾਂਦਾ। ਸ਼ੇਰਾਂ ਤੇ ਸੱਪਾਂ ਦਾ ਕੋਈ ਅੰਤ ਨਹੀਂ ਸੀ। ਸਾਰਾ ਦਿਨ ਕੰਮ ਕਰ ਕੇ ਰਾਤ ਨੂੰ ਰੋਟੀ ਟੁੱਕ ਵੀ ਆਪੇ ਕਰਨਾ ਪੈਂਦਾ ਸੀ।

...ਇਕ ਦਿਨ ਹਲ ਛੱਡ ਕੇ ਅਜੇ ਘਰ ਪਹੁੰਚਿਆ ਹੀ ਸਾਂ, ਬੌਲਦਾਂ ਦੀ ਪੰਜਾਲੀ ਲਾਹ ਕੇ ਪਾਣੀ ਪੀਣ ਦੀ ਸੋਚੀ ਕਿ ਮੇਰੇ ਪਿੰਡ ਦੇ ਇਕ ਬੰਦੇ ਨੇ ਦਰਿਆ ਤੋਂ ਸ਼ਤੀਰੀਆਂ ਲਿਆਉਣ ਲਈ ਮੈਨੂੰ ਨਾਲ ਤੋਰ ਲਿਆ। ਮੈਂ ਵਿਸ ਘੋਲਦਾ ਦਰਿਆ ਕਿਨਾਰੇ ਗਿਆ, ਜਿਹੜਾ ਸਾਡੇ ਘਰ ਤੋਂ ਸੱਤ ਮੀਲ ਸੀ। ਉਥੇ ਮੈਂ ਸ਼ੇਰ ਦੀ ਤਾਜ਼ੀ ਪੈੜ ਵੇਖ ਕੇ ਚਿਤਾਵਨੀ ਦਿੱਤੀ। ਥੋੜ੍ਹੀ ਦੂਰ ਤਾਜ਼ੀ ਗਾਂ ਮਰੀ ਪਈ ਸੀ। ਜਦੋਂ ਉਹ ਜ਼ਿੱਦੀ ਬੰਦਾ ਗਾਂ ਤੋਂ ਅੱਗੇ ਵਧਣ ਲੱਗਾ, ਸ਼ੇਰ ਨੇ ਉਸ 'ਤੇ ਵਾਰ ਕਰ ਦਿੱਤਾ। ਸ਼ੇਰ ਦਾ ਅਸੂਲ ਹੈ, ਜੇ ਪਹਿਲੇ ਵਾਰ ਵਿਚ ਸ਼ਿਕਾਰ ਮਰ ਜਾਵੇ ਠੀਕ ਹੈ, ਨਹੀਂ ਫਿਰ ਦੂਜਾ ਵਾਰ ਨਹੀਂ ਕਰਦਾ, ਪਰ ਆਪਣੀ ਮਾਰ ਚੁੱਕਣ ਨਹੀਂ ਦਿੰਦਾ। ਜਦੋਂ ਸ਼ੇਰ ਨੇ ਛਾਲ ਮਾਰੀ, ਉਹ ਬੰਦਾ ਬੇਹੋਸ਼ ਹੋ ਕੇ ਡਿੱਗ ਪਿਆ। ਡਿੱਗਣ ਵੇਲੇ ਸ਼ੇਰ ਉਸ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਗਿਆ ਤੇ ਥੋੜ੍ਹੀ ਦੂਰ ਜਾ ਕੇ ਬੈਠ ਗਿਆ। ਮੈਂ ਇਨਸਾਨੀਅਤ ਦਾ ਫਰਜ਼ ਨਿਭਾਉਂਦਿਆਂ ਉਸ ਬੰਦੇ ਨੂੰ ਸ਼ੇਰ ਦੇ ਮੂੰਹ ਵਿਚੋਂ ਕੱਢ ਕੇ ਲੈ ਆਇਆ ਤੇ ਚੁੱਕ ਕੇ ਦੂਰ ਲੈ ਗਿਆ। ਸ਼ੇਰ ਨੇ ਮੇਰੇ ਉਤੇ ਵਾਰ ਨਹੀਂ ਕੀਤਾ, ਪਤਾ ਨਹੀਂ ਕਿਉਂ? ਅਸਲ ਵਿਚ ਜਾਨਵਰ ਵੀ ਬੰਦਾ ਕੁਬੰਦਾ ਵੇਖ ਲੈਂਦੈ! ਜੇ ਮੈਂ ਸਾਥੀ ਨੂੰ ਛੱਡ ਕੇ ਭੱਜਦਾ ਤਾਂ ਸ਼ੇਰ ਨੇ ਭੱਜਣ ਨਹੀਂ ਸੀ ਦੇਣਾ...!

ਦੁੱਖ ਦਾਰੂ ਸੁੱਖ ਰੋਗ ਭਇਆ ਦਾ ਮੰਤਰ ਮੈਂ ਜੰਗਲਾਂ ਵਿਚ ਰਹਿ ਕੇ ਸਿੱਖਿਆ। ਮੇਰੇ ਕੁਹਾੜੇ ਅੱਗੇ ਜੰਗਲ ਦੇ ਵੱਡੇ ਤੋਂ ਵੱਡੇ ਰੁੱਖ ਵਿਛਦੇ ਗਏ। ਮੇਰੀ ਅਣਥੱਕ ਮਿਹਨਤ ਨਾਲ ਹੀ ਅਸੀਂ ਕੱਖਾਂ ਦੇ ਜੱਟ ਲੱਖਾਂ ਦੇ ਹੋ ਗਏ। ਜ਼ਮੀਨਾਂ ਆਬਾਦ ਹੋ ਗਈਆਂ, ਜਿਨ੍ਹਾਂ 'ਚ ਟਰੈਕਟਰ ਦੜ ਦੜ ਕਰਦੇ ਸ਼ੇਰਾਂ ਦੀ ਥਾਂ ਭਬਕਾਰੇ ਮਾਰਨ ਲੱਗੇ। ਮੈਨੂੰ ਖੇਡਾਂ 'ਚ ਜਿਹੜੀ ਕਾਮਯਾਬੀ ਮਿਲੀ, ਉਸ ਵਿਚ ਜੰਗਲ 'ਚ ਕੀਤੀ ਮਿਹਨਤ ਬੜੀ ਰਾਸ ਆਈ...।

7 ਅਪਰੈਲ 1957 ਨੂੰ ਮੈਂ ਕਿਸਾਨ ਤੋਂ ਫੌਜੀ ਬਣ ਗਿਆ। ਅੰਬਾਲੇ ਭਰਤੀ ਹੋ ਕੇ ਅਹਿਮਦ ਨਗਰ ਪਹੁੰਚ ਗਿਆ। ਫੌਜ ਵਿਚ ਰੰਗਰੂਟੀ ਕਰਦਿਆਂ ਮੁਹਾਰ ਫਿਰ ਖੇਡਾਂ ਵੱਲ ਮੁੜ ਗਈ। ਉਥੇ ਵਾਲੀਬਾਲ, ਬੌਕਸਿੰਗ ਤੇ ਬਾਸਕਿਟਬਾਲ ਖੇਡਿਆ। ਖੇਡ ਅਜਿਹੀ ਦਾਤ ਹੈ, ਜਿਹੜੀ ਸਭ ਤੋਂ ਵੱਧ ਖੁਸ਼ੀ, ਪਿਆਰ ਤੇ ਦੋਸਤਾਨੇ ਵੰਡਦੀ ਹੈ।

ਮੈਂ 23ਵੇਂ ਸਾਲ ਵਿਚ ਹੋ ਗਿਆ ਸਾਂ। ਉਥੇ ਇਕ ਮੁੰਡਾ ਚੰਗਾ ਲੰਮਾ ਲੰਝਾ ਤੇ ਤਕੜਾ ਸੀ। ਉਹ ਕਹਿੰਦਾ ਕਿ ਮੈਂ ਮੇਲਿਆਂ ਵਿਚ ਗੋਲਾ ਜਿੱਤਦਾ ਰਿਹਾ ਹਾਂ। ਮੈਂ ਕਦੇ ਗੋਲਾ ਸੁੱਟ ਕੇ ਨਹੀਂ ਸੀ ਵੇਖਿਆ। ਉਸਤਾਦਾਂ ਨੇ ਮੇਰਾ ਮੁਕਾਬਲਾ ਉਸ ਮੁੰਡੇ ਨਾਲ ਕਰਵਾ ਦਿੱਤਾ ਤੇ ਮੈਂ 30 ਕੁ ਫੁੱਟ ਗੋਲਾ ਸੁੱਟ ਕੇ ਉਸ ਨੂੰ ਹਰਾ ਦਿੱਤਾ। ਮੈਨੂੰ ਟੀਮ ਵਿਚ ਚੁਣ ਲਿਆ ਗਿਆ। ਗੋਲੇ ਦੀ ਪ੍ਰੈਕਟਿਸ ਕਰਨ ਲਈ ਮੈਨੂੰ ਕਿੱਲਾਂ ਵਾਲੇ ਜੁੱਤੇ (ਸਪਾਈਕਸ) ਦੇ ਦਿੱਤੇ! ਉਨ੍ਹਾਂ ਦਿਨਾਂ ਵਿਚ ਗੋਲੇ ਦੇ ਸਰਕਲ ਕੱਚੇ ਹੁੰਦੇ ਸਨ। ਮੈਂ ਜਟਕੇ ਸਟਾਈਲ ਨਾਲ ਗੋਲਾ ਸੁੱਟਣਾ ਸ਼ੁਰੂ ਕਰ ਦਿੱਤਾ। 1957-58 ਦੇ ਸੈਂਟਰ ਮੁਕਾਬਲਿਆਂ ਵਿਚ ਮੈਂ ਫਸਟ ਆ ਗਿਆ। ਫਿਰ ਮੇਰੀਆਂ ਬਦਲੀਆਂ ਹੋਣ ਲੱਗ ਪਈਆਂ। ਕਦੇ ਬਬੀਨੇ, ਕਦੇ ਜੰਮੂ, ਕਦੇ ਸੰਗਰੂਰ। ਸੰਗਰੂਰ ਮੇਰੇ ਬੜਾ ਰਾਸ ਆਇਆ। ਉਥੇ ਮੈਂ ਗੋਲੇ ਦਾ ਨੈਸ਼ਨਲ ਚੈਂਪੀਅਨ ਬਣ ਗਿਆ...।

ਵਿਆਹ ਦੀ ਵਾਰਤਾ: ਸੁਣਿਆ ਹੈ ਕਿ ਮੇਰਾ ਵਿਆਹ ਵੀ ਸੰਗਰੂਰ ਦੀ ਪੋਸਟਿੰਗ ਦੌਰਾਨ ਹੀ ਹੋਇਆ, ਪਰ ਮੈਨੂੰ ਮੇਰੇ ਵਿਆਹ ਵਿਚ ਕਿਸੇ ਨੇ ਨਹੀਂ ਬੁਲਾਇਆ ਤੇ ਬਿਨਾ ਬੁਲਾਏ ਜਾਣਾ ਮੈਂ ਵੀ ਠੀਕ ਨਹੀਂ ਸਮਝਿਆ। ਇਹ ਕਹਾਣੀ ਕੁਝ ਇੰਦਾਂ ਹੋਈ ਕਿ ਅਲਾਹਾਬਾਦ ਨੈਸ਼ਨਲ ਖੇਡਾਂ ਵਾਸਤੇ ਜਾਣ ਵੇਲੇ ਕਾਨ੍ਹਪੁਰ ਵੱਡੇ ਭਰਾ ਕੋਲ ਰਾਤ ਰਿਹਾ। ਮੇਰਾ ਮੰਗਣਾ ਪੰਜ ਕੁ ਸਾਲ ਪਹਿਲਾਂ ਇਸੇ ਭਰਾ ਨੇ ਕਰਵਾਇਆ ਸੀ। ਖੇਡਾਂ ਦੇ ਚਾਅ ਵਿਚ ਕਦੇ ਵਿਆਹ ਬਾਰੇ ਸੋਚਣ ਦਾ ਮੌਕਾ ਹੀ ਨਹੀਂ ਸੀ ਮਿਲਿਆ। ਭਰਾ ਕਹਿੰਦਾ, ਇਸ ਸਾਲ ਤੇਰਾ ਵਿਆਹ ਕਰ ਦੇਣਾ; ਪਰ ਤਾਰੀਖ ਦੀ ਕੋਈ ਗੱਲ ਨਹੀਂ ਹੋਈ। ਮੈਂ ਅਲਾਹਾਬਾਦ ਚਲਾ ਗਿਆ। ਸੁਣਿਆ ਹੈ ਕਿ ਘਰਦਿਆਂ ਨੇ ਮੇਰਾ ਵਿਆਹ 11 ਮਾਰਚ ਦਾ ਰੱਖ ਦਿੱਤਾ ਸੀ। ਮੈਂ ਅਲਾਹਾਬਾਦ ਤੋਂ ਦਿੱਲੀ ਮੁੜ ਗਿਆ। ਮੇਰੇ ਲਾਪਤਾ ਹੋਣ ਕਰਕੇ ਘਰਦੇ ਮੈਨੂੰ ਦੱਸ ਨਾ ਸਕੇ। ਆਖਰ ਮੇਰੀ ਉਡੀਕ ਕਰ ਕੇ ਮੇਰਾ ਵਿਆਹ 13 ਮਾਰਚ ਨੂੰ ਮੇਰੀ ਕਿਰਪਾਨ ਨਾਲ ਕਰ ਦਿੱਤਾ ਗਿਆ। ਮੈਨੂੰ ਤਿੰਨ ਮਹੀਨੇ ਬਾਅਦ ਛੁੱਟੀ ਗਏ ਨੂੰ ਪਤਾ ਲੱਗਾ ਕਿ ਮੇਰਾ ਵਿਆਹ ਹੋ ਗਿਆ। ਮੈਂ ਸੋਚਿਆ, ਇਹ ਵੀ ਚੰਗਾ ਹੀ ਹੋਇਆ, ਨਾਲੇ ਖੇਡਾਂ ਕਰ ਲਈਆਂ ਨਾਲੇ ਵਿਆਹ ਦਾ ਕੰਮ ਵੀ ਨਿੱਬੜ ਗਿਆ...!

1962 'ਚ ਏਸ਼ਿਆਈ ਖੇਡਾਂ ਜਕਾਰਤਾ ਲਈ ਨੈਸ਼ਨਲ ਸਟੇਡੀਅਮ ਦਿੱਲੀ ਵਿਚ ਅਥਲੀਟਾਂ ਦਾ ਕੋਚਿੰਗ ਕੈਂਪ ਲੱਗਾ। ਉਦੋਂ ਮੈਂ ਦਿੱਲੀ ਪੜ੍ਹਦਾ ਸਾਂ। ਅਸੀਂ ਦਿੱਲੀ ਯੂਨੀਵਰਸਿਟੀ ਦੇ ਅਥਲੀਟ ਉਥੇ ਪ੍ਰੈਕਟਿਸ ਕਰਨ ਜਾਇਆ ਕਰਦੇ ਸਾਂ। ਉਥੇ ਮੈਨੂੰ ਕੌਮੀ ਪੱਧਰ ਦੇ ਅਥਲੀਟਾਂ ਨਾਲ ਜੋਗਿੰਦਰ ਸਿੰਘ ਨੂੰ ਵੀ ਮਿਲਣ ਦਾ ਮੌਕਾ ਮਿਲਿਆ। ਉਹ ਜਕਾਰਤਾ ਗਿਆ ਤੇ ਗੋਲਾ ਸੁੱਟਣ ਵਿਚ ਬਰਾਂਜ਼ ਮੈਡਲ ਜਿੱਤ ਕੇ ਮੁੜਿਆ। ਉਦੋਂ ਤਕ ਉਹਦੀ ਰੈਜੀਮੈਂਟ ਦੇ ਫੌਜੀਆਂ ਨੂੰ ਵੀ ਪਤਾ ਨਾ ਲੱਗਾ, ਜਦੋਂ ਤਕ ਉਸ ਨੇ ਆਪ ਨਾ ਦੱਸਿਆ। ਇਹ ਹਾਲ ਸੀ ਉਦੋਂ ਏਸ਼ੀਆਈ ਖੇਡਾਂ 'ਚੋ ਮੈਡਲ ਜਿੱਤਣ ਵਾਲਿਆਂ ਦਾ...!

ਉਹ ਲਿਖਦੈ, "12 ਦਸੰਬਰ 1966 ਦਾ ਦਿਨ ਸੀ। ਸ਼ਾਮ ਨੂੰ ਮੇਰਾ ਮੁਕਾਬਲਾ ਪੌਣੇ ਚਾਰ ਵਜੇ ਸੀ। ਧਰਤੀ ਮਾਂ ਨੂੰ ਨਮਸਕਾਰ ਕਰ ਕੇ ਦਾਤੇ ਅੱਗੇ ਅਰਦਾਸ ਕੀਤੀ, ਦਾਤਾ ਫਤਿਹ ਬਖਸ਼ਣੀ। ਪਹਿਲੀਆਂ ਤਿੰਨ ਵਾਰੀਆਂ ਵਿਚ ਜਪਾਨ ਤੇ ਇਰਾਨ ਦੇ ਦੋਵੇਂ ਸੁਟਾਵੇ ਮੈਥੋਂ ਅੱਗੇ ਸਨ। ਪਾਕਿਸਤਾਨ ਦਾ ਹਰਡਲਾਂ ਵਾਲਾ ਰਾਜ਼ਿਕ, ਜਿਹੜਾ ਮੈਨੂੰ ਵੈਸੇ ਤਾਂ ਨਹੀਂ ਸੀ ਜਾਣਦਾ, ਪਰ ਪੜੋਸੀ ਹੋਣ ਦੇ ਨਾਤੇ, ਹਰਡਲਾਂ ਦੀ ਦੌੜ ਜਿੱਤ ਕੇ ਮੇਰੇ ਕੋਲ ਆ ਗਿਆ। ਉਸ ਨੇ ਮੈਨੂੰ ਹੱਲਾਸ਼ੇਰੀ ਦੇ ਕੇ ਕਿਹਾ, 'ਸ਼ੇਰਾ ਇਨ੍ਹਾਂ ਨੂੰ ਛੱਡਣਾ ਨਹੀਂ।' ਉਨ੍ਹਾਂ ਦਾ ਗੋਲੇ ਵਾਲਾ ਬਾਜਵਾ ਮੇਰੇ ਲਈ ਜੂਸ ਦੀ ਥਰਮੋਸ ਲੈ ਆਇਆ। ਮੈਂ ਆਪਣੀ ਚੌਥੀ ਵਾਰੀ ਵਿਚ ਉਨ੍ਹਾਂ ਦੋਨਾਂ ਤੋਂ ਅੱਗੇ ਗੋਲਾ ਸੁੱਟ ਗਿਆ। ਰਾਜ਼ਿਕ ਨੇ ਮੈਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਨੇ ਬੜਾ ਜ਼ੋਰ ਲਾਇਆ, ਪਰ ਮੇਰਾ ਚੌਥਾ ਗੋਲਾ ਉਨ੍ਹਾਂ ਤੋਂ ਅੱਗੇ ਹੀ ਰਿਹਾ। ਬੈਂਗਕੌਕ ਦੀ ਇਕ ਸੋਹਣੀ ਮੁਟਿਆਰ ਸਾਨੂੰ ਤਿੰਨਾਂ ਨੂੰ ਵਿਕਟਰੀ ਸਟੈਂਡ ਕੋਲ ਲੈ ਗਈ। ਅੱਗੇ ਤਿੰਨ ਹੋਰ ਮੁਟਿਆਰਾਂ ਮੈਡਲ ਲਈ ਖੜ੍ਹੀਆਂ

(ਬਾਕੀ ਅਗਲੇ ਸਫੇ 'ਤੇ)

# ਇਨਕਲਾਬ ਦੇ ਰਾਹ ਤੁਰਿਆ ਮੂਲ ਚੰਦ ਰੰਚਨਾ ਵਾਲਾ

ਮੂਲ ਚੰਦ ਰੰਚਨਾ ਵਾਲਾ ਪੁਰਾਣੇ ਗੀਤਕਾਰਾਂ ਵਿਚੋਂ ਇੱਕ ਜਾਣਿਆ ਪਛਾਣਿਆ ਨਾਮ ਹੈ। ਮੂਲ ਚੰਦ ਸ਼ਰਮਾ ਗੀਤਕਾਰ, ਲੋਕ ਕਵੀ, ਚਿੱਤਰਕਾਰ, ਸਮਾਜ-ਸੇਵੀ, ਕਹਾਣੀਕਾਰ-ਕੁੱਲ ਮਿਲਾ ਕੇ ਬਹੁ-ਕਲਾਵਾਂ ਦੀ ਮਾਲਕ ਇਹ ਨੇਕ ਸ਼ਖਸੀਅਤ ਜਿਲਾ ਸੰਗਰੂਰ ਦੇ ਪਿੰਡ ਰਜਿੰਦਰਾਪੁਰੀ 'ਰੰਚਣਾ', ਜੋ ਭਸੌੜ ਤੋਂ ਕਰੀਬ ਤਿੰਨ ਕਿਲੋਮੀਟਰ ਨਹਿਰ ਦੇ

**ਰਮੇਸ਼ਵਰ ਸਿੰਘ ਪਟਿਆਲਾ**
**ਫੋਨ: 91-99148-80392**

ਕੰਢੇ ਵਸਿਆ ਹੋਇਆ ਹੈ, ਦਾ ਰਹਿਣ ਵਾਲਾ ਹੈ। ਉਹ ਪਿਤਾ ਸ਼੍ਰੀ ਗੌਰੀ ਸ਼ੰਕਰ, ਮਾਤਾ ਯਸ਼ੋਧਾ ਦੇਵੀ ਦੇ ਘਰ ਪੈਦਾ ਹੋਇਆ। ਸਕੂਲ ਤੋਂ ਹੀ ਉਸ ਨੂੰ ਗਾਇਕੀ ਦਾ ਸ਼ੌਕ ਸੀ, ਪਰ ਘਰ ਦੇ ਮਾਹੌਲ ਕਾਰਨ ਉਨ੍ਹਾਂ ਦਾ ਇਹ ਸੁਪਨਾ ਸਾਕਾਰ ਨਾ ਹੋ ਸਕਿਆ। ਸਕੂਲ ਵਿਚ ਪੜ੍ਹਦਿਆਂ ਉਨ੍ਹਾਂ ਨੂੰ ਅਧਿਆਪਕਾਂ ਵੱਲੋਂ ਪ੍ਰਾਰਥਨਾ ਵਿਚ ਕੁਝ ਨਾ ਕੁਝ ਬੋਲਣ ਲਈ ਅਕਸਰ ਹੀ ਕਿਹਾ ਜਾਂਦਾ ਤੇ ਉਹ ਗੀਤ ਕਵਿਤਾਵਾਂ ਤਿਆਰ ਕਰਕੇ ਪ੍ਰਾਰਥਨਾ ਵਿਚ ਬੋਲਿਆ ਕਰਦੇ। ਫਿਰ ਇੱਕ ਦਿਨ ਉਨ੍ਹਾਂ ਨੇ ਸੋਚਿਆ ਕਿ ਕਿਉਂ ਨਾ ਆਪਣਾ ਖੁਦ ਦਾ ਗੀਤ ਲਿਖ ਕੇ ਗਾਇਆ ਜਾਵੇ ਤਾਂ ਉਨ੍ਹਾਂ ਨੇ ਨੌਵੀਂ ਜਮਾਤ ਵਿਚ ਪੜ੍ਹਦਿਆਂ 1969 ਵਿਚ "ਭੁੱਲ ਸਕਦੇ ਨਾ ਲੋਕੀਂ ਨਾਨਕੀ ਦੇ ਵੀਰ ਨੂੰ" ਲਿਖਿਆ। ਬਾਬੇ ਨਾਨਕ ਦੇ ਲਿਖੇ ਇਸ ਪਹਿਲੇ ਗੀਤ ਤੋਂ ਉਨ੍ਹਾਂ ਦੀ ਅਜਿਹੀ ਸ਼ੁਰੂਆਤ ਹੋਈ ਕਿ ਗੀਤਕਾਰੀ ਦੀ ਦੁਨੀਆਂ ਵਿਚ ਉਨ੍ਹਾਂ ਦੀ ਵੱਖਰੀ ਪਛਾਣ ਬਣ ਗਈ। ਉਨ੍ਹਾਂ ਨੂੰ ਬਚਪਨ ਤੋਂ ਹੀ ਕਿਤਾਬਾਂ ਪੜ੍ਹਨ ਦਾ ਸ਼ੌਕ ਸੀ। ਉਹ ਮੇਲਾ ਦੇਖਣ ਜਾਂਦੇ ਤਾਂ ਆਮ ਬੱਚਿਆਂ ਦੀ ਤਰ੍ਹਾਂ ਉਥੋਂ ਖਿਡਾਉਣੇ ਨਹੀਂ, ਸਗੋਂ ਕਿਤਾਬਾਂ ਖਰੀਦਦੇ। ਸ਼ੁਰੂਆਤੀ ਦੌਰ ਵਿਚ ਉਹ ਮੇਲਿਆਂ ਵਿਚੋਂ ਕਿੱਸੇ ਖਰੀਦ ਕੇ ਪੜ੍ਹਦੇ ਅਤੇ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਗੀਤ ਲਿਖਦੇ। ਉਨ੍ਹਾਂ ਨੇ ਹਰਨੇਕ ਸੋਹੀ ਨੂੰ ਆਪਣਾ ਉਸਤਾਦ ਧਾਰ ਕੇ ਗੀਤਕਾਰੀ ਦੀਆਂ ਬਾਰੀਕੀਆਂ ਸਿੱਖੀਆਂ।

ਮੂਲ ਚੰਦ ਦਾ ਲਿਖਿਆ ਪਹਿਲਾ ਗੀਤ ਗਾਇਕ ਜੋੜੀ ਕੇ. ਐਸ. ਪਰਦੇਸੀ ਤੇ ਨਿਰਮਲ ਕੌਰ ਨਿੰਮੀ ਦੀ ਅਵਾਜ਼ ਵਿਚ ਵਰਮਾ ਰਿਕਾਰਡਿੰਗ ਕੰਪਨੀ, ਮੋਗਾ 'ਚ ਆਇਆ। ਉਸ ਤੋਂ ਬਾਅਦ ਗੁਰਦਿਆਲ ਨਿਰਮਾਣ, ਕੇ. ਐਸ. ਪਰਦੇਸੀ, ਨਿਰਮਲ ਕੌਰ ਨਿੰਮੀ, ਕੁਲਦੀਪ ਮਾਣਕ, ਬਲਜੀਤ ਬੱਲੀ, ਤਰਸੇਮ ਸੇਮੀ, ਲਵਲੀ ਨਿਰਮਾਣ, ਅਨੀਤਾ ਸਮਾਣਾ, ਚਰਨਜੀਤ ਮਾਨ ਆਦਿ ਕਲਾਕਾਰਾਂ ਦੀਆਂ ਅਵਾਜ਼ਾਂ ਵਿਚ ਮੂਲ ਚੰਦ ਦੇ ਗੀਤ ਰਿਕਾਰਡ ਹੋਏ। ਉਨ੍ਹਾਂ ਸਮਿਆਂ ਵਿਚ ਮੂਲ ਚੰਦ ਨੂੰ ਐਚ. ਐਮ. ਵੀ. ਕੰਪਨੀ ਵੱਲੋਂ ਗੀਤਾਂ ਦੀ ਰਾਇਲਟੀ ਵੀ ਮਿਲਦੀ ਰਹੀ ਹੈ। ਉਨ੍ਹਾਂ ਦੇ ਚਰਚਿਤ ਗਾਣਿਆਂ ਵਿਚੋਂ ਕੁਝ ਗੀਤ ਇਸ ਪ੍ਰਕਾਰ ਹਨ: 'ਕੌਲੀ ਵਿਚ ਸਬਜ਼ੀ ਪਾ ਦੇ', 'ਪਾਣੀ ਦਾ ਜਗ ਫੜਾ ਦੇ' ਅਤੇ 'ਕੀਮਾ ਮਲਕੀ' (ਗੁਰਦਿਆਲ ਨਿਰਮਾਣ-ਹਰਵਿੰਦਰ ਬੀਬਾ), 'ਸੁਣ ਹਾਣਦੀਏ ਮੁਟਿਆਰੇ' ਅਤੇ 'ਚਾਦਰ 'ਤੇ ਬੂਟੇ ਪਾਉਂਦੀ ਨੂੰ' (ਲਵਲੀ ਨਿਰਮਾਣ) ਅਤੇ ਹੁਣ ਗਾਇਕ ਮਨਿੰਦਰ ਪ੍ਰੀਤ ਵੱਲੋਂ ਪਿਛਲੇ ਸਾਲ ਉਨ੍ਹਾਂ ਦਾ ਲਿਖਿਆ 'ਕੀ ਆਖਿਆ ਬਾਬੇ ਨਾਨਕ ਨੇ' ਅਤੇ ਇਸ ਸਾਲ ਲਿਖਿਆ 'ਬੰਬੀਹਾ' ਗਾਇਆ, ਜੋ ਲੋਕਾਂ ਵੱਲੋਂ ਬਹੁਤ ਹੀ ਪਸੰਦ ਕੀਤਾ ਗਿਆ।



ਗੀਤਕਾਰੀ ਦੇ ਨਾਲ ਨਾਲ ਹਰਨੇਕ ਸੋਹੀ ਨੇ ਮੂਲ ਚੰਦ ਨੂੰ ਧੂਰੀ ਸਾਹਿਤ ਸਭਾ ਨਾਲ ਵੀ ਜੋੜਿਆ, ਜਿੱਥੇ ਉਸ ਨੇ ਕਹਾਣੀ, ਕਵਿਤਾਵਾਂ ਤੇ ਗਜ਼ਲ ਦੇ ਖੇਤਰ ਵਿਚ ਸ਼ਲਾਘਾਯੋਗ ਪ੍ਰਾਪਤੀ ਕੀਤੀ। ਉਸ ਦੇ ਸੈਂਕੜੇ ਗੀਤ ਅਖਬਾਰਾਂ-ਰਸਾਲਿਆਂ ਅਤੇ ਸੰਪਾਦਿਤ ਪੁਸਤਕਾਂ ਵਿਚ ਛਪ ਚੁਕੇ ਹਨ। ਉਸ ਦੇ ਗੀਤਾਂ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਹਰ ਰੰਗ ਹੈ। ਉਹ ਪੰਜਾਬੀ ਸਾਹਿਤ ਸਭਾ, ਧੂਰੀ ਦਾ ਮੈਂਬਰ ਬਣਿਆ ਤੇ ਪਿਛਲੇ ਪੈਂਤੀ ਸਾਲਾਂ ਵਿਚ ਸਧਾਰਨ ਮੈਂਬਰ ਤੋਂ ਸ਼ੁਰੂ ਹੋ ਕੇ ਅੱਜ ਉਹ ਸਭਾ ਦਾ ਪ੍ਰਧਾਨ ਹੈ। ਰੇਡਿਓ ਤੇ ਦੂਰਦਰਸ਼ਨ ਦੇ ਕਵੀ-ਦਰਬਾਰਾਂ ਵਿਚ ਵੀ ਉਹ ਕਈ ਵਾਰ ਹਿੱਸਾ ਲੈ ਚੁਕਾ ਹੈ।

ਸਾਲ 2014 ਵਿਚ ਮੂਲ ਚੰਦ ਸ਼ਰਮਾ ਦਾ ਕਾਵਿ-ਸੰਗ੍ਰਹਿ 'ਪੱਥਰ 'ਤੇ ਲਕੀਰਾਂ' ਛਪਿਆ। ਪਾਠਕਾਂ, ਲੇਖਕਾਂ ਅਤੇ ਆਲੋਚਕਾਂ ਵੱਲੋਂ ਕਾਫੀ ਸਲਾਹਿਆ ਗਿਆ। ਪੰਜਾਬੀ ਲਿਖਾਰੀ ਸਭਾ ਰਾਮਪੁਰ (ਲੁਧਿਆਣਾ) ਦੇ ਪੁਸਤਕ ਮੁਕਾਬਲੇ ਵਿਚ 'ਜਸਵੰਤ ਸਿੰਘ ਧਮੋਟ ਯਾਦਗਰੀ ਐਵਾਰਡ' ਨਾਲ ਉਸ ਨੂੰ ਨਿਵਾਜਿਆ ਗਿਆ। ਪਿੰਡ ਦੇ ਲੋਕਾਂ ਨੇ ਯੂਥ ਸਪੋਰਟਸ ਕਲੱਬ ਅਤੇ ਗ੍ਰਾਮ ਪੰਚਾਇਤ ਰਾਹੀਂ ਉਸ ਨੂੰ 'ਪਿੰਡ ਦਾ ਮਾਣ ਐਵਾਰਡ' ਨਾਲ ਸਨਮਾਨਿਤ ਕੀਤਾ। ਗੀਤਕਾਰੀ ਵਿਚ ਉਨ੍ਹਾਂ ਦੀ ਕਲਮ ਸ਼ੁਰੂ ਤੋਂ ਹੀ ਉੱਚ ਪੱਧਰ ਦੇ ਗੀਤ ਰਚਦੀ ਆ ਰਹੀ ਹੈ।

ਅੱਜ ਕੱਲ੍ਹ ਮੂਲ ਚੰਦ ਸ਼ਰਮਾ ਦਾ ਇੱਕ ਵੱਖਰਾ ਹੀ ਇਨਕਲਾਬੀ ਰੰਗ ਅਖਬਾਰਾਂ, ਰਸਾਲਿਆਂ, ਮੈਗਜ਼ੀਨਾਂ ਵਿਚ ਪੜ੍ਹਨ ਨੂੰ ਮਿਲ ਰਿਹਾ ਹੈ। ਰੁਲਦੂ ਬੱਕਰੀਆਂ ਵਾਲੇ ਦੇ ਪਾਤਰ ਵਿਚੋਂ ਸਰਕਾਰਾਂ ਖਿਲਾਫ ਅਵਾਜ਼ ਬੁਲੰਦ ਕਰਦੀਆਂ ਉਨ੍ਹਾਂ ਦੀਆਂ ਕੁਝ ਰਚਨਾਵਾਂ ਇਸ ਤਰ੍ਹਾਂ ਹਨ,

ਬਾਜ ਵਰਗੇ ਪੰਜਾਬੀ ਅੰਨਦਾਤੇ
ਮੂੰਹ ਜ਼ੁਬਾਨੀਂ ਹੁਕਮ ਭੇਜ ਕੇ,
ਬੰਦ ਕਰਾ'ਤੀਆਂ ਰੇਲਾਂ।
ਬਲਦੀ ਅੱਗ ਨੂੰ ਹੋਰ ਬਾਲ'ਤਾ,
ਬਿਨ ਡੀਜਲ ਤੇ ਤੇਲਾਂ।
ਹੁਣ ਪੰਜਾਬ ਇਕੱਲਾ ਨਹੀਓਂ,
ਦੇਸ਼ ਨਾਲ ਹੈ ਸਾਡੇ,
ਜਦੋਂ ਅਚਿੰਤੇ ਬਾਜ ਪਏ,
ਤਾਂ ਵਿੱਸਰ ਜਾਣੀਆਂ ਕੇਲਾਂ।
(ਰੁਲਦੂ ਬੱਕਰੀਆਂ ਵਾਲਾ)

ਇਸ ਸਮੇਂ ਜੋ ਪੰਜਾਬ ਦੇ ਹਾਲਾਤ ਬਣੇ ਹੋਏ ਹਨ, ਉਨ੍ਹਾਂ ਦੀ ਕਲਮ ਕਿਰਤੀਆਂ, ਕਿਸਾਨਾਂ ਨਾਲ ਡਟ ਕੇ ਖੜ੍ਹੀ ਹੈ ਅਤੇ ਉਨ੍ਹਾਂ ਦੇ ਸੰਘਰਸ਼ ਵਿਚ ਪੈਰ ਧਰਨ ਲਈ ਲੋਕਾਂ ਨੂੰ ਪ੍ਰੇਰਿਤ ਅਤੇ ਜਾਗਰੂਕ ਵੀ ਕਰ ਰਹੀ ਹੈ।

ਕਿਸਾਨ ਆਗੂਆਂ ਨੂੰ
ਦਿੱਲੀ ਦੇ ਵੱਲ ਜਾਂਦਿਓ ਵੀਰੋ,
ਅਸੀਂ ਤੁਹਾਡੇ ਨਾਲ਼ ਖੜ੍ਹੇ ਹਾਂ।
ਅੱਗੇ ਤੋਂ ਵੀ ਲੜਦੇ ਰਹਾਂਗੇ,
ਜਿੰਦਾਂ ਹਾਲੇ ਤੱਕ ਲੜੇ ਹਾਂ।
ਜੇ ਕੋਈ ਗੱਲ ਸਿਰੇ ਨਾ ਲੱਗੀ,
ਹਾਕਮਾਂ ਤਾਈਂ ਦੱਸ ਕੇ ਆਇਓ,
ਹੁਣ ਸਾਡੇ 'ਚੋਂ ਹਵਾ ਨਾ ਲੰਘਣੀਂ,
ਕਿਉਂਕਿ ਫਾਨੇ ਵਾਂਗ ਅੜੇ ਹਾਂ।

ਅਸੀਂ ਇਹੋ ਅਰਦਾਸ ਕਰਦੇ ਹਾਂ ਕਿ ਬੁਲੰਦ ਹੌਸਲਿਆਂ ਨਾਲ ਲਿਖਣ ਵਾਲੀ ਇਹ ਕਲਮ ਇਨਕਲਾਬ ਦੇ ਰਾਹ 'ਤੇ ਤੁਰਦਿਆਂ ਆਪਣੀਆਂ ਸਾਹਿਤਕ, ਸਭਿਆਚਾਰਕ ਅਤੇ ਲਿਖਤਾਂ ਨਾਲ ਪੰਜਾਬੀ ਮਾਂ-ਬੋਲੀ ਦੇ ਵਿਹੜੇ ਨੂੰ ਰੁਸ਼ਨਾਉਂਦੀ ਅਤੇ ਲੋਕ ਅਵਾਜ਼ ਨੂੰ ਬੁਲੰਦ ਕਰਦੀ ਇਸੇ ਤਰ੍ਹਾਂ ਸੇਵਾ ਕਰਦੀ ਰਹੇ ਅਤੇ ਲੰਮੀਆਂ ਉਮਰਾਂ ਮਾਣੇ। ਮੂਲ ਚੰਦ ਸ਼ਰਮਾ ਨਾਲ ਸੰਪਰਕ ਫੋਨ: 91-94784-08898 ਰਾਹੀਂ ਕੀਤਾ ਜਾ ਸਕਦਾ ਹੈ।

## ਮੂਲ ਚੰਦ ਦੀਆਂ ਕੁਝ ਰਚਨਾਵਾਂ

### ਸੱਤਾਧਾਰੀ ਆਗੂ

ਹੋਰਾਂ ਨੂੰ ਸਮਝਾਉਣ ਤੁਰੇ ਸੀ,
ਆਪਣਿਆਂ ਨੂੰ ਸਮਝਾ ਨਾ ਹੋਇਆ।
ਦੂਜਿਆਂ ਦੇ ਘਰ ਸੰਨ੍ਹ ਲਾਉਣਾ ਸੀ,
ਆਪਣਾ ਘਰ ਬਚਾਅ ਨਾ ਹੋਇਆ।
ਕਹਿੰਦੇ ਸੀ ਪਿੰਡ ਪਿੰਡ ਜਾਵਾਂਗੇ,
ਹਰ ਇੱਕ ਦੇ ਘਰ ਤੱਕ ਪਹੁੰਚਾਂਗੇ,
ਆਪਣੇ ਘਰਾਂ 'ਚ ਕੈਦ ਹੋ ਗਏ,
ਗੇਟ ਤੋਂ ਬਾਹਰੇ ਆ ਨਾ ਹੋਇਆ।

---

### ਪੱਤੇ ਪੱਤੇ ਡਾਲ ਡਾਲ

ਚੁਣੇ ਹੋਏ ਨੁਮਾਇੰਦੇ ਜਿਸ ਦਿਨ
ਮਿਲਣ ਗਏ ਸੀ ਰਾਜਪਾਲ ਨੂੰ।
ਸੁਣਿਐਂ ਹੋਈ ਖੂਬ ਬੇਇੱਜਤੀ
ਦੱਸਿਆ ਏ ਸਿਮਰਜੀਤ ਹਾਲ ਨੂੰ।
ਨਾਮਜ਼ਦ ਵੱਡਾ ਕਿ ਵੱਡੇ
ਆਗੂ ਹੁੰਦੇ ਨੇ ਲੋਕਾਂ ਦੇ,
ਪੱਤਾ ਪੱਤਾ ਹੋਣਾ ਪਊਗਾ
ਜੇ ਕੋਈ ਜਾਂਦੈ ਡਾਲ ਡਾਲ ਨੂੰ।

ਮੰਡੀ ਦੇ ਵਿਚ ਝੋਨਾ ਸੁੱਟ ਕੇ
ਜੱਟ ਧਰਨੇ 'ਤੇ ਜਾਵੇ।
ਸਮੇਂ ਦੀਏ ਸਰਕਾਰੇ ਤੈਨੂੰ
ਤਰਸ ਰਤਾ ਨਾ ਆਵੇ।
ਅੰਦਰੋਂ ਇਹਨੂੰ ਤਬਾਹ ਕਰਨ ਦੀ
ਕਸਰ ਕੋਈ ਨਾ ਛੱਡੇਂ,
ਵੋਟਾਂ ਦਾ ਗੌਂਅ ਉੱਤੋਂ ਉੱਤੋਂ
ਅੰਨ ਦਾਤਾ ਅਖਵਾਵੇ।

---

### ਅਸੀਂ ਜਦੋਂ ਆਈ 'ਤੇ ਆਏ

ਤੇਰਾ ਹਾਕਮਾਂ ਵੇ ਘਰੋਂ ਬਾਹਰ
ਜਾਣ ਨਹੀਂਓਂ ਹੋਣਾ।
ਐਨਾ ਪੀਹਾਂਗੇ ਬਾਰੀਕ
ਤੈਥੋਂ ਛਾਣ ਨਹੀਂਓਂ ਹੋਣਾ
ਤੇਰੇ ਘਰਦਿਆਂ ਤੇ ਦੁਨੀਆਂ ਦੀ
ਗੱਲ ਬੜੀ ਦੂਰ,
ਤੈਥੋਂ ਸ਼ੀਸ਼ੇ ਵਿਚ ਚਿਹਰਾ
ਪਹਿਚਾਣ ਨਹੀਂਓਂ ਹੋਣਾ।

---

### ਅਸਲੀ ਆਜ਼ਾਦੀ

ਇੱਕ ਆਜ਼ਾਦੀ ਲਈ ਬਜ਼ੁਰਗਾਂ,
ਦੂਜੀ ਆਪਾਂ ਨੇ ਲੈਣੀ ਏਂ।
ਰੁਲਦੂ ਦੀ ਗੱਲ ਪੱਲੇ ਬੰਨ੍ਹ ਲੌ,
ਹੋਰ ਘੂਰ ਨ੍ਹੀਂ ਸਹਿਣੀ ਏਂ।
ਘਰ ਘਰ ਤੱਕ ਪੁਚਾਉਣਾ ਪੈਣਾ,
ਲੋਕ-ਰਾਜ ਦੇ ਅਰਥਾਂ ਨੂੰ,
ਹੱਕਾਂ ਵਾਲੇ ਹੱਕ ਲੈਣਗੇ,
ਕੋਈ ਕਮੀ ਨਾ ਰਹਿਣੀਂ ਏਂ।

---

### ਉੱਠੋ ਦੱਬੇ ਕੁਚਲੇ ਲੋਕੋ

ਮਸਲਾ 'ਕੱਲੀ ਕਿਸਾਨੀ ਦਾ ਨ੍ਹੀਂ,
ਮਸਲੇ ਹੋਰ ਬਥੇਰੇ।
ਸਭ ਨੂੰ ਸ਼ਾਮਲ ਹੋਣਾ ਪਊਗਾ,
ਪਾਉਣੇ ਪੈਣਗੇ ਘੇਰੇ।
'ਕੱਲੇ 'ਕੱਲੇ ਕਲਪੁਰਜੇ ਦੀ,
ਪਊ ਸਫਾਈ ਕਰਨੀ,
ਕਾਲੀ ਰਾਤ ਦਾ ਫਸਤਾ ਵੱਢ ਕੇ,
ਲਿਆਉਣੇ ਸੁਰਖ ਸਵੇਰੇ।

---

### ਚਮਕਦੇ ਜੁਗਨੂੰ

ਸੂਰਜ ਚੰਨ ਸਿਤਾਰੇ ਜੁਗਨੂੰ
ਲੱਗਣ ਬਹੁਤ ਪਿਆਰੇ ਜੁਗਨੂੰ।
ਅਰਥਾਂ ਭਰੀ ਲਿਆਕਤ ਹੁੰਦੇ,
ਸ਼ਬਦਾਂ ਨਾਲ ਸ਼ਿੰਗਾਰੇ ਜੁਗਨੂੰ।
ਮਨੋਰੰਜਨ ਨਾਲ ਸੇਧ ਬਖਸ਼ਦੇ,
ਗੀਤਾਂ ਦੇ ਵਣਜਾਰੇ ਜੁਗਨੂੰ।
ਪੰਜ ਆਬ ਦੇ ਵਾਸੀ ਨੇ ਇਹ,
ਸਾਰੇ ਜੱਗ ਤੋਂ ਨਿਆਰੇ ਜੁਗਨੂੰ।
ਕਾਲੀ ਰਾਤ ਖਤਮ ਹੋ ਜਾਵੇ,
'ਕੱਠੇ ਹੋਣ ਜੇ ਸਾਰੇ ਜੁਗਨੂੰ।
ਕੱਲ, ਅੱਜ ਨਾ ਕਦੇ ਭਲਕ ਨੂੰ,
ਹਨੇਰਿਆਂ ਤੋਂ ਨਾ ਹਾਰੇ ਜੁਗਨੂੰ।
ਦੂਰੋਂ ਹੀ ਇਹ ਜਾਣ ਪਛਾਣੇ,
ਦੀਵਿਆਂ ਵਾਂਗ ਨਿਖਾਰੇ ਜੁਗਨੂੰ।
ਚੰਨ-ਸਿਤਾਰੇ ਬਾਤਾਂ ਪਾਉਂਦੇ,
ਭਰਦੇ ਰਹਿਣ ਹੁੰਘਾਰੇ ਜੁਗਨੂੰ।
ਹਰ ਖੇਤਰ ਵਿਚ ਮੱਲਾਂ ਮਾਰਦੇ,
ਕਦੇ ਨਾ ਹੋਣ ਵਿਚਾਰੇ ਜੁਗਨੂੰ।
ਆਪਣੀ ਮੌਜ ਦੇ ਮਾਲਕ ਹੁੰਦੇ,
ਲੁੱਟਣ ਸਦਾ ਨਜ਼ਾਰੇ ਜੁਗਨੂੰ।

ਮੁੱਲ 'ਤਾਰ ਕੇ ਹੋਣ ਪ੍ਰਾਪਤ,
ਮਿਲਦੇ ਨਹੀਂ ਉਧਾਰੇ ਜੁਗਨੂੰ।
ਅੱਧ ਵਿਚਾਲੇ ਨਹੀਂ ਡੋਬਦੇ,
ਲਾਉਂਦੇ ਗੱਲ ਕਿਨਾਰੇ ਜੁਗਨੂੰ।
ਵੇਖ ਵੇਖ ਕੇ ਸੜਨ ਗੁਆਂਢੀ,
ਚੜ੍ਹਦੇ ਜਦੋਂ ਚੁਬਾਰੇ ਜੁਗਨੂੰ।
ਜਾਪਣ ਕਦੇ ਫੁੱਲਾਂ ਤੋਂ ਹੌਲੇ,
ਕਦੇ ਪਰਬਤੋਂ ਭਾਰੇ ਜੁਗਨੂੰ।
ਮੁੰਦਰਾਂ ਪਾ ਕੇ ਜੋਗੀ ਬਣ ਗਏ,
ਤੇਰੀ ਦੀਦ ਦੇ ਮਾਰੇ ਜੁਗਨੂੰ।
ਯਾਰ ਯਾਰਾਂ ਦੇ ਵੈਰੀ ਦੇ ਨਾਲ,
ਕਰਦੇ ਹੱਥ ਕਰਾਰੇ ਜੁਗਨੂੰ।
ਵੇਖੀਂ ਕਿਤੇ ਗੁਆ ਨਾ ਬੈਠੀਂ,
ਮਿਲਦੇ ਨਹੀਂ ਦੁਬਾਰੇ ਜੁਗਨੂੰ।
ਧਰਤੀ 'ਤੇ ਬਾਲਣ ਲਈ ਦੀਵੇ,
ਅੰਬਰੋਂ ਹੇਠ ਉਤਾਰੇ ਜੁਗਨੂੰ।
ਖੇਤਾਂ ਦੇ ਵਿਚ ਟਿਮਟਿਮਾਉਂਦੇ,
ਜਿਓਂ ਅੰਬਰ ਦੇ ਤਾਰੇ ਜੁਗਨੂੰ।
ਲੜਦੇ ਸਦਾ ਨੇ ਆਪਣੇ ਦਮ 'ਤੇ,
ਲੱਭਦੇ ਨਹੀਂ ਸਹਾਰੇ ਜੁਗਨੂੰ।
ਪਲ ਵਿਚ ਤੋਲਾ, ਪਲ ਵਿਚ ਮਾਸਾ,
ਰਹਿੰਦੇ ਨਾ ਹੰਕਾਰੇ ਜੁਗਨੂੰ।
ਕੁਦਰਤ ਨੇ ਜਿੰਨੇ ਕੁ ਬਖਸ਼ੇ,
ਪਾਉਂਦੇ ਨੇ ਲਿਸ਼ਕਾਰੇ ਜੁਗਨੂੰ।
ਸੁੱਤੇ ਲੋਕ ਜਗਾਉਂਦੇ ਰਹਿੰਦੇ,
ਡੱਗਾ ਮਾਰ ਨਗਾਰੇ ਜੁਗਨੂੰ।

ਆਪਣੇ ਹੱਥੀਂ ਖਤਮ ਕਰੇ ਜੋ,
ਮਿਲਣੇ ਨਹੀਂ ਦੁਬਾਰੇ ਜੁਗਨੂੰ।
ਕੀੜੇ ਮਾਰ ਦਵਾਈਆਂ ਪਾ ਪਾ,
ਆਪਣੇ ਹੱਥੀਂ ਮਾਰੇ ਜੁਗਨੂੰ।
ਸੱਤਿਅਮ, ਸ਼ਿਵਮ ਤੇ ਸੁੰਦਰਮ ਦੇ,
ਬੋਲਣ ਬੋਲ ਪਿਆਰੇ ਜੁਗਨੂੰ।
ਕਾਲੀਆਂ ਰਾਤਾਂ ਦੇ ਘਰ ਢੁੱਕਣਾ,
ਸਿਹਰੇ ਬੰਨ੍ਹ ਸ਼ਿੰਗਾਰੇ ਜੁਗਨੂੰ।
ਪਿੰਡ ਰੰਚਣਾ ਗਲੀ ਮੁਹੱਲੇ,
ਵਿਹੜਿਆਂ ਵਿਚ ਖਿਲਾਰੇ ਜੁਗਨੂੰ।
ਸੂਰਜ, ਚੰਨ, ਸਿਤਾਰੇ ਜੁਗਨੂੰ।
ਲਗਦੇ ਬਹੁਤ ਪਿਆਰੇ ਜੁਗਨੂੰ।

# ਜੋਗਿੰਦਰ ਸਿੰਘ ਜੋਗੀ ਦੀ ਆਪ ਬੀਤੀ

*(ਪਿਛਲੇ ਸਫੇ ਦੀ ਬਾਕੀ)*

ਸਨ। ਅਨਾਊਂਸਮੈਂਟ ਹੋਈ, ਜੋਗਿੰਦਰ ਸਿੰਘ ਇੰਡੀਆ ਫਸਟ। ਇਸ ਨੇ 16.22 ਮੀਟਰ ਗੋਲਾ ਸੁੱਟ ਕੇ ਏਸ਼ੀਆ ਦਾ ਨਵਾਂ ਰਿਕਾਰਡ ਰੱਖਿਆ ਹੈ। ਸੋਨੇ ਦਾ ਤਗਮਾ ਮੇਰੇ ਗਲ ਵਿਚ ਪਾ ਦਿੱਤਾ ਤੇ ਮੈਨੂੰ ਮੁਬਾਰਕਬਾਦ ਦਿੱਤੀ। ਤਾੜੀਆਂ ਦੀ ਅਵਾਜ਼ ਸ਼ਾਇਦ ਮੇਰੇ ਮੁਲਕ ਤਕ ਸੁਣ ਗਈ ਹੋਵੇ। ਤਿਰੰਗਾ ਚਾੜ੍ਹਨ ਦੀ ਰਸਮ ਵੇਲੇ ਜਨ ਗਨ ਮਨ ਗੂੰਜਿਆ ਤਾਂ ਸਾਰੇ ਦਰਸ਼ਕ ਉਠ ਖੜ੍ਹੇ ਹੋਏ। ਮੇਰੇ ਦੇਸ਼ ਦਾ ਝੰਡਾ ਉੱਚਾ ਚੜ੍ਹਦਾ ਵੇਖ ਕੇ ਮੇਰੀਆਂ ਅੱਖਾਂ ਵਿਚ ਖੁਸ਼ੀਆਂ ਦਾ ਦਰਿਆ ਵਗ ਪਿਆ। ਮੈਂ ਦਰਸ਼ਕਾਂ ਦੀਆਂ ਤਾੜੀਆਂ ਦਾ ਸਿਰ ਨਿਵਾ ਕੇ ਧੰਨਵਾਦ ਕੀਤਾ।

...ਅੱਜ ਫਿਰ 12 ਦਸੰਬਰ 1970 ਨੂੰ ਪੌਣੇ ਚਾਰ ਵਜੇ ਉਸੇ ਥਾਂ ਛੇਵੀਆਂ ਏਸ਼ੀਅਨ ਖੇਡਾਂ ਦਾ ਮੁਕਾਬਲਾ ਸੀ। 1966 ਵਾਲੇ ਜਪਾਨੀ ਤੇ ਇਰਾਨੀ ਮੁਕਾਬਲੇ ਵਿਚ ਸਨ। ਮੈਂ ਹਰ ਵਾਰ ਇਰਾਨ ਦੇ ਜਲਾਲ ਕਸ਼ਮੀਰੀ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਕੀਤੀ, ਪਰ ਚਾਰ ਵਾਰੀਆਂ ਤਕ ਉਹ ਅੱਗੇ ਹੀ ਰਿਹਾ। ਜਦੋਂ ਮੇਰੀ ਪੰਜਵੀਂ ਵਾਰੀ ਆਈ ਤਾਂ ਮੈਂ ਹੋਰ ਜੋਸ਼ ਭਰਿਆ। ਛੋਟੀ ਜਿਹੀ ਹਰਕਾਰੀ ਮਾਰੀ ਤੇ ਸਾਰੇ ਅੰਗ ਗੋਲੇ ਦੇ ਪਿੱਛੇ ਧੱਕਾ ਮਾਰਨ ਲਈ ਇਕੱਠੇ ਕੀਤੇ। ਮੈਂ ਤੇਜ਼ੀ ਨਾਲ ਗਲਾਈਡ ਲਈ। ਪੈਰ ਠੀਕ ਥਾਂ ਟਿਕਾ ਕੇ ਮੋਢੇ ਪੂਰੇ ਪਿੱਛੇ ਰੱਖ ਕੇ ਆਪਣੇ ਵੱਲੋਂ ਜਿੰਨਾ ਜ਼ੋਰ ਸੀ, ਲਾ ਦਿੱਤਾ। ਜ਼ੋਰ ਦਾ ਲਲਕਾਰਾ ਵੱਜਾ। ਮੇਰਾ ਗੋਲਾ ਇਰਾਨੀ ਦੇ ਗੋਲੇ ਤੋਂ ਅੱਗੇ ਜਾ ਡਿੱਗਾ। ਬਾਹਰੋਂ ਅਜਮੇਰ ਪਾਰਟੀ ਦੀ ਅਵਾਜ਼ ਸੁਣਾਈ ਦਿੱਤੀ, 'ਜੋਗੀ ਚੱਕ'ਤੇ ਫੱਟੇ!' ਜਦੋਂ ਇਹ ਗੋਲਾ ਮਿਣਿਆ ਤਾਂ 17.09 ਮੀਟਰ ਸੀ, ਜਿਹੜਾ ਜਲਾਲ ਕਸ਼ਮੀਰੀ ਨਾਲੋਂ ਵੱਧ ਸੀ। ਉਹਦੀ ਛੇਵੀਂ ਸੁੱਟ ਫਾਊਲ ਹੋ ਗਈ ਤੇ ਮੈਂ ਜੇਤੂ ਬਣ ਗਿਆ। ਇਕ ਸੁੰਦਰੀ ਗੋਲੇ ਦੀ ਜੇਤੂ ਤਿੱਕੜੀ ਨੂੰ ਵਿਕਟਰੀ ਸਟੈਂਡ ਕੋਲ ਲੈ ਗਈ। ਅਨਾਊਂਸਮੈਂਟ ਹੋਈ, 'ਜੋਗਿੰਦਰ ਸਿੰਘ ਇੰਡੀਆ ਫਸਟ। ਇਸ ਨੇ 17.09 ਮੀਟਰ ਗੋਲਾ ਸੁੱਟ ਕੇ ਏਸ਼ੀਆ ਦਾ ਨਵਾਂ ਰਿਕਾਰਡ ਕੀਤਾ ਹੈ।' ਉਸ ਵੇਲੇ ਮੇਰੀਆਂ ਅੱਖਾਂ ਵਿਚ ਖੁਸ਼ੀ ਦੇ ਸੋਮੇ ਫੁੱਟ ਪਏ!


ਬਾਹਰ ਆਉਂਦੇ ਹੀ ਦੋਸਤਾਂ ਤੇ ਟੀਮ ਵਾਲਿਆਂ ਨੇ ਮੈਨੂੰ ਹੱਥਾਂ 'ਤੇ ਚੁੱਕ ਲਿਆ। ਅਜਮੇਰ ਨੇ ਕੁਰਸੀ 'ਤੇ ਖੜ੍ਹ ਕੇ ਜੱਫੀ ਪਾਉਂਦਿਆਂ ਕਿਹਾ, "ਬਾਈ ਅੱਜ ਤਾਂ ਧੰਨ ਧੰਨ ਕਰਵਾ ਦਿੱਤੀ!" 400 ਮੀਟਰ ਦੌੜ ਦਾ ਏਸ਼ੀਆ ਚੈਂਪੀਅਨ ਅਜਮੇਰ ਸਿੰਘ ਆਪਣੇ ਤੋਂ ਗਿੱਠ ਉੱਚੇ ਸਾਢੇ 6 ਫੁੱਟੇ ਜੋਗੀ ਨੂੰ ਕੁਰਸੀ ਜਾਂ ਮੰਜੇ 'ਤੇ ਚੜ੍ਹ ਕੇ ਹੀ ਜੱਫੀ ਪਾਉਂਦਾ ਸੀ!

ਤਦ ਤਕ ਜੋਗਿੰਦਰ ਸਿੰਘ ਸਿਪਾਹੀ ਤੋਂ ਕੈਪਟਨ ਬਣ ਚੁਕਾ ਸੀ। 1968 ਵਿਚ ਉਸ ਨੂੰ ਅਰਜਨ ਅਵਾਰਡ ਨਾਲ ਸਨਮਾਨਿਆ ਗਿਆ ਅਤੇ ਉਹ ਮੇਜਰ ਦੇ ਅਹੁਦੇ 'ਤੇ ਅੱਪੜ ਕੇ ਫੌਜ ਵਿਚੋਂ ਰਿਟਾਇਰ ਹੋਇਆ। ਆਪਣੀ ਸਵੈਜੀਵਨੀ ਲਿਖਣ ਤੋਂ ਥੋੜ੍ਹੀ ਦੇਰ ਬਾਅਦ ਹੀ ਉਹ ਆਪਣੇ ਪੁਰਾਣੇ ਸਾਥੀ, ਟੋਕੀਓ ਓਲੰਪਿਕਸ ਵਿਚ 110 ਮੀਟਰ ਹਰਡਲਜ਼ ਦੌੜ 'ਚੋਂ ਪੰਜਵਾਂ ਸਥਾਨ ਲੈਣ ਵਾਲੇ ਗੁਰਬਚਨ ਸਿੰਘ ਰੰਧਾਵੇ ਦੇ ਘਰ ਚਾਹ ਪੀਂਦਿਆਂ ਦਿਲ ਦੇ ਦੌਰੇ ਨਾਲ ਅਚਾਨਕ ਚਲਾਣਾ ਕਰ ਗਿਆ। ਇੰਜ ਉਹ ਜੋਗੀਆਂ ਵਾਲੀ ਫੇਰੀ ਵਾਂਗ ਅਲੋਪ ਹੋਇਆ।

ਉਸ ਨੇ ਮੇਰੇ ਬਾਰੇ ਲਿਖਿਆ, "ਜਦੋਂ ਸਾਡਾ ਐਨ. ਆਈ. ਐੱਸ. ਵਿਚ ਕੈਂਪ ਲੱਗਾ, ਇਕ ਬੰਦਾ ਹਰ ਰੋਜ਼ ਸਾਡੇ ਕੋਲ ਆ ਕੇ ਬੈਠਾ ਰਹਿੰਦਾ ਸੀ। ਮੈਂ ਕਈ ਵਾਰ ਦਿਲ ਵਿਚ ਸੋਚਦਾ ਸਾਂ, ਇਸ ਦੇ ਖੇਡਾਂ ਦੇ ਸ਼ੌਕ ਨੂੰ ਤੇ ਮੰਨਦਾ ਹਾਂ, ਪਰ ਇਹ ਕਿਤੇ ਘਰੋਂ ਤਾਂ ਨਹੀਂ ਕੱਢਿਆ ਹੋਇਆ? ਉਹ ਗੱਲਾਂ ਗੱਲਾਂ ਵਿਚ ਬਹੁਤ ਸਾਰੇ ਸਵਾਲ ਵੀ ਕਰ ਜਾਂਦਾ ਸੀ। ਜਿਵੇਂ ਤੇਰਾ ਪਿੰਡ ਕਿਹੜਾ ਹੈ, ਕਿੰਨੇ ਭਰਾ ਓਂ, ਕਿੰਨਾ ਪੜ੍ਹਿਆ ਹੋਇਆ ਹੈਂ? ਕਦੋਂ ਫੌਜ ਵਿਚ ਗਿਆ ਤੇ ਕਿਵੇਂ ਗੋਲਾ ਸੁੱਟਣ ਦਾ ਸ਼ੌਕ ਜਾਗਿਆ? ਮੈਂ ਉਨ੍ਹਾਂ ਤੋਂ ਮੁਆਫੀ ਮੰਗ ਕੇ ਲਿਖਦਾ ਹਾਂ ਕਿ ਕਦੇ ਕਦੇ ਦਿਲ ਵਿਚ ਆਉਂਦਾ ਕਿ ਇਹ ਮੈਨੂੰ ਵੇਖਣ ਤਾਂ ਨਹੀਂ ਆਉਂਦਾ!

ਕੁਝ ਚਿਰ ਮਗਰੋਂ ਇਕ ਦਿਨ ਉਸ ਨੇ ਮੈਨੂੰ ਇਕ ਰਸਾਲਾ ਦਿੱਤਾ, ਜਿਸ ਵਿਚ ਮੇਰੇ ਬਾਰੇ ਲੇਖ ਸੀ, 'ਜੰਗਲੀ ਮੋਰ।' ਇਹ ਲੇਖ ਉਸੇ ਇਨਸਾਨ ਨੇ ਲਿਖਿਆ ਸੀ, ਜਿਹੜਾ ਸਾਥੋਂ ਹਰ ਰੋਜ਼ ਸੁਆਲ ਪੁੱਛਦਾ ਰਹਿੰਦਾ ਸੀ। ਮੈਂ ਇਨ੍ਹਾਂ ਦਾ ਹਮੇਸ਼ਾ ਰਿਣੀ ਰਹਾਂਗਾ। ਇਨ੍ਹਾਂ ਨੇ ਹੀ ਮੈਨੂੰ ਇਹ ਜੀਵਨੀ ਲਿਖਣ ਲਈ ਉਤਸ਼ਾਹ ਦਿੱਤਾ ਹੈ। ਇਹ ਇਨ੍ਹਾਂ ਦੀ ਦੇਣ ਹੈ। ਮੈਂ ਸਦਾ ਇਨ੍ਹਾਂ ਦਾ ਧੰਨਵਾਦੀ ਰਹਾਂਗਾ।"

'ਜੱਗ ਦੇ ਜੋਗੀ' ਦੀਆਂ ਆਖਰੀ ਸਤਰਾਂ ਹਨ, "ਇਹ ਜੋਗੀ ਵਾਲੀ ਫੇਰੀ ਸੀ, ਮੁੜ ਪਵੇ ਕਿ ਨਾ, ਇਹ ਚੰਗੀ ਸੀ ਜਾਂ ਮਾੜੀ ਸੀ, ਉਹ ਰੱਬ ਜਾਣੇ!"




***ਆਪਣੇ ਨਾਵਲ 'ਅੰਬਰ ਪਰੀਆਂ' ਵਿਚ ਬਲਜਿੰਦਰ ਨਸਰਾਲੀ ਨੇ ਅਜਿਹਾ ਬਿਰਤਾਂਤ ਸਿਰਜਿਆ ਜਿਹੜਾ ਪਾਠਕ ਨੂੰ ਸੋਚਣ ਲਾ ਦਿੰਦਾ ਹੈ। ਨਾਵਲ ਦਾ ਮੁੱਖ ਪਾਤਰ ਜਿਵੇਂ-ਜਿਵੇਂ ਜ਼ਿੰਦਗੀ ਦੇ ਪੌਡੇ ਚੜ੍ਹਦਾ ਜਾਂਦਾ ਹੈ, ਜੀਵਨ ਦੇ ਰਹੱਸ ਖੁੱਲ੍ਹਦੇ ਜਾਂਦੇ ਹਨ। ਇਸ ਦਿਲਚਸਪ ਨਾਵਲ ਦਾ ਇਕ ਕਾਂਡ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ ਜਿਸ ਵਿਚ ਉਹਨੇ ਬੜੀ ਸ਼ਿੱਦਤ ਨਾਲ ਮਲੇਰਕੋਟਲੇ ਦਾ ਜ਼ਿਕਰ ਕੀਤਾ ਹੈ ਅਤੇ ਮਨੁੱਖੀ ਜੀਵਨ ਵੱਖ-ਵੱਖ ਪਰਤਾਂ ਫਰੋਲੀਆਂ ਹਨ। -ਸੰਪਾਦਕ***

# ਮਲੇਰਕੋਟਲਾ



*ਮਲੇਰਕੋਟਲਾ ਦੀ ਸ਼ਾਹੀ ਰਿਹਾਇਸ਼ ਮੁਬਾਰਕ ਮੰਜ਼ਿਲ ਦਾ ਨਜ਼ਾਰਾ।*

**ਬਲਜਿੰਦਰ ਨਸਰਾਲੀ**

ਅੰਬਰ ਦੀ ਅਪੋਇੰਟਮੈਂਟ ਇਸਲਾਮੀਆ ਕਾਲਜ ਮਲੇਰਕੋਟਲਾ ਹੋਈ ਸੀ। ਇਕ ਸਾਲ ਉਹ ਆਪਣੇ ਪਿੰਡ ਵਾਲੇ ਘਰੋਂ ਹੀ ਜਾਂਦਾ ਰਿਹਾ। ਉਸ ਦੀ ਪਹਿਲੀ ਤਨਖਾਹ ਫੜਦੇ ਹੋਏ ਬਾਪੂ ਨੇ ਸਿਰ ਮੱਥੇ ਨਾਲ ਲਾਈ ਸੀ ਤੇ ਫਿਰ ਬੀਬੀ ਨੂੰ ਫੜਾਉਂਦਾ ਹੋਇਆ ਬੋਲਿਆ ਸੀ, "ਮੈਂ ਤਾਂ ਸਮਝਦਾ ਤੀ ਪ੍ਰੋਫੈਸਰਾਂ ਦੀ ਤਨਖਾਹ ਖਾਸੀ ਹੁੰਦੀ ਹੋਊ। ਛੇ ਹਜ਼ਾਰ ਰੁਪੈ ਮਹੀਨਾ ਤਾਂ ਕੁਸ਼ ਵੀ ਨੀ।"

"ਕੋਈ ਨੀਂ ਕੋਈ ਨੀਂ ਸਰਕਾਰੀ ਨੌਕਰੀ ਐ, ਖੇਤੀਬਾੜੀ ਤੋਂ ਬਚ ਗਿਆ। ਇਹੀ ਬਥੇਰੈ। ਸੌ ਰੁਪਈਆ ਗੁਰਦਵਾਰੇ ਚੜ੍ਹਾਇਆ ਗੁਰਸ਼ਿੰਦਰ ਕੁਰੇ। ਪਹਿਲੀ ਵਾਰ ਸਰਕਾਰੀ ਕਮਾਈ ਆਪਣੇ ਘਰ ਆਈ ਐ।" ਅਰਜਣ ਤਾਏ ਨੇ ਕਿਹਾ ਸੀ।

ਫਿਰ ਘਰਦਿਆਂ ਨੇ ਉਸ ਤੋਂ ਚੋਰੀ-ਚੋਰੀ ਮੰਜੀ ਸਾਹਬ ਗੁਰਦਵਾਰੇ ਵਿਚ ਆਖੰਡ ਪਾਠ ਬੁੱਕ ਕਰਵਾਇਆ ਸੀ ਤੇ ਕਿਰਨਜੀਤ ਨੂੰ ਨਾਲ ਲੈ ਕੇ ਭੋਗ ਪੁਆ ਆਏ ਸਨ। ਸ਼ੀਰੀ ਦੇ ਜਨਮ ਤੱਕ ਉਹ ਪਿੰਡ ਹੀ ਟਿਕੇ ਰਹੇ। ਜਦੋਂ ਕਿਰਨਜੀਤ ਦਾ ਆਪਣੀ ਜਠਾਣੀ ਨਾਲ ਮਨ-ਮੁਟਾਵ ਰਹਿਣ ਲੱਗਾ ਤਾਂ ਅਰਜਣ ਸਿੰਘ ਤੇ ਸ਼ਿੰਦਰ ਬੀਬੀ ਨੇ ਦੋਵਾਂ ਭਰਾਵਾਂ ਦਾ ਇਕੱਠ ਬਣਿਆ ਰੱਖਣ ਲਈ ਅੰਬਰ ਨੂੰ ਸ਼ਹਿਰ ਰਿਹਾਇਸ਼ ਕਰਨ ਦੀ ਸਲਾਹ ਦੇਣੀ ਸ਼ੁਰੂ ਕਰ ਦਿੱਤੀ।

"ਗੁਰਸ਼ਿੰਦਰ ਕੁਰੇ ਇਥੇ ਰਹਿਣਗੇ ਤਾਂ ਛੇਤੀ ਅੱਡ ਹੋ ਜਾਣਗੇ। ਛੋਟੀ ਸਿਆਣੀ ਐ ਅੰਬਰ ਨੂੰ ਦੱਸਦੀ ਨੀਂ। ਜੇ ਗੱਲ ਅੰਬਰ ਤੱਕ ਪਹੁੰਚਗੀ ਤਾਂ ਲੜਾਈ ਝਗੜਾ ਵਧੂ। ਵੱਡੀ ਸਾਰੀ ਗੱਲ ਮਨਦੀਪ ਨੂੰ ਦੱਸਦੀ ਐ। ਉਹਦਾ ਛੋਟੀ ਨੂੰ ਬੋਲਣ ਦਾ ਕੀ ਕੰਮ? ਛੋਟਾ ਮਲੇਰਕੋਟਲੇ ਰਹੂ ਤਾਂ ਦੂਰ-ਦੂਰ ਰਹਿ ਕੇ ਇਨ੍ਹਾਂ ਦਾ ਪਿਆਰ ਵੀ ਬਣਿਆ ਰਹੂ। ਸ਼ਹਿਰ ਰਹੂਗਾ ਤਾਂ ਸ਼ਹਿਰ ਵਿਚ ਘਰ ਬਣਾਉਣ ਬਾਰੇ ਵੀ ਸੋਚੂ।" ਪੁਰਾਣੀਆਂ ਛੇ ਪਾਸ ਸਿਹੁੰ ਲੰਮੀ ਸੋਚਦਾ ਸੀ।

ਸ਼ਹਿਰ ਰਿਹਾਇਸ਼ ਕਰਨ ਬਾਰੇ ਸੋਚਦੇ ਤਾਂ ਅੰਬਰ ਅਤੇ ਕਿਰਨਜੀਤ ਵੀ ਸਨ ਪਰ ਬਜ਼ੁਰਗਾਂ ਦੀ ਨਾਰਾਜ਼ਗੀ ਦੇ ਡਰੋਂ ਉਹ ਇਸ ਨੂੰ ਹੋਰ ਪਿੱਛੇ ਪਾਈ ਜਾਂਦੇ ਸਨ। ਜਦੋਂ ਸ਼ਿੰਦਰ ਬੀਬੀ ਨੇ ਖੁਦ ਹੀ ਇਹ ਗੱਲ ਆਖ ਦਿੱਤੀ ਤਾਂ ਅੰਬਰ ਅਤੇ ਕਿਰਨਜੀਤ ਨੇ ਹੋਰ ਦੇਰ ਨਾ ਕੀਤੀ। ਕਿਰਨਜੀਤ ਆਪਣੀ ਜਠਾਣੀ ਸੁੱਖੀ ਨਾਲ ਟਕਰਾਉਣ ਤੋਂ ਬਚਣਾ ਚਾਹੁੰਦੀ ਸੀ। ਅੰਬਰ ਨੇ ਆਪਣੇ ਕੁਝ ਵਿਦਿਆਰਥੀਆਂ ਤੇ ਸਹਿਕਰਮੀਆਂ ਨੂੰ ਮਕਾਨ ਲੱਭਣ ਲਈ ਕਿਹਾ।

ਅੰਬਰ ਨੇ ਮੁਸਲਿਮ ਪਰਿਵਾਰ ਵਿਚ ਮਕਾਨ ਲੱਭਣ ਨੂੰ ਪਹਿਲ ਦਿੱਤੀ। ਉਨ੍ਹਾਂ ਦੇ ਆਪਣੇ ਪਿੰਡ ਦੇ ਮੁਸਲਮਾਨ ਪਾਕਿਸਤਾਨ ਚਲੇ ਗਏ ਸਨ। ਉਸ ਨੂੰ ਮਲੇਰਕੋਟਲੇ ਵਿਚ ਮੁਸਲਮਾਨਾਂ, ਸਿੱਖਾਂ ਤੇ ਹਿੰਦੂਆਂ ਦੀ ਸਾਂਝੀ ਰਹਿਣੀ ਬਹਿਣੀ ਚੰਗੀ ਲੱਗਦੀ। ਬਚਪਨ ਵਿਚ ਉਹ ਜਦੋਂ ਕਦੇ ਆਪਣੇ ਮਾਮੇ ਜਾਂ ਬੀਬੀ ਨਾਲ ਮਲੇਰਕੋਟਲੇ ਆਉਂਦਾ ਤਾਂ ਉਸ ਨੂੰ ਲੱਗਦਾ ਜਿਵੇਂ ਉਹ ਕਿਸੇ ਅਜਬ ਸ਼ਹਿਰ ਵਿਚ ਆ ਗਿਆ ਹੋਵੇ। ਉਦੋਂ ਕਾਲੇ ਬੁਰਕਿਆਂ ਵਾਲੀਆਂ ਔਰਤਾਂ ਅਤੇ ਚਿੱਟੀਆਂ ਟੋਪੀਆਂ ਵਾਲੇ ਮੁਸਲਮਾਨ ਅਜੀਬ ਪਰ ਆਕਰਸ਼ਕ ਲੱਗਦੇ। ਵੱਡੇ ਹੋ ਕੇ ਤਾਂ ਜਦੋਂ ਉਹ ਇਸ ਸ਼ਹਿਰ ਵਿਚੋਂ ਲੰਘਦਾ ਤਾਂ ਘੰਟਾ ਦੋ ਘੰਟੇ ਬਾਜ਼ਾਰਾਂ ਵਿਚ ਘੁੰਮਣ ਤੇ ਜ਼ਰੂਰ ਲਗਾਉਂਦਾ। ਉਦੋਂ ਉਸ ਨੂੰ ਪਤਾ ਨਹੀਂ ਸੀ ਲੱਗਦਾ ਕਿ ਇਹ ਸ਼ਹਿਰ ਉਸ ਨੂੰ ਕਿਉਂ ਖਿੱਚਦਾ ਸੀ।

ਬਾਅਦ ਵਿਚ ਅੰਬਰ ਨੇ ਖੋਜ ਪੇਪਰ ਲਿਖਣ ਲਈ ਜਦੋਂ 1947 ਦੀ ਦੇਸ਼ ਵੰਡ ਨਾਲ ਸੰਬੰਧਿਤ ਕਹਾਣੀਆਂ ਅਤੇ ਨਾਵਲਾਂ ਦਾ ਅਧਿਐਨ ਕੀਤਾ ਤਾਂ ਇਹ ਸ਼ਹਿਰ ਹੋਰ ਵਧੇਰੇ ਸਪਸ਼ਟ ਹੋ ਕੇ ਉਸ ਦੇ ਸਾਹਮਣੇ ਆ ਗਿਆ। ਚੜ੍ਹਦੇ ਤੇ ਲਹਿੰਦੇ ਦੋਵਾਂ ਪੰਜਾਬਾਂ ਵਿਚ ਇਹ ਇਕੋ-ਇਕ ਸ਼ਹਿਰ ਬਚਿਆ ਸੀ ਜਿਹੜਾ 1947 ਤੋਂ ਪਹਿਲਾਂ ਦੇ ਪੰਜਾਬੀ ਸ਼ਹਿਰਾਂ ਵਰਗਾ ਸੀ; ਜਿਹੜਾ ਇਹ ਦੱਸਦਾ ਸੀ ਕਿ ਜੇਕਰ ਦੇਸ਼ ਵੰਡ ਨਾ ਹੁੰਦੀ ਤਾਂ ਪੰਜਾਬ ਦੇ ਸਾਰੇ ਸ਼ਹਿਰ ਇਹੋ ਜਿਹੇ ਹੋਣੇ ਸਨ। ਮਲੇਰਕੋਟਲਾ ਰਿਆਸਤ ਦੇ ਖੇਤਰ ਵਿਚ ਅਜੇ ਵੀ ਇਹੋ ਜਿਹੇ ਪਿੰਡ ਸਨ ਜਿਹੜੇ 1947 ਤੋਂ ਪਹਿਲਾਂ ਦੇ ਪੰਜਾਬ ਦੇ ਪਿੰਡਾਂ ਦੇ ਨਮੂਨੇ ਸਨ; ਜਿਨ੍ਹਾਂ ਵਿਚ ਅਜੇ ਵੀ ਮੁਸਲਮਾਨ ਕਿਸਾਨ ਵਸਦੇ ਸਨ। ਜਦੋਂ ਕਿਸੇ ਸਿੱਖ ਜਾਂ ਮੁਸਲਮਾਨ ਜਾਂ ਹਿੰਦੂ ਪਰਿਵਾਰ ਵਿਚ ਮਰਗ ਹੁੰਦੀ ਸੀ ਤਾਂ ਦਿੱਤਾ ਜਾਣ ਵਾਲਾ ਦਾਨ ਸਿਰਫ ਆਪਣੇ ਧਾਰਮਿਕ ਸਥਾਨ ਲਈ ਨਹੀਂ ਬਲਕਿ ਤਿੰਨਾਂ ਧਾਰਮਿਕ ਸਥਾਨਾਂ ਲਈ ਹੁੰਦਾ ਸੀ। ਸ਼ਹਿਰ ਦੇ ਆਲੇ ਦੁਆਲੇ ਦੇ ਪਿੰਡਾਂ ਅਤੇ ਕਲੋਨੀਆਂ ਵਿਚ ਕੰਬੋਅ ਮੁਸਲਮਾਨਾਂ ਦੀ ਵੱਡੀ ਗਿਣਤੀ ਵਸਦੀ ਸੀ। ਉਹ ਅਪਣੀਆਂ ਥੋੜ੍ਹੀਆਂ-ਥੋੜ੍ਹੀਆਂ ਜ਼ਮੀਨਾਂ ਤੇ ਵੀ ਸੰਘਣੀ ਖੇਤੀ ਰਾਹੀਂ ਖਾਸੀਆਂ ਸਬਜ਼ੀਆਂ ਪੈਦਾ ਕਰਦੇ ਸਨ। ਸਬਜ਼ੀਆਂ ਦੀ ਪੈਦਾਵਾਰ ਵਿਚ ਮਲੇਰਕੋਟਲੇ ਨੇ ਉਤਰੀ ਭਾਰਤ ਵਿਚ ਵਡੇਰਾ ਮੁਕਾਮ ਹਾਸਲ ਕੀਤਾ ਹੋਇਆ ਸੀ। ਇੱਥੋਂ ਦਿੱਲੀ, ਗੁਜਰਾਤ ਤੇ ਜੰਮੂ ਕਸ਼ਮੀਰ ਨੂੰ ਰੋਜ਼ਾਨਾ ਸਬਜ਼ੀਆਂ ਦੇ ਟਰੱਕ ਭਰ-ਭਰ ਨਿਕਲਦੇ ਸਨ।

ਅੰਬਰ ਦੇ ਆਪਣੇ ਪਿੰਡ ਈਸੜੂ ਦਾ ਮੁਹਾਣ ਖੰਨੇ ਸ਼ਹਿਰ ਵੱਲ ਸੀ। ਮਲੇਰਕੋਟਲੇ ਵੱਲ ਉਨ੍ਹਾਂ ਦੀ ਪਿੱਠ ਰਹੀ ਸੀ। ਉਹ ਪੜ੍ਹਿਆ ਵੀ ਖੰਨੇ ਸ਼ਹਿਰ ਹੀ ਸੀ। ਉਨ੍ਹਾਂ ਦੀ ਕਲਾਸ ਵਿਚ ਇਕ ਵੀ ਮੁਸਲਮਾਨ ਮੁੰਡਾ ਕੁੜੀ ਨਹੀਂ ਸੀ। ਹੁਣ ਜਦੋਂ ਕਾਲਜ ਵਿਚ ਉਹ ਕਲਾਸਾਂ ਲੈਣ ਲੱਗਾ ਤਾਂ ਉਸ ਨੂੰ ਜਾਪਦਾ ਜਿਵੇਂ ਉਹ ਹੋਰ ਹੀ ਦੁਨੀਆ ਵਿਚ ਆ ਗਿਆ ਸੀ।

"ਬੇਨਜ਼ੀਰ ਤੂੰ ਉਹ ਕਿਤਾਬ ਪੜ੍ਹ ਲਈ? ਦੱਸ ਕੀ ਸਮਝ ਆਇਆ?"

"ਹਦੀਸ ਮੁਹੰਮਦ ਜੀ ਤੁਹਾਡੀ ਸਜ਼ਾ ਇਹ ਹੈ ਕਿ ਤੁਸੀਂ ਪੂਰਾ ਪੀਰੀਅਡ ਲਾਇਬਰੇਰੀ ਜਾ ਕੇ ਸ਼ਹੀਦ ਭਗਤ ਸਿੰਘ ਦਾ ਲੇਖ 'ਮੈਂ ਨਾਸਤਿਕ ਕਿਉਂ ਹਾਂ' ਪੜ੍ਹਨ 'ਤੇ ਲਗਾਉਣਾ। ਤੇ ਫਿਰ ਕੱਲ੍ਹ ਨੂੰ ਕਲਾਸ ਵਿਚ ਆ ਕੇ ਦੱਸਣਾ ਕਿ ਲੇਖ ਦਾ ਸਾਰ ਅੰਸ਼ ਕੀ ਹੈ, ਜਾਉ।"

"ਤਰੁਣਜੀਤ, ਤੂੰ ਖੁਸ਼ਵੰਤ ਸਿੰਘ ਦੀ 'ਸਿੱਖ ਇਤਿਹਾਸ' ਪੜ੍ਹ ਲਈ ਐ, ਤੇ ਤੂੰ ਕੱਲ੍ਹ ਨੂੰ ਕਲਾਸ ਵਿਚ ਉਸ ਦਾ ਸੰਖੇਪ ਸੁਣਾਉਣੈ।"

ਇਨ੍ਹਾਂ ਨਾਵਾਂ ਨੇ ਅੰਬਰ ਨੂੰ ਊਰਜਿਤ ਕੀਤਾ ਸੀ ਤੇ ਅੰਬਰ ਤੋਂ ਇਹ ਨਾਂ ਊਰਜਿਤ ਹੋਏ ਸਨ। ਜਦੋਂ ਅੰਬਰ ਮਲੇਰਕੋਟਲਾ ਛੱਡ ਕੇ ਜੰਮੂ ਚਲਾ ਗਿਆ ਤਾਂ ਉਸ ਨੂੰ ਕੋਈ ਬੇਨਾਮ ਫੋਨ ਆਇਆ ਸੀ, "ਤੁਸੀਂ ਇਸ ਇਲਾਕੇ ਵਿਚ ਸੈਂਕੜੇ ਨਹੀਂ, ਹਜ਼ਾਰਾਂ ਚਿਰਾਗ ਬਾਲ ਕੇ ਰੱਖ ਗਏ ਓਂ ਬਾਈ ਜੀ, ਜਿਉਂਦੇ ਵਸਦੇ ਰਹੋ।"

ਅੰਬਰ ਨੂੰ ਆਪਣੇ ਦੋਸਤ ਸ਼ੌਕਤ ਅਲੀ ਦਾ ਦਿਖਾਇਆ ਮਕਾਨ ਪਸੰਦ ਆ ਗਿਆ। ਅੰਬਰ ਨੇ ਆਪਣੇ ਵਿਆਹ ਵਿਚ ਦਹੇਜ ਨਹੀਂ ਲਿਆ ਸੀ। ਉਸ ਨੇ ਮਲੇਰਕੋਟਲੇ ਵਿਚ ਆਪਣੇ ਘਰ ਦੀ ਸ਼ੁਰੂਆਤ ਸਸਤੇ ਬੈੱਡਾਂ ਦੀ ਜੋੜੀ ਨਾਲ ਕੀਤੀ। ਉਸ ਨੇ ਦੋ ਕੁਰਸੀਆਂ ਅਤੇ ਮੇਜ਼ ਵੀ ਸ਼ੌਕਤ ਦੇ ਸਾਥ ਵਿਚ ਖਰੀਦ ਲਏ।

ਸ਼ੌਕਤ ਅਲੀ ਡੇਹਲੋਂ ਬਲਾਕ ਵਿਚ ਬੀ.ਡੀ.ਪੀ.ਓ. ਵਜੋਂ ਤਾਇਨਾਤ ਸੀ। ਉਹ ਅੰਬਰ ਨਾਲ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਪੜ੍ਹਿਆ ਸੀ। ਹੋਸਟਲ ਵਿਚ ਉਨ੍ਹਾਂ ਦੇ ਕਮਰੇ ਆਹਮੋ-ਸਾਹਮਣੇ ਸਨ ਤੇ ਦੋਵੇਂ ਕਿਸੇ ਨੂੰ ਨਹੀਂ ਜਾਣਦੇ ਸਨ। ਕਮਰਾ ਅਲਾਟ ਹੁੰਦੇ ਹੀ ਉਨ੍ਹਾਂ ਦੀ ਜਾਣ-ਪਛਾਣ ਹੋ ਗਈ ਸੀ ਤੇ ਉਹ ਸ਼ਾਮੀਂ ਪੰਦਰਾਂ ਸੈਕਟਰ ਦੀ ਮਾਰਕੀਟ ਘੁੰਮਣ ਗਏ ਸਨ।

ਸ਼ੌਕਤ ਅਲੀ ਕੰਬੋਅ ਕਿਸਾਨੀ ਪਰਿਵਾਰ ਵਿਚੋਂ ਸੀ। ਉਸ ਦੇ ਦੋ ਭਰਾ ਟਰੈਕਟਰ ਰੱਖ ਕੇ ਖੇਤੀ ਕਰਦੇ ਸਨ। ਸ਼ੌਕਤ ਅਲੀ ਕੰਪਾਰਮੈਂਟਾਂ ਤੇ ਇੰਪਰੂਵਮੈਂਟਾਂ ਕਲੀਅਰ ਕਰਦਾ-ਕਰਦਾ ਪੰਜਾਬ ਯੂਨੀਵਰਸਿਟੀ ਵਿਚ ਅਰਥ ਸ਼ਾਸਤਰ ਦੀ ਐਮ.ਏ. ਵਿਚ ਦਾਖਲ ਹੋ ਗਿਆ ਸੀ। ਉਸ ਦਾ ਭਾਈਚਾਰਾ ਪਛੜਿਆ ਹੋਇਆ ਸੀ ਤੇ ਕੋਈ-ਕੋਈ ਪਰਿਵਾਰ ਹੀ ਕੁੜੀਆਂ ਨੂੰ ਪੜ੍ਹਾਉਂਦਾ ਸੀ। ਸ਼ੌਕਤ ਨੂੰ ਕਿਸੇ



*ਬੇਗਮ ਮੁਨੱਬਰ-ਉਨ-ਨਿਸਾ*

ਨੇ ਬੀ.ਐਡ. ਕਾਲਜ ਵਿਚ ਕਿਸੇ ਮੁਸਲਮਾਨ ਕੁੜੀ ਦੇ ਪੜ੍ਹਦੀ ਹੋਣ ਬਾਰੇ ਦੱਸ ਪਾਈ ਸੀ। ਉਹ ਉਨ੍ਹਾਂ ਦੀ ਜਾਤ ਦੀ ਸੀ ਤੇ ਸੋਹਣੀ ਸੀ। ਸ਼ੌਕਤ ਅੰਬਰ ਨਾਲ ਉਸ ਕੁੜੀ ਨੂੰ ਮਿਲਣ ਦੀਆਂ ਵਿਉਂਤਾਂ ਬਣਾਉਂਦਾ। ਸਮੱਸਿਆ ਇਹ ਸੀ ਕਿ ਉਹ ਕੁੜੀਆਂ ਦਾ ਕਾਲਜ ਸੀ ਤੇ ਮੁੰਡਿਆਂ ਨੂੰ ਉਸ ਦੇ ਨੇੜੇ-ਤੇੜੇ ਵੀ ਫੜਕਣ ਨਹੀਂ ਦਿੱਤਾ ਜਾਂਦਾ ਸੀ। ਅੰਬਰ ਨੇ ਸ਼ੌਕਤ ਤੋਂ ਚਾਰ ਵਧਾਈ ਕਾਰਡ ਉਸ ਕੁੜੀ ਨੂੰ ਭਿਜਵਾਏ। ਇਕ ਈਦ ਦਾ, ਦੂਜਾ ਦੀਵਾਲੀ ਦਾ, ਤੀਜਾ ਕ੍ਰਿਸਮਿਸ ਦਾ ਤੇ ਆਖਰੀ ਨਵੇਂ ਸਾਲ ਦਾ। ਉਹ ਥੱਲੇ ਲਿਖਦੇ; ਸ਼ੌਕਤ ਅਲੀ, ਡੂਇੰਗ ਐਮ.ਏ. ਇਕਨੌਮਿਕਸ, ਕਮਰਾ ਨੰਬਰ 56, ਬਲਾਕ ਨੰਬਰ 5, ਹੋਸਟਲ ਨੰਬਰ 1, ਪੰਜਾਬ ਯੂਨੀਵਰਸਿਟੀ।

ਆਖਰੀ ਕਾਰਡ ਦੇ ਮਿਲਣ ਤੋਂ ਚਾਰ ਦਿਨ ਬਾਅਦ ਹੀ ਉਹ ਕੁੜੀ ਸ਼ੌਕਤ ਨੂੰ ਮਿਲਣ ਆ ਗਈ। ਘਬਰਾਇਆ ਹੋਇਆ ਸ਼ੌਕਤ ਉਸ ਦੇ ਕਮਰੇ ਵਿਚ ਆਇਆ।

"ਉਹ ਆਗੀ...!" ਉਸ ਨੇ ਕਿਹਾ।

"ਕੌਣ?"

"ਸੋਹਾਨਾ ਜਾਨਮ।" ਸ਼ੌਕਤ ਦਾ ਜੁਆਬ ਕੁਝ ਇਸ ਤਰ੍ਹਾਂ ਦਾ ਸੀ ਜਿਵੇਂ ਉਹ ਅੰਬਰ ਨੂੰ ਕਹਿਣਾ ਚਾਹੁੰਦਾ ਹੋਵੇ ਕਿ ਤੂੰ ਹੀ ਮੇਰੇ ਪਿੱਛੇ ਪਾਈ ਹੈ। ਹੁਣ ਸਾਂਭ।

"ਕੋਈ ਗੱਲ ਨੀਂ, ਆਪਾਂ ਉਸ ਨੂੰ ਮਿਲਦੇ ਆਂ, ਤੂੰ ਤਿਆਰ ਹੋ।"

ਇਕ ਮੁੰਡੇ ਨੇ ਉਸ ਨੂੰ ਸੁਨੇਹਾ ਦਿੱਤਾ ਸੀ ਕਿ ਸੋਹਾਨਾ ਜਾਨਮ ਨਾਂ ਦੀ ਕੁੜੀ ਉਸ ਨੂੰ ਮਿਲਣ ਆਈ ਹੈ। ਉਹ ਗੈਸਟ ਰੂਮ ਵਿਚ ਬੈਠੀ ਉਸ ਦਾ ਇੰਤਜ਼ਾਰ ਕਰ ਰਹੀ ਹੈ। ਅੰਬਰ ਪਹਿਲਾਂ ਆਪ ਤਿਆਰ ਹੋਇਆ। ਫਿਰ ਉਸ ਨੇ ਸ਼ੌਕਤ ਦੇ ਨਹਾ ਕੇ ਆਉਣ ਤੋਂ ਪਹਿਲਾਂ-ਪਹਿਲਾਂ ਉਸ ਦੀ ਅਲਮਾਰੀ ਵਿਚੋਂ ਉਸ ਦੇ ਕੱਪੜਿਆਂ ਵਿਚੋਂ ਪੈਂਟ ਕਮੀਜ਼ ਦੀ ਚੋਣ ਕੀਤੀ। ਆਪਣੇ ਕਮਰੇ ਵਿਚੋਂ ਪਾਲਿਸ਼ ਲਿਆ ਕੇ ਉਹ ਉਸ ਦੀ ਜੁੱਤੀ ਚਮਕਾਉਣ ਲੱਗਾ।

"ਸ਼ੌਕਤ ਯਾਰ, ਕੋਈ ਇਕ ਅੱਧਾ ਸੂਟ ਤਾਂ ਢੰਗ ਸਿਰ ਦਾ ਲੈ ਕੇ ਰੱਖਿਆ ਕਰ।" ਸਿਰ ਵਿਚ ਤੌਲੀਆ ਘਸਾਉਂਦੇ ਆ ਰਹੇ ਸ਼ੌਕਤ ਨੂੰ ਅੰਬਰ ਨੇ ਕਿਹਾ। ਸ਼ੌਕਤ ਭਾਵੇਂ ਖਾਂਦੇ-ਪੀਂਦੇ ਘਰੋਂ ਸੀ ਪਰ ਉਹ ਬਹੁਤ ਸਾਦ-ਮੁਰਾਦੇ ਪਰਿਵਾਰ ਵਿਚੋਂ ਸੀ। ਚੰਡੀਗੜ੍ਹ ਪਹੁੰਚ ਕੇ ਵੀ ਉਸ ਨੇ ਮਲੇਰਕੋਟਲੇ ਵਾਲਾ ਰੰਗ ਛੱਡਿਆ ਨਹੀਂ ਸੀ।

ਗੈਸਟ ਰੂਮ ਵਿਚ ਵੜਦੀ ਸਾਰ ਹੀ ਉਨ੍ਹਾਂ ਨੂੰ ਇਤਰ ਦੀ ਖੁਸ਼ਬੂ ਨੇ ਸਰਸ਼ਾਰ ਕਰ ਦਿੱਤਾ। ਸੋਹਾਨਾ ਏਨੀ ਸੋਹਣੀ ਤੇ ਸ਼ੁਕੀਨਣ ਕੁੜੀ ਸੀ ਕਿ ਦੋਵਾਂ ਨੇ ਬਿਨਾ ਕੋਈ ਆਪਸੀ ਮਸ਼ਵਰਾ ਕੀਤਿਆਂ ਇਹ ਸਮਝ ਲਿਆ ਕਿ ਸ਼ੌਕਤ ਉਸ ਦੇ ਯੋਗ ਨਹੀਂ ਸੀ। ਉਨ੍ਹਾਂ ਨੇ ਵਾਰੀ-ਵਾਰੀ ਗੱਲ ਕਰਦਿਆਂ ਉਸ ਨੂੰ ਆਪਣਾ ਉਦੇਸ਼ ਤਾਂ ਦੱਸ ਦਿੱਤਾ ਪਰ ਲਹਿਜ਼ੇ ਵਿਚੋਂ ਇਹ ਝਲਕਦਾ ਸੀ ਕਿ ਹੁਣ ਉਹ ਉਸ ਨੂੰ ਦੇਖਣ ਤੋਂ ਬਾਅਦ ਸਮਝ ਗਏ ਸਨ ਕਿ ਉਨ੍ਹਾਂ ਦਾ ਵਿਆਹ ਸੰਭਵ ਨਹੀਂ ਸੀ।

"ਮੈਂ ਤੁਹਾਡੇ ਦੀਵਾਲੀ ਤੇ ਕ੍ਰਿਸਮਿਸ ਦੇ ਕਾਰਡ ਦੇਖ ਕੇ ਏਨਾ ਹੱਸੀ ਕਿ ਮੈਂ ਸੋਚਿਆ, ਦੇਖ ਕੇ ਆਵਾਂ ਕਿ ਇਹ ਸ਼ੌਕਤ ਅਲੀ ਬੰਦਾ ਹੈ ਕੌਣ?" ਸੋਹਾਨਾ ਹੱਸੀ।

"ਈਦ ਤੋਂ ਬਾਅਦ ਵਾਲਾ ਕਾਰਡ ਇਸ ਦੀ ਹਿੰਮਤ ਸੀ।" ਸ਼ੌਕਤ ਨੇ ਅੰਬਰ ਵੱਲ ਇਸ਼ਾਰਾ ਕੀਤਾ।

"ਮੈਂ ਸ਼ਿਮਲੇ ਦੀ ਰਹਿਣ ਵਾਲੀ ਹਾਂ।" ਸੋਹਾਨੇ ਨੇ ਰੁਮਾਲ ਨੂੰ ਬੁੱਲ੍ਹਾਂ 'ਤੇ ਇਸ ਤਰ੍ਹਾਂ ਲਗਾਇਆ ਕਿ ਬਾਹਰ ਆ ਗਈ ਗਿਲ ਸਾਫ ਵੀ ਹੋ ਜਾਵੇ ਤੇ ਲਿਪਸਟਿਕ ਵੀ ਖਰਾਬ ਨਾ ਹੋਵੇ, "ਸੌਰੀ, ਮੈਂ ਆਖ ਰਹੀ ਸੀ ਕਿ ਮੈਂ ਵਿਆਹ ਵੀ ਸ਼ਿਮਲੇ ਹੀ ਕਰਾਵਾਂਗੀ। ਪੰਜਾਬ ਦੇ ਸ਼ਹਿਰਾਂ ਵਿਚ ਪਲੂਸ਼ਨ ਬਹੁਤ ਹੈ, ਬਾਕੀ ਮੇਰੇ ਪਾਪਾ ਨੇ ਹੀ ਕਰਨਾ ਜੋ ਕਰਨਾ।" ਉਨ੍ਹਾਂ ਨੇ ਉਸ ਨੂੰ ਲੰਚ ਕਰਵਾਇਆ ਕਿਉਂਕਿ ਲੰਚ ਦਾ ਸਮਾਂ ਹੋ ਗਿਆ ਸੀ। ਸ਼ੌਕਤ ਉਸ ਨੂੰ ਬਹੁਤੀਆਂ ਗੱਲਾਂ ਅੰਬਰ ਨਾਲ ਕਰਦਿਆਂ ਦੇਖ ਕੇ ਤਿੰਨਾਂ ਵਾਸਤੇ ਲੰਚ ਦਾ ਆਰਡਰ ਦੇਣ ਲਈ ਮੈੱਸ ਵੱਲ ਚਲਿਆ ਗਿਆ ਸੀ।

ਮਲੇਰਕੋਟਲੇ ਵਿਚ ਮੁਰਗੇ ਤੇ ਮੀਟ ਦਾ ਬਹੁਤਾ ਕਾਰੋਬਾਰ ਮੁਸਲਮਾਨ ਹੀ ਕਰਦੇ ਸਨ। ਇਸ ਲਈ ਸਭ ਨੂੰ ਪਤਾ ਸੀ ਕਿ ਉਨ੍ਹਾਂ ਦੀਆਂ ਦੁਕਾਨਾਂ 'ਤੇ ਹਲਾਲ ਮਿਲਦਾ ਸੀ। ਬਹੁਤੇ ਸਿੱਖਾਂ ਤੇ ਹਿੰਦੂਆਂ ਨੂੰ ਹਲਾਲ ਖਾਣ ਵਿਚ ਕੋਈ ਝਿਜਕ ਨਹੀਂ ਸੀ। ਇਸ ਲਈ ਉਹ ਉਨ੍ਹਾਂ ਦੀ ਦੁਕਾਨਾਂ ਤੋਂ ਮੁਰਗਾ ਤੇ ਮੀਟ ਖਰੀਦਦੇ ਸਨ। ਉਹ ਮੁਸਲਮਾਨਾਂ ਦੇ ਵਿਆਹਾਂ ਵਿਚ ਵੀ ਮੁਰਗਾ ਤੇ ਮੀਟ ਖਾਂਦੇ ਸਨ। ਮੁਸਲਮਾਨਾਂ ਨੂੰ ਸਿੱਖਾਂ ਤੇ ਹਿੰਦੂਆਂ ਦੇ ਵਿਆਹਾਂ ਵਿਚ ਸਿਰਫ ਇਕ ਵਾਰ ਪੁੱਛਣ ਦੀ ਜ਼ਰੂਰਤ ਪੈਂਦੀ।

"ਬਾਈ ਜੀ, ਹਲਾਲ ਐ ਜਾਂ ਝਟਕਾ?" ਉਹ ਪੁੱਛਦੇ।

"ਮਲੇਰਕੋਟਲੇ 'ਚ ਝਟਕਾ ਕਿਥੋਂ ਆ ਗਿਆ? ਸਾਰੀਆਂ ਦੁਕਾਨਾਂ ਤਾਂ ਥੋਡੇ ਬੰਦਿਆਂ ਦੀਆਂ ਨੇ।" ਅਗਲਾ ਹੱਸਣ ਲੱਗਦਾ।

ਅੰਬਰ ਆਪਣੇ ਦੋਸ਼ਤ ਸ਼ੌਕਤ ਅਲੀ ਨਾਲ ਅਕਸਰ ਭੱਬੂ ਦੀ ਦੁਕਾਨ 'ਤੇ ਮੁਰਗਾ ਖਾਣ ਜਾਂਦਾ। ਉਹ ਸ਼ੀਰੀ ਤੇ ਕਿਰਨਜੀਤ ਵਾਸਤੇ ਪੈਕ ਕਰਾ ਲਿਆਉਂਦਾ।

"ਆਪਾਂ ਨੂੰ ਮੁਸਲਮਾਨਾਂ ਦਾ ਹਲਾਲ ਖਾਣ ਦੀ ਮਨਾਹੀ ਨਹੀਂ?" ਕਿਰਨਜੀਤ ਪਹਿਲਾਂ-ਪਹਿਲ ਝਿਜਕਦੀ।

"ਸਾਨੂੰ ਪੜ੍ਹੇ ਲਿਖੇ ਲੋਕਾਂ ਨੂੰ ਕੋਈ ਮਨਾਹੀ ਨਹੀਂ, ਜਿਹੜੀ ਚੀਜ਼ ਕੋਈ ਭਾਈਚਾਰਾ ਲੰਮੇ ਸਮੇਂ ਤੋਂ ਖਾਂਦਾ ਆ ਰਿਹੈ, ਉਸ ਨੂੰ ਦੂਜੇ ਭਾਈਚਾਰੇ ਵਾਲੇ ਵੀ ਖਾ ਸਕਦੇ ਹਨ। ਜੇ ਮੁਸਲਮਾਨ ਸਾਡਾ ਨਹੀਂ ਖਾਂਦੇ ਤਾਂ ਇਹ ਉਨ੍ਹਾਂ ਦੀ ਤੰਗਦਿਲੀ ਐ। ਆਪਾਂ ਆਪਣੀ ਖੁੱਲ੍ਹਦਿਲੀ ਕਿਉਂ ਛੱਡੀਏ।" ਅੰਬਰ ਸਮਝਾਉਂਦਾ।

ਮਲੇਰਕੋਟਲਾ ਪੋਸਟਿੰਗ ਹੋਣ ਤੋਂ ਬਾਅਦ ਉਸ ਨੂੰ ਨਾਦਿਰਾ ਭੈਣ ਜੀ ਬਹੁਤ ਯਾਦ ਆਉਂਦੇ। ਉਨ੍ਹਾਂ ਦਾ ਜ਼ਰੂਰ ਵਿਆਹ ਹੋ ਗਿਆ ਹੋਵੇਗਾ। ਬਹੁਤੀ ਵਾਰ ਮਲੇਰਕੋਟਲੇ ਦੀਆਂ ਸੋਹਣੀਆਂ ਕੁੜੀਆਂ ਦੇ ਵਿਆਹ ਯੂ.ਪੀ. ਦੇ ਮੁਸਲਮਾਨ ਆਈ.ਏ.ਐਸ. ਜਾਂ ਆਈ.ਪੀ.ਐਸ. ਮੁੰਡਿਆਂ ਨਾਲ ਹੋ ਜਾਂਦੇ ਸਨ। ਮਲੇਰਕੋਟਲੇ ਦੇ ਖਾਂਦੇ-ਪੀਂਦੇ ਦੇ ਘਰਾਂ ਦੇ ਮੁੰਡਿਆਂ ਨੂੰ ਜੰਮੂ ਕਸ਼ਮੀਰ ਦੀਆਂ ਸੁਨੱਖੀਆਂ ਕੁੜੀਆਂ ਦੇ ਰਿਸ਼ਤੇ ਹੋ ਜਾਂਦੇ ਸਨ। ਉਸ ਨੇ ਆਪਣੇ ਮੁਸਲਮਾਨ ਦੋਸਤਾਂ ਰਾਹੀਂ ਨਾਦਿਰਾ ਭੈਣ ਜੀ ਦੀ ਪੈੜ ਨੱਪਣੀ ਚਾਹੀ। ਕਈ ਮਹੀਨਿਆਂ ਬਾਅਦ ਉਸ ਨੂੰ ਪਤਾ ਲੱਗਾ ਕਿ ਨਾਦਿਰਾ ਭੈਣ ਜੀ ਨੇ ਵਿਆਹ ਨਹੀਂ ਕਰਾਇਆ ਸੀ। ਉਹ ਨੌਕਰੀ ਛੱਡ ਕੇ ਆਸਟਰੇਲੀਆ ਚਲੀ ਗਈ ਸੀ। ਅੰਬਰ ਵਾਸਤੇ ਨਾਦਿਰਾ ਭੈਣ ਜੀ ਫਿਰ ਪਹੇਲੀ ਬਣ ਗਈ ਸੀ।

ਨਾਦਿਰਾ, ਰਾਬੀਆ, ਅਵਨੀਤ ਤੇ ਜ਼ੋਇਆ ਇਕੋ ਕਤਾਰ ਵਿਚ ਖੜ੍ਹੀਆਂ ਸਨ। ਉਸ ਨੇ ਅਵਨੀਤ ਵਰਗੀ ਕੁੜੀ ਟੀ.ਵੀ. 'ਤੇ ਗਾਉਂਦੀ ਦੇਖੀ ਸੀ। ਹੌਲੀ-ਹੌਲੀ ਇਹ ਸਪਸ਼ਟ ਹੋ ਗਿਆ ਸੀ ਕਿ ਉਹ ਘਰ ਛੱਡ ਗਈ ਤੇ ਗਾਉਣ ਲੱਗ ਪਈ ਸੀ। ਗਾਉਣਾ ਉਸ ਨੇ ਕੈਨੇਡਾ ਦੀ ਪੀ.ਆਰ. ਲੈ ਕੇ ਸ਼ੁਰੂ ਕੀਤਾ ਸੀ। ਦਿਨਾਂ ਵਿਚ ਸਾਰੇ ਪੰਜਾਬੀਆਂ ਵਿਚ 'ਮਿਸ ਅਵਨੀਤ, ਮਿਸ ਅਵਨੀਤ' ਹੋ ਗਈ ਸੀ। ਦਿਨਾਂ ਵਿਚ ਹੀ ਅਵਨੀਤ ਜਣੇ-ਖਣੇ ਨਾਲ ਗਾਉਣ ਲੱਗੀ ਸੀ। ਸੁਣਿਆ ਸੀ ਕਿ ਪੈਸੇ ਦੇ ਕੇ ਉਸ ਨਾਲ ਕੋਈ ਵੀ ਗਾ ਸਕਦਾ ਸੀ। ਉਹ ਚੰਗੇ ਮਾੜੇ ਹਰ ਤਰ੍ਹਾਂ ਦੇ ਗਾਇਕ ਨਾਲ ਗਾਉਣ ਲੱਗੀ ਸੀ।

"ਯਾਰ ਤੇਰੀ ਇਹ ਦੋਸਤ ਕੋਈ ਚੱਜ ਦਾ ਗੀਤ ਵੀ ਗਾਏਗੀ?" ਅਵਤਾਰ ਸਿੰਘ ਤਾਰੀ ਉਸ ਨੂੰ ਛੇੜਦਾ।

"ਤਾਰੀ ਉਸ ਨੇ ਚੰਗਾ ਗੀਤ ਗਾਇਆ ਹੈ, ਉਸ ਨੇ ਆਪਣੇ ਮੰਗੇਤਰ ਨਾਲੋਂ ਵਿਛੋੜਾ ਕਰ ਲਿਆ ਹੈ। ਅੱਜ ਦੇ ਦਿਨ ਕਿਸੇ ਭਾਰਤੀ ਕੁੜੀ ਲਈ ਇਹ ਬਹੁਤ ਵੱਡਾ ਕਦਮ ਹੈ। ਮੈਂ ਉਸ ਦੀ ਦਾਦ ਦਿੰਨਾ।" ਅੰਬਰ ਅਵਨੀਤ ਦੇ ਘਰੇਲੂ ਹਾਲਾਤ ਨੂੰ ਜਾਣਦਾ ਸੀ।

ਜਦੋਂ ਅੰਬਰ ਨੇ ਆਪਣਾ ਮਲੇਰਕੋਟਲੇ ਵਾਲਾ ਮਕਾਨ ਖਰੀਦਿਆ ਤਾਂ ਉਦੋਂ ਵੀ ਸ਼ੌਕਤ ਅਲੀ ਹੀ ਸਾਰੇ ਕੰਮ ਕਰਦਾ ਰਿਹਾ। ਉਸੇ ਨੇ ਉਸ ਨੂੰ ਮਕਾਨ ਲੱਭ ਕੇ ਦਿੱਤਾ। ਅੰਬਰ ਇਹੋ ਜਿਹਾ ਮਕਾਨ ਲੈਣਾ ਚਾਹੁੰਦਾ ਸੀ ਜਿਹੜਾ ਬੰਦੇ ਨੇ ਆਪਣੇ ਰਹਿਣ ਲਈ ਰੀਝਾਂ ਨਾਲ ਬਣਵਾਇਆ ਹੋਵੇ। ਠੇਕੇਦਾਰਾਂ ਦੇ ਵੇਚਣ ਲਈ ਬਣਾਏ ਮਕਾਨ ਉਸ ਨੂੰ ਮੂਲੋਂ ਨਾਪਸੰਦ ਸਨ। ਅਜਿਹੇ ਮਕਾਨਾਂ ਨੂੰ ਤਾਂ ਅੰਬਰ ਰੇਤੇ ਵਿਚ ਖੜ੍ਹੇ ਕੀਤੇ ਸਮਝਦਾ ਸੀ। ਉਹ ਭੂਚਾਲ ਤੋਂ ਬਹੁਤ ਡਰਦਾ ਸੀ। ਭੂਚਾਲ ਵਿਚ ਮਾਰੇ ਜਾਣ ਤੋਂ ਵੱਧ ਉਸ ਨੂੰ ਜਿਊਂਦਿਆਂ ਥੱਲੇ ਦਬ ਜਾਣ ਤੇ ਫਿਰ ਕਈ ਘੰਟੇ ਦੱਬੇ ਰਹਿਣ ਦਾ ਡਰ ਵਧੇਰੇ ਭੈਅ ਭੀਤ ਕਰਦਾ ਸੀ। ਇਹ ਮਕਾਨ ਉਸ ਨੂੰ ਇਕਦਮ ਪਸੰਦ ਆ ਗਿਆ। ਖਾਸ ਗੱਲ ਇਹ ਵੀ ਸੀ ਕਿ ਇਹ ਮਕਾਨ ਨਵਾਬ ਮਲੇਰਕੋਟਲਾ ਦੇ ਮਹਿਲ ਦੇ ਸਾਹਮਣੇ ਵਾਲੀ ਕਲੋਨੀ ਦੀ ਪਹਿਲੀ ਕਤਾਰ ਵਿਚ ਹੀ ਸੀ।

ਇਸ ਮਕਾਨ ਵਿਚ ਰਹਿੰਦਿਆਂ ਹੀ ਕਿਰਨਜੀਤ ਨੇ ਬੀ.ਏ. ਤੇ ਐਮ.ਏ. ਦੀਆਂ

***(ਬਾਕੀ ਅਗਲੇ ਸਫੇ 'ਤੇ)***

# ਕਾਵਿ-ਜਗਤ

## ਗਜ਼ਲ

ਪਸੀਨਾ ਡੋਲ ਕੇ ਹੁਣ, ਫਸਲ ਰੀਝਾਂ ਦੀ ਹੈ ਮਹਿਕਾਣੀ।
ਅਸੀਂ ਮਜ਼ਦੂਰ ਮਿਹਨਤਕਸ਼, ਕਿਤੇ ਮਜਬੂਰ ਨਾ ਜਾਣੀ।

ਕਦੇ ਖੰਜਰ, ਕਦੇ ਤਲਵਾਰ 'ਤੇ ਨੱਚੇ ਇਸੇ ਕਾਰਨ,
ਅਸੀਂ ਇਹ ਫੈਸਲਾ ਕਰਨਾ ਕਿਸੇ ਤੋਂ ਮਾਤ ਨਾ ਖਾਣੀ।

ਜਦੋਂ ਇਹ ਕਾਫਿਲਾ ਤੁਰਿਆ ਨਵਾਂ ਸੂਰਜ ਚੜ੍ਹਾਏਗਾ,
ਨਵਾਂ ਇਤਿਹਾਸ ਸਿਰਜੇਗਾ ਖਬਰ ਘਰ ਘਰ ਹੈ ਪਹੁੰਚਾਣੀ।

ਬੜਾ ਹੀ ਸੇਕ ਲਗਣਾ ਹੈ ਬਣੀ ਜਦ ਲਾਟ ਧੁਖਦੀ ਅੱਗ,
ਉਨ੍ਹਾਂ ਨੂੰ ਸਾੜ ਦੇਵੇਗੀ ਜੋ ਕਰਦੇ ਵੰਡ ਹਨ ਕਾਣੀ।

ਜਿਨ੍ਹਾਂ ਦੇ ਨਾਲ ਬਚਪਨ ਦੇ ਕਈ ਪਲ ਸੀ ਗੁਜ਼ਾਰੇ ਮੈਂ,
ਵਗਣ ਹੰਝੂ ਖੁਸ਼ੀ ਦੇ ਨਾਲ ਮਿਲਦੇ ਹਨ ਜਦੋਂ ਹਾਣੀ।

ਗਜ਼ਲ ਕਹਿਣੀ ਨਹੀਂ ਆਈ ਬੜਾ ਚਿਰ ਮਸ਼ਕ ਹੈ ਕੀਤੀ,
ਲਹੂ ਦੇ ਕੇ ਜਿਗਰ ਦਾ ਮੈਂ ਇਹ ਪਾਲੀ ਰੀਝ ਮਰ ਜਾਣੀ।

ਗਿਲ੍ਹਾ 'ਤਨਵੀਰ' ਨੂੰ ਹੱਥੀਂ ਲਗਾਏ ਪੌਦਿਆਂ ਉੱਤੇ,
ਰਿਹਾ ਧੁੱਪਾਂ 'ਚ ਸੜਦਾ ਪਰ ਕਿਸੇ ਦੀ ਛਾਂ ਨਹੀਂ ਮਾਣੀ।

*-ਅਜੈ ਤਨਵੀਰ*

---

## ਕਿਸਾਨ ਸੰਘਰਸ਼

ਹੋ ਗਈ ਏ ਰਾਜਨੀਤੀ ਬੇਈਮਾਨ ਤੇਰੇ ਸ਼ਹਿਰ ਵਿਚ
ਅੱਜ ਡਾਢਾ ਏ ਅੰਨਦਾਤਾ ਪ੍ਰੇਸ਼ਾਨ ਤੇਰੇ ਸ਼ਹਿਰ ਵਿਚ।

ਲਹੂ ਪਸੀਨਾ ਡੋਲ੍ਹ ਕੇ ਮੁਲਕ ਦੇ ਢਿੱਡ ਭਰਨ ਵਾਲਾ
ਭੁੱਖਾਂ ਨਾਲ ਹੋਇਆ ਏ ਹਲਕਾਨ ਤੇਰੇ ਸ਼ਹਿਰ ਵਿਚ।

ਗਰੀਬ ਕਿਰਤੀਆਂ ਦੇ ਹੱਕ ਖੋਹਣ ਦੀ ਰਾਜਨੀਤੀ ਨੇ
ਕੱਢੇ ਨੇ ਸੜਕਾਂ 'ਤੇ ਕਿਰਤੀ ਕਿਸਾਨ ਤੇਰੇ ਸ਼ਹਿਰ ਵਿਚ।

ਯਾਦ ਰੱਖ ਲੈ ਕਿਰਤੀਆਂ ਕਿਸਾਨਾਂ ਦੇ ਚੜ੍ਹੇ ਹੜ੍ਹ ਦਾ
ਨਹੀਂ ਰੁਕਣਾ ਤੇਰੇ ਤੋਂ ਏਹ ਤੁਫਾਨ ਤੇਰੇ ਸ਼ਹਿਰ ਵਿਚ।

ਮਿਹਨਤ-ਕਸ਼ਾਂ ਦੇ ਹਕੂਕ ਖੋਹਣ ਦੀ ਕੋਸ਼ਿਸ਼ ਨਾ ਕਰ
ਮਤੇਂ ਵੱਸਦਾ ਮੁਲਕ ਹੋ'ਜੇ ਵੀਰਾਨ ਤੇਰੇ ਸ਼ਹਿਰ ਵਿਚ।

ਮੁਲਕ ਦੇ ਵਾਹਦ ਮਾਲਕਾਂ ਨੂੰ ਵਾਰਿਸ ਬਣੇ ਰਹਿਣ ਦੇ
ਤੇਰੀ ਕੁਰਸੀ ਦੇ ਜਾਮਨ ਨੇ ਪਛਾਣ ਤੇਰੇ ਸ਼ਹਿਰ ਵਿਚ।

ਜ਼ਰਾ ਸੋਚ ਲੋਕ ਰਾਜੀ ਹਕੂਮਤ ਦਾ ਹਸ਼ਰ ਕੀ ਹੋਵੇਗਾ
ਜੇ ਸਿਰਾਂ 'ਤੇ ਆ ਕੇ ਬਹਿ'ਗੇ ਸ਼ੈਤਾਨ ਤੇਰੇ ਸ਼ਹਿਰ ਵਿਚ।

ਮੁਲਕ ਦੀ ਵਾਗਡੋਰ ਲੁਟੇਰਿਆਂ ਦੇ ਹੱਥਾਂ 'ਚ ਨਾ ਫੜਾ
ਹੋ ਨਾ ਜੇ ਖਿੜਿਆ ਚਮਨ ਵੀਰਾਨ ਤੇਰੇ ਸ਼ਹਿਰ ਵਿਚ।

ਵੱਸਦੇ ਮੁਲਕ ਨੂੰ ਉਜਾੜਨ ਦੀ ਤੇਰੀ ਖੁਦਗਰਜ਼ ਨੀਤੀ
ਡੋਬ ਦੇਵੇਗੀ ਤੇਰੀ ਬੇੜੀ ਵਿਚ ਤੁਫਾਨ ਤੇਰੇ ਸ਼ਹਿਰ ਵਿਚ।

ਲੋਕ ਰੋਹ ਅੱਗੇ ਵੱਡੇ ਵੱਡੇ ਜਾਬਰ ਵੀ ਝੁਕਦੇ ਆਏ ਨੇ
ਤੇਰੀ ਵੀ ਨਾ ਔਖੀ ਹੋ ਜਾਏ ਪਛਾਣ ਤੇਰੇ ਸ਼ਹਿਰ ਵਿਚ।

ਲੋਕਾਈ ਦੀ ਹਕੂਮਤ, ਲੋਕਾਂ ਲਈ ਹੀ ਬਣੀ ਰਹਿਣ ਦੇ
ਅੱਛਾ ਨਹੀਂ ਫਾਸ਼ੀਵਾਦ ਦਾ ਰੁਝਾਨ ਤੇਰੇ ਸ਼ਹਿਰ ਵਿਚ।

*-ਚੰਨ, ਫੋਨ: 908-788-8427*

---

## ਗਜ਼ਲ

ਮਤਲਬ ਖੋਰੇ ਰਿਸ਼ਤਿਆਂ ਕੋਲੋਂ ਦੂਰੀ ਰੱਖੀ ਏ।
ਸਾਂਝ ਕਿਤਾਬਾਂ ਦੇ ਨਾਲ ਮੇਰੀ ਪੂਰੀ ਪੱਕੀ ਏ।

ਬਾਪੂ ਵਾਂਗੂੰ ਲੈ ਲਿਆ ਬੁੱਕਲ ਵਿਚ ਕਿਤਾਬਾਂ ਨੇ,
ਬੇਬੇ ਵਾਂਗੂੰ ਹਰ ਪੰਗਤੀ ਨੇ ਪਾਈ ਜੱਫੀ ਏ।

ਜਿਨ੍ਹਾਂ ਨੂੰ ਹਾਲਤ ਦਿਲ ਦੀ ਦੱਸਣੀ ਚਾਹੁੰਦਾ ਸਾਂ,
ਉਨ੍ਹਾਂ ਨੇ ਹੀ ਮੇਰੇ ਵੱਲ ਨੂੰ ਘੂਰੀ ਵੱਟੀ ਏ।

ਜਿਨ੍ਹਾਂ ਦੇ ਵੱਲ ਤੱਕ ਕੇ ਮੈਂ ਬਦਨਾਮ ਹੋ ਗਿਆ ਸੀ,
ਉਨ੍ਹਾਂ ਨੇ ਮੇਰਾ ਹੱਥ ਫੜ ਕੇ ਮਸ਼ਹੂਰੀ ਖੱਟੀ ਏ।

ਗਏ ਗੁਜ਼ਰੇ ਤੋਂ ਵੱਧ ਗੁਜ਼ਰੀਆਂ ਨੀਤਾਂ ਵਾਲੇ ਉਹ,
ਕਿਸੇ ਗਰੀਬ ਦੀ ਜਿਨ੍ਹਾਂ ਨੇ ਮਜ਼ਦੂਰੀ ਨੱਪੀ ਏ।

ਡੰਗਰ ਵੱਛਾ ਕਰਕੇ 'ਕੱਠਾ ਚਾਰਨ ਬੇਲੇ ਵੜ ਜਾਂਦੇ
ਹੀਰਾ ਹੱਥੋਂ ਰਾਂਝਿਆਂ ਨੇ ਜਦੋਂ ਚੂਰੀ ਚੱਖੀ ਏ।

ਵਾਧੇ ਘਾਟੇ ਨਾਲੇ ਬੰਦਾ ਮਰ ਕੇ ਪੂਰੇ ਹੋ ਜਾਂਦੇ
'ਦੀਪ' ਨੇ ਜਿਉਂਦੀ ਜ਼ਿੰਦਗੀ ਅਜੇ ਅਧੂਰੀ ਤੱਕੀ ਏ।

*-ਦੀਪ ਰਾਊਕੇ*
*ਫੋਨ: 91-97431-28312*

---

## ਲੋਕ ਏਕਤਾ

ਲੋਕ ਏਕਤਾ ਜ਼ਿੰਦਾਬਾਦ ਦੇ ਨਾਅਰੇ ਲਾ ਕੇ।
ਤੁਰ ਪੈਣੇ ਜਦੋਂ ਟਰੈਕਟਰਾਂ ਪਿੱਛੇ ਟਰਾਲੀਆਂ ਪਾ ਕੇ।
ਬੰਦਾ ਬਹਾਦਰ ਵਾਂਗਰਾਂ ਖੰਡਾ ਖੜਕਾ ਕੇ।
ਗੱਲ ਰੱਖ ਦੇਣੀਂ ਕਿਰਸਾਨਾਂ ਨੇ ਇੱਕ ਪਾਸੇ ਲਾ ਕੇ।
ਬਾਬਰ ਨੂੰ ਜ਼ਾਬਰ ਆਖਣ ਦੀ ਫਿਰ ਗੱਲ ਦੁਹਰਾ ਕੇ।
ਇਹ ਵਾਰਸ ਗੁਰੂ ਗੋਬਿੰਦ ਦੇ ਤੱਕ ਲਈਂ ਅਜ਼ਮਾ ਕੇ।
ਤੇਰੀ ਹੋਸ਼ ਟਿਕਾਣੇ ਦਿੱਲੀਏ ਰੱਖ ਦੇਣੀਂ ਲਿਆ ਕੇ।
ਵੇਖੀਂ ਰਗੜ ਦੇਣਗੇ ਕੂੰਡੀ ਵਿਚ ਸੋਟਾ ਖੜਕਾ ਕੇ।
ਉਹ ਦੁੱਧ ਕਿਸੇ ਕੰਮ ਨਾ ਆਵੇ ਦਿੱਤਾ ਮੀਂਗਣਾਂ ਪਾ ਕੇ।
ਹੈ ਅਜੇ ਵੀ ਮੌਕਾ ਵੇਖ ਲੈ ਗੱਲ ਨੇੜੇ ਲਾ ਕੇ।
ਕੋਈ ਵਿਚ ਵਿਚੋਲਾ ਵੇਖ ਲੈ ਰੁਲਦੂ ਵਰਗਾ ਪਾ ਕੇ।




ਨਾ ਕਦੇ ਕਿਸੇ ਕੁੱਝ ਖੱਟਿਆ ਹੈ ਸਿੰਗ ਫਸਾ ਕੇ।
ਕੱਖ ਦੋਵਾਂ ਦੇ ਹੀ ਰਹਿ ਜਾਵਣਗੇ ਮਨ ਸਮਝਾ ਕੇ।
ਸਿਰ ਨੀਵਾਂ ਹੋਵੇ ਹੰਕਾਰ ਦਾ ਆਖਰ ਵਿਚ ਜਾ ਕੇ।

*-ਮੂਲ ਚੰਦ ਸ਼ਰਮਾ*

---

## ਔਖੀ ਘੜੀ

ਗੱਲ ਕਿਰਤੀ ਕਿਸਾਨ ਦੀ ਸੁਣੋ ਸਭ ਜੀ,
ਨਵਿਆਂ ਕਾਨੂੰਨਾਂ ਕੀ ਪਾਇਆ ਯੱਭ ਜੀ?
ਛੱਡ ਸਾਰੇ ਕੰਮ ਧੰਧੇ ਕਿਉਂ ਬੈਠਾ ਰਾਸਤੇ,
ਹੋਂਦ ਦੀ ਲੜਾਈ ਵਿਚ ਪਾਉਂਦਾ ਵਾਸਤੇ?

ਭੁੱਖਾ ਤ੍ਰਿਹਾਇਆ ਅੱਜ ਗਾਹਵੇ ਸੜਕਾਂ,
ਹਾਕਮ ਡਰਾਉਂਦੇ ਨੇ ਨਿੱਤ ਮਾਰ ਬੜ੍ਹਕਾਂ।
ਦਿਨ ਰਾਤ ਧਰਨੇ ਉਹ ਲਾਈ ਬੈਠਾ ਹੈ,
ਉੱਖਲੀ 'ਚ ਸਿਰ ਵੀ ਫਸਾਈ ਬੈਠਾ ਹੈ।

ਖੇਤੀ ਦੇ ਸੁਧਾਰਾਂ ਦਾ ਉੱਤੇ ਪਾ ਕੇ ਬੁਰਕਾ,
ਆਖਦੇ ਕਿਸਾਨਾਂ ਦਾ ਪੂੰਝਣਾ ਹੈ ਮੁੜ੍ਹਕਾ।
ਰਾਮ ਰਾਮ ਕਹਿੰਦੇ ਪਰ ਬਗਲ ਛੁਰੀ ਹੈ,
ਡੰਡੀ ਮਾਰਾਂ ਦੇ ਲੁੱਟਣ ਦੀ ਗੱਲ ਤੁਰੀ ਹੈ।

ਖੋਹੇ ਘੱਟੋ ਘੱਟ ਭਾਅ ਕਰੀ ਹੇਰ ਫੇਰ ਜੀ,
ਸ਼ਬਦਾਂ 'ਚ ਲੁਕੋਏ ਨੇ ਸੱਭ ਘੇਰ ਘੇਰ ਜੀ।

ਕਿਸਾਨ ਦੇ ਮਾਮਲੇ ਦਾ ਨਾ ਦੱਸੇ ਹੱਲ ਜੀ,
ਅਪੀਲ ਤੇ ਦਲੀਲ ਵਾਲੀ ਮੁੱਕੀ ਗੱਲ ਜੀ।

ਖੋਲ੍ਹ ਦਿੱਤੀ ਹੈ ਮੰਡੀ ਸਰਮਾਏਦਾਰਾਂ ਲਈ,
ਪਾਉਣਗੇ ਮੋਛੇ ਰਲ ਚੰਦ ਪਰਿਵਾਰਾਂ ਲਈ।
ਜਮ੍ਹਾਂਖੋਰਾਂ 'ਤੋਂ ਚੁੱਕ ਦਿੱਤੀ ਹੈ ਪਾਬੰਦੀ ਜੀ,
ਰਲ ਗਏ ਨੇ ਚੌਕੀਦਾਰ ਨੇਤਾ ਪਖੰਡੀ ਜੀ।

ਭਾਸ਼ਣਾਂ ਦੀ ਜਾਦੂਗਰੀ ਨਾਲ ਭਰਮਾਉਣਗੇ,
ਕਾਮੇ ਕਿਰਸਾਨਾਂ ਨੂੰ ਜਾਲ 'ਚ ਫਸਾਉਣਗੇ।
ਵੀਰੋ ਫਸ ਨਾ ਜਾਣਾ ਜਰਾ ਰਹਿਣਾ ਡੱਟ ਕੇ,
ਔਖਾ ਰਸਤਾ ਹੈ ਪਰ ਦਿੰਦੇ ਰਹਿਣਾ ਝਟਕੇ।

*-ਸੇਵਾ ਸਿੰਘ ਨੂਰਪੁਰੀ*

---

## ਅਚਾਨਕ ਕੁਝ ਨਹੀਂ ਹੁੰਦਾ

ਅਚਾਨਕ ਕੁਝ ਨਹੀਂ ਹੁੰਦਾ।
ਜਿੱਤ ਅਚਾਨਕ ਨਹੀਂ ਹੁੰਦੀ
ਹਾਰ ਅਚਾਨਕ ਨਹੀਂ ਹੁੰਦੀ।
ਨਫਰਤ ਅਚਾਨਕ ਨਹੀਂ ਹੁੰਦੀ
ਮੁਹੱਬਤ ਅਚਾਨਕ ਨਹੀਂ ਹੁੰਦੀ।
ਬੀਜ ਦਾ ਬੀਜਿਆ ਜਾਣਾ,
ਪੌਦਿਆਂ ਦਾ ਪੁੰਘਰਨਾ,
ਫੁੱਲਾਂ ਦਾ ਖਿੜਨਾ,
ਤੇ ਫਿਰ ਖੁਸ਼ਬੋਅ 'ਚ ਮੜ੍ਹਿਆ ਜਾਣਾ,
ਇਹ ਸਭ ਅਚਾਨਕ ਨਹੀਂ ਹੁੰਦਾ।
ਕਵਿਤਾ ਕਦੇ ਮੌਸਮਾਂ ਨੂੰ ਦੇਖ
ਅਚਾਨਕ ਦਸਤਕ ਨਹੀਂ ਦਿੰਦੀ,
ਲੋਕ ਸਰਦ ਦੀ ਰੁੱਤਾਂ 'ਚ ਵੀ,
ਮਜਦੂਰ ਦੇ ਜਿਸਮ 'ਤੇ ਟਪਕਦੀਆਂ
ਓਹਦੇ ਕੱਪੜਿਆਂ ਨੂੰ ਭਿਓਂਦੀਆਂ
ਪਸੀਨੇ ਦੀਆਂ ਬੂੰਦਾਂ ਬਾਰੇ ਲਿਖਦੇ ਰਹੇ ਨੇ।
ਹਨੇਰੇ 'ਚ ਵੀ ਮਘਦੇ ਸੂਰਜ ਦੀਆਂ
ਬਲਦੇ ਦੀਵੇ ਦੀਆਂ
ਹਕੀਕਤਾਂ ਲਿਖੀਆਂ ਗਈਆਂ ਨੇ,
ਇਹ ਸਭ ਅਚਾਨਕ ਨਹੀਂ ਹੁੰਦਾ।
ਲੋਕਾਂ ਦਾ ਮਰਨਾ
ਜ਼ਖਮਾਂ ਦਾ ਮਿਲਣਾ
ਤੇ ਉਨ੍ਹਾਂ ਨੂੰ ਵਕਤ ਲੰਘਦਿਆਂ
ਅਚਾਨਕ ਭੁੱਲ ਜਾਣਾ, ਸੰਭਵ ਨਹੀਂ।
ਰੁਲੀਆਂ ਦਸਤਾਰਾਂ ਦੀ ਗੱਲਬਾਤ ਹੋਣੀ
ਅੰਦਰ ਭਾਂਬੜ ਮੱਚਣੇ
ਅੱਖਾਂ ਦਾ ਨਮ ਹੋਣਾ
ਵਾਰ ਵਾਰ ਸਭ ਯਾਦ ਆਉਣਾ
ਅਚਾਨਕ ਗੱਲ ਨਹੀਂ।
ਹਰ ਵਾਪਰਨ ਵਾਲੀ ਗੱਲ ਪਿੱਛੇ
ਇੱਕ ਲੰਮਾ ਸੰਘਰਸ਼ ਹੁੰਦਾ
ਉਹ ਸੰਘਰਸ਼ ਜਿਸ ਦਾ ਅੰਤ ਕਦੇ ਨਹੀਂ ਹੁੰਦਾ।
ਅਚਾਨਕ ਕੁਝ ਵੀ ਨਹੀਂ ਹੁੰਦਾ।

*-ਬਲਕਾਰ ਬਮਾਨੀ*
*ਫੋਨ: 91-97793-68823*

# ਮਲੇਰਕੋਟਲਾ

*(ਪਿਛਲੇ ਸਫੇ ਦੀ ਬਾਕੀ)*

ਡਿਗਰੀਆਂ ਕੀਤੀਆਂ। ਸਰਦੀਆਂ ਵਿਚ ਅੰਬਰ ਰਜ਼ਾਈ ਵਿਚ ਬੈਠ ਕੇ ਉਸ ਦੇ ਅੰਗਰੇਜ਼ੀ ਦੇ ਨੋਟਸ ਤਿਆਰ ਕਰਦਾ। ਉਸ ਨੂੰ ਸਮਝਾਉਂਦਾ। ਅੰਬਰ ਦੀ ਖੁਦ ਦੀ ਅੰਗਰੇਜ਼ੀ ਵਿਚੋਂ ਕੰਪਾਰਟਮੈਂਟ ਆਉਂਦੀ ਰਹੀ ਸੀ ਪਰ ਉਹ ਕਿਰਨਜੀਤ ਦੇ ਨੋਟਸ ਇਸ ਤਰ੍ਹਾਂ ਸੌਖੀ ਅੰਗਰੇਜ਼ੀ ਵਿਚ ਤਿਆਰ ਕਰਵਾਉਂਦਾ ਕਿ ਕਿਰਨਜੀਤ ਨੂੰ ਯਾਦ ਕਰਨ ਵਿਚ ਭੋਰਾ ਦਿਕਤ ਨਾ ਆਉਂਦੀ।

ਇਹ ਮਕਾਨ ਇਕ ਜੈਨੀ ਪਰਿਵਾਰ ਨੇ ਬੜੀ ਰੀਝ ਨਾਲ ਬਣਵਾਇਆ ਸੀ। ਇਸ ਮਕਾਨ ਨੂੰ ਖਰੀਦਣ ਵੇਲੇ ਹੀ ਅੰਬਰ ਨੂੰ ਪਤਾ ਲੱਗਿਆ ਕਿ ਮਲੇਰਕੋਟਲੇ ਵਿਚ ਹਿੰਦੂ ਪਰਿਵਾਰ ਬਹੁਤ ਦਮਘੋਟੂ ਮਾਹੌਲ ਵਿਚ ਰਹਿੰਦੇ ਸਨ। ਮਲੇਰਕੋਟਲੇ ਵਿਚ ਪੰਜਾਬ ਦਾ ਕੋਈ ਹਿੰਦੂ ਪਰਿਵਾਰ ਆਪਣੀ ਕੁੜੀ ਵਿਆਹੁਣ ਲਈ ਤਿਆਰ ਨਹੀਂ ਸੀ। ਹਿੰਦੂ ਪਰਿਵਾਰ ਦੂਜੇ ਸ਼ਹਿਰਾਂ ਵਿਚ ਜਾ ਵਸਣ ਨੂੰ ਤਰਜੀਹ ਦਿੰਦੇ ਸਨ। ਮੁਸਲਮਾਨ ਸਿੱਖਾਂ ਤੇ ਸਿਆਸਤਦਾਨਾਂ ਨਾਲ ਨੇੜਤਾ ਬਣਾ ਕੇ ਰੱਖਦੇ ਸਨ।

ਨਵਾਬ ਮਲੇਰਕੋਟਲਾ ਦਾ ਪੁਰਾਣਾ ਮਹਿਲ ਪੁਰਾਣੇ ਮਲੇਰਕੋਟਲਾ ਸ਼ਹਿਰ ਦੇ ਵਿਚਕਾਰ ਸੀ। ਅੰਗਰੇਜ਼ੀ ਰਾਜ ਸਮੇਂ ਨਵਾਬ ਮਲੇਰਕੋਟਲਾ ਨੇ ਇਹ ਮਹਿਲ 'ਮੁਬਾਰਕ ਮੰਜ਼ਲ' ਭੀੜ-ਭੜੱਕੇ ਤੋਂ ਦੂਰ ਸ਼ਹਿਰ ਦੇ ਬਾਹਰਲੇ ਪਾਸੇ ਸਾਲ 1901 ਵਿਚ ਬਣਵਾਇਆ ਸੀ। ਪਰਿਵਾਰਕ ਲੜਾਈਆਂ ਅਤੇ ਕੋਰਟ ਕੇਸਾਂ ਦੇ ਸ਼ਿਕਾਰ ਇਸ ਮਹਿਲ ਨਾਲ ਸੰਬੰਧਿਤ ਪਰਿਵਾਰਕ ਜੀਅ ਬੁਰੀ ਤਰ੍ਹਾਂ ਪਾੜ ਗਏ ਸਨ। 1947 ਤੋਂ ਬਾਅਦ ਜਦੋਂ ਲੋਕਤੰਤਰੀ ਤਰੀਕੇ ਨਾਲ ਚੁਣੇ ਹੋਏ ਨਵੇਂ ਹੁਕਮਰਾਨ ਸੱਤਾ ਵਿਚ ਆ ਗਏ ਤਾਂ ਇਸ ਪਰਿਵਾਰ ਦੇ ਜੀਆਂ ਨੂੰ ਉਨ੍ਹਾਂ ਲੋਕਾਂ ਵਿਚ ਆਮ ਜਨਤਾ ਵਾਂਗ ਰਹਿਣਾ ਮੁਸ਼ਕਿਲ ਲੱਗਾ ਜਿਨ੍ਹਾਂ ਉਤੇ ਉਨ੍ਹਾਂ ਨੇ ਰਾਜ ਕੀਤਾ ਸੀ। ਉਹ ਵੱਡੇ ਸ਼ਹਿਰਾਂ ਤੇ ਵਿਦੇਸ਼ਾਂ ਵਿਚ ਜਾ ਵਸੇ। ਜਿਹੜੇ ਲੋਕਤੰਤਰੀ ਪ੍ਰਬੰਧ ਵਿਚ ਸੱਤਾ ਨਹੀਂ ਹਥਿਆ ਸਕੇ, ਉਨ੍ਹਾਂ ਨੇ ਆਪਣੇ ਆਪ ਨੂੰ ਇਸ ਮਹਿਲ ਵਿਚ ਬੰਦ ਕਰ ਲਿਆ।

ਅੰਬਰ ਅਤੇ ਕਿਰਨਜੀਤ ਸਵੇਰ ਦੀ ਚਾਹ ਬਾਲਕੋਨੀ ਵਿਚ ਬੈਠ ਕੇ ਪੀਂਦੇ। ਕਿਰਨਜੀਤ ਨੂੰ ਹਰ ਰੋਜ਼ ਸਵੇਰੇ-ਸਵੇਰੇ ਪੌੜੀਆਂ ਚੜ੍ਹ ਕੇ ਜਾਣਾ ਔਖਾ ਤਾਂ ਲੱਗਦਾ ਪਰ ਆਪਣੇ ਘਰਵਾਲੇ ਦੀ ਗੱਲ ਉਹ ਮੰਨ ਹੀ ਲੈਂਦੀ ਸੀ। ਅੰਬਰ ਅਤੇ ਕਿਰਨਜੀਤ ਚਾਹ ਪੀਂਦੇ-ਪੀਂਦੇ ਸਾਹਮਣੇ ਦਿਸਦੇ ਮਹਿਲ ਵੱਲ ਦੇਖਦੇ ਹੋਏ ਮਹਿਲ ਸੰਬੰਧੀ ਗੱਲਾਂ ਕਰਦੇ ਰਹਿੰਦੇ। ਮਹਿਲ ਦੀਆਂ ਕੰਧਾਂ ਤਾਂ ਮਜ਼ਬੂਤ ਸਨ ਪਰ ਛੱਤ ਦੀ ਹਾਲਤ ਏਨੀ ਮਾੜੀ ਸੀ ਕਿ ਇਸ ਦੇ ਖਲੇਪੜ ਥੱਲੇ ਡਿਗਦੇ ਰਹਿੰਦੇ ਸਨ। ਸਭ ਤੋਂ ਪਹਿਲਾਂ ਮਹਿਲ ਨੇ ਆਪਣੀ ਆਭਾ ਗੁਆਈ ਸੀ, ਇਸ ਤੋਂ ਬਾਅਦ ਇਸ ਦੇ ਬਹੁਤ ਸਾਰੇ ਲੱਕੜ ਦੇ ਕੰਮ ਨੂੰ ਸਿਉਂਕ ਚਟਮ ਕਰ ਗਈ ਸੀ। ਹੁਣ ਛੱਤਾਂ ਚਿਰਮਰਾਉਣੀਆਂ ਸ਼ੁਰੂ ਹੋ ਗਈਆਂ ਸਨ। ਏਨੀ ਮਾੜੀ ਹਾਲਤ ਵਾਲੇ ਮਹਿਲ ਵਿਚ ਮਹਿਲ ਦੀ ਆਖਰੀ ਵਾਸੀ ਬੇਗਮ ਮਨੁੱਬਰ ਉਨਨਿਸ਼ਾ ਖਾਨ ਆਪਣੇ ਇਕ ਰਿਸ਼ਤੇਦਾਰ ਅਤੇ ਦੋ ਨੌਕਰਾਂ ਨਾਲ ਰਹਿ ਰਹੀ ਸੀ। ਮਲੇਰਕੋਟਲੇ ਦੇ ਆਖਰੀ ਨਵਾਬ ਇਫਤਿਖਾਰ ਅਲੀ ਖਾਨ ਦੇ ਚਾਰ ਵਿਆਹ ਸਨ ਪਰ ਔਲਾਦ ਇਕ ਵੀ ਨਹੀਂ ਸੀ। ਉਸ ਦੀਆਂ ਤਿੰਨ ਬੇਗਮਾਂ ਫੌਤ ਹੋ ਗਈਆਂ ਸਨ ਤੇ ਆਖਰੀ ਬੇਗਮ ਆਪਣੇ ਆਖਰੀ ਦਿਨ ਇਸ ਮਹਿਲ ਵਿਚ ਗਿਣ ਰਹੀ ਸੀ। ਮੁਨੱਬਰ ਬੇਗਮ ਰਾਜਸਥਾਨ ਦੀ ਸਭ ਤੋਂ ਵੱਡੀ ਸਟੇਟ ਟਾਂਕ ਦੇ ਨਵਾਬ ਦੀ ਸਭ ਤੋਂ ਸੋਹਣੀ ਧੀ ਸੀ ਪਰ ਹੁਣ ਉਸ ਦੀ ਖਬਰਸਾਰ ਲੈਣ ਵਾਲਾ ਕੋਈ ਨਹੀਂ ਸੀ। ਸਾਰਾ ਮਹਿਲ ਖਾਲੀ-ਖਾਲੀ ਤੇ ਉਜੜਿਆ-ਉਜੜਿਆ ਦਿਖਾਈ ਦਿੰਦਾ ਸੀ। ਸਿਰਫ ਤਿੰਨ ਕਮਰਿਆਂ ਜਿਨ੍ਹਾਂ ਵਿਚ ਇਨ੍ਹਾਂ ਜੀਆਂ ਦਾ ਵਸੇਬਾ ਸੀ, ਦੀ ਹਾਲਤ ਹੀ ਕੁਝ ਠੀਕ ਸੀ।



*ਨੇੜਿਓਂ ਦਿਸਦੀ ਮੁਬਾਰਕ ਮੰਜ਼ਿਲ।*

"ਇਹ ਇਸ ਤਰ੍ਹਾਂ ਬੰਦ-ਬੰਦ ਕਿਵੇਂ ਰਹਿੰਦੇ ਨੇ?" ਕਿਰਨਜੀਤ ਹੈਰਾਨ ਹੁੰਦੀ।

"ਇਹ ਮਹਿਲ ਦੇ ਹੀ ਕੈਦੀ ਨਹੀਂ, ਬਲਕਿ ਇਹ ਸਮੇਂ ਦੇ ਵੀ ਕੈਦੀ ਨੇ, ਸਮਾਂ ਬਦਲ ਗਿਆ ਪਰ ਇਹ ਆਪਣੇ ਸਮੇਂ ਵਿਚੋਂ ਬਾਹਰ ਆ ਕੇ ਨਵੇਂ ਸਮੇਂ ਵਿਚ ਅਪਣੀ ਥਾਂ ਨਹੀਂ ਬਣਾ ਸਕੇ।" ਅੰਬਰ ਬੋਲਣ ਲੱਗਦਾ।

ਕਦੇ-ਕਦੇ ਸਰਦੀਆਂ ਵਿਚ ਜਾਂ ਬੱਦਲਵਾਈ ਦੇ ਦਿਨਾਂ ਵਿਚ ਬੇਗਮ ਪਹਿਲੀ ਮੰਜ਼ਲ ਦੀ ਛੱਤ ਉਪਰ ਜੰਗਲੇ ਕੋਲ ਖੜ੍ਹੀ ਦਿਖਾਈ ਦਿੰਦੀ। ਉਹ ਆਲੇ-ਦੁਆਲੇ ਉਸਰੀਆਂ ਭਾਂਤ-ਸੁਭਾਂਤੀਆਂ ਕੋਠੀਆਂ ਤੇ ਉਨ੍ਹਾਂ ਦੇ ਵਸਨੀਕਾਂ ਵੱਲ ਉਡਦੀ ਜਿਹੀ ਨਜ਼ਰ ਮਾਰਦੀ। ਉਨ੍ਹਾਂ ਕੋਠੀਆਂ ਵਿਚ ਉਹ ਸਹੂਲਤਾਂ ਸਨ ਜਿਹੜੀਆਂ ਇਸ ਮਹਿਲ ਦੇ ਵਸਨੀਕਾਂ ਨੂੰ ਨਵਾਬੀ ਸਮੇਂ ਵੀ ਨਹੀਂ ਮਿਲ ਸਕੀਆਂ ਸਨ। ਉਹ ਕੋਠੀਆਂ ਵਿਚ ਲੱਗੇ ਏ.ਸੀ. ਅਤੇ ਵਿਹੜਿਆਂ ਵਿਚ ਖੜ੍ਹੀਆਂ ਅਤਿ-ਆਧੁਨਿਕ ਕਾਰਾਂ ਨੂੰ ਇਸ ਤਰ੍ਹਾਂ ਦੇਖਦੀ ਜਿਵੇਂ ਇਨ੍ਹਾਂ ਨਾਲ ਸੱਚਮੁੱਚ ਹੀ ਉਸ ਦਾ ਕੋਈ ਵਾਸਤਾ ਨਹੀਂ ਸੀ। ਇਨ੍ਹਾਂ ਕੋਠੀਆਂ ਨਾਲ ਮੇਲ ਖਾਂਦੀ ਇਕੋ-ਇਕ ਸਹੂਲਤ ਤਾਰ ਵਾਲੇ ਟੈਲੀਫੋਨ ਦੀ ਸੀ ਜਿਹੜਾ ਅਜੇ ਵੀ ਚੱਲਦਾ ਸੀ ਤੇ ਸਿਰਫ ਸੁਣਨ ਦਾ ਕੰਮ ਦਿੰਦਾ ਸੀ। ਇਹ ਟੈਲੀਫੋਨ ਇਸ ਸ਼ਹਿਰ ਵਿਚ ਸਭ ਤੋਂ ਪੁਰਾਣਾ ਸੀ। ਮਹਿਲ ਦੀ ਕੋਈ ਆਮਦਨ ਨਾ ਰਹੀ ਹੋਣ ਕਾਰਨ ਬਿਲ ਨਹੀਂ ਭਰਿਆ ਗਿਆ। ਕੁਨੈਕਸ਼ਨ ਕੱਟ ਸਕਦਾ ਸੀ ਪਰ ਟੈਲੀਫੋਨ ਐਕਸਚੇਂਜ ਦੇ ਹਮਦਰਦ ਅਤੇ ਮਿਹਰਬਾਨ ਅਫਸਰਾਂ ਸਦਕਾ ਬਚ ਗਿਆ। ਮਹਿਲ ਦਾ ਆਖਰੀ ਨੌਕਰ ਮਹਿਲ ਵਿਚੋਂ ਕੋਈ-ਕੋਈ ਚੀਜ਼ ਲਿਜਾ ਕੇ ਵੇਚ ਦਿੰਦਾ ਤੇ ਸੌਦਾ ਪੱਤਾ ਲੈ ਆਉਂਦਾ। ਇੰਜ ਕਮਰੇ ਹੌਲੀ-ਹੌਲੀ ਖਾਲੀ ਹੁੰਦੇ ਚਲੇ ਗਏ ਸਨ। ਇਹ ਸਿਲਸਿਲਾ ਦਿਨਾਂ ਮਹੀਨਿਆਂ ਜਾਂ ਸਾਲਾਂ ਤੋਂ ਨਹੀਂ, ਦਹਾਕਿਆਂ ਤੋਂ ਚਲਿਆ ਆ ਰਿਹਾ ਸੀ।

ਅੰਬਰ ਇਸ ਕਲੋਨੀ ਵਿਚ ਮਕਾਨ ਲੈ ਕੇ ਇਸ ਤਰ੍ਹਾਂ ਮਹਿਸੂਸ ਕਰਦਾ ਸੀ, ਜਿਵੇਂ ਉਹ ਇਤਿਹਾਸ ਦੇ ਬਿਲਕੁਲ ਕਰੀਬ ਹੋਵੇ। ਉਹ ਇਤਿਹਾਸ ਦੇ ਬਿਲਕੁਲ ਕਰੀਬ ਹੋਵੇ। ਉਹ ਇਤਿਹਾਸ ਨੂੰ ਛੂਹ ਰਿਹਾ ਸੀ।

ਇਤਿਹਾਸ ਦੇ ਜਿਸ ਦੌਰ ਨੂੰ ਖਤਮ ਹੋਇਆਂ ਸੱਤ ਦਹਾਕੇ ਬੀਤ ਚੁੱਕੇ ਸਨ, ਅੰਬਰ ਉਸ ਦੀ ਇਮਾਰਤ ਨੂੰ ਖੰਡਰ ਬਣਦਿਆਂ ਦੇਖ ਰਿਹਾ ਸੀ।

# ਲਾਲ ਸਿੰਘ ਦਿਲ ਦੀ ਦਾਸਤਾਨ

*ਲਾਲ ਸਿੰਘ ਦਿਲ ਭਾਵੇਂ 60ਵਿਆਂ ਦੇ ਅਖੀਰ ਵਿਚ ਉਠੀ ਨਕਸਲੀ ਲਹਿਰ ਦੌਰਾਨ ਪ੍ਰਵਾਨ ਚੜ੍ਹਿਆ, ਪਰ ਉਹਨੇ ਕਵਿਤਾ ਪਹਿਲਾਂ ਹੀ ਲਿਖਣੀ ਅਰੰਭ ਕਰ ਦਿੱਤੀ ਸੀ। ਉਹਦੀ ਕਵਿਤਾ ਦੀ ਸੁਰ ਧੀਮੀ ਹੈ, ਸ਼ਾਇਦ ਇਸੇ ਕਰ ਕੇ ਉਸ ਵੇਲੇ ਦੀ ਤਿੱਖੀ ਅਤੇ ਤੀਬਰ ਕਵਿਤਾ ਵਿਚ ਦਿਲ ਦੀ ਕਵਿਤਾ ਨੂੰ ਬਹੁਤਾ ਗੌਲਿਆ ਨਹੀਂ ਗਿਆ। ਉਹਦੀ ਕਵਿਤਾ ਅੰਦਰ ਦਲਿਤ ਵਰਗ ਦਾ ਦਰਦ ਪਰੋਇਆ ਹੋਇਆ ਹੈ। ਡਾ. ਜਸਬੀਰ ਕੇਸਰ ਨੇ ਇਸ ਲੇਖ ਵਿਚ ਉਸ ਦੀ ਕਵਿਤਾ ਦੇ ਵੱਖ-ਵੱਖ ਪਸਾਰਾਂ ਬਾਰੇ ਗੱਲਾਂ ਕੀਤੀਆਂ ਹਨ। -ਸੰਪਾਦਕ*





*ਲਾਲ ਸਿੰਘ ਦਿਲ ਦੀਆਂ ਦੋ ਤਸਵੀਰਾਂ।*

ਅਗਸਤ 2000 ਦੀ ਕੋਈ ਦੁਪਹਿਰ ਸੀ। ਪੰਜਾਬੀ ਵਿਭਾਗ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਕਿਸੇ ਵਿਦਿਆਰਥੀ ਦਾ ਫੋਨ ਆਇਆ, "ਸਰ! ਇੱਥੇ ਲਾਲ ਸਿੰਘ ਦਿਲ ਆਏ ਹੋਏ ਨੇ, ਤੁਹਾਨੂੰ ਲੱਭ ਰਹੇ ਹਨ। ਤੁਹਾਡੇ ਘਰ ਭੇਜ ਦੇਵਾਂ?" ਮੇਰੇ ਪਤੀ ਡਾ. ਕੇਸਰ ਸਿੰਘ ਕੇਸਰ ਨੇ ਫੋਨ ਸੁਣਿਆ ਤੇ ਉਸ ਵਿਦਿਆਰਥੀ ਨੂੰ ਕਿਹਾ: "ਦਿਲ ਨੂੰ ਕਹੋ ਉਥੇ ਹੀ ਰੁਕੇ, ਮੈਂ ਪੁੱਤਰ ਨੂੰ ਭੇਜਦਾ ਹਾਂ।" ਤਿੱਖੜ ਦੁਪਹਿਰ ਸੀ। ਪੁੱਤਰ ਜਾ ਕੇ ਉਸ ਨੂੰ ਕਾਰ 'ਤੇ ਲੈ ਆਇਆ। ਆਉਂਦਿਆਂ ਹੀ ਉਹ ਘੁੱਟ ਕੇ ਜੱਫੀ ਪਾ ਕੇ ਮਿਲਿਆ- ਮਾੜਕੂ ਜਿਹਾ ਸਰੀਰ ਹੱਡੀਆਂ ਦੀ ਮੁੱਠ, ਚੈੱਕ ਕਮੀਜ਼, ਭੂਰੇ ਰੰਗ ਦੀ ਖੁੱਲ੍ਹੀ ਜਿਹੀ ਪਜਾਮੇ ਵਰਗੀ ਪੈਂਟ ਤੇ ਲੜ ਛੱਡ ਕੇ ਬੰਨ੍ਹੀ ਹੋਈ ਨਸਵਾਰੀ ਪੱਗ। ਕੇਸਰ ਨੇ ਉਸ ਨੂੰ ਆਪਣੇ ਨਾਲ ਹੀ ਬੈੱਡ 'ਤੇ ਬਹਾ ਲਿਆ ਤੇ ਦੋਵੇਂ ਗੱਲੀਂ ਜੁਟ ਗਏ।

ਮੈਂ ਦਿਲ ਨੂੰ ਪਹਿਲੀ ਵਾਰ ਦੇਖਿਆ ਸੀ। ਉਸ ਦੀ ਕਵਿਤਾ ਤਾਂ ਮੈਂ ਪੜ੍ਹੀ ਹੋਈ ਸੀ ਤੇ ਮੇਰੇ ਜ਼ਿਹਨ ਵਿਚ ਉਸ ਦੀ ਛਵੀ ਉਚੇ- ਲੰਮੇ ਸਿਹਤਮੰਦ



ਸ਼ਖ਼ਸ ਦੀ ਸੀ ਜਿਸ ਨੇ 60ਵਿਆਂ ਦੇ ਅਖੀਰ ਅਤੇ 70ਵਿਆਂ ਦੇ ਸ਼ੁਰੂ ਵਿਚ ਚੱਲੀ ਨਕਸਲਬਾੜੀ ਲਹਿਰ ਵਿਚ ਡਟ ਕੇ ਹਿੱਸਾ ਲਿਆ ਸੀ। ਉਦੋਂ (ਇਸ ਮਿਲਣੀ) ਤਕ ਉਸ ਦੀਆਂ ਤਿੰਨ ਕਾਵਿ-

**ਡਾ. ਜਸਬੀਰ ਕੇਸਰ**
**ਫੋਨ: +91-95010-01396**

ਪੁਸਤਕਾਂ 'ਸਤਲੁਜ ਦੀ ਹਵਾ' (1971), 'ਬਹੁਤ ਸਾਰੇ ਸੂਰਜ' (1982), 'ਸੱਥਰ' (1997) ਅਤੇ ਸਵੈ-ਜੀਵਨੀ 'ਦਾਸਤਾਨ' (1998) ਛਪ ਚੁੱਕੀਆਂ ਸਨ। ਉਸ ਦੀ ਲੰਮੀ ਬਿਰਤਾਂਤਕ ਕਵਿਤਾ 'ਅੱਜ ਬਿੱਲਾ ਫੇਰ ਆਇਆ' ਉਸ ਦੇ ਦੇਹਾਂਤ ਤੋਂ ਦੋ ਵਰ੍ਹੇ ਮਗਰੋਂ 2009 ਵਿਚ ਛਪੀ।

ਦੋ ਕੁ ਘੰਟੇ ਗੱਲਾਂਬਾਤਾਂ ਕਰ ਕੇ ਉਹ ਚਲਾ ਗਿਆ; ਉਸ ਦੀ ਗੱਲਬਾਤ ਦਾ ਮੁੱਖ ਕੇਂਦਰ ਭਾਰਤ ਦੇ ਹਰ ਖਿੱਤੇ, ਰਾਜਨੀਤਕ ਸੱਜੇ/ਖੱਬੇ ਪੱਖੀ ਪਾਰਟੀਆਂ ਅੰਦਰ, ਸਮੁੱਚੀ ਰਹਿਤਲ ਵਾਂਗ ਹੀ ਡੂੰਘੀਆਂ ਜੜ੍ਹਾਂ ਜਮਾਈ ਬੈਠੀ ਜਾਤ-ਪਾਤੀ ਮਾਨਸਿਕਤਾ ਸੀ। ਉਸ ਨੂੰ ਗਿਲਾ ਸੀ ਕਿ ਦਲਿਤ ਹੋਣ ਕਾਰਨ ਹੀ ਪੰਜਾਬ ਦੇ ਸਾਹਿਤਕ ਖੇਤਰ ਅਤੇ ਰਾਜਨੀਤਕ ਪਾਰਟੀਆਂ ਅੰਦਰ ਉਸ ਦੀ ਕਵਿਤਾ ਨੂੰ ਲੋੜੀਂਦੀ ਥਾਂ ਨਹੀਂ ਮਿਲੀ। ਉਹ ਇਹ ਵਾਅਦਾ ਲੈ ਕੇ ਗਿਆ ਸੀ ਕਿ ਡਾ. ਕੇਸਰ ਵਰਗਾ ਸਾਹਿਤ ਅਤੇ ਆਲੋਚਨਾ ਪ੍ਰਤੀ ਪ੍ਰਤੀਬੱਧ ਆਲੋਚਕ ਉਸ ਬਾਰੇ ਲਿਖੇਗਾ ਪਰ ਡਾ. ਕੇਸਰ ਉਦੋਂ ਆਪ ਗੁਰਦਾ ਰੋਗ ਵਿਚ ਗ੍ਰਸੇ ਹੋਏ ਸਨ। ਫਿਰ 2004 ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਦਿਲ ਬਾਰੇ ਲਿਖਦਿਆਂ ਅਚਨਚੇਤੀ ਇਹ ਘਟਨਾ ਮੇਰੇ ਜ਼ਿਹਨ ਵਿਚ ਤਾਜ਼ਾ ਹੋ ਗਈ।

ਲਾਲ ਸਿੰਘ ਦਿਲ ਦੀ ਕਵਿਤਾ ਬਾਰੇ ਜੇ ਲਿਖਣਾ ਹੋਵੇ ਤਾਂ ਉਸ ਦੀ ਕਵਿਤਾ ਦੇ ਤਿੰਨ ਪਾਸਾਰ ਸਾਹਮਣੇ ਆਉਂਦੇ ਹਨ। ਦਿਲ ਇਨਕਲਾਬੀ ਸ਼ਾਇਰ ਹੈ, ਦਿਲ ਦਲਿਤ ਸ਼ਾਇਰ ਹੈ, ਦਿਲ ਔਰਤ ਪ੍ਰਤੀ ਅਤਿ ਦਾ ਸੰਵੇਦਨਸ਼ੀਲ ਸ਼ਾਇਰ ਹੈ। ਇਨਕਲਾਬ ਉਸ ਦਾ ਟੀਚਾ ਸੀ, ਦਲਿਤ ਹੋਣਾ ਉਸ ਦਾ ਯਥਾਰਥ ਅਤੇ ਕਿਸੇ ਮੋਹਵੰਤੀ ਔਰਤ ਦਾ ਸਾਥ ਉਸ ਦਾ ਸੁਫਨਾ। ਇਹ ਤਿੰਨੇ ਪਾਸਾਰ ਉਸ ਦੀ ਜ਼ਿੰਦਗੀ ਦੇ ਵੀ ਅਤੇ ਕਵਿਤਾ ਦੇ ਕਲੇਵਰ ਵਿਚ ਵੀ ਸੰਘਣੇ ਤਾਣੇ-ਬਾਣੇ ਵਿਚ ਸਮੋਏ ਹੋਏ ਹਨ। ਤਮਾਮ ਉਮਰ ਯਤਨਸ਼ੀਲ ਰਹਿਣ ਦੇ ਬਾਵਜੂਦ ਉਹ ਨਾ ਆਪਣੇ ਯਥਾਰਥ ਦੇ ਸੰਤਾਪ ਨੂੰ ਘਟਾ ਸਕਿਆ, ਨਾ ਆਪਣਾ ਟੀਚਾ ਹਾਸਲ ਕਰ ਸਕਿਆ ਅਤੇ ਨਾ ਹੀ ਆਪਣੇ ਸੁਫਨੇ ਨੂੰ ਹਕੀਕਤ ਵਿਚ ਬਦਲ ਸਕਿਆ।

ਲਾਲ ਸਿੰਘ ਦਿਲ ਨਕਸਲਬਾੜੀ ਲਹਿਰ ਦੇ ਕਵੀਆਂ ਪਾਸ਼, ਸੰਤ ਸੰਧੂ, ਦਰਸ਼ਨ ਖਟਕੜ, ਸੰਤ ਰਾਮ ਉਦਾਸੀ ਦਾ ਹਮਸਫਰ ਕਵੀ ਸੀ ਜਿਸ ਨੇ ਜੁਝਾਰਵਾਦੀ ਸਾਹਿਤ ਵਿਚ ਆਪਣੀ ਪੁਸਤਕ 'ਸਤਲੁਜ ਦੀ ਹਵਾ' ਨਾਲ ਹਾਜ਼ਰੀ ਲਵਾਈ ਸੀ। ਉਸ ਦੀ ਕਵਿਤਾ ਦੀ ਧੁਨੀ ਧੀਮੇ ਸੁਰ ਵਾਲੀ ਹੈ ਪਰ ਡੂੰਘੇ ਅਨੁਭਵ, ਚਿੰਤਨ ਅਤੇ ਦਾਰਸ਼ਨਿਕ ਸੋਝੀ ਵਿਚੋਂ ਨਿਕਲੀ ਹੋਈ। ਉਸ ਦੀਆਂ ਸਾਰੀਆਂ ਕਵਿਤਾਵਾਂ ਜੋ 'ਨਾਗਲੋਕ' ਕਾਵਿ ਸੰਗ੍ਰਹਿ ਵਿਚ ਇਕੱਠੀਆਂ ਪ੍ਰਕਾਸ਼ਿਤ ਹੋਈਆਂ ਹਨ, ਵਿਚ ਮੁੱਖ ਵਿਸ਼ਾ ਦਲਿਤ-ਸੰਵੇਦਨਾ ਹੈ। ਲਾਲ ਸਿੰਘ ਦਿਲ ਦੀ 'ਦਲਿਤ' ਦੀ ਪਰਿਭਾਸ਼ਾ ਕੇਵਲ ਦਲਿਤ ਜਾਂ ਅਛੂਤ ਸਮਝੀਆਂ ਜਾਂਦੀਆਂ ਜਾਤੀਆਂ ਹੀ ਨਹੀਂ ਸਗੋਂ ਉਨ੍ਹਾਂ ਸਾਰੀਆਂ ਜਨਜਾਤੀਆਂ-ਆਦਿਵਾਸੀ ਕਬੀਲਿਆਂ ਦੇ ਪ੍ਰਸੰਗ ਵਿਚ ਹੁੰਦੀ ਹੈ ਜਿਨ੍ਹਾਂ ਨੂੰ ਜੀਵਨ ਦੀ ਮੁੱਖ ਧਾਰਾ ਵਿਚੋਂ ਸਮਾਜ ਨੇ ਬਾਹਰ ਰੱਖਿਆ ਹੋਇਆ ਹੈ, ਜਿਵੇਂ ਭੀਲ, ਗੰਧੀਲੇ, ਟੱਪਰੀਵਾਸ, ਨਾਗ, ਗਧਿਆਂ ਵਾਲੇ ਆਦਿ। ਉਹ ਇਸ ਦਲਿਤ ਪ੍ਰਥਾ ਦਾ ਆਰੰਭ ਆਰੀਆ ਦੇ ਭਾਰਤ ਉਪਰ ਕਾਬਜ਼ ਹੋਣ ਅਤੇ ਦਾਸ ਪ੍ਰਥਾ ਤੋਂ ਮੰਨਦਾ ਹੈ ਅਤੇ ਇਸ ਦਾ ਧਰਮ ਨਾਲ ਕੋਈ ਸਰੋਕਾਰ ਨਹੀਂ। ਧਰਮ ਬਦਲ ਕੇ ਵੀ ਉਹ ਅਛੂਤ ਦਲਿਤ ਹੀ ਰਹਿੰਦਾ ਹੈ:

ਉਸ ਬੰਦੇ ਨੂੰ ਕਿਤੇ ਵੇਖੋ
ਜੋ ਦਿਨ ਰਾਤ ਭਾਰਾ ਰੱਥ ਖਿੱਚਦਾ ਹੈ
ਉਸ ਦੇ ਕੰਨਾਂ ਵਿਚ
ਮਨੂੰ ਵੇਲੇ ਦਾ ਢਲਿਆ ਸਿੱਕਾ ਹੈ
... ... ...
ਉਹ ਈਸਾ ਦੇ ਵਤਨਾਂ 'ਚ ਤੁਰਿਆ ਹੈ
ਉਹ ਗੌਤਮ ਦੇ ਮੁਲਕਾਂ 'ਚ ਤੁਰਿਆ ਹੈ
ਉਸ ਦੇ ਕੰਨਾਂ ਵਿਚ
ਮਨੂੰ ਵੇਲੇ ਦਾ ਢਲਿਆ ਸਿੱਕਾ ਹੈ।
(ਸੰਸਕ੍ਰਿਤੀ)

ਇਹ ਦਿਲ ਦੀ ਆਪਬੀਤੀ ਵੀ ਹੈ। ਨਕਸਲੀ ਲਹਿਰ ਦੇ ਅਸਫਲ ਹੋਣ 'ਤੇ ਉਹ ਪੁਲਿਸ ਤੋਂ ਡਰਦਾ ਉਤਰ ਪ੍ਰਦੇਸ਼ ਦੌੜ ਗਿਆ। ਮੁਸਲਮਾਨ ਬਣ ਗਿਆ ਪਰ ਉਸ ਦੀ ਹਾਲਤ ਉਹੀ ਰਹੀ। ਇਸੇ ਲਈ ਉਹ ਆਪਣੀ ਕਵਿਤਾ 'ਉਠਣ ਗੁਰੀਲੇ' ਵਿਚ ਸਾਰੀਆਂ ਜਾਤੀਆਂ ਨੂੰ ਗੁਰੀਲਿਆਂ ਵਾਂਗ ਇਕਮੁੱਠ ਹੋ ਕੇ ਜੂਝਣ ਲਈ ਵੰਗਾਰਦਾ ਹੈ, ਕਿਉਂਕਿ ਇਹ ਲੋਕ ਸ਼ਕਤੀਵਰ ਹਨ। ਦਿਲ ਨੂੰ ਇਨ੍ਹਾਂ ਦੀ ਸ਼ਕਤੀ ਵਿਚ ਵਿਸ਼ਵਾਸ ਹੈ। ਉਨ੍ਹਾਂ ਦੀ ਦਲਿਤ ਅਤੇ ਦਮਿਤ ਅਵਸਥਾ ਆਪਣੀ ਸ਼ਕਤੀ ਨੂੰ ਪਛਾਣ ਨਾ ਸਕਣ ਦੀ ਕਮੀ ਕਾਰਨ ਹੈ। ਉਹ ਉਨ੍ਹਾਂ ਨੂੰ ਆਪਣੀ ਸ਼ਕਤੀ ਪਛਾਨਣ ਲਈ ਵੰਗਾਰਦਾ ਹੈ:

ਲੋਕ ਮਾਰੇ ਮਾਰੇ ਫਿਰਦੇ ਹਨ
ਹੈਂ ਜੀ ਹੈਂ ਜੀ ਕਰਦੇ ਹਨ
ਅਨ੍ਹੇਰੀਆਂ ਨੁੱਕਰਾਂ ਵਿਚ ਬਹਿੰਦੇ ਹਨ
ਉਨ੍ਹਾਂ ਨੂੰ ਦੱਸਿਆ ਜਾਂਦਾ ਹੈ
ਕਿ ਉਹ ਦੇਵਤੇ ਦੇ ਪੈਰਾਂ 'ਚੋਂ ਜੰਮਦੇ ਹਨ
ਸ਼ਕਤੀ ਮਾਰੀ ਮਾਰੀ ਫਿਰਦੀ ਹੈ। (ਸ਼ਕਤੀ)

ਇਸ ਸ਼ਕਤੀ ਨੂੰ ਅਮਲ ਵਿਚ ਲਿਆਉਣ ਲਈ ਜਿਸ ਇਨਕਲਾਬ 'ਤੇ ਟੇਕ ਰੱਖੀ ਸੀ, ਉਹ ਪੁੱਠਾ ਹੀ ਪੈ ਗਿਆ; 'ਬੁਰੇ ਸ਼ਰੀਫਜ਼ਾਦਿਆਂ ਤੋਂ ਨੱਕ ਨਾਲ ਲਕੀਰਾਂ ਕਢਵਾਉਣ' ਅਤੇ ਉਨ੍ਹਾਂ ਨੂੰ ਲੋਕਾਂ ਦਾ ਹਿਸਾਬ ਦੇਣ ਦਾ ਸੁਫਨਾ ਛਾਈਂ-ਮਾਈਂ ਹੋ ਗਿਆ:

ਉਲਟ ਇਨਕਲਾਬ ਦੇ ਪੈਰ
ਸਾਡੀਆਂ ਹਿੱਕਾਂ 'ਤੇ ਆਣ ਟਿਕੇ
ਜ਼ਲੀਲ ਹੋਣਾ ਹੀ ਸਾਡਾ
ਜਿਵੇਂ ਇਕੋ ਇਕ
ਪੜਾਅ ਰਹਿ ਗਿਆ।
(ਉਲਟ ਇਨਕਲਾਬ ਦੇ ਪੈਰ)

ਲਾਲ ਸਿੰਘ ਦਿਲ ਦਾ ਹਸੀਨ ਸੁਫਨਾ ਵੀ ਇਸ ਉਲਟ ਇਨਕਲਾਬ ਦੀ ਭੇਟ ਚੜ੍ਹ ਗਿਆ- ਕਿਸੇ ਮੋਹਵੰਤੀ ਔਰਤ ਦਾ ਸਾਥ। ਔਰਤ ਪ੍ਰਤੀ ਉਸ ਦੇ ਮਨ ਵਿਚ ਬਹੁਤ ਸਤਿਕਾਰ ਸੀ। ਔਰਤ ਨੂੰ ਉਹ ਧਰਤੀ ਸਮਾਨ ਸਮਝਦਾ ਹੈ। ਉਸ ਨੂੰ ਪਤਾ ਹੈ ਕਿ ਬ੍ਰਾਹਮਣੀ ਸਮਾਜ ਅਤੇ ਮਨੂੰ ਸਮ੍ਰਿਤੀ ਵਾਲੀ ਵਰਣ ਵਿਵਸਥਾ ਨੇ ਔਰਤ ਨੂੰ ਵੀ ਸ਼ੂਦਰ ਦੇ ਬਰਾਬਰ ਹੀ ਖਲ੍ਹਾਰਿਆ ਹੈ। ਉਹ ਥਾਂ-ਥਾਂ ਬ੍ਰਾਹਮਣੀ ਮਿੱਥਾਂ ਨਾਲ ਟਕਰਾਉਂਦਾ, ਉਨ੍ਹਾਂ ਨੂੰ ਖੰਡਿਤ ਕਰਦਾ ਅਤੇ ਨਵੀਆਂ ਮਿੱਥਾਂ ਸਿਰਜਦਾ ਹੈ:

ਲੋਕ ਕਹਿਣ
ਕਿ ਬਲਦ ਦਿਆਂ ਸਿੰਙਾਂ 'ਤੇ ਧਰਤੀ
ਮੈਂ ਮੁਨਕਰ ਹਾਂ
ਪਰ ਮੇਰਾ ਵਿਸ਼ਵਾਸ ਅਟੱਲ ਹੈ
ਕਿ ਆਪਣੇ ਹੱਥ ਉਤੇ ਧਰਤੀ
ਔਰਤ ਨੇ ਹੈ ਚੁੱਕੀ ਹੋਈ
ਇਸੇ ਲਈ ਤਾਂ
ਮਹਿਕ ਧਰਤ ਦੀ ਬਦਨ ਜਿਹੀ ਹੈ।
... ... ...
ਧਰਤੀ ਤੇ ਔਰਤ ਦੀ ਪੀੜਾ ਕਿੰਨੀ ਇਕ ਹੈ
ਮਿਹਨਤ ਦੇ ਹਿੱਸੇ ਭੁੱਖਾਂ ਹਨ
ਸਿਤਮ ਦੇ ਨੈਣੀਂ ਹੰਝੂ ਹਨ
ਔਰਤ ਦੇ ਨੈਣੀਂ ਹੰਝੂ ਹਨ
ਇਸੇ ਲਈ ਸਾਗਰ ਖਾਰੇ ਹਨ। (ਅਜੂਬਾ)

ਵੇਸਵਾ ਔਰਤ ਵੀ ਦਿਲ ਲਈ ਓਨੀ ਹੀ ਸਤਿਕਾਰਯੋਗ ਹੈ। ਇਹ ਦਿਲ ਦੀ ਹਿੰਮਤ ਹੈ ਕਿ ਉਹ ਵੇਸਵਾ ਔਰਤ ਨੂੰ ਸਤਿਕਾਰ ਅਤੇ ਮਾਂ, ਧੀ, ਭੈਣ ਦਾ ਦਰਜਾ ਦਿੰਦਾ ਹੈ; ਉਨ੍ਹਾਂ ਨੂੰ ਭਾਰਤ ਦੀਆਂ ਧੀਆਂ ਕਹਿ ਕੇ ਉਸ ਭਾਰਤੀ ਸੰਸਕ੍ਰਿਤੀ ਨੂੰ ਠਿੱਠ ਕਰਦਾ ਹੈ ਜਿਹੜੀ ਸੰਸਕ੍ਰਿਤੀ ਵੇਸਵਾਵਾਂ ਪੈਦਾ ਕਰਦੀ ਹੈ:

ਜਿੰਨਾ ਮਰਜ਼ੀ ਘ੍ਰਿਣਤ ਤੁਸੀਂ ਮੈਨੂੰ ਸਮਝੋ
ਇਹ ਵੇਸਵਾਂ, ਤ੍ਰੀਮਤਾਂ ਕੁੜੀਆਂ
ਮੇਰੀਆਂ ਮਾਵਾਂ, ਭੈਣਾਂ ਤੇ ਧੀਆਂ ਹਨ
ਤੇ ਤੁਹਾਡੀਆਂ ਵੀ
ਇਹ ਗਊਆਂ ਪੂਜਣ ਵਾਲੇ ਹਿੰਦੁਸਤਾਨ ਦੀਆਂ
ਮਾਵਾਂ ਭੈਣਾਂ ਤੇ ਧੀਆਂ ਹਨ
ਅਹਿੰਸਾ ਤੇ ਬੁੱਧ ਦੇ ਪੁਜਾਰੀ ਭਾਰਤ ਦੀਆਂ
ਮਾਵਾਂ ਭੈਣਾਂ ਤੇ ਧੀਆਂ ਹਨ
ਇਹ ਆਉਣ ਵਾਲੇ ਇਨਕਲਾਬ ਦੀਆਂ
ਮਾਵਾਂ, ਭੈਣਾਂ ਤੇ ਧੀਆਂ ਹਨ।
(ਵੇਸਵਾਵਾਂ ਤ੍ਰੀਮਤਾਂ)

ਜੇ ਲਾਲ ਸਿੰਘ ਦਿਲ ਇਸ ਵੇਲੇ ਜਿਊਂਦਾ ਹੁੰਦਾ ਤਾਂ ਗਊ ਨੂੰ ਮਾਤਾ ਕਹਿਣ ਵਾਲੇ 'ਸ਼ੁੱਧ ਹਿੰਦੂ' ਉਸ ਨੂੰ ਜ਼ਰੂਰ ਭੀੜਤੰਤਰ ਦੇ ਹਵਾਲੇ ਕਰ ਦਿੰਦੇ। ਉਸ ਦੀ ਮੌਬ ਲਿੰਚਿੰਗ (ਹਜੂਮੀ ਹੱਤਿਆ) ਹੋ ਜਾਂਦੀ। ਦਲਿਤ ਹੋਣਾ ਅਤੇ ਮੁਸਲਮਾਨ ਹੋ ਜਾਣਾ- ਆਪਣਾ 'ਧਰਮ' ਛੱਡ ਕੇ ਉਸ ਦਾ ਉਸ ਬੀਤ ਚੁੱਕੇ ਦੌਰ ਨਾਲੋਂ ਸਭ ਤੋਂ ਸੰਗੀਨ ਗੁਨਾਹ ਹੋਣਾ ਸੀ ਤੇ ਜਿਸ ਔਰਤ ਨੂੰ ਉਹ ਧਰਤੀ ਸਮਾਨ ਮੰਨਦਾ ਸੀ, ਪਤਾ ਨਹੀਂ ਕਿੰਨੀਆਂ ਔਰਤਾਂ ਉਸ ਦੀਆਂ ਅੱਖਾਂ ਸਾਹਮਣੇ ਬੇਪੱਤ ਹੁੰਦੀਆਂ, ਜਾਤ-ਪਾਤ ਨੂੰ ਭਾਰਤੀ ਸੰਸਕ੍ਰਿਤੀ ਦਾ ਗੌਰਵ ਸਮਝਣ ਵਾਲੇ ਗੁੰਡੇ, ਅਪਰਾਧੀ ਮਾਨਸਿਕ ਤੌਰ 'ਤੇ ਮਾਰਖੋਰੇ ਪਸ਼ੂਆਂ ਤੋਂ ਵੀ ਵੱਧ ਖੂੰਖਾਰ, ਠਾਕਰ, ਬ੍ਰਾਹਮਣ ਪਤਾ ਨਹੀਂ ਦਿਲ ਦੇ ਆਸੇ-ਪਾਸੇ ਦੀਆਂ ਦਲਿਤ ਤ੍ਰੀਮਤਾਂ ਦਾ ਹਾਲ ਹਾਥਰਸ (ਯੂ.ਪੀ.) ਦੀ ਨਿਰਦੋਸ਼ ਕੁੜੀ ਵਰਗਾ ਹੁੰਦਾ। ਹੁਣ ਸਾਡਾ ਹਿੰਦੂਤਵੀ ਸਮਾਜ ਬਹੁਤ 'ਤਰੱਕੀ' ਕਰ ਗਿਆ ਹੈ। ਸ਼ੂਦਰ ਨਾਰੀ ਮਨੂੰ ਦੇ ਕਹਿਣ ਵਾਂਗ ਸਿਰਫ ਤਾੜਨ ਦੀ ਅਧਿਕਾਰੀ ਹੀ ਨਹੀਂ ਰਹਿ ਗਈ, ਉਸ ਦੀ ਜੀਭ ਵੀ ਕੱਟੀ ਜਾਂਦੀ ਹੈ। ਬਲਾਤਕਾਰ ਤੋਂ ਬਾਅਦ ਉਸ ਦੀਆਂ ਹੱਡੀਆਂ ਵੀ ਤੋੜੀਆਂ ਜਾਂਦੀਆਂ ਹਨ। ਦਲਿਤਾਂ ਦੇ ਸਿਰਫ ਕੰਨਾਂ ਵਿਚ ਮਨੂੰ ਦੇ ਵੇਲੇ ਦਾ ਢਲਿਆ ਸਿੱਕਾ ਹੀ ਨਹੀਂ, ਉਸ ਦੇ ਸਾਰੇ ਬਦਨ ਨੂੰ ਤੇਜ਼ਾਬ ਨਾਲ ਝੁਲਸਿਆ ਜਾਂਦਾ ਹੈ।

ਇਸ ਵੇਲੇ ਦੇ ਹਿੰਦੋਸਤਾਨ ਵਿਚ ਦਲਿਤ, ਮਜ਼ਦੂਰ, ਔਰਤ ਜਿਸ ਤਰ੍ਹਾਂ ਦੇ ਜ਼ੁਲਮ ਦਾ ਸ਼ਿਕਾਰ ਹੋ ਰਹੇ ਹਨ, ਦਿਲ ਵਰਗਾ ਹੱਸਾਸ, ਸੰਵੇਦਨਸ਼ੀਲ ਅਤੇ ਇਨਕਲਾਬੀ ਸੋਚ ਰੱਖਣ ਵਾਲਾ ਕਵੀ ਕਦੇ ਵੀ ਬਰਦਾਸ਼ਤ ਨਹੀਂ ਸੀ ਕਰ ਸਕਦਾ। ਆਪਣੀ ਸਵੈ-ਜੀਵਨੀ ਦਸਤਕ ਵਿਚ ਲਿਖੀਆਂ ਉਸ ਦੀਆਂ ਗੱਲਾਂ ਜਾਂ ਪਾਰਟੀਆਂ ਉਪਰ ਲਾਏ ਦੋਸ਼ ਬਿਲਕੁਲ ਸਹੀ ਹਨ। ਸਮਾਜ ਨੂੰ ਬਦਲਣ ਤੁਰੀਆਂ ਸੱਜੀਆਂ-ਖੱਬੀਆਂ ਪਾਰਟੀਆਂ ਵੀ ਆਪਣੇ ਆਪ ਨੂੰ ਜਾਤ-ਪਾਤ ਦੀ ਜਿਲ੍ਹਣ ਵਿਚੋਂ ਨਹੀਂ ਕੱਢ ਸਕੀਆਂ। ਮਨੁੱਖੀ ਬਰਾਬਰੀ ਦਾ ਹੋਕਾ ਦਿੰਦੇ ਧਰਮ ਨੂੰ ਮੰਨਣ ਵਾਲੇ ਅਖੌਤੀ ਧਾਰਮਿਕ ਲੋਕਾਂ ਨੇ ਵੀ ਇਕ ਲਬਾਦਾ ਪਾਇਆ ਹੋਇਆ ਹੈ। ਗੈਰ-ਜਾਤ ਮੁੰਡੇ, ਕੁੜੀ ਦਾ ਵਿਆਹ ਅੱਜ ਵੀ ਬੱਜਰ ਅਪਰਾਧ ਹੈ।

ਜਦੋਂ ਲਾਲ ਸਿੰਘ ਦਿਲ ਇਹ ਦੋਸ਼ ਲਾਉਂਦਾ ਹੈ ਕਿ ਸਾਹਿਤਕ ਖੇਤਰ ਅਤੇ ਪਾਰਟੀ ਪੱਧਰ 'ਤੇ ਵੀ ਉਸ ਦੇ ਦਲਿਤ ਹੋਣ ਕਰ ਕੇ ਨਾ ਉਸ ਦੀ ਕਵਿਤਾ ਅਤੇ ਨਾ ਉਸ ਦੀ ਕੁਰਬਾਨੀ ਦਾ ਮੁੱਲ ਪਿਆ ਹੈ ਤਾਂ ਉਹ ਬਹੁਤਾ ਗਲਤ ਨਹੀਂ ਲਗਦਾ। ਦਸ ਜਮਾਤਾਂ ਪਾਸ ਹੋਣ 'ਤੇ ਵੀ ਉਸ ਦੀ ਹਾਲਤ ਸੀਰੀ ਵਰਗੀ ਰਹੀ ਅਤੇ ਅੰਤਲੇ ਸਾਲਾਂ ਵਿਚ ਉਹ ਲਾਲ ਸਿੰਘ ਦਿਲ ਤੋਂ 'ਲਾਲੂ' ਬਣ ਕੇ ਜੀਵਿਆ। ਆਪਣੀ ਉਪਜੀਵਕਾ ਚਾਹ ਦਾ ਖੋਖਾ ਚਲਾਉਂਦਾ ਰਿਹਾ। ਦਾਰੂ ਪੀਂਦਾ ਰਿਹਾ। ਕਿਸੇ ਸਾਹਿਤਕ ਜਥੇਬੰਦੀ ਨੇ ਉਸ ਦੀ ਬਾਂਹ ਨਹੀਂ ਫੜੀ। ਉਸ ਦੀ ਕੋਈ ਖਾਹਿਸ਼ ਪੂਰੀ ਨਹੀਂ ਹੋਈ- ਨਾ ਦਲਿਤ ਅਵਸਥਾ ਤੋਂ ਛੁਟਕਾਰਾ ਪਾਉਣ ਦੀ, ਨਾ ਇਕ ਨਿੱਕਾ ਜਿਹਾ ਘਰ ਵਸਾਉਣ ਦੀ ਕੁਦਰਤੀ ਖਾਹਿਸ਼। ਹਾਂ, ਲੇਖਕ ਜਨ ਉਸ ਦੀ ਦਾਰੂ ਦੀ ਲਤ ਜ਼ਰੂਰੀ ਪੂਰੀ ਕਰ ਦਿੰਦੇ- ਕੁਝ ਛਿੱਲੜ ਦੇ ਕੇ। ਉਸ ਦੀਆਂ ਪਿਆਰ ਵਿਆਹ ਸਬੰਧੀ ਲਿਖੀਆਂ ਇਹ ਸਤਰਾਂ ਅੱਜ ਵੀ ਉਵੇਂ ਹੀ ਪ੍ਰਸੰਗਕ ਹਨ। ਜਾਤ-ਪਾਤ ਦਾ ਕੋਹੜ ਮਨੁੱਖੀ ਖਾਹਿਸ਼ਾਂ ਦੇ ਅਜੇ ਵੀ ਉਸੇ ਤਰ੍ਹਾਂ ਆੜੇ ਆਉਂਦਾ ਹੈ ਅਤੇ ਇੱਜ਼ਤ ਲਈ ਕਤਲ ਅੱਜ ਵੀ ਉਸੇ ਤਰ੍ਹਾਂ ਜਾਰੀ ਹਨ। ਉਸ ਨੇ ਲਿਖਿਆ ਸੀ:

ਮੈਨੂੰ ਪਿਆਰ ਕਰਦੀਏ
ਪਰ ਜ਼ਾਤ ਕੁੜੀਏ,
ਆਪਣੇ ਸਕੇ ਤਾਂ
ਮੁਰਦੇ ਵੀ ਇਕ ਥਾਂ ਨਹੀਂ ਜਲਾਉਂਦੇ।

## ਲਾਲ ਸਿੰਘ ਦਿਲ ਦੀਆਂ ਤਿੰਨ ਕਵਿਤਾਵਾਂ

### ਲੰਮਾ ਲਾਰਾ

ਛੱਡ ਤੁਰੇ ਹਨ ਇਕ ਹੋਰ ਗ਼ੈਰਾਂ ਦੀ ਜ਼ਮੀਨ
ਛੱਜਾਂ ਵਾਲੇ
ਜਾ ਰਿਹਾ ਏ ਲੰਮਾ ਲਾਰਾ
ਝਿੜਕਾਂ ਦੇ ਭੰਡਾਰ ਲੱਦੀ
ਲੰਮੇ ਸਾਇਆਂ ਦੇ ਨਾਲ ਨਾਲ ਗਧਿਆਂ ਤੇ
ਬੈਠੇ ਨੇ ਜੁਆਕ

ਪਿਉਆਂ ਦੇ ਹੱਥ ਵਿਚ ਕੁੱਤੇ ਹਨ
ਮਾਵਾਂ ਦੀ ਪਿੱਠ ਪਿੱਛੇ ਬੰਨ੍ਹੇ ਪਤੀਲੇ ਹਨ
ਪਤੀਲਿਆਂ 'ਚ ਮਾਵਾਂ ਦੇ ਪੁੱਤ ਸੁੱਤੇ ਹਨ

ਜਾ ਰਿਹਾ ਏ ਲੰਮਾ ਲਾਰਾ
ਮੋਢਿਆਂ 'ਤੇ ਚੁੱਕੀ ਕੁੱਲੀਆਂ ਦੇ ਬਾਂਸ
ਇਹ ਭੁੱਖਾਂ ਦੇ ਮਾਰੇ ਕੌਣ ਆਰੀਆ ਹਨ?
ਇਹ ਜਾ ਰਹੇ ਹਨ ਰੋਕਣ
ਕਿਸ ਭਾਰਤ ਦੀ ਜ਼ਮੀਨ?

ਨੌਜਵਾਨਾਂ ਨੂੰ ਕੁੱਤੇ ਪਿਆਰੇ ਹਨ
ਉਹ ਕਿੱਥੇ ਪਾਲਣ
ਮਹਿਲਾਂ ਦੇ ਚਿਹਰਿਆਂ ਦਾ ਪਿਆਰ?

ਉਹ ਭੁੱਖਾਂ ਦੇ ਸ਼ਿਕਾਰ ਛੱਡ ਤੁਰੇ ਹਨ
ਇਕ ਹੋਰ ਗੈਰਾਂ ਦੀ ਜ਼ਮੀਨ

ਜਾ ਰਿਹਾ ਏ ਲੰਮਾ ਲਾਰਾ
ਇਹਨੂੰ ਕੀ ਪਤਾ ਹੈ?
ਕਿੰਨੇ ਕੁ ਬੰਨ੍ਹੇ ਕੀਲਿਆਂ ਦੇ ਨਾਲ
ਜਾਲੇ ਜਾਂਦੇ ਨੇ ਰੋਜ਼ ਲੋਕ
ਜੋ ਛੱਡ ਵੀ ਸਕਦੇ ਨਹੀਂ
ਬਸਤੀਆਂ ਨੂੰ ਕਿਸੇ ਰੋਜ਼

ਜਾ ਰਿਹਾ ਹੈ ਨਾਲ ਨਾਲ
ਬਸਤੀ ਦੇ ਰੁੱਖਾਂ ਦਾ ਸਾਇਆ
ਫੜ ਰਿਹਾ ਹੈ ਓਦਰੇ ਪਸ਼ੂਆਂ ਦੇ ਪੈਰ
ਓਦਰੇ ਪਿਆਰਾਂ ਦੇ ਪੈਰ

ਜਾ ਰਿਹਾ ਏ ਲੰਮਾ ਲਾਰਾ
ਜਾ ਰਿਹਾ ਏ ਲੰਮਾ ਲਾਰਾ
ਹਰ ਜਗ੍ਹਾ

### ਸ਼ਾਮ ਦਾ ਰੰਗ

ਸ਼ਾਮ ਦਾ ਰੰਗ ਫਿਰ ਪੁਰਾਣਾ ਹੈ
ਜਾ ਰਹੇ ਨੇ ਬਸਤੀਆਂ ਨੂੰ ਫੁਟਪਾਥ
ਜਾ ਰਹੀ ਝੀਲ ਕੋਈ ਦਫਤਰੋਂ
ਨੌਕਰੀ ਤੋਂ ਲੈ ਜਵਾਬ
ਪੀ ਰਹੀ ਏ ਝੀਲ ਕੋਈ ਜਲ ਦੀ ਪਿਆਸ

ਤੁਰ ਪਿਆ ਏ ਸ਼ਹਿਰ ਕੁਝ ਪਿੰਡਾਂ ਦੇ ਰਾਹ
ਸੁੱਟ ਕੇ ਕੋਈ ਜਾ ਰਿਹਾ ਸਾਰੀ ਕਮਾਈ

ਹੂੰਝਦਾ ਕੋਈ ਆ ਰਿਹਾ ਧੋਤੀ ਦੇ ਨਾਲ
ਕਮਜ਼ੋਰ ਪਸ਼ੂਆਂ ਦੇ ਪਿੰਡੇ ਤੋਂ ਆਰਾਂ ਦਾ ਖ਼ੂਨ
ਸ਼ਾਮ ਦਾ ਰੰਗ ਫਿਰ ਪੁਰਾਣਾ ਹੈ

### ਸ਼ਬਦ

ਸ਼ਬਦ ਤਾਂ ਕਹੇ ਜਾ ਚੁੱਕੇ ਹਨ
ਅਸਾਥੋਂ ਵੀ ਬਹੁਤ ਪਹਿਲਾਂ
ਤੇ ਅਸਾਥੋਂ ਵੀ ਬਹੁਤ ਪਿੱਛੋਂ ਦੇ
ਅਸਾਡੀ ਹਰ ਜ਼ਬਾਨ
ਜੇ ਹੋ ਸਕੇ ਤਾਂ ਕੱਟ ਲੈਣਾ
ਪਰ ਸ਼ਬਦ ਤਾਂ ਕਹੇ ਜਾ ਚੁੱਕੇ ਹਨ।

# ਸਭਿਅਤਾ ਨੂੰ ਸਵਾਲ: ਜਰਮਨੀ, ਯੀਅਰ ਜ਼ੀਰੋ

## ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਟਲੀ ਦੇ ਸਰਕਰਦਾ ਫਿਲਮਸਾਜ਼ ਰੋਬਰਤੋ ਰੋਸਲਿਨੀ ਦੀ ਫਿਲਮ 'ਜਰਮਨੀ, ਯੀਅਰ ਜ਼ੀਰੋ' ਬਾਰੇ ਚਰਚਾ ਕੀਤੀ ਗਈ ਹੈ। ਇਹ ਫਿਲਮ ਫਾਸ਼ੀਵਾਦ 'ਤੇ ਤਿੱਖੀ ਟਿੱਪਣੀ ਹੈ। -ਸੰਪਾਦਕ***



ਕੋਈ ਵੀ ਸਮਾਜ ਜਾਂ ਮੁਲਕ ਕਦੋਂ ਮਰਦਾ ਹੈ? ਇਸ ਸਿਆਸੀ ਟਿੱਪਣੀ ਨੂੰ ਕਿਸੇ ਮੁਲਕ ਦੀ ਸਿਆਸਤ, ਆਰਥਕਤਾ, ਸਮਾਜਕਤਾ ਜਾਂ ਸਭਿਆਚਾਰਕ ਗਿਰਾਵਟ ਜਾਂ ਉਸ ਦੇ ਵਿਕਾਸ/ਤਰੱਕੀ ਦੇ ਪੈਮਾਨਿਆਂ ਨਾਲ ਜੋੜ ਕੇ ਸਮਝਿਆ ਜਾ ਸਕਦਾ ਹੈ। ਇਹ ਸਮਾਜਕ ਜਾਂ ਆਰਥਕ ਮਾਮਲਿਆਂ ਵਿਚ ਮੁਲਕ ਦੀ ਤਥਾ-ਕਥਿਤ 'ਮੌਤ' ਨੂੰ ਸਾਬਿਤ ਕਰਨ ਵਿਚ ਤਾਂ ਕਾਰਗਰ ਹੋ ਸਕਦਾ ਹੈ ਪਰ ਕੀ ਇਹ ਉਸ ਮਨੋਵਿਗਿਆਨਕ ਟੁੱਟ-ਭੱਜ ਤੇ ਬੇਵਸੀ ਦੀ ਥਾਹ ਪਾ ਸਕਦਾ ਹੈ ਜੋ ਇੱਕ ਨਸਲੀ/ਧਾਰਮਿਕ ਮੂਲਵਾਦ ਦੇ ਆਧਾਰ 'ਤੇ ਖੜ੍ਹੇ ਫਿਰਕਾਪ੍ਰਸਤ ਸਿਆਸੀ ਪ੍ਰਬੰਧ ਵਿਚ ਵਰ੍ਹਿਆਂ ਬੱਧੀ ਜਿਊਣ ਤੋਂ ਬਾਅਦ ਇਸ ਦੇ ਬਾਸ਼ਿੰਦਿਆਂ ਦੇ ਦਿਲਾਂ ਵਿਚ ਘਰ ਕਰ ਜਾਂਦੀ ਹੈ? ਰੋਬਰਤੋ ਰੋਸਲਿਨੀ ਦੁਆਰਾ ਨਿਰਦੇਸ਼ਤ ਤਿੰਨ ਫਿਲਮਾਂ ਦੀ ਲੜੀ ਦੀ ਇਹ ਆਖਰੀ ਫਿਲਮ 'ਜਰਮਨੀ: ਯੀਅਰ ਜ਼ੀਰੋ' ਬਾਰਾਂ ਸਾਲਾਂ ਦੇ ਅਜਿਹੇ ਬੱਚੇ ਦੀ ਕਹਾਣੀ ਬਿਆਨ ਕਰਦੀ ਹੈ ਜਿਹੜਾ ਹਿਟਲਰ ਦੀ ਨਫਰਤੀ ਸਿਆਸਤ ਦੀ ਮੱਤ ਅਤੇ ਸਮਾਜਕ ਡਾਰਵਿਜ਼ਮ ਦੇ 'ਸਿਰਫ ਤਾਕਤਵਰ ਨੂੰ ਹੀ ਜਿਊਣ ਦਾ ਅਧਿਕਾਰ ਹੈ' ਦਾ ਸ਼ਿਕਾਰ ਹੋ ਕੇ ਆਪਣੇ ਹੀ ਬਿਮਾਰ ਤੇ ਲਾਚਾਰ ਪਿਉ ਨੂੰ ਜ਼ਹਿਰ ਦੇ ਦਿੰਦਾ ਹੈ। ਇਸ ਫਿਲਮ ਲਈ ਰੋਸਲਿਨੀ ਜਾਣ-ਬੁੱਝ ਕੇ ਇਟਲੀ ਦੇ ਰੋਮ ਦੀ ਥਾਂ ਜਰਮਨੀ ਦੇ ਸ਼ਹਿਰ ਬਰਲਿਨ ਦੀ ਚੋਣ ਕਰਦਾ ਹੈ। ਇਸ ਪਿੱਛੇ ਉਸ ਦਾ ਮਕਸਦ ਸ਼ਾਇਦ ਇਹ ਘੋਖਣਾ ਸੀ ਕਿ ਕੀ ਫਾਸ਼ੀਵਾਦ ਆਪਣੇ ਖੁਦ ਦੇ ਲੋਕਾਂ ਨਾਲ ਕਿਸੇ ਪੱਧਰ 'ਤੇ ਵਫਾ ਕਰਦਾ ਹੈ? ਜਿਸ ਨਸਲ ਜਾਂ ਧਰਮ ਦੀ ਉਚਤਾ ਦੇ ਦਮ ਉਪਰ ਲੱਖਾਂ ਲੋਕਾਂ ਦਾ ਕਤਲੇਆਮ ਕਰ ਕੇ ਸਾਮਰਾਜ ਖੜ੍ਹੇ ਕੀਤੇ ਜਾਂਦੇ ਹਨ, ਕੀ ਉਸ ਸਾਮਾਰਾਜ ਨੂੰ ਨੈਤਿਕ ਜਾਂ ਮੂਕ ਸਮਰਥਨ ਦੇਣ ਵਾਲਿਆਂ ਦੀ ਆਪਣੀ ਜ਼ਿੰਦਗੀ ਵਿਚ ਕੋਈ ਸਾਰਥਕ ਤਬਦੀਲੀ ਆਉਂਦੀ ਹੈ? ਇਸ ਤੋਂ ਵੀ ਕੁਝ ਕਦਮ ਅਗਾਂਹ ਜਾਂਦਿਆਂ ਫਿਲਮਸਾਜ਼ ਸਵਾਲ ਪੁੱਛਦਾ ਹੈ: ਕੀ ਸਿਆਸੀ ਪ੍ਰਬੰਧ ਦੇ ਤੌਰ 'ਤੇ ਫਾਸ਼ੀਵਾਦ ਸਿਰਫ 'ਦੂਜਿਆਂ' ਦੇ ਸਰੀਰਾਂ ਨੂੰ ਹੀ ਖਤਮ ਕਰਦਾ ਹੈ ਜਾਂ ਇਸ ਦੀ ਮਾਰ ਜ਼ਿਆਦਾ ਗਹਿਰੀ ਹੁੰਦੀ ਹੈ?



***ਰੋਬਰਤੋ ਰੋਸਲਿਨੀ ਆਪਣੀ ਭਾਰਤੀ ਪਤਨੀ ਸੋਨਾਲੀ ਦਾਸਗੁਪਤਾ ਨਾਲ।***

ਰੋਸਲਿਨੀ ਦੀਆਂ ਫਿਲਮਾਂ ਨੂੰ ਇਟਲੀ ਅਤੇ ਜਰਮਨੀ ਵਿਚ ਅਸਫਲਤਾ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਇਲਾਵਾ ਫਿਲਮਾਂ ਦੀ ਇਸ ਪੱਖੋਂ ਤਕੜੀ ਆਲੋਚਨਾ ਹੋਈ ਕਿ ਕਿਵੇਂ ਫਰਾਂਸ ਦੇ ਨਵ-ਯਥਾਰਥਵਾਦੀ ਸਿਨੇਮਾ ਦੇ ਮੁਕਾਬਲੇ ਇਹਨਾਂ ਫਿਲਮਾਂ ਦਾ ਸੁਹਜ ਅਤੇ ਕਲਾ ਵਾਲਾ ਪੱਖ ਊਣਾ ਭਾਸਦਾ ਹੈ। ਇਸ ਦਾ ਜਵਾਬ ਇਸ ਤੱਥ ਵਿਚ ਪਿਆ ਹੈ ਕਿ ਮਨੁੱਖਤਾ ਦੇ ਦਰਪੇਸ਼ ਸੰਕਟ ਦੀਆਂ ਘੜੀਆਂ ਵਿਚ ਕਲਾ ਦੀ ਜ਼ਿੰਮੇਵਾਰੀ ਨੈਤਿਕ ਮੁੱਲਾਂ ਨਾਲ ਜੁੜ ਜਾਂਦੀ ਹੈ ਅਤੇ ਜਬਰ ਖਿਲਾਫ ਕੀਤਾ ਜਾਂਦਾ 'ਕੁਝ ਵੀ ਤੇ ਸਾਰਾ ਕੁਝ' ਪਵਿੱਤਰ ਮੰਨਿਆ ਜਾ ਸਕਦਾ ਹੈ। ਇਹਨਾਂ ਫਿਲਮਾਂ ਦੇ ਮਾਮਲੇ ਵਿਚ ਇਤਿਹਾਸ ਨੇ ਇਸੇ ਸੱਚ ਦੀ ਤਸਦੀਕ ਕੀਤੀ ਹੈ ਜਿੱਥੇ ਅੱਜ ਸੱਤਰ-ਅੱਸੀ ਸਾਲ ਬੀਤਣ ਤੋਂ ਬਾਅਦ ਵੀ ਇਹਨਾਂ ਫਿਲਮਾਂ ਦੀ ਦੇਣ ਕਿਸੇ ਪੱਖੋਂ ਵੀ ਫਿੱਕੀ ਨਹੀਂ ਪਈ ਸਗੋਂ ਸਿਨੇਮਾ ਦੇ ਇਤਿਹਾਸ ਵਿਚ ਇਹਨਾਂ ਫਿਲਮਾਂ ਦਾ ਨਾਮ ਬੇਹੱਦ ਸਤਿਕਾਰ ਨਾਲ ਲਿਆ ਜਾਂਦਾ ਹੈ। ਇਹਨਾਂ ਫਿਲਮਾਂ ਨੇ ਪੂਰੀ ਦੁਨੀਆ ਨੂੰ ਇਹ ਸਿਖਾਇਆ ਕਿ ਨਿਆਸਰਿਆਂ, ਨਿੱਥਿਆਂ ਤੇ ਨਿਮਾਣਿਆਂ/ਨਿਤਾਣਿਆਂ ਦਾ ਹੱਥ ਕਿਵੇਂ ਫੜਨਾ ਹੈ? ਉਹਨਾਂ ਦੀ ਦਰਦਨਾਕ ਚੁੱਪ ਨੂੰ ਆਵਾਜ਼ ਕਿਵੇਂ ਦੇਣੀ ਹੈ? ਜਿਹਨਾਂ ਦੇ ਚਿਹਰੇ ਤੇ ਨਾਮ ਵਕਤ ਮਿਟਾਉਣ 'ਤੇ ਉਤਾਰੂ ਹੈ, ਉਹਨਾਂ ਨੂੰ ਸਦਾ ਲਈ ਸਭਿਅਤਾ ਦੇ ਚੇਤਿਆਂ ਤੇ ਯਾਦਾਂ ਵਿਚ ਕਿਵੇਂ ਦਰਜ ਕਰ ਦੇਣਾ ਹੈ। ਇਹ ਇਹਨਾਂ ਫਿਲਮਾਂ ਨੂੰ ਬਣਾਉਣ ਵਾਲਿਆਂ ਦੀ ਹਿੰਮਤ ਤੇ ਸਿਦਕਦਿਲੀ ਹੈ ਜਿਸ ਨੇ ਇਸ ਅਸੰਭਵ ਨੂੰ ਸੰਭਵ ਕਰ ਦਿਖਾਇਆ ਹੈ।

ਫਿਲਮ 'ਜਰਮਨੀ: ਯੀਅਰ ਜ਼ੀਰੋ' ਦਾ ਪਹਿਲਾ ਅਧਿਆਇ ਫਿਲਮ 'ਰੋਮ, ਓਪਨ ਸਿਟੀ' ਨਾਲ ਖੁੱਲ੍ਹਦਾ ਹੈ। ਫਿਲਮਸਾਜ਼ ਰੋਮ ਵਿਚ ਜੰਗ ਤੇ ਫਾਸ਼ੀਵਾਦ ਦੀ ਤਬਾਹੀ ਨੂੰ ਆਪਣੀ ਫਿਲਮ ਰਾਹੀ ਨਸ਼ਰ ਕਰਨ ਤੋਂ ਬਾਅਦ 'ਜਰਮਨੀ: ਯੀਅਰ ਜ਼ੀਰੋ' ਵਿਚ ਅਜਿਹੀ ਕਹਾਣੀ ਦੀ ਰਚਨਾ ਕਰਦਾ ਹੈ ਜਿਹਨਾਂ ਰਾਹੀ ਆਧੁਨਿਕ ਸਭਿਅਤਾ 'ਤੇ ਕੁਝ ਤਿੱਖੇ ਸਵਾਲ ਖੜ੍ਹੇ ਕੀਤੇ ਗਏ ਹਨ। ਇਹਨਾਂ ਸਵਾਲਾਂ ਦਾ ਜਵਾਬ ਅਸਾਨ ਨਹੀਂ। ਇਹ ਸਿਆਸਤ ਦੁਆਰਾ ਮਨੁੱਖਤਾ ਨੂੰ ਜੰਗਾਂ ਵਰਗੀ ਤਰਾਸਦੀ ਵੱਲ ਧੱਕਣ ਦੀ ਹਾਲਤ ਨਾਲ ਜੁੜੇ ਸਵਾਲ ਹਨ। ਇਹ ਬੰਦੇ ਦੀ ਬੰਦੇ ਦੁਆਰਾ ਕੀਤੀ ਜਾਂਦੀ ਸੰਸਥਾਈ ਲੁੱਟ ਦੇ ਸਵਾਲ ਹਨ। ਇਹ ਉਹਨਾਂ ਲੋਕਾਂ ਦੇ ਪੁੱਛੇ ਗਏ ਸਵਾਲ ਹਨ, ਜਿਹਨਾਂ ਕੋਲ ਬੋਲਣ ਲਈ ਸ਼ਬਦ ਨਹੀਂ ਬਚੇ। ਫਿਲਮਸਾਜ਼ 'ਤੇ ਦੋਸ਼ ਲਗਾਇਆ ਗਿਆ ਕਿ ਉਸ ਨੇ ਜਰਮਨਾਂ ਦੀ ਤਬਾਹੀ ਨੂੰ ਦੁਨੀਆ ਸਾਹਮਣੇ ਪਰੋਸ ਕੇ ਮਹਾਨ ਹੋਣ ਦੀ ਖਾਹਿਸ਼ ਕੀਤੀ ਹੈ। ਇਸ ਦੇ ਜਵਾਬ ਵਿਚ ਰੋਸਲਿਨੀ ਦਾ ਕਹਿਣਾ ਸੀ ਕਿ 'ਇਹ ਸਾਰਾ ਕੁਝ ਉਹੀ ਹੈ ਜੋ ਸਾਹਮਣੇ ਹੈ'।

ਇਹ ਫਿਲਮ ਬਣਾਉਣੀ ਰੁਸੋਲਿਨੀ ਲਈ ਸੌਖਾ ਨਹੀਂ ਸੀ। ਉਸ ਦੇ ਮੁੰਡੇ ਦੀ ਅਚਾਨਕ ਹੋਈ ਮੌਤ ਨੂੰ ਅਜੇ ਕੁਝ ਦਿਨ ਹੀ ਬੀਤੇ ਸਨ। ਫਿਲਮ ਦੇ ਮੁੱਖ ਕਿਰਦਾਰ ਲਈ ਅਦਾਕਾਰ ਚੁਣਨ ਦੀ ਵਾਰੀ ਆਈ ਤਾਂ ਉਸ ਨੇ ਆਪਣੇ ਮੁੰਡੇ ਦੇ ਤਕਰੀਬਨ ਹਮਸ਼ਕਲ ਨੂੰ ਇਹ ਭੂਮਿਕਾ ਕਰਨ ਲਈ ਮਨਾ ਲਿਆ। ਫਿਲਮ ਵਿਚ ਐਡਮੰਡ ਬਾਰਾਂ ਸਾਲਾਂ ਮਾਂ-ਮਹਿੱਟਰ ਮੁੰਡਾ ਹੈ। ਪਿਉ ਉਸ ਦਾ ਕਿਸੇ ਬਿਮਾਰੀ ਤੋਂ ਪੀੜਤ ਹੈ ਅਤੇ ਮੰਜੇ ਨਾਲ ਮੰਜਾ ਹੋਇਆ ਪਿਆ ਹੈ। ਉਸ ਦਾ ਵੱਡਾ ਭਰਾ ਬੇਰੁਜ਼ਗਾਰੀ ਕਾਰਨ ਦਰ-ਦਰ ਭਟਕਦਾ ਫਿਰਦਾ ਹੈ। ਉਸ ਦੀ ਭੈਣ ਕੰਮ ਦੀ ਤਲਾਸ਼ ਵਿਚ ਪ੍ਰੇਸ਼ਾਨ ਹੈ। ਉਹਨਾਂ ਹੀ ਦਿਨਾਂ ਵਿਚ ਉਸ ਨੂੰ ਉਸ ਦਾ ਪੁਰਾਣਾ ਅਧਿਆਪਕ (ਜੋ ਨਾਜ਼ੀ ਹੈ) ਮਿਲਦਾ ਹੈ। ਉਸ ਦੀਆਂ ਗੱਲਾਂ ਸੁਣ ਕੇ ਅਤੇ ਆਪਣੇ ਪਿਉ ਦੇ ਲਗਾਤਾਰ ਬਿਮਾਰ ਰਹਿਣ ਤੋਂ ਪ੍ਰੇਸ਼ਾਨ ਉਹ ਇੱਕ ਦਿਨ ਹਸਪਤਾਲ ਤੋਂ ਜ਼ਹਿਰ ਚੁਰਾ ਲੈਂਦਾ ਹੈ ਅਤੇ ਆਪਣੇ ਪਿਤਾ ਦੇ ਭੋਜਨ ਵਿਚ ਮਿਲਾ ਦਿੰਦਾ ਹੈ। ਪਿਤਾ ਨੂੰ ਇਸ ਨਰਕ ਤੋਂ ਛੁਟਕਾਰਾ ਦਿਲਾਉਣ ਦਾ ਹੋਰ ਕੋਈ ਰਾਹ ਉਸ ਨੂੰ ਨਹੀਂ ਦਿਸਦਾ ਪਰ ਇਸ ਨਾਲ ਉਸ ਦੀ ਆਤਮਾ 'ਤੇ ਮਣਾਂ-ਮੂੰਹੀਂ ਵਜ਼ਨ ਪੈਂ ਜਾਂਦਾ ਹੈ ਅਤੇ ਅੰਤ ਵਿਚ ਇਸ ਦੁੱਖ ਤੇ ਗਿਲਾਨੀ ਤੋਂ ਅੱਕ ਕੇ ਉਹ ਖੁਦਕੁਸ਼ੀ ਕਰ ਲੈਂਦਾ ਹੈ।

'ਜਰਮਨੀ: ਯੀਅਰ ਜ਼ੀਰੋ' ਬਹੁਤ ਉਦਾਸ ਦਿਲ ਨਾਲ ਬਣਾਈ ਗਈ ਫਿਲਮ ਹੈ। ਫਿਲਮਸਾਜ਼ ਦਾ ਮੰਨਣਾ ਸੀ ਕਿ ਜਿਸ ਮੁਲਕ ਦੇ ਬੱਚੇ ਆਪਣੇ ਖੇਡਣ ਅਤੇ ਪੜ੍ਹਾਈ ਦੇ ਦਿਨਾਂ ਵਿਚ ਇਸ ਤਰ੍ਹਾਂ ਦੇ ਨਰਕੀ ਹਾਲਾਤ ਵਿਚੋਂ ਲੰਘ ਰਹੇ ਹਨ, ਉਹ ਮੁਲਕ ਮਰ ਰਿਹਾ ਮੁਲਕ ਹੁੰਦਾ ਹੈ। ਫਿਲਮ ਦੇ ਟਾਈਟਲ ਵਿਚ ਦਿੱਤੇ ਸ਼ਬਦਾਂ 'ਯੀਅਰ ਜ਼ੀਰੋ' ਦਾ ਇਸ਼ਾਰਾ ਵੀ ਇੱਧਰ ਹੀ ਹੈ ਕਿ ਸਾਰੇ ਦਾ ਸਾਰਾ ਪ੍ਰਬੰਧ ਹੀ ਨਵੇਂ ਸਿਰਿਉਂ ਘੜਨ ਦੀ ਫੌਰੀ ਜ਼ਰੂਰਤ ਹੈ।








***ਫਿਲਮ 'ਜਰਮਨੀ, ਯੀਅਰ ਜ਼ੀਰੋ' ਦਾ ਇਕ ਦ੍ਰਿਸ਼ ਅਤੇ (ਸੱਜੇ) ਪੋਸਟਰ।***

# ਆਸਿਫ ਬਸਰਾ ਦੀ ਅਲਵਿਦਾ

ਅਦਾਕਾਰ ਆਸਿਫ ਬਸਰਾ ਨੇ ਧਰਮਸ਼ਾਲਾ ਨੇੜੇ ਮੈਕਲੌਡਗੰਜ (ਹਿਮਾਚਲ ਪ੍ਰਦੇਸ਼) ਵਿਚ ਖੁਦਕੁਸ਼ੀ ਕਰ ਲਈ। ਉਹ 53 ਵਰ੍ਹਿਆਂ ਦਾ ਸੀ। ਉਸ ਨੇ ਪੰਜ-ਛੇ ਸਾਲ ਤੋਂ ਮੈਕਲੌਡਗੰਜ ਵਿਚ ਕਿਰਾਏ 'ਤੇ ਘਰ ਲਿਆ ਹੋਇਆ ਸੀ ਅਤੇ ਉਹ ਅਕਸਰ ਉਥੇ ਆਉਂਦਾ ਸੀ। ਬਸਰਾ ਨੇ 'ਬਲੈਕ ਫ੍ਰਾਈਡੇਅ', 'ਪਰਜ਼ਾਨੀਆ' ਅਤੇ 'ਆਊਟਸੋਰਸਡ' ਜਿਹੀਆਂ ਪ੍ਰੋਡਕਸ਼ਨਾਂ ਵਿਚ ਅਹਿਮ ਭੂਮਿਕਾਵਾਂ ਅਦਾ ਕੀਤੀਆਂ। ਇਸ ਤੋਂ ਇਲਾਵਾ ਉਸ ਨੇ ਕਈ ਹਿੰਦੀ ਫਿਲਮਾਂ- 'ਜਬ ਵੀ ਮੈੱਟ', 'ਵੰਸ ਅਪੌਨ ਏ ਟਾਈਮ ਇਨ ਮੁੰਬਈ' ਅਤੇ 'ਕਾਈ ਪੋ ਚੇ!' ਵਿਚ ਵੀ ਸ਼ਾਨਦਾਰ ਕਿਰਦਾਰ ਨਿਭਾਏ।

ਆਸਿਫ ਬਸਰਾ ਦਾ ਜਨਮ 27 ਜੁਲਾਈ 1967 ਨੂੰ ਮਹਾਰਾਸ਼ਟਰ ਦੇ ਸ਼ਹਿਰ ਅਮਰਾਵਤੀ ਵਿਚ ਹੋਇਆ। ਉਸ ਦਾ ਪਾਲਣ-ਪੋਸ਼ਣ ਅਤੇ ਮੁਢਲੀ ਪੜ੍ਹਾਈ ਉਥੇ ਹੀ ਹੋਈ। ਉਸ ਨੂੰ ਅਦਾਕਾਰੀ ਦਾ ਬਹੁਤ ਸ਼ੌਂਕ ਸੀ ਅਤੇ ਇਸੇ ਸ਼ੌਂਕ ਦਾ ਖਿਚਿਆ ਉਹ 1989 ਵਿਚ 22 ਵਰ੍ਹਿਆਂ ਦੀ ਉਮਰ ਵਿਚ ਮੁੰਬਈ ਪੁੱਜ ਗਿਆ। ਮੁੰਬਈ ਵਿਚ ਉਹਨੇ ਮੁੰਬਈ ਯੂਨੀਵਰਸਿਟੀ ਵਿਚ ਦਾਖਲਾ ਲੈ ਲਿਆ ਅਤੇ ਕਾਲਜ ਪ੍ਰੋਡਕਸ਼ਨਾਂ ਵਿਚ ਅਦਾਕਾਰੀ ਕੀਤੀ। ਉਸ ਦੀ ਦਮਦਾਰ ਅਦਾਕਾਰੀ ਦੇ ਖੂਬ ਚਰਚੇ ਹੋਏ ਅਤੇ ਛੇਤੀ ਹੀ ਉਸ ਦੀਆਂ ਧੁੰਮਾਂ ਪੈ ਗਈਆਂ। ਮੁੰਬਈ ਵਿਚ ਅਦਾਕਾਰੀ ਦੇ ਜੌਹਰ ਦਿਖਾਉਂਦਿਆਂ ਉਸ ਨੇ ਭੌਤਿਕ ਵਿਗਿਆਨ (ਫਿਜ਼ਿਕਸ) ਵਿਚ ਗਰੈਜੂਏਸ਼ਨ ਕੀਤੀ।






***ਆਸਿਫ ਬਸਰਾ ਅਤੇ (ਸੱਜੇ) ਟੀ.ਵੀ. ਸੀਰੀਜ਼ 'ਆਊਟਸੋਰਸਡ' ਦਾ ਪੋਸਟਰ।***

ਉਸ ਨੇ ਫਿਲਮਸਾਜ਼ ਅਨੁਰਾਗ ਕਸ਼ਯਪ ਦੀ ਫਿਲਮ 'ਬਲੈਕ ਫ੍ਰਾਈਡੇਅ' ਵਿਚ ਕੰਮ ਕੀਤਾ ਅਤੇ ਫਿਰ ਉਸ ਨੂੰ ਫਿਲਮਸਾਜ਼ ਰਾਹੁਲ ਢੋਲਕੀਆ ਨਾਲ ਫਿਲਮ 'ਪਰਜ਼ਾਨੀਆ' ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਇਨ੍ਹਾਂ ਦੋਹਾਂ ਫਿਲਮਾਂ ਨੇ ਫਿਲਮ ਜਗਤ ਵਿਚ ਉਸ ਦੀ ਗੁੱਡੀ ਚੜ੍ਹਾ ਦਿੱਤੀ ਅਤੇ ਉਸ ਦੇ ਕੰਮ ਦੀ ਬਹੁਤ ਤਾਰੀਫ ਹੋਈ। ਇਸ ਤੋਂ ਬਾਅਦ ਉਸ ਨੇ ਉਮਰ ਸ਼ਰੀਫ ਅਤੇ ਪੀਟਰ ਓ'ਟੌਲ ਵਰਗੇ ਹੰਢੇ-ਵਰਤੇ ਅਦਾਕਾਰਾਂ ਨਾਲ ਫਿਲਮ 'ਵੰਨ ਨਾਈਟ ਵਦਿ ਦਿ ਕਿੰਗ' ਵਿਚ ਕੰਮ ਕੀਤਾ। ਫਿਲਮ 'ਲਮਹਾ' ਵਿਚ ਉਸ ਨੇ ਟੇਲਰ ਦਾ ਕਿਰਦਾਰ ਨਿਭਾਇਆ ਤਾਂ ਇਸ ਦੀ ਵੀ ਚਰਚਾ ਹੋਈ। 2010 ਵਿਚ ਸਭ ਤੋਂ ਵੱਧ ਪੈਸੇ ਕਮਾਉਣ ਵਾਲੀ ਫਿਲਮ 'ਵੰਸ ਅਪੌਨ ਏ ਟਾਈਮ ਇਨ ਮੁੰਬਈ' ਵਿਚ ਉਸ ਨੇ ਅਹਿਮ ਕਿਰਦਾਰ ਅਦਾ ਕੀਤਾ।

ਥੀਏਟਰ ਵਿਚ ਵੀ ਆਸਿਫ ਬਸਰਾ ਨੇ ਖੂਬ ਮੱਲਾਂ ਮਾਰੀਆਂ। ਉਹਨੇ ਉਘੇ ਰੰਗਕਰਮੀ, ਫਿਲਮਸਾਜ਼ ਅਤੇ ਪਟਕਥਾ ਲੇਖਕ ਫਿਰੋਜ਼ ਅੱਬਾਸ ਖਾਨ ਦੇ ਮਸ਼ਹੂਰ ਨਾਟਕ 'ਮਹਾਤਮਾ ਬਨਾਮ ਗਾਂਧੀ' ਵਿਚ ਪੰਜ ਕਿਰਦਾਰ ਨਿਭਾਏ। ਇਸ ਤੋਂ ਇਲਾਵਾ 'ਮੈਂ ਭੀ ਸੁਪਰਮੈਨ' ਅਤੇ 'ਹੈਮਲਟ' ਉਸ ਦੇ ਦੋ ਹੋਰ ਅਹਿਮ ਨਾਟਕ ਹਨ ਜਿਸ ਵਿਚ ਉਸ ਦੀ ਅਦਾਕਾਰੀ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਸਾਲ 2020 ਵਿਚ ਉਹ ਐਮਾਜ਼ਨ ਪ੍ਰਾਈਮ ਉਤੇ ਨਸ਼ਰ ਹੋਈ ਵੈੱਬ ਸੀਰੀਜ਼ 'ਪਤਾਲ ਲੋਕ' ਅਤੇ ਹੌਟਸਟਾਰ ਦੀ ਅਹਿਮ ਸੀਰੀਜ਼ 'ਹੋਸਟੇਜਜ਼' ਵਿਚ ਨਜ਼ਰ ਆਇਆ।

'ਆਊਟਸੋਰਸਡ' ਅਮਰੀਕੀ ਕਾਮੇਡੀ ਫਿਲਮ ਸੀ ਜਿਹੜੀ ਫਿਲਮਸਾਜ਼ ਜੌਹਨ ਜੈਫਕੋਟ ਨੇ 2006 ਵਿਚ ਬਣਾਈ ਸੀ। ਇਹ ਅਜਿਹੇ ਅਮਰੀਕੀ ਨੌਜਵਾਨ ਦੀ ਕਹਾਣੀ ਹੈ ਜਿਸ ਨੂੰ ਨੌਕਰੀ ਦੀ ਮਜਬੂਰੀ ਕਾਰਨ ਭਾਰਤ ਜਾਣਾ ਪੈਂਦਾ ਹੈ। ਉਥੇ ਉਸ ਦਾ ਦਿਲ ਨਹੀਂ ਲਗਦਾ। ਉਸ ਦੀ ਮੁਲਾਕਾਤ ਆਪਣੇ ਦਫਤਰ ਦੇ ਸਾਥੀਆਂ ਪੂਰੋ (ਆਸਿਫ ਬਸਰਾ) ਅਤੇ ਆਸ਼ਾ (ਆਇਸ਼ਾ ਧਾਰਕਰ) ਨਾਲ ਹੁੰਦੀ ਹੈ। ਫਿਰ ਇਕ ਦਿਨ ਹੋਲੀ ਵਾਲੇ ਦਿਨ ਮਾਹੌਲ ਬਦਲਦਾ ਹੈ ਅਤੇ ਨੌਜਵਾਨ ਦੀ ਜ਼ਿੰਦਗੀ ਰਵਾਂ ਹੋਣ ਲੱਗਦੀ ਹੈ। ਇਸ ਫਿਲਮ ਵਿਚ ਵੀ ਆਸਿਫ ਬਸਰਾ ਨੇ ਆਪਣਾ ਕਿਰਦਾਰ ਖੁੱਭ ਕੇ ਨਿਭਾਇਆ ਅਤੇ ਆਪਣੇ ਕਿਰਦਾਰ ਅੰਦਰ ਪੂਰੀ ਜਾਨ ਪਾਈ। ***-ਆਮਨਾ ਸਿੰਘ***



Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 48 Cent + Team 58 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com